PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

13th - 20th November 2025 • Issue No. 3106

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

# ਪੰਜਾਬ ਯੂਨੀਵਰਸਿਟੀ ਨੂੰ ਕੇਂਦਰ ਦੇ ਕਬਜ਼ੇ ਤੋਂ ਮੁਕਤ ਰੱਖਣ ਲਈ ਸਾਰੇ ਵਰਗਾਂ ਦੇ ਪੰਜਾਬੀਆਂ ਨੇ ਵਿਦਿਆਰਥੀਆਂ ਦਾ ਦਿੱਤਾ ਸਾਥ

## 10 ਨਵੰਬਰ ਦੇ ਸੰਘਰਸ਼ ਦੌਰਾਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਨੌਜਵਾਨਾਂ ਨੇ ਤੋੜੇ ਪੁਲਿਸ ਬੈਰੀਕੇਡ

## ਯੂਨੀਵਰਸਿਟੀ ਅੰਦੋਲਨ ਨੇ ਜੋੜੇ ਕਿਸਾਨ ਤੇ ਵਿਦਿਆਰਥੀ - ਨਿਹੰਗ ਜਥੇਬੰਦੀਆਂ ਵੀ ਆਈਆਂ ਸਮਰਥਨ 'ਤੇ

## ਡੋਵਾਲ ਦੀ ਚੇਤਾਵਨੀ ਗੂੰਜੀ: ਬੇਰੁਜ਼ਗਾਰੀ ਅਤੇ ਵੰਡ ਭਾਰਤ ਲਈ ਸਮਸਿਆ












# ਦਿੱਲੀ ਵਿੱਚ ਲਾਲ ਕਿਲ੍ਹੇ ਨੇੜੇ ਕਾਰ ਧਮਾਕੇ ਵਿੱਚ 9 ਮੌਤਾਂ : ਅੱਤਵਾਦੀ ਸਾਜ਼ਿਸ਼ ਦਾ ਪਰਦਾਫਾਸ਼

- ਪੰਜਾਬ-ਹਰਿਆਣਾ ਵਿੱਚ ਗ੍ਰਿਫਤਾਰੀਆਂ
- ਡਾ. ਉਮਰ ਨਬੀ ਤੇ ਹੋਰ ਗ੍ਰਿਫਤਾਰ
- ਪਾਕਿਸਤਾਨੀ ਨੈੱਟਵਰਕ ਨਾਲ ਜੁੜੀ ਵੱਡੀ ਯੋਜਨਾ ਬੇਨਕਾਬ
- ਪੰਜਾਬ - ਹਰਿਆਣਾ ਵਿੱਚ ਵਿਸਫੋਟਕਾਂ ਦੀ ਬਰਾਮਦਗੀ
- ਰੈੱਡ ਅਲਰਟ ਨੇ ਰਾਜ ਨੂੰ ਚੌਕਸ ਕੀਤਾ
- ਅਮਿਤ ਸ਼ਾਹ ਨੇ ਕਿਹਾ, ਗਣਤੰਤਰ ਦਿਵਸ ਨੂੰ ਨਿਸ਼ਾਨਾ ਬਣਾਉਣ ਦੀ ਸੀ ਸਾਜ਼ਿਸ਼

ਨਵੀਂ ਦਿੱਲੀ-ਰਾਸ਼ਟਰੀ ਰਾਜਧਾਨੀ ਦਿੱਲੀ ਵਿੱਚ ਬੀਤੇ ਸੋਮਵਾਰ ਸ਼ਾਮ ਨੂੰ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਕੋਲ ਟ੍ਰੈਫਿਕ ਸਿਗਨਲ ਉੱਤੇ ਵਾਪਰੀ ਭਿਆਨਕ ਘਟਨਾ ਨੇ ਪੂਰੇ ਦੇਸ਼ ਨੂੰ ਹੈਰਾਨ ਕਰ ਦਿੱਤਾ। ਇੱਕ ਹੌਲੀ ਚੱਲ ਰਹੀ ਹੁੰਡਈ ਆਈ20 ਕਾਰ ਵਿੱਚ ਹੋਏ ਉੱਚ-ਤੀਬਰਤਾ ਵਾਲੇ ਧਮਾਕੇ ਵਿੱਚ ਘੱਟੋ-ਘੱਟ 9 ਲੋਕਾਂ ਦੀ ਮੌਤ ਹੋ ਗਈ ਅਤੇ 20 ਦੇ ਕਰੀਬ ਲੋਕ ਜ਼ਖ਼ਮੀ ਹੋ ਗਏ। ਇਸ ਧਮਾਕੇ ਨੇ ਨਾ ਸਿਰਫ਼ ਕਈ ਵਾਹਨਾਂ ਨੂੰ ਨੁਕਸਾਨ ਪਹੁੰਚਾਇਆ ਬਲਕਿ ਲਾਲ ਕਿਲ੍ਹੇ ਦੇ ਬਾਹਰਲੇ ਖੇਤਰ ਨੂੰ ਨੁਕਸਾਨ ਪਹੁੰਚਾਇਆ । ਚਸ਼ਮਦੀਦਾਂ ਅਨੁਸਾਰ, ਧਮਾਕੇ ਦੀ ਗੂੰਜ ਆਈ.ਟੀ.ਓ. ਤੱਕ ਦੇ ਦੋ ਕਿਲੋਮੀਟਰ ਵਿਸ਼ਾਲ ਖੇਤਰ ਵਿੱਚ ਸੁਣਾਈ ਦਿੱਤੀ ਅਤੇ ਨੇੜਲੇ ਵਾਹਨਾਂ ਦੀਆਂ ਖਿੜਕੀਆਂ ਅਤੇ ਮੈਟਰੋ ਸਟੇਸ਼ਨ ਦੇ ਸ਼ੀਸ਼ੇ ਵੀ ਤੋੜ ਦਿੱਤੇ ਗਏ। -ਪੂਰੀ ਖ਼ਬਰ ਅੰਦਰ



ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਮੀ ਸਚਾ ਢੋਆ॥ ਗੁਰਮੁਖਿ ਕਲਿ ਵਿਚ ਪਰਗਟੁ ਹੋਆ॥

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ

ਗੁਰੂ ਤੇਗ ਬਹਾਦੁਰ ਗੁਰਦਵਾਰਾ, 106 ਈਸਟਪਾਰਕ ਰੋਡ, ਲੈਸਟਰ ਵੱਲੋਂ

# ਮਹਾਨ ਨਗਰ ਕੀਰਤਨ

## 16 ਨਵੰਬਰ 2025 ਦਿਨ ਐਤਵਾਰ ਨੂੰ ਸਵੇਰੇ 11 ਵਜੇ ਤੋਂ ਦੁਪਹਿਰ 2:00 ਵਜੇ ਤੱਕ ਆਯੋਜਿਤ ਕੀਤਾ ਜਾ ਰਿਹਾ ਹੈ



ਗੁਰੂ ਪਿਆਰੇ ਖਾਲਸਾ ਜੀ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ 106 ਈਸਟ ਪਾਰਕ ਰੋਡ ਅਤੇ ਗੁਰੂ ਨਾਨਕ ਗੁਰਦੁਆਰਾ ਲੈਸਟਰ ਦੀਆਂ ਸਮੂਹ ਸੰਗਤਾਂ ਤੇ ਪ੍ਰਬੰਧਕਾਂ ਵੱਲੋਂ ਸਮੂਹ ਸਿੱਖ ਜਗਤ ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਆਗਮਨ ਪੁਰਬ ਦੀਆਂ ਲੱਖ-ਲੱਖ ਵਧਾਈਆਂ ਹੋਣ ਜੀ। ਗੁਰੂ ਪਿਆਰੀ ਸਾਧ ਸੰਗਤ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਮਹਾਨ ਨਗਰ ਕੀਰਤਨ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ 16 ਨਵੰਬਰ ਦਿਨ ਐਤਵਾਰ ਨੂੰ ਸਵੇਰੇ 11 ਵਜੇ ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਈਸਟ ਪਾਰਕ ਰੋਡ ਤੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਪੰਜਾਂ ਪਿਆਰਿਆਂ ਅਤੇ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਹੇਠ ਚਾਲੇ ਪਾਵੇਗਾ ਅਤੇ ਸ੍ਰੀ ਗੁਰੂ ਨਾਨਕ ਗੁਰਦੁਆਰਾ 9 ਹੋਲੀ ਬੋਨਜ਼ ਰੋਡ ਲੈਸਟਰ ਵਿਖੇ ਦੁਪਹਿਰ 2:00 ਵਜੇ ਸਮਾਪਤੀ ਉਪਰੰਤ ਭਾਰੀ ਦੀਵਾਨ ਸਜਣਗੇ। ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀ ਜਥੇ, ਕਥਾ ਵਾਰਚਕ ਅਤੇ ਰਾਗੀ ਢਾਡੀ ਜਥੇ ਭਾਗ ਲੈਣਗੇ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਸਵੇਰੇ 11 ਵਜੇ ਨਗਰ ਕੀਰਤਨ ਵਿੱਚ ਸ਼ਾਮਿਲ ਹੋ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ 15 ਨਵੰਬਰ 2025 ਸ਼ਨਿੱਚਰਵਾਰ ਨੂੰ ਦੁਪਹਿਰ 1:00 ਵਜੇ ਹੋਵੇਗਾ ਅਤੇ ਕਕਾਰਾਂ ਦੀ ਸੇਵਾ ਗੁਰੂ ਘਰ ਵੱਲੋਂ ਹੋਵੇਗੀ

## ਨਗਰ ਕੀਰਤਨ ਦਾ ਰੂਟ

### ROUTE OF NAGAR KIRTAN


ਈਸਟ ਪਾਰਕ ਰੋਡ - ਸੈਂਟ ਪੀਟਰਜ਼ ਰੋਡ - ਸਪਾਰਕਨਹੇਅ ਸਟਰੀਟ - ਸਵੈਨ ਸਟਰੀਟ - ਸੈਂਟ ਜੌਰਜਜ਼ ਵੇਅ - ਚਾਰਲਸ ਸਟਰੀਟ - ਨੌਰਥੈਮਪਟਨ ਸਟਰੀਟ - ਗਰੇਨਬੀ ਸਟਰੀਟ - ਗੈਲੋਟ੍ਰੀ ਗੇਟ - ਈਸਟ ਗੇਟਸ - ਹਾਈ ਸਟਰੀਟ - ਸੈਂਟ ਨਿਕੋਲਸ ਪਲੇਸ - ਸੈਂਟ ਨਿਕੋਲਸ ਸਰਕਲ - ਵੌਹਗਨ ਵੇ - ਗਰੇਟ ਸੈਂਟਰਲ ਸਟਰੀਟ - ਹੋਲੀ ਬੋਨ ਰੋਡ ’ਤੇ ਸਮਾਪਤੀ ਗੁਰੂ ਨਾਨਕ ਗੁਰਦੁਆਰਾ - 2:00 ਵਜੇ ਸਮਾਪਤੀ

# ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ’ਤੇ ਮਹਾਨ ਸਮਾਗਮ 25 ਨਵੰਬਰ ਨੂੰ ਹੋਣਗੇ

ਗੁਰੂ ਪਿਆਰੀ ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 1675 ਈ: ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦਿਆਂ ਹਿੰਦੂਆਂ ਦੇ ਧਾਰਮਿਕ ਆਗੂਆਂ ਵੱਲੋਂ ਬੇਨਤੀ ਕਰਨ ਤੇ ਆਪਣੀ ਸ਼ਹਾਦਤ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ। ਇਸ ਗੁਰੂ ਘਰ ਵਿਖੇ ਸਭ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਸਾਹਿਬ ਜੀ ਦਾ 350ਵਾਂ ਸ਼ਹੀਦੀ ਪੁਰਬ ਮਨਾਉਣ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ ਹਨ। ਆਪ ਦੇ ਚਰਨਾਂ ’ਚ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਸਾਹਿਬ ਜੀ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਨ ਲਈ ਇਹਨਾਂ ਸਮਾਗਮਾਂ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਹਾਸਲ ਕਰੋ ਜੀ।

ਸ਼ਹੀਦੀ ਪੁਰਬ ਸਬੰਧੀ 19 ਨਵੰਬਰ ਬੁੱਧਵਾਰ ਸ਼ਾਮ 4:00 ਵਜੇ ਤੋਂ 25 ਨਵੰਬਰ ਮੰਗਲਵਾਰ ਸ਼ਾਮ ਤੱਕ ਪੂਰਾ ਹਫਤਾ ਰੋਜ਼ਾਨਾ ਦੀਵਾਨ ਸਜਾਏ ਜਾਣਗੇ, ਜਿਸ ਦੌਰਾਨ ਕੀਰਤਨੀ ਜਥੇ ਅਤੇ ਪੰਥ ਦੇ ਪ੍ਰਚਾਰਕ ਜਥੇ ਹਾਜ਼ਰੀ ਭਰ ਕੇ ਗੁਰ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਗੇ।



### === ਸ਼ਹੀਦੀ ਦਿਨ ਦੇ ਵਿਸ਼ੇਸ਼ ਪ੍ਰੋਗਰਾਮ: ===

ਆਰੰਭ ਸ੍ਰੀ ਅਖੰਡ ਪਾਠ ਸਾਹਿਬ ਐਤਵਾਰ 23-11-2025 ਸ਼ਾਮ 4:00 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ ਸੋਮਵਾਰ 25-11-2025 ਸ਼ਾਮ 4:00 ਵਜੇ

ਉਪਰੰਤ ਦੀਵਾਨ ਸਜੇਗਾ, ਜਿਸ ਦੌਰਾਨ ਕੀਰਤਨੀ ਅਤੇ ਪ੍ਰਚਾਰਕ ਜਥੇ ਹਾਜ਼ਰੀ ਭਰਨਗੇ ਅਤੇ ਸੰਗਤਾਂ ਨੂੰ ਨਿਹਾਲ ਕਰਨਗੇ।

25 ਨਵੰਬਰ ਨੂੰ ਦਿਨ ਮੰਗਲਵਾਰ ਨੂੰ ਸਵੇਰ ਤੋਂ ਸ਼ਾਮ ਤੱਕ ਸਾਰਾ ਦਿਨ ਦੀਵਾਨ ਸਜਣਗੇ ਜਿਸ ਦੌਰਾਨ ਕੀਰਤਨੀ ਜਥੇ ਅਤੇ ਹੋਰ ਪ੍ਰਚਾਰਕ ਜਥੇ ਹਾਜ਼ਰੀ ਭਰਨਗੇ

### ਗੁਰੂ ਘਰ ਵਿਖੇ ਚੱਲ ਰਹੀਆਂ ਹਫ਼ਤਾਵਾਰ ਸੇਵਾਵਾਂ:

* ਕੋਹਿਨੂਰ ਰੇਡੀਉ 97.3 ਐੱਫ ਐੱਮ * ਹਰ ਹਫ਼ਤੇ ਬੁੱਧਵਾਰ ਨੂੰ ਦੁਪਿਹਰ 10:45 ਵਜੇ ਸੰਗਤਾਂ ਵੱਲੋਂ ਮੇਨ ਹਾਲ ਵਿੱਚ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਹੁੰਦਾ ਹੈ। * ਹਰ ਹਫ਼ਤੇ ਮੰਗਲਵਾਰ ਨੂੰ ਦੁਪਹਿਰ 11-12 ਵਜੇ ਤੱਕ ਬਜ਼ੁਰਗਾਂ ਦੀ ਤੰਦਰੁਸਤੀ ਅਤੇ ਚੜ੍ਹਦੀ ਕਲਾ ਵਾਸਤੇ ਮੇਨ ਹਾਲ ਵਿੱਚ ਵਿਸ਼ੇਸ਼ ਦੀਵਾਨ ਸਜਾਏ ਜਾਂਦੇ ਹਨ।

ਵਧੇਰੇ ਜਾਣਕਾਰੀ ਲਈ ਸੰਪਰਕ: ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ: 07834 764903, ਜਨਰਲ ਸਕੱਤਰ ਸਤਵਿੰਦਰ ਸਿੰਘ ਦਿਓਲ: 07877 889115

## ਬੇਨਤੀ ਕਰਤਾ - ਪ੍ਰਬੰਧਕ ਕਮੇਟੀ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ, ਲੈਸਟਰ

# GURDWARA GURU TEGH BAHADUR SAHIB

106 EAST PARK ROAD LEICESTER, LE5 4QB. TEL: 0116 2742453 / www.gtbgurdwara.com

# ਕੀ ਪੰਜਾਬ ਯੂਨੀਵਰਸਿਟੀ ਦਾ ਅੰਦੋਲਨ ਜੇਨ-ਜ਼ੀ ਵਰਗਾ ਹੈ ?

**✪ ਕੀ ਇਹ ਭਾਰਤ ਵਿੱਚ ਨਵੀਂ ਕ੍ਰਾਂਤੀ ਦੀ ਸ਼ੁਰੂਆਤ ਹੈ ? ✪ ਪੰਜਾਬ ਯੂਨੀਵਰਸਿਟੀ ਵਿਚ ਨੌਜਵਾਨਾਂ ਨੇ ਤੋੜੇ ਪੁਲਿਸ ਬੈਰੀਕੇਡ ✪ ਯੂਨੀਵਰਸਿਟੀ ਅੰਦੋਲਨ ਨੇ ਜੋੜੇ ਕਿਸਾਨ-ਵਿਦਿਆਰਥੀ, ਕੇਂਦਰ ਨੂੰ ਲੋਕ ਪੱਖੀ ਨੀਤੀਆਂ ਅਪਣਾਉਣੀਆਂ ਪੈਣਗੀਆਂ ! ✪ ਡੱਲੇਵਾਲ ਦੀ ਚੇਤਾਵਨੀ ਗੂੰਜੀ: ਬੇਰੁਜ਼ਗਾਰੀ ਅਤੇ ਵੰਡ ਭਾਰਤ ਲਈ ਸਮਸਿਆ**








ਚੰਡੀਗੜ੍ਹ-ਚੰਡੀਗੜ੍ਹ ਦੇ ਹਰੇ-ਭਰੇ ਕੈਂਪਸ ਵਿੱਚ ਹੁਣ ਵੀ ਨਾਅਰੇ ਗੂੰਜ ਰਹੇ ਹਨ। ਪੰਜਾਬ ਯੂਨੀਵਰਸਿਟੀ (ਪੀਯੂ) ਦੇ ਵਿਦਿਆਰਥੀਆਂ ਨੇ ਸੈਨੇਟ ਚੋਣਾਂ ਨੂੰ ਲੈ ਕੇ ਖੜ੍ਹੇ ਕੀਤੇ ਅੰਦੋਲਨ ਨੇ ਨਾ ਸਿਰਫ਼ ਯੂਨੀਵਰਸਿਟੀ ਨੂੰ ਪੁਲਿਸ ਛਾਉਣੀ ਵਿੱਚ ਬਦਲ ਦਿੱਤਾ, ਸਗੋਂ ਪੂਰੇ ਪੰਜਾਬ ਨੂੰ ਇੱਕ ਵੱਡੇ ਸਿਆਸੀ ਤੂਫ਼ਾਨ ਵੱਲ ਧੱਕ ਦਿੱਤਾ ਹੈ। ਹਜ਼ਾਰਾਂ ਵਿਦਿਆਰਥੀ, ਕਿਸਾਨ, ਮਜ਼ਦੂਰ ਅਤੇ ਸਿਆਸੀ ਆਗੂਆਂ ਨੇ ਗੇਟਾਂ ਤੋੜ ਕੇ ਕੈਂਪਸ ਵਿੱਚ ਦਾਖ਼ਲ ਹੋ ਕੇ ਵਾਈਸ ਚਾਂਸਲਰ ਦੇ ਦਫ਼ਤਰ ਸਾਹਮਣੇ ਸਟੇਜ ਲਗਾ ਲਏ

ਈ ਹੈ। ਪੁਲਿਸ ਦੀ ਧਕੇਸ਼ਾਹੀ, ਹਲਕਾ ਲਾਠੀਚਾਰਜ ਅਤੇ ਗੋਲੀਆਂ ਦੀ ਧਮਕੀਆਂ ਦੇ ਬਾਵਜੂਦ ਵੀ ਨੌਜਵਾਨ ਪਿੱਛੇ ਨਹੀਂ ਹਟੇ। ਇਹ ਸਿਰਫ਼ ਇੱਕ ਯੂਨੀਵਰਸਿਟੀ ਦਾ ਵਿਵਾਦ ਨਹੀਂ - ਇਹ ਪੰਜਾਬ ਦੀ ਖੁਦਮੁਖ਼ਤਿਆਰੀ, ਸੱਭਿਆਚਾਰਕ ਪਛਾਣ ਅਤੇ ਫੈਡਰਲ ਵਿਵਸਥਾ ਉੱਤੇ ਹਮਲੇ ਵਿਰੁੱਧ ਇੱਕ ਵੱਡਾ ਵਿਦਰੋਹ ਹੈ। ਅਤੇ ਜਦੋਂ ਗੱਲ ਜੈਨ-ਜ਼ੀ (1997-2012 ਵਿੱਚ ਜਨਮੇ ਨੌਜਵਾਨਾਂ) ਦੇ ਅੰਦੋਲਨਾਂ ਦੀ ਹੋਵੇ, ਤਾਂ ਏਸ਼ੀਆ ਦੇ ਗੁਆਂਢੀ ਦੇਸ਼ਾਂ ਵਿੱਚ ਵਾਪਰ ਰਹੀਆਂ ਘਟਨਾਵਾਂ ਭਾਰਤ ਲਈ ਚੇਤਾਵਨੀ ਵਾਂਗ ਗੂੰਜ ਰਹੀਆਂ ਹਨ।

10-11 ਨਵੰਬਰ ਨੂੰ ਵਿਦਿਆਰਥੀ ਜਥੇਬੰਦੀਆਂ ਨੇ ਪੰਜਾਬ ਯੂਨੀਵਰਸਿਟੀ ਬੰਦ ਦਾ ਐਲਾਨ ਕੀਤਾ ਸੀ। ਵਿਵਾਦ ਦਾ ਕੇਂਦਰੀ ਨੁਕਸ਼ਾ ਇਹ ਹੈ ਕਿ ਕੇਂਦਰ ਸਰਕਾਰ ਨੇ 28 ਅਕਤੂਬਰ ਨੂੰ ਸੈਨੇਟ ਅਤੇ ਸਿੰਡੀਕੇਟ ਵਿੱਚ ਵੱਡੇ ਬਦਲਾਅ ਕਰਨ ਦਾ ਫ਼ੈਸਲਾ ਲਿਆ ਸੀ, ਜਿਸ ਨਾਲ ਚੋਣਾਂ ਨੂੰ ਰੱਦ ਕਰਕੇ ਨਾਮਜ਼ਦਗੀਆਂ ਨੂੰ ਵਧਾਇਆ ਜਾਣਾ ਸੀ। ਇਹ ਫ਼ੈਸਲਾ ਪੰਜਾਬੀਆਂ ਲਈ ਯੂਨੀਵਰਸਿਟੀ ਉੱਤੇ ਕੇਂਦਰ ਦੇ ਕਬਜ਼ੇ ਵਾਂਗ ਸੀ, ਕਿਉਂਕਿ ਪੀਯੂ ਨੂੰ ਪੰਜਾਬੀਆਂ ਨੇ ਆਪਣੇ ਖ਼ੂਨ-ਪਸੀਨੇ ਨਾਲ ਬਣਾਇਆ ਹੈ। ਵਿਰੋਧ ਵਧਦਾ ਵੇਖ ਕੇਂਦਰ ਨੂੰ ਫ਼ੈਸਲਾ ਵਾਪਸ ਲੈਣਾ ਪਿਆ, ਪਰ ਵਿਦਿਆਰਥੀਆਂ ਨੇ ਸੈਨੇਟ ਚੋਣਾਂ ਲਈ ਨੋਟੀਫਿਕੇਸ਼ਨ ਜਾਰੀ ਕਰਨ ਦੀ ਮੰਗ ਰੱਖੀ।

9 ਨਵੰਬਰ ਨੂੰ ਯੂਨੀਵਰਸਿਟੀ ਪ੍ਰਸ਼ਾਸਨ ਨੇ ਚੋਣਾਂ ਸ਼ੁਰੂ ਕਰਨ ਦਾ ਬਿਆਨ ਜਾਰੀ ਕੀਤਾ, ਪਰ ਅੰਦੋਲਨ ਨਹੀਂ ਰੁਕਿਆ। ਵਿਦਿਆਰਥੀਆਂ ਨੇ ਖਾਕੀ ਨਿਕਰਾਂ ਉਪਰ ਲਾਲ ਕਾਟੇ ਮਾਰਕੇ ਤਾਰਾਂ ਉਪਰ ਟੰਗ ਦਿਤੀਆਂ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਉਪਰ ਸੰਘ ਤੇ ਭਾਜਪਾ ਦਾ ਕਬਜ਼ਾ ਨਹੀਂ ਹੋਣ ਦਿੱਤਾ ਜਾਵੇਗਾ।

11 ਨਵੰਬਰ ਦੌਰਾਨ, ਹਜ਼ਾਰਾਂ ਲੋਕ ਨੇ ਗੇਟ ਨੰਬਰ 1 ਤੋਂ ਚੰਡੀਗੜ੍ਹ ਪੁਲਿਸ ਦੀਆਂ ਬੈਰੀਕੇਡਾਂ ਤੋੜ ਕੇ ਅੰਦਰ ਦਾਖ਼ਲ ਹੋ ਗਏ ਸਨ। ਪੁਲਿਸ ਨੇ ਲਾਠੀਚਾਰਜ ਕੀਤਾ, ਪਰ ਵਿਦਿਆਰਥੀਆਂ ਨੇ ਹਰ ਰੋਕ ਨੂੰ ਤੋੜ ਦਿੱਤਾ। ਗੇਟਾਂ ਬੰਦ ਕਰਨ ਦੀ ਕੋਸ਼ਿਸ਼ ਵਿੱਚ ਪੁਲਿਸ ਨਾਲ ਹੋਰ ਧੱਕਾਮੁੱਕੀਆਂ ਹੋਈਆਂ, ਅਤੇ ਕੁਝ ਵਿਦਿਆਰਥੀ ਜ਼ਖ਼ਮੀ ਵੀ ਹੋਏ। ਇਸ ਅੰਦੋਲਨ ਵਿੱਚ ਸਿਰਫ਼ ਵਿਦਿਆਰਥੀ ਨਹੀਂ, ਸਗੋਂ ਪੂਰਾ ਪੰਜਾਬ ਖੜ੍ਹਾ ਹੋ ਗਿਆ ਹੈ।

ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਆਗੂ ਚਰਨਜੀਤ ਸਿੰਘ ਚੰਨੀ ਨੇ ਯੂਨੀਵਰਸਿਟੀ ਪਹੁੰਚ ਕੇ ਕਿਹਾ, "ਪੰਜਾਬ ਯੂਨੀਵਰਸਿਟੀ ਉੱਤੇ ਕਬਜ਼ਾ ਨਹੀਂ ਹੋਣ ਦੇਵਾਂਗੇ। ਇਹ ਸਾਰੇ ਪੰਜਾਬ ਦੀ ਲੜਾਈ ਹੈ। ਮੋਦੀ ਸਰਕਾਰ ਦੇ ਆਪਹੁਦਰੇ ਫੈਸਲੇ ਕਾਰਣ ਪੰਜਾਬ, ਹਰਿਆਣਾ ਅਤੇ ਹਿਮਾਚਲ ਤੱਕ ਸਾਰਿਆਂ ਦੀ ਰੂਹ ਕੰਬ ਰਹੀ ਹੈ। ਕੇਂਦਰ ਇੱਕ-ਇੱਕ ਕਰਕੇ ਸਾਡੇ ਇੰਸਟੀਚਿਊਸ਼ਨ ਨੂੰ ਦਬਾ ਰਿਹਾ ਹੈ।" ਚੰਨੀ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਸੈਸ਼ਨ ਬੁਲਾ ਕੇ ਯੂਨੀਵਰਸਿਟੀ ਦੇ ਹੱਕਾਂ ਲਈ ਲੜਨਾ ਚਾਹੀਦਾ ਹੈ।

ਆਮ ਆਦਮੀ ਪਾਰਟੀ ਦੇ ਸੰਸਦ ਮਾਲਵਿੰਦਰ ਸਿੰਘ ਕੰਗ ਨੇ ਵੀ ਸਮਰਥਨ ਦਿੱਤਾ ਅਤੇ ਕਿਹਾ ਕਿ ਭਾਜਪਾ ਦੀਆਂ ਚਾਲਾਂ ਨੂੰ ਨਾਕਾਮ ਕਰਨਾ ਪਵੇਗਾ। ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਟਰੈਕਟਰ ਲਿਆ ਕੇ ਪਹੁੰਚੇ ਅਤੇ ਕਿਹਾ, "ਮੁੱਦਾ ਹੁਣ ਯੂਨੀਵਰਸਿਟੀ ਤੱਕ ਸੀਮਤ ਨਹੀਂ। ਇਹ ਪੰਜਾਬ ਦੇ ਪਾਣੀ, ਚੰਡੀਗੜ੍ਹ ਅਤੇ ਹੋਰ ਹੱਕਾਂ ਦੀ ਲੜਾਈ ਹੈ। ਸਾਡੇ ਨਾਲ ਠੱਗੀ ਹੋਈ ਹੈ।"

ਇਸ ਮੌਕੇ ਦਲ ਖਾਲਸਾ, ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਬਸਪਾ ਵਰਗੀਆਂ ਜਥੇਬੰਦੀਆਂ ਵੀ ਪਹੁੰਚੀਆਂ ਹਨ। ਰਾਜਨੀਤਿਕ ਵਿਗਿਆਨੀ ਪ੍ਰੋ. ਮੁਹੰਮਦ ਖ਼ਾਲਿਦ ਨੇ ਕਿਹਾ, "ਮੇਰੇ 46 ਸਾਲਾਂ ਦੇ ਤਜਰਬੇ ਵਿੱਚ ਅਜਿਹਾ ਵੱਡਾ ਪ੍ਰਦਰਸ਼ਨ ਨਹੀਂ ਵੇਖਿਆ। ਇਹ ਭਾਵਨਾਤਮਕ ਜੁੜਾਅ ਹੈ - ਯੂਨੀਵਰਸਿਟੀ ਪੰਜਾਬ ਦਾ ਇਤਿਹਾਸਕ ਹਿੱਸਾ ਹੈ। ਕੇਂਦਰ ਨੂੰ ਨੋਟੀਫਿਕੇਸ਼ਨ ਜਾਰੀ ਕਰਨਾ ਚਾਹੀਦਾ ਹੈ।"

ਬੁਧੀਜੀਵੀ ਪਿਆਰੇ ਲਾਲ ਗਰਗ ਨੇ ਇਸ ਨੂੰ "ਪੰਜਾਬ ਦੀ ਖੁਦਮੁਖ਼ਤਿਆਰੀ ਅਤੇ ਆਰਐੱਸਐੱਸ ਏਜੰਡੇ ਵਿਰੁੱਧ ਵਿਦਰੋਹ" ਕਿਹਾ।

## ਪੀਯੂ ਦਾ ਅੰਦੋਲਨ ਪੰਜਾਬ ਦੀ ਪਾਵਨ ਰੂਹ ਵਿਚੋਂ ਪ੍ਰਗਟ ਹੋਇਆ

ਪੰਜਾਬ ਯੂਨੀਵਰਸਿਟੀ ਦਾ ਇਹ ਇਕਠ ਪੰਜਾਬ ਦੀ ਪਾਵਨ ਰੂਹ ਵਿਚੋਂ ਨਿਕਲਿਆ ਜਿਸ ਦੀ ਗਲ ਪ੍ਰੋਫੈਸਰ ਪੂਰਨ ਸਿੰਘ ਕਰਦਾ ਹੈ।

ਸੁੱਤਾ ਹੋਵੈ ਸਿਖ, ਗੁਰੂ ਜਾਗਦਾ,
ਭੁੱਲਾ ਹੋਵੈ ਸਿਖ, ਗੁਰੂ ਵੜ ਦਿਲ
ਓਹਦੇ ਸਿਖ-ਪ੍ਰਾਣ ਕੱਸਦਾ,
ਖਿੱਚਦਾ, ਸਿਖ ਨੂੰ
ਪ੍ਰੀਤ-ਪੀੜ ਪੀੜਦਾ,
ਗੁਰੂ ਆਵੇਸ਼ ਦਾ ਹੜ੍ਹ ਟੋਰਦਾ,
ਸਿਖ ਦੀ ਰੂਹ ਦੇ ਅੱਗੇ
ਪਿੱਛੇ ਚੜ੍ਹੀ ਦੀਵਾਰ ਤੋੜਦਾ,
ਬਾਰੀਆਂ ਖੋਹਲ ਅੰਦਰ ਵੜਦਾ,
ਮਲੋ ਮਲੀ,
ਜੋਰੋ ਜੋਰੀ, ਜਾਂਦਾ ਧੱਸਦਾ,
ਸਿਖ ਨੂੰ ਪਿਆਰ ਦੀ
ਬਹੁਲਤਾ ਵਿੱਚ ਬੇਬੱਸ ਕਰਦਾ,
ਮਾਰਦਾ, ਪਿਆਰ ਡੋਬ ਦੇਂਵਦਾ।

ਇਹ ਗੁਰੂ ਪ੍ਰਤੀ ਮੁਹਬਤ ਹੈ ਜੋ ਨਿਆਂ ਲਈ ਲੜਦੀ ਹੈ। ਸਿਖ ਜੀਉਂਦਾ ਤਾਂ ਹੀ ਹੈ ਜੇ ਗੁਰੂ ਪ੍ਰਤੀ ਮੁਹਬਤ ਹੈ। ਗੁਰੂ ਦਾ ਸ਼ਬਦ ਸਿਖ ਦੀ ਰੂਹ ਵਿਚ ਗੂੰਜਦਾ ਹੈ। ਉਹ ਹੋਰ ਹਨ ਜੋ ਸਾਡੇ ਹਿਤਾਂ ਦਾ ਸੌਦਾ ਕਰਦੇ ਹਨ। ਪਗਾਂ ਵੀ ਸਿਰ ਉਪਰ ਹਨ। ਪਰ ਥਲੇ ਧੜ ਗਾਇਬ ਹਨ। ਮਰੀਆਂ ਰੂਹਾਂ ਕਾਰਣ ਪੰਜਾਬ ਕੰਗਾਲ ਹੋਇਆ। ਲਵਾਰਸ ਲਾਸ਼ ਬਣਿਆ। ਸਭ ਬੁਤ ਹੋ ਗਏ। ਇਕ ਵਾਰ, ਫਿਰ ਜਾਗ ਆਈ। ਗੁਰੂ ਦਾ ਸ਼ਬਦ ਹਮੇਸ਼ਾ ਆਪਣੇ ਸਿਖ ਵਿਚ ਗੂੰਜਦਾ ਰਹੇਗਾ। ਚੰਦਰੀਆਂ ਹਵਾਵਾਂ ਨਾਲ ਟਕਰਾਉਂਦਾ ਰਹੇਗਾ। ਕੁਕਨਸ ਵਾਂਗ ਆਪਣੀ ਰਾਖ ਵਿਚੋਂ ਪੈਦਾ ਹੋਵੇਗਾ। ਪੰਜਾਬ ਯੂਨੀਵਰਸਿਟੀ ਵਿਚ ਪੁਲਿਸ ਦੀਆਂ ਡਾਂਗਾਂ ਅਗੇ ਸ਼ਾਂਤ ਰਹਿਕੇ ਪੰਜਾਬ ਦੇ ਵਿਦਿਆਰਥੀਆਂ ਨੇ ਗੁਰੂ ਦੇ ਬਾਗ ਦਾ ਮੋਰਚਾ ਦੁਹਰਾ ਦਿਤਾ। ਯੁਗ ਬਦਲੇ ਹਨ। ਗੁਰੂ ਦੀ ਫਿਲਾਸਫੀ ਤੇ ਸਿਧਾਂਤ ਨਹੀਂ। ਸਿਖ ਇਤਿਹਾਸ ਦੀ ਇਹੀ ਕਹਾਣੀ ਹੈ। ਸ਼ਬਦ ਗੁਰੂ ਦੇ ਮੋਹ ਵਿਚ ਪੰਜਾਬ ਜੋਤਿ ਬਣਕੇ ਲਟ ਲਟ ਬਲਦਾ ਰਹੇਗਾ। ਪੰਜਾਬ ਯੂਨੀਵਰਸਿਟੀ ਪੰਜਾਬ ਦੀ ਰਹੇਗੀ।



-ਬਲਵਿੰਦਰ ਪਾਲ ਸਿੰਘ ਪ੍ਰੋਫੈਸਰ

### ਕੀ ਇਹ ਅੰਦੋਲਨ ਜੈਨ ਜੀ ਵਰਗਾ ਹੈ ?

ਇਹ ਅੰਦੋਲਨ ਸਿਰਫ਼ ਲੋਕਲ ਨਹੀਂ - ਇਹ ਏਸ਼ੀਆ ਵਿੱਚ ਫੈਲ ਰਹੇ ਜੈਨ-ਜ਼ੀ ਅੰਦੋਲਨ ਵਰਗਾ ਲੱਗਦਾ ਹੈ। ਹਾਲ ਹੀ ਵਰ੍ਹਿਆਂ ਵਿੱਚ ਨੇਪਾਲ, ਬੰਗਲਾਦੇਸ਼, ਸ੍ਰੀਲੰਕਾ ਅਤੇ ਫਿਲੀਪੀਨਜ਼ ਵਿੱਚ ਨੌਜਵਾਨਾਂ ਨੇ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਖ਼ਰਾਬ ਸ਼ਾਸਨ ਵਿਰੁੱਧ ਵੱਡੇ ਅੰਦੋਲਨ ਖੜ੍ਹੇ ਕੀਤੇ ਹਨ। ਨੇਪਾਲ ਵਿੱਚ ਸਤੰਬਰ 2025 ਦੇ ਵਿਰੋਧ ਨੇ ਸਰਕਾਰ ਡੇਗ ਦਿੱਤੀ ਸੀ, ਜਦਕਿ ਲੱਦਾਖ ਵਿੱਚ ਰਾਜਸਥਾਨ ਵਰਗੀ ਸਥਿਤੀ ਦੀ ਮੰਗ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ ਸੀ। ਇਹ ਅੰਦੋਲਨ ਸੋਸ਼ਲ ਮੀਡੀਆ - ਟਿਕਟੌਕ, ਐਕਸ (ਪਹਿਲਾਂ ਟਵਿੱਟਰ) - ਨਾਲ ਫੈਲਦੇ ਹਨ, ਜਿੱਥੇ ਨੌਜਵਾਨ ਤੇਜ਼ੀ ਨਾਲ ਜੁੜਦੇ ਹਨ।

ਬਾਕੀ ਹਿਸਾ ਸਫਾ 45 ਤੇ ਪੜ੍ਹੋ

# ਕਾਂਗਰਸ ਨੇ ਖਿੱਚੀ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ

## ✪ ਪੰਜਾਬ ਕਾਂਗਰਸ ਨੂੰ ਮਿਲੇ 27 ਨਵੇਂ ਜ਼ਿਲ੍ਹਾ ਪ੍ਰਧਾਨ

ਦਿੱਲੀ-ਪੰਜਾਬ ਕਾਂਗਰਸ ਨੇ ਆਪਣੇ ਸੰਗਠਨ ਨੂੰ ਮਜ਼ਬੂਤ ਕਰ ਲਿਆ ਹੈ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। 27 ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੇ ਗਏ ਹਨ। ਇਹ ਸੂਚੀ ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਜਾਰੀ ਕੀਤੀ ਗਈ ਹੈ।

ਕਈ ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਨੂੰ ਮਹੱਤਵਪੂਰਨ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਇਹ ਪ੍ਰਕਿਰਿਆ ਲਗਭਗ ਤਿੰਨ ਮਹੀਨਿਆਂ ਤੋਂ ਜਾਰੀ ਹੈ, ਕਿਉਂਕਿ ਪ੍ਰਧਾਨਾਂ ਦੇ ਤਿੰਨ ਸਾਲ ਦੇ ਕਾਰਜਕਾਲ ਨਵੰਬਰ ਵਿੱਚ ਖਤਮ ਹੋ ਰਹੇ ਸਨ। ਸੂਰਜ ਠਾਕੁਰ ਅਤੇ ਹਿਨਾ ਕਾਵਰੇ ਨੂੰ ਵੀ ਪੰਜਾਬ ਸਕੱਤਰ ਨਿਯੁਕਤ ਕੀਤਾ ਗਿਆ ਹੈ। ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਸ ਕਦਮ ਦਾ ਸਵਾਗਤ ਕਰਦੇ ਹੋਏ ਕਿਹਾ ਹੈ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਇਸ ਨਾਲ ਪਾਰਟੀ ਮਜ਼ਬੂਤ ਹੋਵੇਗੀ।

ਕਾਂਗਰਸ ਨੇ ਇਨ੍ਹਾਂ ਜ਼ਿਲ੍ਹਿਆਂ ਨੂੰ ਸੌਂਪਿਆ ਹੈ


- ਅੰਮ੍ਰਿਤਸਰ ਦਿਹਾਤੀ-ਸੁਖਵਿੰਦਰ ਸਿੰਘ ਡੈਨੀ
- ਅੰਮ੍ਰਿਤਸਰ ਸ਼ਹਿਰੀ - ਸੌਰਭ ਮਦਾਨ
- ਬਰਨਾਲਾ - ਕੁਲਦੀਪ ਸਿੰਘ ਕਾਲਾ
- ਬਠਿੰਡਾ ਦਿਹਾਤੀ - ਪ੍ਰੀਤਮ ਸਿੰਘ
- ਬਠਿੰਡਾ ਸ਼ਹਿਰੀ - ਰਾਜਨ ਗਰਗ
- ਫਰੀਦਕੋਟ - ਨਵਦੀਪ ਸਿੰਘ ਬਰਾੜ
- ਫਤਿਹਗੜ੍ਹ ਸਾਹਿਬ - ਸੁਰਿੰਦਰ ਸਿੰਘ
- ਫਾਜ਼ਿਲਕਾ- ਹਰਪ੍ਰੀਤ ਸਿੰਘ ਸਿੱਧੂ
- ਫਿਰੋਜ਼ਪੁਰ - ਕੁਲਬੀਰ ਸਿੰਘ ਜ਼ੀਰਾ
- ਗੁਰਦਾਸਪੁਰ - ਬਰਿੰਦਰਮੀਤ ਸਿੰਘ ਪਾਹੜਾ
- ਹੁਸ਼ਿਆਰਪੁਰ - ਦਲਜੀਤ ਸਿੰਘ
- ਜਲੰਧਰ ਸ਼ਹਿਰੀ - ਰਜਿੰਦਰ ਬੇਰੀ
- ਜਲੰਧਰ ਦਿਹਾਤੀ - ਹਰਦੇਵ ਸਿੰਘ
- ਕਪੂਰਥਲਾ-ਬਲਵਿੰਦਰ ਸਿੰਘ ਧਾਲੀਵਾਲ
- ਲੁਧਿਆਣਾ ਦਿਹਾਤੀ-ਮੇਜਰ ਸਿੰਘ ਮੁੱਲਾਂਪੁਰ
- ਲੁਧਿਆਣਾ ਸ਼ਹਿਰੀ-ਸੰਜੀਵ ਤਲਵਾੜ
- ਮੋਗਾ - ਹਰੀ ਸਿੰਘ
- ਮੋਹਾਲੀ - ਕਮਲ ਕਿਸ਼ੋਰ ਸ਼ਰਮਾ
- ਮੁਕਤਸਰ - ਸ਼ੁਭਦੀਪ ਸਿੰਘ ਬਿੱਟੂ
- ਪਠਾਨਕੋਟ ਦਿਹਾਤੀ-ਪੰਨਾ ਲਾਲ ਭਾਟੀਆ
- ਪਟਿਆਲਾ ਦਿਹਾਤੀ-ਗੁਰਸ਼ਰਨ ਕੌਰ ਰੰਧਾਵਾ
- ਪਟਿਆਲਾ ਸ਼ਹਿਰੀ-ਨਰੇਸ਼ ਕੁਮਾਰ ਦੁੱਗਲ
- ਰੋਪੜ - ਅਸ਼ਵਨੀ ਸ਼ਰਮਾ
- ਸੰਗਰੂਰ - ਜਗਦੇਵ ਸਿੰਘ
- ਨਵਾਂਸ਼ਹਿਰ - ਅਜੇ ਕੁਮਾਰ
- ਤਰਨਤਾਰਨ - ਰਾਜਬੀਰ ਸਿੰਘ ਭੁੱਲਰ

# ਸਾਬਕਾ ਡੀ.ਆਈ.ਜੀ. ਭੁੱਲਰ ਹੁਣ ਨਿਆਇਕ ਹਿਰਾਸਤ ਵਿਚ

## ✪ ਘਪਲਿਆਂ ਵਿਚ ਪੰਜਾਬ ਦੇ ਕਰੀਬ 50 ਅਧਿਕਾਰੀਆਂ ਦੇ ਨਾਮ ਸਾਹਮਣੇ ਆਏ

ਚੰਡੀਗੜ੍ਹ-ਪੰਜ ਦਿਨਾਂ ਦੇ ਵਾਧੂ ਸੀ.ਬੀ.ਆਈ. ਰਿਮਾਂਡ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਪੰਜਾਬ ਪੁਲਿਸ ਦੇ ਸਾਬਕਾ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੂੰ ਚੰਡੀਗੜ੍ਹ ਸਥਿਤ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਵਲੋਂ ਉਨ੍ਹਾਂ ਨੂੰ ਹੁਣ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ ਹੈ। ਮਾਮਲੇ ਦੀ ਅਗਲੀ ਸੁਣਵਾਈ 20 ਨਵੰਬਰ ਨੂੰ ਹੋਵੇਗੀ, ਜਿਸ ਦੌਰਾਨ ਡੀ.ਆਈ.ਜੀ. ਅਤੇ ਸਹਿ ਮੁਲਜ਼ਮ ਕ੍ਰਿਸ਼ਨੂੰ ਦੀ ਵੀਡੀਓ ਕਾਨਫ਼ਰੰਸਿੰਗ ਰਾਹੀਂ ਪੇਸ਼ੀ ਕਰਵਾਈ ਜਾਵੇਗੀ। ਇਸ ਦਰਮਿਆਨ, ਮਾਮਲੇ ਵਿਚ ਹੁਣ ਇੰਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀ ਟੀਮ ਸੀ.ਬੀ.ਆਈ. ਦਫ਼ਤਰ ਪਹੁੰਚੀ ਹੈ, ਜਿੱਥੇ ਉਹ ਉਨ੍ਹਾਂ ਆਈ. ਏ. ਐਸ. ਅਤੇ ਆਈ. ਪੀ. ਐਸ. ਅਧਿਕਾਰੀਆਂ ਦਾ ਰਿਕਾਰਡ ਲੈ ਰਹੀ ਹੈ, ਜਿਨ੍ਹਾਂ 'ਤੇ ਬੇਨਾਮੀ ਸੰਪਤੀ ਬਣਾਉਣ ਦੇ ਦੋਸ਼ ਹਨ। ਸੂਤਰਾਂ ਅਨੁਸਾਰ, ਜਾਂਚ ਦੌਰਾਨ ਹੁਣ ਤੱਕ ਪੰਜਾਬ ਦੇ ਕਰੀਬ 50 ਅਧਿਕਾਰੀਆਂ ਦੇ ਨਾਮ ਸਾਹਮਣੇ ਆਏ ਹਨ। ਈ. ਡੀ. ਦੀ ਟੀਮ ਬੀਤੇ ਮੰਗਲਵਾਰ ਸੀ. ਬੀ. ਆਈ. ਦੇ ਦਫ਼ਤਰ ਪਹੁੰਚੀ ਅਤੇ ਅਫ਼ਸਰਾਂ ਦਾ ਰਿਕਾਰਡ ਮੰਗਿਆ, ਜਿਨ੍ਹਾਂ 'ਤੇ ਬੇਨਾਮੀ ਜਾਇਦਾਦ ਬਣਾਉਣ ਦਾ ਦੋਸ਼ ਹੈ। ਇਨ੍ਹਾਂ ਵਿਚੋਂ ਕਈ ਅਫ਼ਸਰ ਹਾਲੇ ਵੀ ਫੀਲਡ 'ਚ ਤਾਇਨਾਤ ਹਨ। ਭੁੱਲਰ ਦੇ ਕਹਿਣ 'ਤੇ ਹੀ ਕ੍ਰਿਸ਼ਨੂ ਆਈ. ਏ. ਐੱਸ. ਤੇ ਆਈ. ਪੀ. ਐੱਸ. ਅਫ਼ਸਰਾਂ ਨਾਲ ਮਿਲੀ-ਭੁਗਤ ਕਰਦਾ ਸੀ। ਸੀ. ਬੀ. ਆਈ. ਅਨੁਸਾਰ ਵਿਚੋਲੇ ਕ੍ਰਿਸ਼ਨੂ ਸ਼ਾਰਦਾ ਦੇ ਮੋਬਾਇਲ ਅਤੇ ਇਲੈਕਟ੍ਰਾਨਿਕ ਡਿਵਾਇਸ ਤੋਂ ਭ੍ਰਿਸ਼ਟ ਡੀਲਿੰਗ ਦੇ ਕਈ ਸਬੂਤ ਮਿਲੇ ਹਨ।

# ਪੀਯੂ ਸੈਨੇਟ ਚੋਣ ਵਿਵਾਦ ਵਿਚਾਲੇ ਮੀਟਿੰਗ, ਵੀਸੀ ਨੇ ਮੰਗਾਂ ਮੰਨਣ ਦਾ ਭਰੋਸਾ ਜਤਾਇਆ



ਚੰਡੀਗੜ੍ਹ-ਪੰਜਾਬ ਯੂਨੀਵਰਸਿਟੀ (ਪੀਯੂ) ਦੀ ਸੈਨੇਟ ਚੋਣ ਵਿਵਾਦ ਵਿੱਚ ਵਾਈਸ ਚਾਂਸਲਰ (ਵੀਸੀ) ਨਾਲ ਮੀਟਿੰਗ ਹੋਈ ਹੈ। ਮੋਰਚੇ ਅਨੁਸਾਰ, ਵੀਸੀ ਨੇ ਵਿਦਿਆਰਥੀਆਂ ਦੀਆਂ ਮੰਗਾਂ ਮੰਨਣ ਦਾ ਭਰੋਸਾ ਜਤਾਇਆ ਹੈ, ਪਰ ਯੂਨੀਵਰਸਿਟੀ ਬਚਾਓ ਮੋਰਚੇ ਦੇ ਮੈਂਬਰਾਂ ਨੇ ਲਿਖਤੀ ਭਰੋਸਾ ਮਿਲਣ ਤੱਕ ਧਰਨਾ ਜਾਰੀ ਰਹੇਗਾ। ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਪੀਯੂ ਨੂੰ ਬੰਦ ਕਰਨ ਦੀ ਗੱਲ ਵੀ ਕਹੀ ਗਈ ਹੈ ਮੋਰਚੇ ਨੇ ਪ੍ਰਦਰਸ਼ਨਾਂ ਦੌਰਾਨ ਵਿਦਿਆਰਥੀਆਂ ਉੱਤੇ ਦਰਜ ਐੱਫਆਈਆਰ ਨੂੰ ਰੱਦ ਕਰਨ ਦੀ ਵੀ ਮੰਗ ਕੀਤੀ ਹੈ। ਪੰਜਾਬ ਸਰਕਾਰ ਨੇ ਇਸ ਵਿਵਾਦ ਨੂੰ ਹਾਈ ਕੋਰਟ ਵਿੱਚ ਚੁਣੌਤੀ ਦੇਣ ਦਾ ਐਲਾਨ ਕੀਤਾ ਹੈ। ਇਹ ਵਿਵਾਦ ਕੇਂਦਰ ਸਰਕਾਰ ਵੱਲੋਂ 28 ਅਕਤੂਬਰ 2025 ਨੂੰ ਪੀਯੂ ਐਕਟ 1947 ਵਿੱਚ ਬਦਲਾਅ ਨਾਲ ਸ਼ੁਰੂ ਹੋਇਆ ਸੀ। ਇਸ ਤਹਿਤ ਸੈਨੇਟ ਦਾ ਆਕਾਰ 91 ਤੋਂ ਘਟਾ ਕੇ 31 ਅਤੇ ਸਿੰਡੀਕੇਟ ਨੂੰ 27 ਤੋਂ ਘਟਾ ਕੇ 17 ਕਰ ਦਿੱਤਾ ਗਿਆ। ਚੋਣ ਪ੍ਰਕਿਰਿਆ ਨੂੰ ਖਤਮ ਕਰਕੇ ਸਾਰੇ ਮੈਂਬਰ ਨਾਮਜ਼ਦ ਕੀਤੇ ਜਾਣ ਨੂੰ ਲੈ ਕੇ ਵਿਦਿਆਰਥੀਆਂ ਵਿੱਚ ਗੁੱਸਾ ਹੈ। ਗ੍ਰੈਜੂਏਟ ਵੋਟਰਾਂ ਅਤੇ ਅੰਡਰਗ੍ਰੈਜੂਏਟ ਵਿਦਿਆਰਥੀਆਂ ਦੀ ਨੁਮਾਇੰਦਗੀ ਖਤਮ ਹੋ ਗਈ, ਜੋ ਲੋਕਤੰਤਰੀ ਪ੍ਰਕਿਰਿਆ ਨੂੰ ਚੁਣੌਤੀ ਮੰਨਿਆ ਜਾ ਰਿਹਾ ਹੈ। ਇਸ ਵਿਰੋਧ ਵਿੱਚ ਸੱਥ 'ਯੂਨੀਵਰਸਿਟੀ ਬਚਾਓ ਮੋਰਚਾ' (ਸੇਵ ਯੂਨੀਵਰਸਿਟੀ ਫਰੰਟ) ਬਣਾਇਆ ਗਿਆ, ਜਿਸ ਵਿੱਚ ਵੱਖ-ਵੱਖ ਵਿਦਿਆਰਥੀ ਜਥੇਬੰਦੀਆਂ ਜਿਵੇਂ ਪੀਐੱਸਯੂ (ਲਲਕਾਰ), ਏਐੱਸਏਆਈ, ਐੱਨਐੱਸਯੂਆਈ, ਪੁਸੂ ਅਤੇ ਐੱਸਐੱਫਐੱਸ ਸ਼ਾਮਲ ਹਨ।

# ਐਗਜ਼ਿਟ ਪੋਲ ਵਿਚ ਐੱਨਡੀਏ ਮਜ਼ਬੂਤ, ਇੰਡੀਆ ਗਠਜੋੜ ਪਛੜਿਆ



ਦਿੱਲੀ-ਐਗਜ਼ਿਟ ਪੋਲ ਨੇ ਬਿਹਾਰ ਵਿੱਚ ਐੱਨ ਡੀ ਏ ਸਰਕਾਰ ਦੀ ਵਾਪਸੀ ਦੀ ਭਵਿੱਖਬਾਣੀ ਕੀਤੀ ਹੈ, ਜਿਸ ਵਿੱਚ ਮਹਾਗਠਬੰਧਨ ਉੱਤੇ ਵੱਡੀ ਜਿੱਤ ਹੈ ਅਤੇ ਪ੍ਰਸ਼ਾਂਤ ਕਿਸ਼ੋਰ ਦੀ ਪਾਰਟੀ ਜਨ ਸੁਰਾਜ ਦਾ ਆਪਣੀ ਪਹਿਲੀ ਚੋਣ ਵਿੱਚ ਨਿਰਾਸ਼ਾਜਨਕ ਪ੍ਰਦਰਸ਼ਨ ਹੈ। ਬਿਹਾਰ ਚੋਣਾਂ 6 ਅਤੇ 11 ਨਵੰਬਰ ਨੂੰ ਦੋ ਪੜਾਵਾਂ ਵਿੱਚ ਕਰਵਾਈਆਂ ਗਈਆਂ ਸਨ ਅਤੇ ਨਤੀਜੇ 14 ਨਵੰਬਰ ਨੂੰ ਐਲਾਨੇ ਜਾਣਗੇ। ਮੈਟਰਾਈਜ਼ ਐਗਜ਼ਿਟ ਪੋਲ ਨੇ ਐੱਨ ਡੀ ਏ ਨੂੰ 147-167 ਸੀਟਾਂ, ਮਹਾਗੱਠਬੰਧਨ ਨੂੰ 70-90 ਅਤੇ ਜਨ ਸੁਰਾਜ ਨੂੰ 0-2 ਸੀਟਾਂ ਅਤੇ ਦੈਨਿਕ ਭਾਸਕਰ ਨੇ ਐੱਨ ਡੀ ਏ ਲਈ 145-160 ਅਤੇ ਮਹਾਗਠਬੰਧਨ ਲਈ 73-91 ਸੀਟਾਂ ਦੀ ਭਵਿੱਖਬਾਣੀ ਕੀਤੀ ਹੈ। ਦੋ ਪੋਲਸਟਰ ਐਕਸਿਸ ਮਾਈ ਇੰਡੀਆ ਅਤੇ ਟੂਡੇ'ਜ਼ ਚਾਣਕਿਆ 12 ਨਵੰਬਰ ਨੂੰ ਐਗਜ਼ਿਟ ਪੋਲ ਜਾਰੀ ਕਰਨਗੇ। ਇਸੇ ਤਰ੍ਹਾਂ ਪੀਪਲਜ਼ ਇਨਸਾਈਟ ਨੇ ਐੱਨ ਡੀ ਏ ਲਈ 133-148, ਮਹਾਗੱਠਬੰਧਨ ਲਈ 87-102 ਅਤੇ ਜਨ ਸੁਰਾਜ ਲਈ 0-2, ਪੀਪਲਜ਼ ਪਲਸ ਨੇ ਐੱਨ ਡੀ ਏ ਨੂੰ 133-159, ਮਹਾਗੱਠਬੰਧਨ ਨੂੰ 75-101 ਅਤੇ ਜਨ ਸੁਰਾਜ ਨੂੰ 0-5 ਸੀਟਾਂ ਦਿੱਤੀਆਂ ਹਨ। ਜੇ ਵੀ ਸੀ ਨੇ ਐੱਨ ਡੀ ਏ ਲਈ 135-150 ਅਤੇ ਮਹਾਗੱਠਬੰਧਨ ਲਈ 88-103 ਸੀਟਾਂ ਦੀ ਭਵਿੱਖਬਾਣੀ ਕੀਤੀ ਸੀ। ਪੋਲਸਟ੍ਰੇਟ ਨੇ ਐੱਨ ਡੀ ਏ ਲਈ 133-148 ਅਤੇ ਮਹਾਗੱਠਬੰਧਨ ਲਈ 87-102 ਸੀਟਾਂ ਦੀ ਭਵਿੱਖਬਾਣੀ ਕੀਤੀ ਸੀ। ਜਿੱਥੇ ਚਾਣਕਿਆ ਰਣਨੀਤੀਆਂ ਨੇ ਐੱਨ ਡੀ ਏ ਨੂੰ 130-138, ਮਹਾਗੱਠਬੰਧਨ ਨੂੰ 100-108 ਅਤੇ ਜਨ ਸੁਰਾਜ ਨੂੰ 0 ਸੀਟਾਂ ਦਿੱਤੀਆਂ ਸਨ, ਉੱਥੇ ਪੋਲਸਟਰ ਪੀ-ਮਾਰਕ ਨੇ ਐੱਨ ਡੀ ਏ ਨੂੰ 142-162, ਮਹਾਗਠਬੰਧਨ ਨੂੰ 80-98 ਅਤੇ ਜਨ ਸੁਰਾਜ ਦੇ 1-4 ਸੀਟਾਂ ਜਿੱਤਣ ਦੀ ਭਵਿੱਖਬਾਣੀ ਕੀਤੀ ਸੀ। ਐਗਜ਼ਿਟ ਪੋਲ ਦੇ ਅਨੁਮਾਨ ਚੋਣ ਸਰਵੇਖਣ ਏਜੰਸੀਆਂ ਦੇ ਵੋਟਰਾਂ ਨਾਲ ਗੱਲਬਾਤ ਦੇ ਆਧਾਰ 'ਤੇ ਲਗਾਏ ਜਾਂਦੇ ਹਨ। ਇਹ ਅਨੁਮਾਨ ਅਸਲ ਨਤੀਜਿਆਂ ਤੋਂ ਬਹੁਤ ਵੱਖਰੇ ਹੋ ਸਕਦੇ ਹਨ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਵਿਸ਼ੇਸ਼ ਅੰਕ ਅਗਲੇ ਹਫਤੇ ਛਪੇਗਾ

ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ੩੫੦ ਸਾਲ ਪਹਿਲਾਂ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦਿਆਂ ਆਪਣਾ ਸੀਸ ਕੁਰਬਾਨ ਕਰਕੇ ਹਿੰਦੂ ਧਰਮ ਨੂੰ ਬਚਾਇਆ। ਗੁਰੂ ਸਾਹਿਬ ਜੀ ਦੇ ਨਾਲ ਉਹਨਾਂ ਦੇ ਪਿਆਰੇ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਵੀ ਸਮੇਂ ਦੀ ਮੁਗਲ ਹਕੂਮਤ ਨੇ ਅਣਮਨੁੱਖੀ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਗੁਰੂ ਸਾਹਿਬ ਅਤੇ ਉਹਨਾਂ ਦੇ ਸਿੱਖਾਂ ਨੇ ਜ਼ੁਲਮੋ ਤਸ਼ੱਦਦ ਖਿੜੇ ਮੱਥੇ ਝੱਲਦਿਆਂ ਗੈਰ ਧਰਮ ਨੂੰ ਬਚਾਉਣ ਦੀ ਖਾਤਰ ਸ਼ਹੀਦੀਆ ਪਾਈਆਂ। ੩੫੦ ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਪੰਜਾਬ ਟਾਈਮਜ਼ ਦਾ ਵਿਸ਼ੇਸ਼ ਅੰਕ ਅਗਲੇ ਹਫਤੇ ਛਪੇਗਾ। ਇਸ ਸ਼ਹੀਦੀ ਸਾਕੇ ਸਬੰਧੀ ਜਾਣਕਾਰੀ ਭਰਪੂਰ ਧਾਰਮਿਕ ਲਿਟਰੇਚਰ ਵਿਸ਼ੇਸ਼ ਤੌਰ 'ਤੇ ਛਾਪਿਆ ਜਾ ਰਿਹਾ ਹੈ। ਜਿਹੜੇ ਗੁਰਦੁਆਰੇ ਆਪਣੇ ਪ੍ਰੋਗਰਾਮਾਂ ਦੇ ਇਸ਼ਤਿਹਾਰ, ਸਿੱਖ ਸੰਸਥਾਵਾਂ ਅਤੇ ਵਪਾਰਕ ਅਦਾਰੇ ਗੁਰੂ ਸਾਹਿਬ ਦੀ ਸ਼ਹਾਦਤ ਲਈ ਸ਼ਰਧਾ ਦੇ ਫੁੱਲ ਅਰਪਿਤ ਕਰਨਾ ਚਾਹੁੰਦੇ ਹਨ, ਉਹ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਨ।

ਸੰਪਰਕ ਲਈ ਫ਼ੋਨ ਨੰਬਰ:01332-372851 / Mobile: 07966 388388

Email:panjabtimes@aol.com / www.panjabtimes.uk

# ਦਿੱਲੀ ਵਿੱਚ ਲਾਲ ਕਿਲ੍ਹੇ ਨੇੜੇ ਕਾਰ ਧਮਾਕੇ ਵਿੱਚ 9 ਮੌਤਾਂ : ਅੱਤਵਾਦੀ ਸਾਜ਼ਿਸ਼ ਦਾ ਪਰਦਾਫਾਸ਼

## ✪ ਪੰਜਾਬ-ਹਰਿਆਣਾ ਵਿੱਚ ਗ੍ਰਿਫਤਾਰੀਆਂ ✪ ਡਾ. ਉਮਰ ਨਬੀ ਤੇ ਹੋਰ ਗ੍ਰਿਫਤਾਰ : ਪਾਕਿਸਤਾਨੀ ਨੈੱਟਵਰਕ ਨਾਲ ਜੁੜੀ ਵੱਡੀ ਯੋਜਨਾ ਬੇਨਕਾਬ ✪ ਪੰਜਾਬ-ਹਰਿਆਣਾ ਵਿੱਚ ਵਿਸਫੋਟਕਾਂ ਦੀ ਬਰਾਮਦਗੀ: ਰੈੱਡ ਅਲਰਟ ਨੇ ਰਾਜ ਨੂੰ ਚੌਕਸ ਕੀਤਾ ✪ ਅਮਿਤ ਸ਼ਾਹ ਨੇ ਕਿਹਾ ਕਿ ਗਣਤੰਤਰ ਦਿਵਸ ਨੂੰ ਨਿਸ਼ਾਨਾ ਬਣਾਉਣ ਦੀ ਸੀ ਸਾਜ਼ਿਸ਼



ਨਵੀਂ ਦਿੱਲੀ-ਰਾਸ਼ਟਰੀ ਰਾਜਧਾਨੀ ਦਿੱਲੀ ਵਿੱਚ ਬੀਤੇ ਸੋਮਵਾਰ ਸ਼ਾਮ ਨੂੰ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਕੋਲ ਟ੍ਰੈਫਿਕ ਸਿਗਨਲ ਉੱਤੇ ਵਾਪਰੀ ਭਿਆਨਕ ਘਟਨਾ ਨੇ ਪੂਰੇ ਦੇਸ਼ ਨੂੰ ਹੈਰਾਨ ਕਰ ਦਿੱਤਾ। ਇੱਕ ਹੌਲੀ ਚੱਲ ਰਹੀ ਹੁੰਡਈ ਆਈ20 ਕਾਰ ਵਿੱਚ ਹੋਏ ਉੱਚ-ਤੀਬਰਤਾ ਵਾਲੇ ਧਮਾਕੇ ਵਿੱਚ ਘੱਟੋ-ਘੱਟ 9 ਲੋਕਾਂ ਦੀ ਮੌਤ ਹੋ ਗਈ ਅਤੇ 20 ਦੇ ਕਰੀਬ ਲੋਕ ਜ਼ਖ਼ਮੀ ਹੋ ਗਏ। ਇਸ ਧਮਾਕੇ ਨੇ ਨਾ ਸਿਰਫ਼ ਕਈ ਵਾਹਨਾਂ ਨੂੰ ਨੁਕਸਾਨ ਪਹੁੰਚਾਇਆ ਬਲਕਿ ਲਾਲ ਕਿਲ੍ਹੇ ਦੇ ਬਾਹਰਲੇ ਖੇਤਰ ਨੂੰ ਨੁਕਸਾਨ ਪਹੁੰਚਾਇਆ । ਚਸ਼ਮਦੀਦਾਂ ਅਨੁਸਾਰ, ਧਮਾਕੇ ਦੀ ਗੂੰਜ ਆਈ.ਟੀ.ਓ. ਤੱਕ ਦੇ ਦੋ ਕਿਲੋਮੀਟਰ ਵਿਸ਼ਾਲ ਖੇਤਰ ਵਿੱਚ ਸੁਣਾਈ ਦਿੱਤੀ ਅਤੇ ਨੇੜਲੇ ਵਾਹਨਾਂ ਦੀਆਂ ਖਿੜਕੀਆਂ ਅਤੇ ਮੈਟਰੋ ਸਟੇਸ਼ਨ ਦੇ ਸ਼ੀਸ਼ੇ ਵੀ ਤੋੜ ਦਿੱਤੇ ਗਏ।

ਪੁਲਿਸ ਅਤੇ ਖੁਫ਼ੀਆ ਏਜੰਸੀਆਂ ਦੀ ਜਾਂਚ ਅਨੁਸਾਰ ਇਸ ਘਟਨਾ ਨੂੰ ਗਣਤੰਤਰ ਦਿਵਸ (26 ਜਨਵਰੀ) ਦੇ ਜਸ਼ਨਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਵੱਡੀ ਅੱਤਵਾਦੀ ਸਾਜ਼ਿਸ਼ ਦਾ ਹਿੱਸਾ ਦਸਿਆ। ਸਰਕਾਰੀ ਸੂਤਰਾਂ ਅਨੁਸਾਰ, ਇਹ ਧਮਾਕਾ ਇੱਕ 'ਵ੍ਹਾਈਟ ਕਾਲਰ' ਅੱਤਵਾਦੀ ਮੌਡਿਊਲ ਦੀ ਕਾਰਵਾਈ ਸੀ, ਜਿਸ ਨੂੰ ਜੈਸ਼-ਏ-ਮੁਹੰਮਦ (ਜੇਈਐਮ) ਅਤੇ ਅੰਸਾਰ ਗਜ਼ਵਤ-ਉਲ-ਹਿੰਦ ਵਰਗੇ ਪਾਕਿਸਤਾਨ ਅਧਾਰਿਤ ਸੰਗਠਨਾਂ ਨਾਲ ਜੋੜਿਆ ਜਾ ਰਿਹਾ ਹੈ। ਜਾਂਚ ਵਿੱਚ ਪਤਾ ਲੱਗਾ ਹੈ ਕਿ ਧਮਾਕੇ ਵਾਲੀ ਕਾਰ ਨੂੰ ਪੁਲਵਾਮਾ (ਜੰਮੂ-ਕਸ਼ਮੀਰ) ਨਿਵਾਸੀ ਡਾ. ਉਮਰ ਨਬੀ ਚਲਾ ਰਿਹਾ ਸੀ, ਜੋ ਇਸ ਮੌਡਿਊਲ ਦਾ ਮੁੱਖ ਸ਼ੱਕੀ ਹੈ। ਉਹ ਫਰੀਦਾਬਾਦ (ਹਰਿਆਣਾ) ਦੇ ਅਲ-ਫਲਾਹ ਮੈਡੀਕਲ ਕਾਲਜ ਕੈਂਪਸ ਵਿੱਚ ਖੜ੍ਹੀ ਇਸ ਕਾਰ ਨੂੰ 10 ਨਵੰਬਰ ਨੂੰ ਘਬਰਾਹਟ ਵਿੱਚ ਲੈ ਕੇ ਨਿਕਲਿਆ ਸੀ, ਜਦੋਂ ਸੁਰੱਖਿਆ ਏਜੰਸੀਆਂ ਨੇ ਸ਼ੱਕੀ ਮੌਡਿਊਲਾਂ ਉੱਤੇ ਛਾਪੇ ਵਧਾ ਦਿੱਤੇ ਸਨ।

ਅਧਿਕਾਰੀਆਂ ਨੇ ਦੱਸਿਆ ਕਿ ਇਹ ਧਮਾਕਾ 'ਗਲਤੀ ਨਾਲ' ਅਤੇ ਸਮੇਂ ਤੋਂ ਪਹਿਲਾਂ ਹੋ ਗਿਆ, ਕਿਉਂਕਿ ਵਿਸਫੋਟਕ ਯੰਤਰ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਇਆ ਸੀ। ਮੁੱਢਲੀ ਜਾਂਚ ਵਿੱਚ ਅਮੋਨੀਅਮ ਨਾਈਟ੍ਰੇਟ ਦੀ ਮੌਜੂਦਗੀ ਪੁਸ਼ਟੀ ਹੋਈ ਹੈ, ਜੋ ਇੱਕ ਮਜਬੂਤ ਵਿਸਫੋਟਕ ਹੈ। ਦੂਜਾ ਨਮੂਨਾ ਇਸ ਤੋਂ ਵੀ ਵਧੇਰੇ ਤਾਕਤ ਵਾਲਾ ਜਾਪਦਾ ਹੈ, ਜਿਸ ਦੀ ਪੁਸ਼ਟੀ ਵਿਆਪਕ ਫੋਰੈਂਸਿਕ ਟੈਸਟਾਂ ਤੋਂ ਹੋਵੇਗੀ।

ਦਿੱਲੀ ਪੁਲਿਸ ਨੇ ਕਾਰ ਦੇ ਮੂਲ ਮਾਲਕ ਮੁਹੰਮਦ ਸਲਮਾਨ ਨੂੰ ਹਿਰਾਸਤ ਵਿੱਚ ਲਿਆ ਹੈ, ਜਿਸ ਨੇ ਦੱਸਿਆ ਕਿ ਉਸ ਨੇ ਡੇਢ ਸਾਲ ਪਹਿਲਾਂ ਓਖਲਾ ਨਿਵਾਸੀ ਦੇਵੇਂਦਰ ਨੂੰ ਇਹ ਕਾਰ ਵੇਚੀ ਸੀ। ਬਾਅਦ ਵਿੱਚ ਇਹ ਅੰਬਾਲਾ ਰਾਹੀਂ ਪੁਲਵਾਮਾ ਦੇ ਤਾਰਿਕ ਤੱਕ ਪਹੁੰਚੀ। ਪੁਲਿਸ ਇਨ੍ਹਾਂ ਸਾਰਿਆਂ ਦਾ ਪਤਾ ਲਗਾ ਰਹੀ ਹੈ। ਇਸੇ ਤਰ੍ਹਾਂ, ਹਰਿਆਣਾ ਦੇ ਫਰੀਦਾਬਾਦ ਵਿੱਚ ਛਾਪੇਮਾਰੀ ਦੌਰਾਨ 360 ਕਿਲੋ ਅਮੋਨੀਅਮ ਨਾਈਟ੍ਰੇਟ ਬਰਾਮਦ ਹੋਇਆ ਅਤੇ ਅਲ-ਫਲਾਹ ਯੂਨੀਵਰਸਿਟੀ ਨਾਲ ਜੁੜੇ ਡਾ. ਮੁਜ਼ਾਮਿਲ ਗਨਾਈ (ਉਰਫ਼ ਮੁਸਾਇਬ) ਅਤੇ ਡਾ. ਸ਼ਾਹੀਨ ਸਈਦ ਨੂੰ ਗ੍ਰਿਫਤਾਰ ਕੀਤਾ ਗਿਆ। ਜੰਮੂ-ਕਸ਼ਮੀਰ ਪੁਲਿਸ ਨੇ ਵੀ ਮੇਵਾਤ (ਹਰਿਆਣਾ) ਨਿਵਾਸੀ ਮੌਲਵੀ ਇਸ਼ਤਿਆਕ ਨੂੰ ਫੜਿਆ, ਜਿਸ ਦੇ ਕਿਰਾਏ ਦੇ ਘਰ ਤੋਂ 2,500 ਕਿਲੋ ਤੋਂ ਵੱਧ ਅਮੋਨੀਅਮ ਨਾਈਟ੍ਰੇਟ, ਪੋਟਾਸ਼ੀਅਮ ਕਲੋਰੇਟ ਅਤੇ ਸਲਫਰ ਮਿਲਿਆ। ਇਹ ਸਾਰੇ ਡਾ. ਉਮਰ ਨਬੀ ਨਾਲ ਜੁੜੇ ਹੋਏ ਹਨ, ਜੋ ਪੁਲਵਾਮਾ ਤੋਂ ਹੈ ਅਤੇ ਧਮਾਕੇ ਵੇਲੇ ਕਾਰ ਵਿੱਚ ਸੀ।

ਇਸ ਅੱਤਵਾਦੀ ਨੈੱਟਵਰਕ ਨੇ ਲਾਲ ਕਿਲ੍ਹੇ ਦੀ ਰੇਕੀ ਕੀਤੀ ਸੀ ਅਤੇ ਗਣਤੰਤਰ ਦਿਵਸ ਉੱਤੇ ਵੱਡਾ ਹਮਲਾ ਕਰਨ ਦੀ ਯੋਜਨਾ ਬਣਾਈ ਸੀ। ਸੂਤਰਾਂ ਅਨੁਸਾਰ, ਇਹ ਲੋਕ ਵਿਦੇਸ਼ਾਂ ਵਿੱਚ ਬੈਠੇ ਗੈਂਗਸਟਰਾਂ ਅਤੇ ਅੱਤਵਾਦੀਆਂ ਨਾਲ ਜੁੜੇ ਹੋਏ ਸਨ, ਜਿਨ੍ਹਾਂ ਨੇ ਪਾਕਿਸਤਾਨ ਤੋਂ ਵਿਸਫੋਟਕ ਭੇਜੇ। ਧਮਾਕੇ ਤੋਂ ਬਾਅਦ ਦਿੱਲੀ ਵਿੱਚ ਹਾਈ ਅਲਰਟ ਜਾਰੀ ਹੋ ਗਿਆ ਹੈ। ਗਾਜ਼ੀਪੁਰ, ਸਿੰਘੂ, ਟਿੱਕਰੀ ਅਤੇ ਬਦਰਪੁਰ ਵਰਗੀਆਂ ਸਰਹੱਦਾਂ ਉੱਤੇ ਪੁਲਿਸ ਅਤੇ ਨੀਮ ਫੌਜੀ ਬਲਾਂ ਦੀ ਭਾਰੀ ਤਾਇਨਾਤੀ ਕੀਤੀ ਗਈ ਹੈ।

ਇਸ ਘਟਨਾ ਨੇ ਉੱਤਰੀ ਭਾਰਤ ਨੂੰ ਚੌਕਸ ਕਰ ਦਿੱਤਾ ਹੈ। ਪੰਜਾਬ ਵਿੱਚ ਰੈੱਡ ਅਲਰਟ ਜਾਰੀ ਹੋ ਗਿਆ ਹੈ ਅਤੇ ਕੇਂਦਰ ਸਰਕਾਰ ਨੇ ਹਰਿਆਣਾ, ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਮਹਾਰਾਸ਼ਟਰ, ਗੁਜਰਾਤ, ਰਾਜਸਥਾਨ, ਯੂ.ਪੀ. ਅਤੇ ਬਿਹਾਰ ਵਰਗੇ ਸੂਬਿਆਂ ਨੂੰ ਭੀੜ-ਭਾੜ ਵਾਲੀਆਂ ਥਾਵਾਂ, ਧਾਰਮਿਕ ਸਥਾਨਾਂ ਅਤੇ ਅੰਤਰ-ਰਾਜੀ ਸਰਹੱਦਾਂ ਉੱਤੇ ਵਿਸ਼ੇਸ਼ ਚੈਕਿੰਗ ਵਧਾਉਣ ਦੇ ਨਿਰਦੇਸ਼ ਦਿੱਤੇ ਹਨ। ਪੰਜਾਬ ਰਾਜ ਸਰਕਾਰ ਨੇ ਚੈੱਕ ਕੀਤਾ ਹੈ ਕਿ ਮਾਰੇ ਗਏ ਲੋਕਾਂ ਵਿੱਚ ਕਿਸੇ ਦਾ ਸਬੰਧ ਸੂਬੇ ਨਾਲ ਤਾਂ ਨਹੀਂ ਅਤੇ ਦਿੱਲੀ ਪੁਲਿਸ ਨਾਲ ਲਗਾਤਾਰ ਸੰਪਰਕ ਬਣਾਇਆ ਹੋਇਆ ਹੈ। ਪੰਜਾਬ ਪੁਲਿਸ ਨੇ ਪਿਛਲੇ ਛੇ ਮਹੀਨਿਆਂ ਵਿੱਚ ਹਿੰਸਕ ਸਰਗਰਮੀਆਂ ਵਿਰੁੱਧ ਵੱਡੀਆਂ ਕਾਰਵਾਈਆਂ ਕੀਤੀਆਂ ਹਨ। ਅੰਮ੍ਰਿਤਸਰ ਵਿੱਚ ਡ੍ਰੋਨ ਰਾਹੀਂ ਭੇਜੇ 20 ਕਿਲੋ ਆਰਡੀਐਕਸ ਅਤੇ 6 ਆਈਈਡੀ ਬਰਾਮਦ ਹੋਏ, ਜਦਕਿ ਤਰਨਤਾਰਨ ਤੋਂ 10 ਕਿਲੋ ਆਰਡੀਐਕਸ ਅਤੇ 4 ਗ੍ਰਨੇਡ ਜ਼ਬਤ ਕੀਤੇ ਗਏ। ਫਿਰੋਜ਼ਪੁਰ, ਗੁਰਦਾਸਪੁਰ, ਪਠਾਨਕੋਟ, ਬਠਿੰਡਾ ਅਤੇ ਮੋਗਾ ਵਿੱਚ ਵੀ ਹਥਿਆਰ, ਗ੍ਰਨੇਡ ਅਤੇ ਡੈਟੋਨੇਟਰ ਬਰਾਮਦ ਹੋਏ। ਇਨ੍ਹਾਂ ਵਿੱਚੋਂ ਕਈ ਦੇ ਤਾਰ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ), ਖਾਲਿਸਤਾਨ ਟਾਈਗਰ ਫੋਰਸ (ਕੇਟੀਐਫ) ਨਾਲ ਜੁੜੇ ਪਾਏ ਗਏ। ਗ੍ਰਿਫਤਾਰ 15 ਸ਼ੱਕੀ ਲੋਕਾਂ ਨੇ ਪੁੱਛਗਿੱਛ ਵਿੱਚ ਖੁਲਾਸਾ ਕੀਤਾ ਕਿ ਵਿਸਫੋਟਕ ਪਾਕਿਸਤਾਨ ਤੋਂ ਡ੍ਰੋਨਾਂ ਰਾਹੀਂ ਭੇਜੇ ਗਏ ਸਨ। ਪੰਜਾਬ ਪੁਲਿਸ ਐੱਨਆਈਏ, ਆਈਬੀ ਅਤੇ ਡੀਆਰਆਈ ਨਾਲ ਮਿਲ ਕੇ ਸਾਂਝੀਆਂ ਤਲਾਸ਼ੀਆਂ ਕਰ ਰਹੀ ਹੈ ਅਤੇ ਸਰਹੱਦੀ ਜ਼ਿਲ੍ਹਿਆਂ ਵਿੱਚ ਚੌਕਸੀ ਵਧਾ ਦਿੱਤੀ ਗਈ ਹੈ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਘਟਨਾ ਸਥਾਨ ਅਤੇ ਐਲਐੱਨਜੇਪੀ ਹਸਪਤਾਲ ਦਾ ਦੌਰਾ ਕੀਤਾ, ਜਿੱਥੇ ਜ਼ਖ਼ਮੀਆਂ ਨੂੰ ਮਿਲੇ। ਉਨ੍ਹਾਂ ਕਿਹਾ, "ਉੱਚ ਏਜੰਸੀਆਂ ਪੂਰੀ ਤੀਬਰਤਾ ਨਾਲ ਜਾਂਚ ਕਰ ਰਹੀਆਂ ਹਨ ਅਤੇ ਸਾਰੇ ਪਹਿਲੂ ਖੁੱਲ੍ਹੇ ਰੱਖੇ ਹਨ। ਧਮਾਕਾ ਗਲਤੀ ਨਾਲ ਹੋਇਆ ਜਾਪਦਾ ਹੈ, ਪਰ ਅਸੀਂ ਕਿਸੇ ਵੀ ਸੰਭਾਵਨਾ ਤੋਂ ਇਨਕਾਰ ਨਹੀਂ ਕਰ ਰਹੇ।" ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਸੰਵੇਦਨਾ ਜ਼ਾਹਰ ਕੀਤੀ ਅਤੇ ਭਰੋਸਾ ਦਿੱਤਾ ਕਿ ਪ੍ਰਭਾਵਿਤਾਂ ਨੂੰ ਪੂਰੀ ਸਹਾਇਤਾ ਮਿਲੇਗੀ। ਉਨ੍ਹਾਂ ਅਮਿਤ ਸ਼ਾਹ ਅਤੇ ਅਧਿਕਾਰੀਆਂ ਨਾਲ ਸਥਿਤੀ ਦਾ ਜਾਇਜ਼ਾ ਲਿਆ ਅਤੇ ਜ਼ਖ਼ਮੀਆਂ ਦੇ ਤੇਜ਼ ਠੀਕ ਹੋਣ ਦੀ ਕਾਮਨਾ ਕੀਤੀ।

# ਤਰਨ ਤਾਰਨ ਵਿਚ 61 ਫ਼ੀਸਦ ਵੋਟਾਂ ਪਈਆਂ

## ✪ ਨਤੀਜੇ 14 ਨੂੰ



ਤਰਨ ਤਾਰਨ-ਤਰਨ ਤਾਰਨ ਦੀ ਜ਼ਿਮਨੀ ਚੋਣ ਲਈ ਪਈਆਂ ਵੋਟਾਂ ਵਿੱਚ ਲੋਕਾਂ ਨੇ ਭਾਰੀ ਉਤਸ਼ਾਹ ਦਿਖਾਇਆ ਅਤੇ ਵੋਟਿੰਗ ਦਾ ਅਮਲ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹ ਗਿਆ। ਵੋਟਾਂ ਦੀ ਗਿਣਤੀ 14 ਨਵੰਬਰ ਨੂੰ ਕੀਤੀ ਹੋਵੇਗੀ।

ਜ਼ਿਲ੍ਹਾ ਚੋਣ ਅਧਿਕਾਰੀ ਤੇ ਡਿਪਟੀ ਕਮਿਸ਼ਨਰ ਰਾਹੁਲ ਨੇ ਦੱਸਿਆ ਕਿ ਸ਼ਾਮ 6 ਵਜੇ ਤੱਕ 60.95 ਪੋਲਿੰਗ ਹੋਈ ਹੈ ਹਲਕੇ ਦੇ ਕਿਸੇ ਹਿੱਸੇ ਤੋਂ ਕਿਸੇ ਕਿਸਮ ਦੀ ਅਣਸੁਖਾਵੀਂ ਘਟਨਾ ਦੀ ਸੂਚਨਾ ਨਹੀਂ ਮਿਲੀ ਹੈ, ਭਾਵੇਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੇ ਹਾਕਮ ਧਿਰ ਦੇ ਵਰਕਰਾਂ 'ਤੇ ਅਕਾਲੀ ਵਰਕਰਾਂ ਨੂੰ ਪੋਲਿੰਗ ਸਟੇਸ਼ਨਾਂ ਤੇ ਪ੍ਰੇਸ਼ਾਨ ਕਰਨ, ਪੁਲੀਸ 'ਤੇ ਪੋਲਿੰਗ ਕੇਂਦਰਾਂ ਦੇ ਬਾਹਰ ਉਨ੍ਹਾਂ ਦੇ ਵਰਕਰਾਂ ਦੀ ਤਲਾਸ਼ੀ ਆਦਿ ਲੈਣ ਦੇ ਦੋਸ਼ ਲਗਾਏ ਹਨ। ਚੋਣ ਵਿੱਚ ਭਾਵੇਂ 15 ਉਮੀਦਵਾਰ ਮੈਦਾਨ ਵਿੱਚ ਹਨ ਪਰ ਪੋਲਿੰਗ ਕੇਂਦਰਾਂ ਦੇ ਬਾਹਰ ਵਧੇਰੇ ਥਾਵਾਂ 'ਤੇ ਹਾਕਮ ਧਿਰ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਭਾਰਤੀ ਜਨਤਾ ਪਾਰਟੀ ਅਤੇ 'ਵਾਰਸ ਪੰਜਾਬ ਦੇ' ਦੇ ਸਮਰਥਕਾਂ ਦੇ ਵਰਕਰਾਂ ਦੇ ਹੀ ਬੂਥ ਦੇਖੇ ਗਏ।

ਮੁਕਾਬਲੇ 'ਚ 'ਆਪ' ਉਮੀਦਵਾਰ ਹਰਮੀਤ ਸਿੰਘ ਸੰਧੂ, ਅਕਾਲੀ ਦਲ ਦੇ ਸੁਖਵਿੰਦਰ ਕੌਰ ਰੰਧਾਵਾ, ਕਾਂਗਰਸ ਪਾਰਟੀ ਦੇ ਕਰਨਬੀਰ ਸਿੰਘ ਬੁਰਜ, ਭਾਜਪਾ ਦੇ ਹਰਜੀਤ ਸਿੰਘ ਸੰਧੂ, 'ਵਾਰਸ ਪੰਜਾਬ ਦੇ' ਦੇ ਮਨਦੀਪ ਸਿੰਘ ਸਮੇਤ ਹੋਰ ਸ਼ਾਮਲ ਹਨ। 'ਆਪ' ਲਈ ਇਹ ਚੋਣ ਸਖਤ ਪ੍ਰੀਖਿਆ ਹੈ। ਸਰਵੇਖਣਾਂ ਅਨੁਸਾਰ ਆਪ ਦੀ ਜਿਤ ਦੇ ਅਸਾਰ ਹਨ। ਦੂਸਰੇ ਸਥਾਨ ਉਪਰ ਬਾਦਲ ਦਲ ਤੇ ਪੰਥਕ ਧਿਰਾਂ ਵਿਚਾਲੇ ਟਕਰ ਦਸੀ ਜਾ ਰਹੀ ਹੈ।

# ਪੰਜਾਬੀ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਗੈਂਗਸਟਰ ਕੈਨੇਡੀਅਨ ਪੁਲਿਸ ਦੇ ਨਿਸ਼ਾਨੇ ਉਪਰ

**ਖਾਸ ਰਿਪੋਰਟ**

## ✪ ਕੈਨੇਡਾ ਨੇ ਲੁਟਮਾਰ ਨਾਲ ਜੁੜੇ ਤਿੰਨ ਪੰਜਾਬੀ ਮੂਲ ਦੇ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦਿੱਤਾ

## ✪ ਪੰਜਾਬੀ ਕਾਰੋਬਾਰੀਆਂ 'ਤੇ ਵਧ ਰਹੇ ਨੇ ਹਮਲੇ : ਸਰੀ ਅਤੇ ਫਰੇਜ਼ਰ ਵੈਲੀ ਵਿੱਚ ਗੈਂਗਸਟਰਾਂ ਦੀ ਦਹਿਸ਼ਤ

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਨੇ 7 ਨਵੰਬਰ ਨੂੰ ਇੱਕ ਵੱਡੀ ਕਾਰਵਾਈ ਕੀਤੀ ਹੈ। ਤਿੰਨ ਵਿਦੇਸ਼ੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਹੈ, ਜੋ ਬ੍ਰਿਟਿਸ਼ ਕੋਲੰਬੀਆ (ਬੀਸੀ) ਵਿੱਚ ਪੰਜਾਬੀ ਮੂਲ ਦੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਇੱਕ ਚੱਲ ਰਹੇ ਜਬਰੀ ਵਸੂਲੀ (ਐਕਸਟੌਰਸ਼ਨ) ਨੈੱਟਵਰਕ ਨਾਲ ਜੁੜੇ ਹੋਏ ਸਨ। ਇਹ ਕਾਰਵਾਈ ਬੀਸੀ ਐਕਸਟੌਰਸ਼ਨ ਟਾਸਕ ਫੋਰਸ ਦੇ ਤਹਿਤ ਪਹਿਲਾ ਵੱਡਾ ਕਦਮ ਹੈ, ਜੋ ਕੈਨੇਡੀਅਨ ਸੁਰੱਖਿਆ ਬਿਊਰੋ (ਸੀਬੀਐਸਏ), ਰਾਇਲ ਕੈਨੇਡੀਅਨ ਮਾਊਂਟੈਡ ਪੁਲਿਸ (ਆਰਸੀਐਮਪੀ) ਤੇ ਸਥਾਨਕ ਪੁਲਿਸ ਏਜੰਸੀਆਂ ਦਾ ਸਾਂਝਾ ਆਪ੍ਰੇਸ਼ਨ ਹੈ। ਇਸ ਟਾਸਕ ਫੋਰਸ ਨੂੰ ਇਸ ਸਾਲ ਦੇ ਸ਼ੁਰੂ ਵਿੱਚ 40 ਮੈਂਬਰੀ ਟੀਮ ਨਾਲ ਗਠਿਤ ਕੀਤਾ ਗਿਆ ਸੀ, ਜੋ ਅੰਤਰਰਾਸ਼ਟਰੀ ਸੰਗਠਿਤ ਅਪਰਾਧੀ ਗਰੁੱਪਾਂ ਵਿਰੁੱਧ ਲੜਨ ਲਈ ਬਣਾਈ ਗਈ ਸੀ।

ਅਧਿਕਾਰੀਆਂ ਅਨੁਸਾਰ, ਇਹ ਜਬਰੀ ਵਸੂਲੀ ਦੇ ਮਾਮਲੇ ਕੈਨੇਡਾ ਵਿੱਚ ਦਾਖਲੇ ਨਾਲ ਜੁੜੀ ਸ਼ੱਕੀ ਗਤੀਵਿਧੀਆਂ ਨਾਲ ਵੀ ਜੁੜੇ ਹੋਏ ਹਨ। ਹੁਣ 78 ਹੋਰ ਵਿਦੇਸ਼ੀ ਨਾਗਰਿਕਾਂ ਵਿਰੁੱਧ ਇਮੀਗ੍ਰੇਸ਼ਨ ਜਾਂਚ ਚੱਲ ਰਹੀ ਹੈ, ਜਿਨ੍ਹਾਂ ਨੂੰ ਅਪਰਾਧਿਕ ਨੈੱਟਵਰਕ ਨਾਲ ਜੁੜਿਆ ਮੰਨਿਆ ਜਾ ਰਿਹਾ ਹੈ। ਬੀਸੀ ਵਿੱਚ 2025 ਦੇ ਸ਼ੁਰੂ ਵਿੱਚ ਇਹ ਸੰਕਟ ਤੇਜ਼ੀ ਨਾਲ ਵਧਿਆ, ਜਿੱਥੇ ਅਪਰਾਧੀ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਕ੍ਰਿਪਟੋਕਰੰਸੀ ਵਿੱਚ ਭੁਗਤਾਨ ਦੀ ਮੰਗ ਕਰ ਰਹੇ ਹਨ। ਮੰਗਾਂ ਨਾ ਮੰਨਣ ਕਾਰਣ ਹਿੰਸਾ, ਗੋਲੀਬਾਰੀ ਅਤੇ ਅੱਗਜ਼ਨੀ ਦੇ ਮਾਮਲੇ ਵਧ ਗਏ ਸਨ। ਸਰੀ, ਲੋਅਰ ਮੇਨਲੈਂਡ ਅਤੇ ਫਰੇਜ਼ਰ ਵੈਲੀ ਵਿੱਚ ਕਈ ਛੋਟੇ ਕਾਰੋਬਾਰ ਨਿਸ਼ਾਨਾ ਬਣੇ ਹਨ, ਜਿਨ੍ਹਾਂ ਵਿੱਚ ਸਰੀ ਦਾ ਮਸ਼ਹੂਰ ਕੈਪਸ ਕੈਫੇ ਵੀ ਸ਼ਾਮਲ ਹੈ।

ਇਹ ਘਟਨਾਵਾਂ ਕੈਨੇਡਾ ਵਿੱਚ ਰਹਿਣ ਵਾਲੇ ਪੰਜਾਬੀ ਭਾਈਚਾਰੇ ਲਈ ਇੱਕ ਵੱਡੀ ਚੁਣੌਤੀ ਬਣ ਗਈਆਂ ਹਨ। ਇੱਕ ਪਾਸੇ ਪੰਜਾਬੀ ਮੂਲ ਦੇ ਕਾਰੋਬਾਰੀ ਡਰ ਵਿੱਚ ਜੀਅ ਰਹੇ ਹਨ, ਦੂਜੇ ਪਾਸੇ ਸਵਾਲ ਉੱਠ ਰਹੇ ਹਨ ਕਿ ਭਲਾ ਪੰਜਾਬੀ ਅਪਰਾਧੀ ਕਿਉਂ ਆਪਣੇ ਹੀ ਭਾਈਚਾਰੇ ਨੂੰ ਨਿਸ਼ਾਨਾ ਬਣਾ ਰਹੇ ਹਨ? ਕੀ ਇਹ ਭਾਰਤ ਤੋਂ ਆਏ ਵਿਦਿਆਰਥੀ ਹਨ? ਅਤੇ ਭਾਰਤ ਸਰਕਾਰ ਇਸ ਬਾਰੇ ਕੀ ਕਹਿ ਰਹੀ ਹੈ?





### ਪੰਜਾਬੀ ਗੈਂਗਸਟਰਾਂ ਦਾ ਰਾਜ: ਬਿਸ਼ਨੋਈ ਗੈਂਗ ਦੀ ਦਹਿਸ਼ਤ

ਕੈਨੇਡਾ ਵਿੱਚ ਪੰਜਾਬੀ ਗੈਂਗਸਟਰਾਂ ਦਾ ਵਧਦਾ ਪ੍ਰਭਾਵ ਕੋਈ ਨਵੀਂ ਗੱਲ ਨਹੀਂ, ਪਰ 2025 ਵਿੱਚ ਇਹ ਇੱਕ ਅਜਿਹਾ ਸੰਕਟ ਬਣ ਗਿਆ ਹੈ ਜੋ ਪੰਜਾਬੀ ਭਾਈਚਾਰੇ ਲਈ ਸੰਕਟ ਬਣ ਗਿਆ ਹੈ। ਲਾਰੰਸ ਬਿਸ਼ਨੋਈ ਗੈਂਗ, ਜੋ ਭਾਰਤ ਵਿੱਚ ਜੇਲ੍ਹ ਵਿੱਚ ਬੰਦ ਆਪਣੇ ਨੇਤਾ ਲਾਰੰਸ ਬਿਸ਼ਨੋਈ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਨੇ ਕੈਨੇਡਾ ਵਿੱਚ ਗੈਂਗਸਟਰ ਹਿੰਸਾ ਨੂੰ ਇੱਕ ਨਵਾਂ ਰੂਪ ਦਿੱਤਾ ਹੈ। ਸਤੰਬਰ 2025 ਵਿੱਚ ਕੈਨੇਡੀਅਨ ਸਰਕਾਰ ਨੇ ਇਸ ਗੈਂਗ ਨੂੰ ਅੱਤਵਾਦੀ ਸੰਸਥਾ ਐਲਾਨਿਆ ਸੀ, ਜਿਸ ਨਾਲ ਇਸ ਨੂੰ ਨਿਸ਼ਾਨਾ ਬਣਾਉਣ ਲਈ ਵਿਸ਼ੇਸ਼ ਅਧਿਕਾਰ ਮਿਲ ਗਏ ਹਨ। ਇਹ ਗੈਂਗ ਹੱਤਿਆਵਾਂ, ਗੋਲੀਬਾਰੀਆਂ ਅਤੇ ਅੱਗਜ਼ਨੀਆਂ ਰਾਹੀਂ ਪੰਜਾਬੀ ਭਾਈਚਾਰੇ ਵਿੱਚ ਡਰ ਪੈਦਾ ਕਰ ਰਿਹਾ ਹੈ, ਅਤੇ ਖਾਸ ਤੌਰ 'ਤੇ ਪੰਜਾਬੀ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ।

ਬਿਸ਼ਨੋਈ ਗੈਂਗ ਦੇ ਮੈਂਬਰਾਂ ਵਿੱਚ ਬਹੁਤੇ ਭਾਰਤ ਦੇ ਪੰਜਾਬ ਤੋਂ ਆਏ ਨੌਜਵਾਨ ਹਨ, ਜਿਨ੍ਹਾਂ ਵਿੱਚ ਕਈ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਆਏ ਹਨ। ਗਲੋਬਲ ਨਿਊਜ਼ ਦੀ ਰਿਪੋਰਟ ਅਨੁਸਾਰ, ਇਹ ਨੌਜਵਾਨ ਪੰਜਾਬ ਵਿੱਚ ਬੇਰੁਜ਼ਗਾਰੀ ਦੇ ਸੰਕਟ ਕਾਰਨ ਇੱਥੇ ਆਏ, ਪਰ ਜਲਦੀ ਹੀ ਅਪਰਾਧੀ ਨੈੱਟਵਰਕ ਵਿੱਚ ਸ਼ਾਮਲ ਹੋ ਗਏ। ਉਹ ਅਸਥਾਈ ਵੀਜ਼ੇ 'ਤੇ ਹਨ, ਜੋ ਵਿਦਿਆਰਥੀ ਜਾਂ ਕੰਮਕਾਜ ਲਈ ਹਨ, ਪਰ ਗੈਂਗ ਗਤੀਵਿਧੀਆਂ ਵਿੱਚ ਸ਼ਾਮਲ ਹੋ ਗਏ ਹਨ। ਉਦਾਹਰਨ ਲਈ, ਅਬਜੀਤ ਕਿੰਗਰਾ ਵਰਗੇ ਮੈਂਬਰ ਪੰਜਾਬ ਤੋਂ ਆਏ ਅਤੇ ਬਿਸ਼ਨੋਈ ਗੈਂਗ ਦੇ 'ਮੈਂਬਰ ਬਣ' ਗਏ ਹਨ। ਇਹ ਗੈਂਗ ਨਾ ਸਿਰਫ਼ ਲੁਟਮਾਰ ਕਰਦਾ ਹੈ, ਸਗੋਂ ਭਾਰਤ ਵਿੱਚ ਵੀ ਡਰੱਗ ਸਮੱਗਲਿੰਗ ਅਤੇ ਹੋਰ ਅਪਰਾਧਾਂ ਵਿੱਚ ਸ਼ਾਮਲ ਹੈ।

### ਪੰਜਾਬੀ ਭਾਈਚਾਰੇ ਨੂੰ ਕਿਉਂ ਨਿਸ਼ਾਨਾ ਬਣਾਉਂਦੇ ਹਨ ਗੈਂਗਸਟਰ ?

ਮਾਹਿਰਾਂ ਅਨੁਸਾਰ, ਕਾਰਨ ਬਹੁਤ ਸਾਦੇ ਹਨ। ਪੰਜਾਬੀ ਕਾਰੋਬਾਰੀ ਕੈਨੇਡਾ ਵਿੱਚ ਅਮੀਰ ਵਰਗ ਵਜੋਂ ਜਾਣੇ ਜਾਂਦੇ ਹਨ, ਅਤੇ ਭਾਸ਼ਾ-ਸੱਭਿਆਚਾਰਕ ਨੇੜਤਾ ਕਾਰਨ ਉਨ੍ਹਾਂ ਨੂੰ ਆਸਾਨੀ ਨਾਲ ਡਰਾਇਆ ਜਾ ਸਕਦਾ ਹੈ। ਟ੍ਰਿਬਿਊਨ ਇੰਡੀਆ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਰੀ ਵਿੱਚ ਰਹਿਣ ਵਾਲੇ ਪੰਜਾਬੀਆਂ ਨੂੰ ਬਿਸ਼ਨੋਈ ਦੇ ਨਾਂ 'ਤੇ ਫੋਨ ਕਾਲਾਂ ਆ ਰਹੀਆਂ ਹਨ, ਜਿੱਥੇ ਉਹ ਕ੍ਰਿਪਟੋ ਵਿੱਚ ਰਕਮ ਮੰਗਦੇ ਹਨ। ਇਹ ਅੰਦਰੂਨੀ ਡਰ ਕਾਰਨ ਹੀ ਵਧੇਰੇ ਅਸਰਦਾਰ ਹੁੰਦਾ ਹੈ, ਕਿਉਂਕਿ ਪੀੜਤ ਡਰ ਕਾਰਨ ਪੁਲਿਸ ਨੂੰ ਰਿਪੋਰਟ ਨਹੀਂ ਕਰਦੇ।

### ਪੰਜਾਬ ਸਰਕਾਰ ਗੈਂਗਸਟਰਾਂ ਤੋਂ ਔਖੀ

ਭਾਰਤ ਵਿੱਚ ਪੰਜਾਬ ਪੁਲਿਸ ਨੇ ਵੀ ਇਸ ਨੂੰ ਗੰਭੀਰਤਾ ਨਾਲ ਲਿਆ ਹੈ। ਉਹ ਕਹਿੰਦੇ ਹਨ ਕਿ ਕੈਨੇਡਾ ਅਧਾਰਿਤ ਗੈਂਗਸਟਰ ਪੰਜਾਬ ਵਿੱਚ ਵੀ ਲੁਟਮਾਰ ਕਰ ਰਹੇ ਹਨ, ਅਤੇ ਇਸ ਲਈ ਅੰਤਰਰਾਸ਼ਟਰੀ ਸਹਿਯੋਗ ਦੀ ਲੋੜ ਹੈ। ਪਰ ਭਾਰਤ ਸਰਕਾਰ ਦਾ ਫੋਕਸ ਅੰਦਰੂਨੀ ਕਾਰਵਾਈ 'ਤੇ ਹੈ - ਬਿਸ਼ਨੋਈ ਨੂੰ ਬੰਦ ਰੱਖਣਾ ਅਤੇ ਡਰੱਗ ਟ੍ਰੈਫਿਕਿੰਗ ਵਿਰੁੱਧ ਲੜਨਾ। ਕੈਨੇਡਾ ਵਿੱਚ ਹੋ ਰਹੀਆਂ ਘਟਨਾਵਾਂ ਲਈ ਉਹ ਕਹਿੰਦੇ ਹਨ ਕਿ ਇਹ ਭਾਰਤੀ ਇਮੀਗ੍ਰੇਸ਼ਨ ਨੀਤੀਆਂ ਨਾਲ ਨਹੀਂ ਜੁੜੀਆਂ, ਸਗੋਂ ਕੈਨੇਡੀਅਨ ਵੀਜ਼ਾ ਨੀਤੀਆਂ ਨਾਲ ਜੁੜੀਆਂ ਹਨ।

ਕੈਨੇਡੀਅਨ ਸਰਕਾਰ ਇਸ ਸੰਕਟ ਨੂੰ ਗੰਭੀਰਤਾ ਨਾਲ ਲੈ ਰਹੀ ਹੈ। ਬੀਸੀ ਐਕਸਟੌਰਸ਼ਨ ਟਾਸਕ ਫੋਰਸ ਨੇ ਇਸ ਸਾਲ ਜਨਵਰੀ ਤੋਂ ਹੁਣ ਤੱਕ ਦਰਜਨਾਂ ਗ੍ਰਿਫ਼ਤਾਰੀਆਂ ਕੀਤੀਆਂ ਹਨ। ਅਕਤੂਬਰ ਵਿੱਚ ਸਰੀ ਵਿੱਚ ਤਿੰਨ ਵੱਖਰੇ ਲੁਟਮਾਰ ਕੇਸਾਂ ਵਿੱਚ 7 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਫੈਡਰਲ ਸਰਕਾਰ ਨੇ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਐਲਾਨ ਕਰਕੇ ਇਸ ਦੇ ਮੈਂਬਰਾਂ ਨੂੰ ਟਰੈਕ ਕਰਨ ਅਤੇ ਵਿੱਤੀ ਸਹਾਇਤਾ ਰੋਕਣ ਵਿੱਚ ਅਧਿਕਾਰ ਵਧਾ ਦਿੱਤੇ ਹਨ।

ਇਸ ਤੋਂ ਇਲਾਵਾ, ਜੂਨ 2025 ਵਿੱਚ ਇੱਕ ਜਨਤਕ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਗਈ, ਜੋ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਰੇਡੀਓ, ਸੋਸ਼ਲ ਮੀਡੀਆ ਅਤੇ ਟੀਵੀ 'ਤੇ ਚੱਲ ਰਹੀ ਹੈ। ਇਹ ਪੀੜਤਾਂ ਨੂੰ ਰਿਪੋਰਟ ਕਰਨ ਲਈ ਉਤਸ਼ਾਹਿਤ ਕਰਦੀ ਹੈ ਅਤੇ ਕ੍ਰਾਈਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ ਰਾਹੀਂ ਮਦਦ ਪ੍ਰਦਾਨ ਕਰਦੀ ਹੈ। ਕੰਜ਼ਰਵੇਟਿਵ ਪਾਰਟੀ ਨੇ ਵੀ ਇੱਕ ਐਕਸ਼ਨ ਪਲਾਨ ਪੇਸ਼ ਕੀਤਾ ਹੈ, ਜਿਸ ਵਿੱਚ ਵਿਦੇਸ਼ੀ ਅਪਰਾਧੀਆਂ ਨੂੰ ਤੁਰੰਤ ਦੇਸ਼ ਨਿਕਾਲਾ ਅਤੇ ਗੈਂਗਾਂ ਵਿਰੁੱਧ ਵਿਸ਼ੇਸ਼ ਕਾਨੂੰਨ ਸ਼ਾਮਲ ਹਨ। ਬੀਸੀ ਅਟਾਰਨੀ ਜਨਰਲ ਨੇ ਵੀ ਫੈਡਰਲ ਸਹਾਇਤਾ ਦੀ ਮੰਗ ਕੀਤੀ ਹੈ।

ਗਲੋਬਲ ਨਿਊਜ਼ ਅਤੇ ਸੀਟੀਵੀ ਨਿਊਜ਼ ਨੇ ਗੈਂਗਸਟਰਾਂ ਦੇ ਦੇਸ਼ ਨਿਕਾਲੇ ਨੂੰ ਵੱਡੀ ਖਬਰ ਬਣਾਇਆ ਅਤੇ ਕਿਹਾ ਕਿ ਇਹ ਇੱਕ ਵੱਡੀ ਜਿੱਤ ਹੈ ਪਰ ਹੋਰ ਕੰਮ ਬਾਕੀ ਹੈ। ਮੀਡੀਆ ਵਿੱਚ ਇਹ ਵੀ ਚਰਚਾ ਹੈ ਕਿ ਇਹ ਅਪਰਾਧ ਭਾਰਤੀ ਡਾਇਸਪੋਰਾ ਨੂੰ ਬਦਨਾਮ ਕਰ ਰਹੇ ਹਨ ਅਤੇ ਇਸ ਲਈ ਅੰਤਰਰਾਸ਼ਟਰੀ ਸਹਿਯੋਗ ਜ਼ਰੂਰੀ ਹੈ।

ਐਕਸ (ਟਵਿੱਟਰ) 'ਤੇ ਇੱਕ ਯੂਜ਼ਰ ਨੇ ਲਿਖਿਆ, "ਕੈਨੇਡਾ ਪੰਜਾਬ ਦੇ ਨੀਵੇਂ ਪੱਧਰ ਦੇ ਲੋਕਾਂ ਦੀ ਕੀਮਤ ਚੁੱਕਾ ਰਿਹਾ ਹੈ। ਪੰਜਾਬੀ ਭਾਈਚਾਰੇ ਵਿੱਚ ਇਹ ਵੀ ਚਰਚਾ ਹੈ ਕਿ ਇਹ ਅਪਰਾਧੀ ਪੰਜਾਬੀ ਭਾਈਚਾਰੇ ਨੂੰ ਬਦਨਾਮ ਕਰ ਰਹੇ ਹਨ।"

ਪੰਜਾਬੀ ਭਾਈਚਾਰੇ ਦਾ ਮੰਨਣਾ ਹੈ ਕਿ ਭਾਰਤ ਅਤੇ ਕੈਨੇਡਾ ਵਿਚਕਾਰ ਸਹਿਯੋਗ ਵਧਾਉਣ ਨਾਲ ਹੀ ਭਾਰਤੀ ਗੈਂਗਸਟਰਾਂ ਨੈੱਟਵਰਕ ਖਤਮ ਹੋ ਸਕਦਾ ਹੈ।




## ਅਮਿਤ ਸ਼ਾਹ ਬੋਲਿਆ ਮੋਦੀ ਸਰਕਾਰ ਨੇ ਖਾੜਕੂਆਂ ਨੂੰ ਉਨ੍ਹਾਂ ਦੇ ਘਰ ਵਿਚ ਵੜ ਕੇ ਮਾਰਿਆ

ਸਾਸਾਰਾਮ/ਅਰਵਾਲ (ਬਿਹਾਰ)-ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 'ਇੰਡੀਆ' ਗਠਜੋੜ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਲਟ ਘੁਸਪੈਠੀਆਂ ਲਈ ਲਾਂਘਾ ਬਣਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਹੈ। ਸ਼ਾਹ ਨੇ ਜ਼ੋਰ ਦੇ ਕੇ ਕਿਹਾ ਕਿ ਜਦੋਂ ਕੇਂਦਰ ਵਿਚ ਡਾ. ਮਨਮੋਹਨ ਸਿੰਘ, ਸੋਨੀਆ ਗਾਂਧੀ ਤੇ ਲਾਲੂ ਦੀ ਅਗਵਾਈ ਵਿਚ ਸਰਕਾਰ ਸੀ ਤਾਂ ਜਿਹਾਦੀਆਂ ਨੇ ਸਾਡੀ ਧਰਤੀ 'ਤੇ ਆਪਣੀ ਮਰਜ਼ੀ ਨਾਲ ਹਮਲਾ ਕੀਤਾ। ਇਸ ਦੇ ਉਲਟ, ਹੁਣ ਅਸੀਂ ਖਾੜਕੂਆਂ ਨੂੰ ਉਨ੍ਹਾਂ ਦੇ ਘਰਾਂ ਦੇ ਅੰਦਰ ਮਾਰਿਆ।

# ਸੰਘ ਮੁਖੀ ਭਾਗਵਤ ਦਾ ਫਿਰਕੂ ਬਿਆਨ, ਰਜਿਸਟ੍ਰੇਸ਼ਨ ਵਿਵਾਦ ਤੇ ਗੈਰ ਵਿਧਾਨਕ ਸੱਤਾ ਬਾਰੇ ਸਵਾਲ ਖੜੇ ਹੋਏ

**ਖਾਸ ਖ਼ਬਰ**

## ✪ ਸੰਘ ਪਰਿਵਾਰ ਦਾ ਧਰਮ ਆਧਾਰਿਤ ਰਾਸ਼ਟਰ ਬਣਾਉਣ ਦਾ ਮਕਸਦ: ਪਾਕਿਸਤਾਨ ਵਰਗੇ ਮਾਡਲ ਦਾ ਡਰ ✪ ਸਿੱਖ ਪੰਥ ਕਿਉਂ ਕਰ ਰਿਹਾ ਹੈ ਵਿਰੋਧ ਅਤੇ ਕੀ ਕਹਿੰਦੇ ਹਨ ਵਿਸ਼ਲੇਸ਼ਕ



ਰਾਸ਼ਟਰੀ ਸਵੈਮਸੇਵਕ ਸੰਘ (ਆਰ ਐੱਸ ਐੱਸ) ਦੇ ਮੁਖੀ ਮੋਹਨ ਭਾਗਵਤ ਨੇ ਕਾਲਪੁਰਣ ਵਿੱਚ ਇੱਕ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਨਾ ਤਾਂ ਆਰਐੱਸਐੱਸ ਰਜਿਸਟਰਡ ਹੈ ਅਤੇ ਨਾ ਹੀ ਹਿੰਦੂ ਧਰਮ। ਇਸ ਬਿਆਨ ਨੇ ਦੇਸ਼ ਵਿੱਚ ਤਿੱਖੀ ਚਰਚਾ ਛੇੜ ਦਿੱਤੀ ਹੈ। ਭਾਗਵਤ ਨੇ ਕਿਹਾ, "ਬਹੁਤ ਕੁਝ ਰਜਿਸਟਰ ਨਹੀਂ ਹੁੰਦਾ। ਹਿੰਦੂ ਧਰਮ ਵੀ ਰਜਿਸਟਰ ਨਹੀਂ ਹੈ।" ਇਹ ਬਿਆਨ ਕਾਂਗਰਸ ਨੇਤਾ ਪ੍ਰਿਅੰਕਾ ਤੇ ਖੜਗੇ ਵੱਲੋਂ ਆਰਐੱਸਐੱਸ ਦੀ ਰਜਿਸਟ੍ਰੇਸ਼ਨ ਬਾਰੇ ਉਠਾਏ ਸਵਾਲਾਂ ਦੇ ਜਵਾਬ ਵਿੱਚ ਆਇਆ ਹੈ। ਪਰ ਇਸ ਨਾਲ ਨਾ ਸਿਰਫ਼ ਰਾਜਨੀਤਕ ਵਿਵਾਦ ਵਧਿਆ ਹੈ, ਸਗੋਂ ਦੇਸ਼ ਦੇ ਧਰਮ ਨਿਰਪੱਖ ਚਰਚਾ ਵਿੱਚ ਵੀ ਨਵੇਂ ਮਾਮਲੇ ਉੱਭਰੇ ਹਨ। ਖਾਸ ਕਰਕੇ, ਸਿੱਖ ਭਾਈਚਾਰਾ ਇਸ ਬਿਆਨ ਦਾ ਗੰਭੀਰ ਨੋਟਿਸ ਲੈ ਰਿਹਾ ਹੈ, ਜੋ ਆਰਐੱਸਐੱਸ ਪਰਿਵਾਰ ਨੂੰ ਲੰਮੇ ਸਮੇਂ ਤੋਂ ਵਿਰੋਧ ਕਰਦਾ ਆ ਰਿਹਾ ਹੈ।

ਮੋਹਨ ਭਾਗਵਤ ਦਾ ਇਹ ਬਿਆਨ 9 ਨਵੰਬਰ ਨੂੰ 'ਆਰਐੱਸਐੱਸ ਐਟ 100 - ਨਿਊ ਹੋਰਾਇਜ਼ਨਜ਼' ਨਾਮਕ ਸੰਮੇਲਨ ਵਿੱਚ ਦਿੱਤਾ ਗਿਆ। ਉਨ੍ਹਾਂ ਨੇ ਕਿਹਾ ਕਿ ਆਰਐੱਸਐੱਸ ਸਭਿਆਚਾਰਕ ਸੰਸਥਾ ਹੈ ਅਤੇ ਇਸ ਨੂੰ ਰਜਿਸਟ੍ਰੇਸ਼ਨ ਦੀ ਲੋੜ ਨਹੀਂ। ਭਾਗਵਤ ਨੇ 'ਹਿੰਦੂ ਧਰਮ ਨੂੰ ਸਭ ਧਰਮਾਂ ਦਾ ਮੂਲ ਕਿਹਾ ਕਿ ਭਾਰਤ ਵਿਚ ਜੰਮਿਆ ਹਰ ਮਨੁੱਖ ਹਿੰਦੂ ਹੈ। ਪਰ ਬਹੁਜਨ ਭਾਈਚਾਰਾ ਇਸ ਨਾਲ ਸਹਿਮਤ ਨਹੀਂ ਕਿ ਭਾਰਤ ਵਿਚ ਹਿੰਦੂ ਭਾਈਚਾਰੇ ਦੀ ਵੱਡੀ ਗਿਣਤੀ ਹੈ। ਗਾਂਧੀਵਾਦੀ ਅਤੇ ਸੰਵਿਧਾਨਕ ਵਿਚਾਰਧਾਰਾ ਵਾਲੇ ਹਿੰਦੂ ਆਰਐੱਸਐੱਸ ਨੂੰ ਇੱਕ ਰਾਜਨੀਤਕ ਫਿਰਕੂ ਸੰਸਥਾ ਵਜੋਂ ਵੇਖਦੇ ਹਨ, ਨਾ ਕਿ ਧਾਰਮਿਕ।

ਭਾਗਵਤ ਵਲੋਂ ਖੜੇ ਕੀਤੇ ਇਸ ਵਿਵਾਦ ਨੇ ਇੱਕ ਵੱਡਾ ਸਵਾਲ ਖੜ੍ਹਾ ਕੀਤਾ ਹੈ: ਇੱਕ ਅਜਿਹੀ ਸੰਸਥਾ ਜੋ ਆਪਣੇ ਰਾਜਨੀਤਕ ਵਿੰਗ ਭਾਰਤੀ ਜਨਤਾ ਪਾਰਟੀ (ਬੀਜੇਪੀ) ਰਾਹੀਂ ਦੇਸ਼ ਦੀ ਸਿਆਸਤ ਤੋਂ ਲੈ ਕੇ ਵਿਦਿਅਕ ਸੰਸਥਾਵਾਂ ਤੱਕ ਪ੍ਰਭਾਵ ਪਾਉਂਦੀ ਹੈ, ਉਸ ਨੂੰ ਰਜਿਸਟਰ ਕਿਉਂ ਨਹੀਂ ਕੀਤਾ ਜਾਂਵੇ? ਕਾਨੂੰਨ ਅਨੁਸਾਰ ਇਸ ਨੂੰ ਧਾਰਮਿਕ ਜਾਂ ਰਾਜਨੀਤਕ ਵਜੋਂ ਵਰਗੀਕਰਨ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਉਸ ਨੂੰ ਨਿਰਧਾਰਿਤ ਖੇਤਰ ਵਿੱਚ ਕੰਮ ਕਰਨ ਦੀ ਇਜਾਜ਼ਤ ਮਿਲੇ।

ਆਰਐੱਸਐੱਸ ਦੀ ਰਜਿਸਟ੍ਰੇਸ਼ਨ ਨਾ ਹੋਣ ਦੇ ਬਾਵਜੂਦ ਟੈਕਸ ਛੋਟ ਵਾਲੇ ਮਾਮਲੇ ਨੂੰ ਵੀ ਉਜਾਗਰ ਕੀਤਾ ਹੈ। ਜੇ ਇਹ ਰਜਿਸਟਰ ਨਹੀਂ ਹੈ ਤਾਂ ਉਸ ਦੀ ਆਮਦਨੀ ਨੂੰ ਆਮਦਨ ਟੈਕਸ ਐਕਟ ਅਧੀਨ ਧਾਰਮਿਕ ਸੰਸਥਾ ਵਜੋਂ ਛੋਟ ਕਿਵੇਂ ਮਿਲੀ ਹੋਈ ਹੈ? ਵਿਸ਼ਲੇਸ਼ਕਾਂ ਅਨੁਸਾਰ, ਆਰਐੱਸਐੱਸ ਆਪਣੇ 'ਗੁਰੂ ਦਕਸ਼ਿਣਾ' ਨਾਮਕ ਫੰਡ ਰਾਹੀਂ ਲੱਖਾਂ ਕਰੋੜਾਂ ਰੁਪਏ ਇਕੱਠੇ ਕਰਦੀ ਹੈ, ਪਰ ਇਸ ਦੀ ਪਾਰਦਰਸ਼ਤਾ ਨਹੀਂ ਹੈ। ਭਾਗਵਤ ਨੇ ਇਸ ਨੂੰ 'ਸਵੈਮਸੇਵੀ' ਕਹਿ ਕੇ ਬਚਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਵਿਰੋਧੀ ਧਿਰਾਂ ਕਹਿ ਰਹੀਆਂ ਹਨ ਕਿ ਇਹ ਗੈਰ ਵਿਧਾਨਕ ਮਾਮਲਾ ਹੈ।

ਬਹੁਤੇ ਲੋਕਾਂ ਦੀ ਧਾਰਨਾ ਹੈ ਕਿ ਆਰਐੱਸਐੱਸ ਭਾਰਤ ਨੂੰ ਧਰਮ ਆਧਾਰਿਤ ਰਾਸ਼ਟਰ ਵਿੱਚ ਬਦਲਣਾ ਚਾਹੁੰਦਾ ਹੈ, ਜਿਵੇਂ ਪਾਕਿਸਤਾਨ ਬਣਿਆ ਹੋਇਆ ਹੈ। ਇਸ ਲਈ ਉਹ ਧਾਰਮਿਕ ਧਰੁਵੀਕਰਨ ਨੂੰ ਹਵਾ ਦਿੰਦਾ ਹੈ ਅਤੇ ਹਿੰਦੂ ਬਹੁਗਿਣਤੀ ਨੂੰ ਘੱਟਗਿਣਤੀਆਂ ਵਿਰੁੱਧ ਉਕਸਾਉਂਦਾ ਹੈ। ਭਾਗਵਤ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਆਰਐੱਸਐੱਸ ਸਭ ਦਾ ਸਵਾਗਤ ਕਰਦਾ ਹੈ, ਪਰ ਇਤਿਹਾਸਕ ਤੱਥ ਇਸ ਨਾਲ ਵਿਰੋਧਾਭਾਸ ਦੱਸਦੇ ਹਨ। ਆਰਐੱਸਐੱਸ ਦੇ ਸੰਸਥਾਪਕ ਡਾ. ਹੇਡਗੇਵਾਰ ਅਤੇ ਗੋਲਵਲਕਰ ਨੇ ਆਪਣੀਆਂ ਲਿਖਤਾਂ ਵਿੱਚ ਹਿੰਦੂ ਰਾਸ਼ਟਰ ਦੀ ਧਾਰਨਾ ਪੇਸ਼ ਕੀਤੀ ਸੀ, ਜਿਸ ਵਿੱਚ ਘੱਟਗਿਣਤੀਆਂ ਨੂੰ ਦੂਜੇ ਦਰਜੇ ਦਾ ਦੱਸਿਆ ਗਿਆ।

ਇਸ ਵਿਚਾਰਧਾਰਾ ਭਾਰਤ ਦੇ ਸੰਵਿਧਾਨ ਨਾਲ ਮੇਲ ਨਹੀਂ ਖਾਂਦੀ, ਜੋ ਧਰਮ ਨਿਰਪੱਖਤਾ, ਜਮਹੂਰੀਅਤ ਅਤੇ ਸੰਘੀ ਵਿਵਸਥਾ ਨੂੰ ਅਪਣਾਉਂਦਾ ਹੈ। ਡਾ. ਅੰਬੇਡਕਰ ਵੱਲੋਂ ਬਣਾਏ ਸੰਵਿਧਾਨ ਵਿੱਚ ਧਰਮ ਅਤੇ ਰਾਜ ਨੂੰ ਅਲੱਗ ਰੱਖਿਆ ਗਿਆ ਹੈ। ਪਰ ਆਰਐੱਸਐੱਸ ਨੇ ਆਪਣੇ ਸੰਗਠਨਾਂ ਰਾਹੀਂ - ਵਿਸ਼ਵ ਹਿੰਦੂ ਪੰਚਾਇਤੀ (ਵੀਐੱਚਪੀ), ਭਰਤੀਆ ਜਨ ਸੰਘ ਤੋਂ ਬੀਜੇਪੀ ਤੱਕ - ਇਸ ਨੂੰ ਚੁਣੌਤੀ ਦਿੱਤੀ ਹੈ। ਅੱਜ ਦੇਸ਼ ਵਿੱਚ ਘੱਟਗਿਣਤੀਆਂ ਮੁਸਲਮਾਨ, ਈਸਾਈ, ਸਿੱਖ ਅਤੇ ਹੋਰਨਾਂ ਵਿੱਚ ਡਰ ਪੈਦਾ ਹੋ ਰਿਹਾ ਹੈ ਕਿ ਕੀ ਭਾਰਤ ਪਾਕਿਸਤਾਨ ਵਾਂਗ ਧਰਮ ਆਧਾਰਿਤ ਬਣ ਜਾਵੇਗਾ?

### ਸੰਘ ਪਰਿਵਾਰ ਨੂੰ ਧਰਮ ਆਧਾਰਿਤ ਰਾਸ਼ਟਰ ਵਿੱਚ ਬਦਲਣ ਦਾ ਮਕਸਦ ਕੀ?

ਆਰਐੱਸਐੱਸ ਪਰਿਵਾਰ ਦਾ ਮੁੱਖ ਮਕਸਦ ਹਿੰਦੂ ਰਾਸ਼ਟਰ ਦੀ ਸਥਾਪਨਾ ਹੈ, ਜਿਸ ਨੂੰ ਉਹ 'ਹਿੰਦੂਤਵ' ਕਹਿੰਦੇ ਹਨ। ਇਹ ਵਿਚਾਰਧਾਰਾ 1925 ਵਿੱਚ ਆਰਐੱਸਐੱਸ ਦੇ ਸੰਸਥਾਪਨ ਤੋਂ ਚੱਲ ਰਹੀ ਹੈ। ਗੋਲਵਲਕਰ ਦੀ ਕਿਤਾਬ 'ਬੰਚ ਆਫ ਥਾਟ' ਵਿੱਚ ਲਿਖਿਆ ਹੈ ਕਿ ਹਿੰਦੂ ਰਾਸ਼ਟਰ ਵਿੱਚ ਘੱਟਗਿਣਤੀਆਂ ਨੂੰ ਹਿੰਦੂਤਵ ਅਪਣਾਉਣਾ ਪਵੇਗਾ। ਇਸ ਨੂੰ ਅੰਗਰੇਜ਼ੀ ਵਿੱਚ 'ਹਿੰਦੂ ਰਾਸ਼ਟਰ' ਵਜੋਂ ਵਰਣਿਤ ਕੀਤਾ ਗਿਆ ਹੈ, ਜਿੱਥੇ ਇਸਲਾਮ ਅਤੇ ਈਸਾਈ ਧਰਮ ਨੂੰ ਵਿਦੇਸ਼ੀ ਦੱਸਿਆ ਗਿਆ। ਆਰਐੱਸਐੱਸ ਨੇ ਆਪਣੇ ਸੰਗਠਨਾਂ - ਹਿੰਦੂ ਮਹਾਸਭਾ, ਵੀਐੱਚਪੀ, ਬਜਰੰਗ ਦਲ ਤੱਕ - ਰਾਹੀਂ ਇਸ ਵਿਚਾਰ ਨੂੰ ਅੱਗੇ ਵਧਾਇਆ ਹੈ ਭਾਰਤ ਨੂੰ ਪਾਕਿਸਤਾਨ ਵਾਂਗ ਬਣਾਉਣ ਦਾ ਡਰ ਇਸ ਲਈ ਹੈ ,ਕਿਉਂਕਿ ਆਰਐੱਸਐੱਸ ਨੇ ਧਾਰਮਿਕ ਧਰੁਵੀਕਰਨ ਨੂੰ ਹਥਿਆਰ ਬਣਾਇਆ ਹੈ। ਲਵ ਜਿਹਾਦ, ਘਰ ਵਾਪਸੀ ਅਤੇ ਘੱਟਗਿਣਤੀਆਂ ਵਿਰੁੱਧ ਨਫ਼ਰਤੀ ਭਾਸ਼ਣਾਂ ਨਾਲ ਉਹ ਹਿੰਦੂ ਬਹੁਗਿਣਤੀ ਨੂੰ ਡਰਾਉਂਦੇ ਹਨ। ਬੀਜੇਪੀ ਸੱਤਾ ਵਿੱਚ ਆਉਣ ਤੋਂ ਬਾਅਦ, ਇਹ ਫਿਰਕੂਵਾਦ ਵਧਿਆ ਹੈ। ਵਿਸ਼ਲੇਸ਼ਕ ਕਹਿੰਦੇ ਹਨ ਕਿ ਇਹ ਚੋਣਾਂ ਜਿੱਤਣ ਅਤੇ ਸੱਤਾ ਬਣਾਈ ਰੱਖਣ ਲਈ ਹੈ, ਪਰ ਇਹ ਧਰਮ ਆਧਾਰਿਤ ਵੰਡ ਹੈ। ਜੇ ਭਾਰਤ ਧਰਮ ਨਿਰਪੱਖ ਨਹੀਂ ਰਿਹਾ ਤਾਂ ਇਹ ਏਸ਼ੀਆ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਖ਼ਤਰੇ ਵਿੱਚ ਪਾ ਦੇਵੇਗਾ।

### ਕਾਨੂੰਨ ਅਨੁਸਾਰ ਵਰਗੀਕਰਨ ਜ਼ਰੂਰੀ ਕਿਉਂ ਨਹੀਂ?

ਕਾਨੂੰਨ ਅਨੁਸਾਰ, ਹਰ ਸੰਸਥਾ ਨੂੰ ਸੋਸਾਇਟੀਜ਼ ਰਜਿਸਟ੍ਰੇਸ਼ਨ ਐਕਟ ਜਾਂ ਟਰੱਸਟ ਐਕਟ ਅਧੀਨ ਰਜਿਸਟਰ ਹੋਣਾ ਚਾਹੀਦਾ ਹੈ ਜੇ ਉਹ ਜ਼ਮੀਨ, ਪੈਸੇ ਜਾਂ ਸੰਪਤੀ ਨਾਲ ਜੁੜੀ ਹੈ। ਆਰਐੱਸਐੱਸ ਨੇ ਇਹ ਨਹੀਂ ਕੀਤਾ, ਕਿਉਂਕਿ ਇਹ ਆਪਣੀ ਨਿੱਜੀ ਜ਼ਿੰਮੇਵਾਰੀ ਤੋਂ ਬਚਣਾ ਚਾਹੁੰਦੀ ਹੈ। ਰਜਿਸਟ੍ਰੇਸ਼ਨ ਨਾਲ ਆਮਦਨ, ਖਰਚੇ ਅਤੇ ਚੋਣਾਂ ਵਿੱਚ ਭਾਗੀਦਾਰੀ ਬਾਰੇ ਪਾਰਦਰਸ਼ਤਾ ਆਉਂਦੀ ਹੈ। ਜੇ ਇਹ ਧਾਰਮਿਕ ਹੈ ਤਾਂ ਟੈਕਸ ਛੋਟ ਮਿਲ ਸਕਦੀ ਹੈ, ਪਰ ਰਾਜਨੀਤਕ ਗਤੀਵਿਧੀਆਂ ਰੋਕੀਆਂ ਜਾਣਗੀਆਂ। ਆਰਐੱਸਐੱਸ ਬੀਜੇਪੀ ਨੂੰ ਆਪਣਾ 'ਰਾਜਨੀਤਕ ਵਿੰਗ' ਮੰਨਦੀ ਹੈ, ਇਸ ਲਈ ਇਹ ਰਜਿਸਟਰ ਨਹੀਂ ਹੋ ਸਕਦੀ। ਇਹ ਜ਼ਰੂਰੀ ਹੈ ਕਿਉਂਕਿ ਗੈਰ ਰਜਿਸਟਰਡ ਸੰਸਥਾ ਗੈਰ ਜਵਾਬਦੇਹ ਬਣ ਜਾਂਦੀ ਹੈ। ਭਾਰਤ ਵਿੱਚ ਹਜ਼ਾਰਾਂ ਧਾਰਮਿਕ ਸੰਸਥਾਵਾਂ ਰਜਿਸਟਰ ਹਨ, ਜਿਵੇਂ ਆਰੀਆ ਸਮਾਜ ਜਾਂ ਰਾਮਕ੍ਰਿਸ਼ਣ ਮਿਸ਼ਨ। ਆਰਐੱਸਐੱਸ ਨੂੰ ਵੀ ਇਹ ਕਰਨਾ ਚਾਹੀਦਾ ਹੈ ਤਾਂ ਜੋ ਉਸ ਦੀ ਵਿਚਾਰਧਾਰਾ ਸੰਵਿਧਾਨ ਨਾਲ ਮੇਲ ਖਾਵੇ। ਜੇ ਨਹੀਂ, ਤਾਂ ਇਹ ਗੈਰ ਵਿਧਾਨਕ ਬਣ ਜਾਂਦੀ ਹੈ।

### ਸਿੱਖ ਕਿਉਂ ਕਰਦੇ ਹਨ ਸਭ ਤੋਂ ਵੱਧ ਵਿਰੋਧ?

ਸਿੱਖ ਪੰਥ ਆਰਐੱਸਐੱਸ ਪਰਿਵਾਰ ਦਾ ਸਭ ਤੋਂ ਵੱਡਾ ਵਿਰੋਧੀ ਰਿਹਾ ਹੈ। ਇਸ ਦੇ ਕਈ ਕਾਰਨ ਹਨ। ਪਹਿਲਾਂ, ਆਰਐੱਸਐੱਸ ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਮੰਨਣ ਦੀ ਕੋਸ਼ਿਸ਼ ਕਰਦੀ ਹੈ। ਉਹ 'ਰਾਸ਼ਟਰੀ ਸਿੱਖ ਸੰਗਤ' ਵਰਗੀ ਸੰਸਥਾ ਬਣਾਉਂਦੀ ਹੈ ਤਾਂ ਜੋ ਸਿੱਖ ਧਰਮ ਨੂੰ ਹਿੰਦੂਤਵ ਵਿੱਚ ਸਮਾ ਲਿਆ ਜਾਵੇ। ਪਰ ਸਿੱਖ ਪੰਥ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਇਸ ਫਿਰਕੂਵਾਦ ਨੂੰ ਰੱਦ ਕੀਤਾ ਹੈ। ਸਿੱਖ ਧਰਮ ਇੱਕ ਵੱਖਰਾ ਧਰਮ ਹੈ, ਜੋ ਬਰਾਬਰੀ ਅਤੇ ਧਰਮ ਨਿਰਪੱਖਤਾ ਸਿਖਾਉਂਦਾ ਹੈ।

ਦੂਜਾ, 1984 ਦੇ ਸਿੱਖ ਵਿਰੋਧੀ ਕਤਲੇਆਮ ਵਿੱਚ ਆਰਐੱਸਐੱਸ ਨੂੰ ਨਿੱਜੀ ਭੂਮਿਕਾ ਨਿਭਾਉਣ ਦਾ ਇਲਜ਼ਾਮ ਹੈ। ਬਾਅਦ ਵਿੱਚ ਉਨ੍ਹਾਂ ਨੇ ਇਹ ਝੂਠੀਆਂ ਕਹਾਣੀਆਂ ਗੜ੍ਹੀਆਂ ਕਿ ਉਨ੍ਹਾਂ ਨੇ ਸਿੱਖਾਂ ਨੂੰ ਬਚਾਇਆ, ਪਰ ਇਹ ਝੂਠ ਹੈ। ਖੁਸ਼ਵੰਤ ਸਿੰਘ ਵਰਗੇ ਲੇਖਕਾਂ ਨੇ ਇਸ ਨੂੰ ਬੇਨਕਾਬ ਕੀਤਾ ਹੈ।

ਅਕਾਲ ਤਖ਼ਤ ਸਾਹਿਬ ਨੇ ਵੀ ਆਰਐੱਸਐੱਸ ਨੂੰ ਸਿੱਖ ਵਿਰੋਧੀ ਘੋਸ਼ਿਤ ਕੀਤਾ ਹੈ। ਸਿੱਖ ਇਸ ਲਈ ਵਿਰੋਧ ਕਰਦੇ ਹਨ ਕਿਉਂਕਿ ਆਰਐੱਸਐੱਸ ਉਨ੍ਹਾਂ ਦੀ ਵੱਖਰੀ ਪਛਾਣ ਨੂੰ ਮਿਟਾਉਣਾ ਚਾਹੁੰਦੀ ਹੈ ਅਤੇ ਧਰਮ ਨਿਰਪੱਖ ਭਾਰਤ ਨੂੰ ਖ਼ਤਰੇ ਵਿੱਚ ਪਾ ਰਹੀ ਹੈ।

### ਵਿਰੋਧੀ ਧਿਰਾਂ ਅਤੇ ਵਿਸ਼ਲੇਸ਼ਕਾਂ ਦੀ ਰਾਏ

ਕਾਂਗਰਸ ਨੇਤਾ ਦਿਗਵਿਜੇ ਸਿੰਘ ਨੇ ਟਵੀਟ ਕੀਤਾ: "ਮੋਹਨ ਭਾਗਵਤ ਜੀ ਹੁਣ ਆਰਐੱਸਐੱਸ ਨੂੰ ਸਨਾਤਨ ਧਰਮ ਨਾਲ ਤੁਲਨਾ ਕਰ ਰਹੇ ਹਨ ਜੋ ਕਿ ਵੈਦਿਕ ਧਰਮ ਦੇ ਉਲਟ ਹੈ।" ਸੀਪੀਆਈ ਜਨਰਲ ਸੈਕਟਰੀ ਡੀ. ਰਾਜਾ ਨੇ ਕਿਹਾ: "ਆਰਐੱਸਐੱਸ ਫਿਰਕੂਵਾਦ ਨੂੰ ਉਤਸ਼ਾਹਿਤ ਕਰਦੀ ਹੈ। ਪੰਜਾਬ ਵਿੱਚ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਚਿੰਤਾ ਜ਼ਾਹਰ ਕੀਤੀ ਹੈ।"

ਵਿਸ਼ਲੇਸ਼ਕ ਗੁਰਤੇਜ ਸਿੰਘ ਕਹਿੰਦੇ ਹਨ: "ਆਰਐੱਸਐੱਸ ਨੇ ਕਦੇ ਸਿੱਖਾਂ ਦਾ ਸਾਥ ਨਹੀਂ ਦਿੱਤਾ। 1984 ਵਿੱਚ ਉਹ ਖਾਮੋਸ਼ ਸਨ।"

ਜੇ ਆਰਐੱਸਐੱਸ ਨੂੰ ਜਵਾਬਦੇਹ ਨਾ ਬਣਾਇਆ ਗਿਆ ਤਾਂ ਧਰਮ ਨਿਰਪੱਖਤਾ ਖ਼ਤਰੇ ਵਿੱਚ ਪੈ ਜਾਵੇਗੀ।


ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਉਸ ਇਨਸਾਨ ਨੂੰ ਗੁੱਸਾ ਬੜੀ ਜਲਦੀ ਆਉਂਦਾ ਹੈ ਜੋ ਗਲਤੀ ਕਰਕੇ ਮੰਨਣ ਨੂੰ ਤਿਆਰ ਨਹੀਂ ਹੁੰਦਾ ।

# ਪੰਜਾਬ ਯੂਨੀਵਰਸਿਟੀ ਅੰਦੋਲਨ ਦੀ ਜਿੱਤ ਬਨਾਮ ਪੰਜਾਬ ਦੀ ਖੁਦਮੁਖਤਿਆਰੀ ?

ਪੰਜਾਬ ਦੀ ਸਿੱਖਿਆ ਦੀ ਧੁਰੀ, ਪੰਜਾਬ ਯੂਨੀਵਰਸਿਟੀ (ਪੀ.ਯੂ.) ਨੂੰ ਲੈ ਕੇ ਚੱਲ ਰਹੇ ਅੰਦੋਲਨ ਨੇ ਹੁਣ ਨਵਾਂ ਮੋੜ ਲਿਆ ਹੈ। ਨਵੰਬਰ 2025 ਵਿੱਚ ਵੱਡੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ, ਜਿੱਥੇ ਹਜ਼ਾਰਾਂ ਵਿਦਿਆਰਥੀ, ਕਿਸਾਨ, ਮਜ਼ਦੂਰ ਅਤੇ ਰਾਜਨੀਤਿਕ ਆਗੂ ਇਕੱਠੇ ਹੋਏ, ਉਥੇ ਹੁਣ ਉਪ-ਕੁਲਪਤੀ ਨੇ 'ਪੀ.ਯੂ. ਬਚਾਓ ਮੋਰਚੇ' ਨੂੰ ਮੀਟਿੰਗ ਲਈ ਸੱਦਾ ਦੇ ਦਿੱਤਾ ਹੈ। ਹੁਣ ਵਿਦਿਆਰਥੀਆਂ ਵਲੋਂ ਚੰਡੀਗੜ੍ਹ ਨੂੰ ਪੰਜਾਬ ਦਾ ਹਿੱਸਾ ਮੰਨਣ ਦੀ ਮੰਗ ਕਿਉਂ ਉੱਠ ਰਹੀ ਹੈ ? ਸੁਆਲ ਇਹ ਵੀ ਹੈ ਕਿ ਸੈਨੇਟ ਚੋਣਾਂ ਕਦੋਂ ਹੋਣਗੀਆਂ ?

ਸਭ ਤੋਂ ਪਹਿਲਾਂ ਗੱਲ ਕਰੀਏ ਉਪ-ਕੁਲਪਤੀ ਵੱਲੋਂ ਮੀਟਿੰਗ ਲਈ ਸੱਦੇ ਦੀ। 10 ਨਵੰਬਰ ਨੂੰ ਹੋਏ ਵਿਸ਼ਾਲ ਅੰਦੋਲਨ ਵਿੱਚ 8,000 ਤੋਂ ਵੱਧ ਲੋਕ ਪੀ.ਯੂ. ਕੈਂਪਸ ਵਿੱਚ ਪਹੁੰਚੇ, ਜਿੱਥੇ ਪੰਜਾਬ ਪੁਲਿਸ ਨੇ ਬੈਰੀਕੇਡ ਤੋੜਨ ਵਾਲਿਆਂ ਉਪਰ ਲਾਠੀਚਾਰਜ ਕੀਤਾ,ਪਰ ਵਿਦਿਆਰਥੀਆਂ ਦੇ ਸਿਦਕ ਅਗੇ ਪੁਲਿਸ ਪ੍ਰਸ਼ਾਸਨ ਟਿਕ ਨਾ ਸਕਿਆ। ਇਹ ਅੰਦੋਲਨ ਭਾਵੇਂ ਵਿਦਿਆਰਥੀਆਂ ਦਾ ਸੀ, ਪਰ ਇਸ ਵਿਚ ਕਿਸਾਨ ਯੂਨੀਅਨਾਂ, ਵਿਦਿਆਰਥੀ ਸੰਗਠਨਾਂ (ਐਸ ਐਫ ਐਸ ਆਈ, ਏ ਆਈ ਐਸ ਐਫ, ਐਸਓਆਈ ਆਦਿ), ਪੰਥਕ ਜਥੇਬੰਦੀਆਂ ਅਤੇ ਰਾਜਨੀਤਿਕ ਪਾਰਟੀਆਂ ਨੇ ਵੀ ਹਮਾਇਤ ਕੀਤੀ ਤੇ ਹਿੱਸਾ ਲਿਆ। ਮੋਰਚਾ ਭੱਖਦਾ ਦੇਖਕੇ ਇਸ ਪ੍ਰੈਸ਼ਰ ਨਾਲ ਕੇਂਦਰ ਸਰਕਾਰ ਨੇ 7 ਨਵੰਬਰ ਨੂੰ ਸੈਨੇਟ ਅਤੇ ਸਿੰਡੀਕੇਟ ਨੂੰ ਭੰਗ ਕਰਨ ਵਾਲਾ ਫੈਸਲਾ ਵਾਪਸ ਲੈ ਲਿਆ। ਪਰ ਵਿਦਿਆਰਥੀ ਨਿਰਾਸ਼ ਸਨ, ਕਿਉਂਕਿ ਸੈਨੇਟ ਚੋਣਾਂ ਦੀ ਤਾਰੀਖ ਅਜੇ ਵੀ ਤਹਿ ਨਹੀਂ ਕੀਤੀ ਗਈ। ਮੋਰਚੇ ਨੇ ਚਾਰਟਰ ਆਫ਼ ਡਿਮਾਂਡਜ਼ ਸੌਂਪਿਆ, ਜਿਸ ਵਿੱਚ ਲਿਖਤੀ ਭਰੋਸਾ ਮੰਗਿਆ ਗਿਆ ਕਿ ਨਵੀਂ ਸੈਨੇਟ ਤੱਕ ਕੋਈ ਨਵਾਂ ਫੈਸਲਾ ਨਹੀਂ, ਪੁਰਾਣੇ ਫੈਸਲਿਆਂ ਦੀ ਸਮੀਖਿਆ, ਵਿਰੋਧੀ ਵਿਦਿਆਰਥੀਆਂ ਵਿਰੁੱਧ ਐਫਆਈਆਰ ਵਾਪਸ ਲੈਣਾ, ਵੈਟਿੰਗ ਕਮੇਟੀ ਰੱਦ ਕਰਨਾ ਅਤੇ ਰਿਜ਼ਰਵੇਸ਼ਨ ਨੀਤੀ ਦੀ ਪਾਲਣਾ। ਉਪ-ਕੁਲਪਤੀ ਨੇ 12 ਨਵੰਬਰ ਨੂੰ ਮੀਟਿੰਗ ਸੱਦੀ, ਜੋ ਪ੍ਰਸ਼ਾਸਨ ਦੀ ਕਮਜ਼ੋਰੀ ਨੂੰ ਦਰਸਾਉਂਦੀ ਹੈ। ਆਖਿਰ ਯੂਨੀਵਰਸਿਟੀ ਨੂੰ ਵਿਦਿਆਰਥੀ ਅੰਦੋਲਨ ਅਗੇ ਝੁਕਣਾ ਪਿਆ। ਕੇਂਦਰ ਨੇ ਰੀਸਟ੍ਰਕਚਰਿੰਗ ਰੱਦ ਕੀਤਾ, ਜੋ ਯੂਜੀਸੀ ਦੇ ਜਨਵਰੀ 2025 ਵਾਲੇ ਖਰੜੇ ਨਾਲ ਜੁੜਿਆ ਸੀ, ਜਿਸ ਵਿੱਚ ਉਪ-ਕੁਲਪਤੀ ਨੂੰ ਵੱਧ ਤਾਕਤ ਦਿੱਤੀ ਜਾਂਦੀ। ਇਹ ਫੈਸਲਾ ਪੰਜਾਬ, ਹਰਿਆਣਾ ਅਤੇ ਹਿਮਾਚਲ ਵਰਗੇ ਰਾਜਾਂ ਵਿੱਚ ਵਿਦੇਸ਼ੀ ਯੂਨੀਵਰਸਿਟੀਆਂ ਅਤੇ ਕਾਰਪੋਰੇਟ ਨੂੰ ਸਰਕਾਰੀ ਸੰਸਥਾਵਾਂ ਵਿੱਚ ਐਂਟਰੀ ਦੇਣ ਵਾਲਾ ਸੀ। ਪਰ ਅੰਦੋਲਨ ਅਜੇ ਖਤਮ ਨਹੀਂ ਹੋਇਆ। ਮੋਰਚਾ ਨੇ ਐਲਾਨ ਕੀਤਾ ਹੈ ਕਿ 18 ਨਵੰਬਰ ਤੋਂ ਸੈਮੈਸਟਰ ਪ੍ਰੀਖਿਆਵਾਂ ਵਿੱਚ ਵਿਘਨ ਪਾਏਗਾ, ਜੇਕਰ ਚੋਣਾਂ ਦੀ ਤਾਰੀਖ ਨਾ ਐਲਾਨੀ ਗਈ। ਹਾਈ ਕੋਰਟ ਵਿੱਚ ਪੀਟੀਸ਼ਨ ਵੀ ਦਾਇਰ ਹੋ ਚੁੱਕੀ ਹੈ। ਇਹ ਅੰਸ਼ਕ ਜਿੱਤ ਹੈ, ਪਰ ਪੂਰੀ ਲੜਾਈ ਬਾਕੀ ਹੈ।

ਇਸ ਅੰਦੋਲਨ ਵਿੱਚ ਅਰਸ਼ਦੀਪ ਸਿੰਘ ਦੀ ਅਗਵਾਈ ਨੇ ਵਿਸ਼ੇਸ਼ ਰੋਲ ਅਦਾ ਕੀਤਾ। ਪੀ.ਯੂ.ਸੀ.ਐਸ.ਸੀ. ਅਤੇ ਮੋਰਚੇ ਨਾਲ ਜੁੜੇ ਅਰਸ਼ਦੀਪ ਨੇ 'ਸੁਚਜੀ ਅਗਵਾਈ' ਨਾਲ ਵੱਖ-ਵੱਖ ਵਿਦਿਆਰਥੀ ਸੰਗਠਨਾਂ ਨੂੰ ਇਕੱਠਾ ਕੀਤਾ। ਉਨ੍ਹਾਂ ਦੀ ਰਣਨੀਤੀ ਸਾਫ਼ ਸੀ। 10 ਨਵੰਬਰ ਨੂੰ ਉਹ ਖੁਦ ਅੱਗੇ-ਅੱਗੇ ਚੱਲੇ, ਜਦੋਂ ਬੈਰੀਕੇਡ ਤੋੜੇ ਗਏ। ਉਨ੍ਹਾਂ ਨੇ ਐਸਐਫਐਸਆਈ, ਐਸਓਆਈ, ਏਆਈਐਸਐਫ ਅਤੇ ਹਲਫ਼ਨਾਮਾ ਵਿਰੋਧੀ ਮੋਰਚੇ ਨੂੰ ਇੱਕ ਪਲੇਟਫਾਰਮ ਤੇ ਲਿਆਂਦਾ, ਜਿਸ ਨਾਲ ਅੰਦੋਲਨ ਨੂੰ ਤਾਕਤ ਤੇ ਵਿਸ਼ਾਲਤਾ ਮਿਲੀ। ਸੋਸ਼ਲ ਮੀਡੀਆ ਰਾਹੀਂ ਵੀ ਅੰਦੋਲਨ ਨੂੰ ਵਾਇਰਲ ਕੀਤਾ ਗਿਆ। ਇਹ ਨੌਜਵਾਨ ਲੀਡਰਸ਼ਿਪ ਦਾ ਨਮੂਨਾ ਹੈ, ਜੋ ਪੰਜਾਬੀ ਬੁੱਧੀਜੀਵੀ ਵਰਗ ਨੂੰ ਸ਼ਰਮਿੰਦਾ ਕਰਦੀ ਹੈ, ਜੋ ਚੁੱਪ ਬੈਠੇ ਹਨ। ਉਨ੍ਹਾਂ ਦੀ ਕਾਮਯਾਬੀ ਇਹ ਵੀ ਹੈ ਕਿ ਕੇਂਦਰ ਨੂੰ ਵਾਪਸੀ ਕਰਨੀ ਪਈ, ਪਰ ਅਜੇ ਵੀ ਚੋਣਾਂ ਦੀ ਤਾਰੀਖ ਬਾਕੀ ਹੈ - ਇਹ ਉਨ੍ਹਾਂ ਦੀ ਅਗਵਾਈ ਦੀ ਅਗਲੀ ਪ੍ਰੀਖਿਆ ਹੈ।

ਅੰਦੋਲਨ ਦੌਰਾਨ ਉੱਠੀ ਚੰਡੀਗੜ੍ਹ ਨੂੰ ਪੰਜਾਬ ਦਾ ਹਿੱਸਾ ਮੰਨਣ ਵਾਲੀ ਮੰਗ ਵੀ ਗੰਭੀਰ ਹੈ। ਪ੍ਰਦਰਸ਼ਕਾਰੀਆਂ ਨੇ ਨਾਅਰੇ ਲਗਾਏ, "ਚਿੱਟਾ ਫੁੱਲ ਗੁਲਾਬ ! ਚੰਡੀਗੜ੍ਹ ਪੰਜਾਬ ਦਾ" ਇਹ ਨਾ ਸਿਰਫ਼ ਪੀ.ਯੂ. ਨੂੰ ਬਚਾਉਣ ਵਾਲੀ ਲੜਾਈ ਹੈ, ਸਗੋਂ ਪੰਜਾਬੀ ਅਧਿਕਾਰਾਂ ਦੀ ਵੀ। ਚੰਡੀਗੜ੍ਹ 1966 ਵਿੱਚ ਪੰਜਾਬ ਲਈ ਰਾਜਧਾਨੀ ਵਜੋਂ ਬਣਾਇਆ ਗਿਆ ਸੀ, ਪਰ ਕੇਂਦਰ ਨੇ ਇਸ ਨੂੰ ਯੂਨੀਅਨ ਟੈਰੀਟਰੀ ਬਣਾ ਕੇ ਹਰਿਆਣਾ ਨੂੰ ਵੀ ਸਾਂਝਾ ਕਰ ਦਿੱਤਾ। ਅੱਜ ਪੀ.ਯੂ. ਵਰਗੀ ਯੂਨੀਵਰਸਿਟੀ ਨੂੰ ਕੇਂਦਰੀ ਨਿਯੰਤਰਣ ਅਧੀਨ ਕਰਨ ਨਾਲ ਚੰਡੀਗੜ੍ਹ ਦਾ ਵਿਵਾਦ ਫਿਰ ਭੜਕ ਗਿਆ। ਹਰਿਆਣਾ ਅਤੇ ਹਿਮਾਚਲ ਨੇ ਵੀ ਵੀਡੀਓ ਜਾਰੀ ਕਰਕੇ ਕਿਹਾ ਕਿ ਪੀ.ਯੂ. ਸਾਰਿਆਂ ਦੀ ਹੈ, ਪਰ ਪੰਜਾਬੀ ਨੌਜਵਾਨਾਂ ਨੇ ਜਵਾਬ ਦਿੱਤਾ ਕਿ ਇਹ ਪੰਜਾਬ ਦੀ ਪਛਾਣ ਹੈ। ਇਹ ਮੰਗ ਉੱਠੀ ਹੈ ਕਿਉਂਕਿ ਕੇਂਦਰੀਕਰਨ ਨਾਲ ਪੰਜਾਬ ਦੀਆਂ ਸੰਸਥਾਵਾਂ ਨੂੰ ਖੋਹਿਆ ਜਾ ਰਿਹਾ ਹੈ - ਚੰਡੀਗੜ੍ਹ ਨੂੰ ਵਾਪਸ ਮੰਗਣਾ ਉਸੇ ਲੜਾਈ ਦਾ ਹਿੱਸਾ ਹੈ। ਜੇਕਰ ਪੀ.ਯੂ. ਨੂੰ ਕੇਂਦਰ ਨੇ ਆਪਣੇ ਅਧੀਨ ਕਰ ਲਿਆ, ਤਾਂ ਚੰਡੀਗੜ੍ਹ ਵੀ ਵਿਦੇਸ਼ੀ ਕਾਰਪੋਰੇਟਾਂ ਦੇ ਹੱਥਾਂ ਵਿੱਚ ਚਲਾ ਜਾਵੇਗਾ।

ਸੈਨੇਟ ਚੋਣਾਂ ਬਾਰੇ ਗੱਲ ਕਰੀਏ ਤਾਂ, ਅਜੇ ਕੋਈ ਤਾਰੀਖ ਐਲਾਨ ਨਹੀਂ ਹੋਈ। ਅਕਤੂਬਰ 2024 ਤੋਂ ਲਟਕੀਆਂ ਚੋਣਾਂ ਨੂੰ ਲੈ ਕੇ ਹਾਈ ਕੋਰਟ ਵਿੱਚ ਪਟੀਸ਼ਨ ਪਾਈ ਹੋਈ ਹੈ, ਅਤੇ ਮੋਰਚਾ ਕਹਿ ਰਿਹਾ ਹੈ ਕਿ 50-70 ਵਿਅਕਤੀ ਕੈਂਪਸ ਤੇ ਰਹਿਣਗੇ ਜਦੋਂ ਤੱਕ ਐਲਾਨ ਨਾ ਹੋਵੇ। ਯੂਜੀਸੀ ਨੇ ਉਪ-ਕੁਲਪਤੀ ਨਿਯੁਕਤੀ ਵਿੱਚ ਬਦਲਾਅ ਕੀਤੇ ਹਨ, ਜਿਸ ਨਾਲ ਗੈਰ-ਅਕਾਦਮਿਕ ਲੋਕ ਵੀ ਲੱਗ ਸਕਦੇ ਹਨ। ਵਿਦਿਆਰਥੀ ਅੰਦੋਲਨ ਨੇ ਸਪੱਸ਼ਟ ਕੀਤਾ ਹੈ ਕਿ ਪੀ.ਯੂ. ਪੰਜਾਬ ਦੀ ਹੈ, ਨਾ ਕਿ ਕੇਂਦਰ ਦੀ ਰੀਮੋਟ ਕੰਟਰੋਲ ਵਾਲੀ। ਇਹ ਅੰਦੋਲਨ ਪੰਜਾਬ ਦੇ ਸੰਘੀ ਢਾਂਚੇ ਨੂੰ ਬਚਾਉਣ ਵਾਲਾ ਹੈ। ਕੇਂਦਰੀਕਰਨ ਨਾਲ ਸਿੱਖਿਆ, ਖੇਤੀ ਅਤੇ ਸਿਹਤ ਸਭ ਨੂੰ ਖੋਹ ਲਿਆ ਜਾਵੇਗਾ। ਅਰਸ਼ਦੀਪ ਵਰਗੇ ਲੀਡਰਾਂ ਨੇ ਏਕਤਾ ਦਿਖਾਈ, ਪਰ ਰਾਜਨੀਤਿਕ ਪਾਰਟੀਆਂ ਨੂੰ ਵੀ ਇੱਕਜੁੱਟ ਹੋਣਾ ਚਾਹੀਦਾ ਹੈ। ਚੰਡੀਗੜ੍ਹ ਪੰਜਾਬ ਦਾ ਹੈ, ਅਤੇ ਪੀ.ਯੂ. ਵੀ। ਜੇਕਰ ਚੋਣਾਂ ਜਲਦੀ ਨਹੀਂ ਹੋਈਆਂ, ਤਾਂ ਅੰਦੋਲਨ ਹੋਰ ਭਿਆਨਕ ਹੋ ਸਕਦਾ ਹੈ। ਮੋਦੀ ਸਰਕਾਰ ਟਕਰਾਅ ਦੀ ਨੀਤੀ ਤਿਆਗੇ। ਪੰਜਾਬ ਪਖੀ ਸਭ ਰਾਜਨੀਤਕ ਪਾਰਟੀਆਂ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਦੀ ਖੁਦਮੁਖਤਿਆਰੀ ਦੀ ਲੜਾਈ ਲੜਨ। ਯੂਨੀਵਰਸਿਟੀ ਤੇ ਪੰਜਾਬ ਦੀ ਖੁਦਮੁਖਤਿਆਰੀ ਨੂੰ ਬਚਾਉਣ ਲਈ ਹੁਣ ਸਮਾਂ ਹੈ - ਨਹੀਂ ਤਾਂ ਪੰਜਾਬ ਦੇ ਹਿਤ ਖਤਮ ਹੋ ਜਾਣਗੇ। ਜਾਗਦੇ ਰਹੋ ਪੰਜਾਬੀਓ। -ਰਜਿੰਦਰ ਸਿੰਘ ਪੁਰੇਵਾਲ

## NEWS & VIEWS

# CHANGE OF ONE GURBANI *WORD* CHANGED THE COURSE OF SIKH HISTORY


Gurmukh Singh OBE

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥ (*see footnote)

The universal truth conveyed by the above Gurbani Pankti is that, regardless of different religious paths, all human bodies return to dust. However, when asked to explain the Pankti by emperor Aurangzeb, Baba Ram Rai, the older son of Guru Har Rai, thought it politically expedient to please the emperor by changing the word *Musalmaan* in the Pakti to *beimaan*, meaning a dishonest person. Little did Baba Ji realise the lasting consequences of that unforgiveable error, no matter how well intentioned.

Sometimes, there is a temptation to sacrifice Sikhi principle of truth above all else, for political gain. Sometimes, self-preservation instinct to remain on the right side of an authoritarian regime or to please the majority community leads one away from the path of *dharam* or truthful conduct. Baba Ram Rai changed one Word in Gurbani to please emperor Aurungzeb. Most probably he meant well but was not forgiven by his father-Guru. Truth is not negotiable in Sikhi.

Politically motivated Gurbani interpretation by Baba Ram Rai changed the course of Sikh history. Otherwise, Baba Ji had won over Emperor Aurungzeb with anti-Gurmat miracles and with the change of just one Gurbani Word *(Musalman to beimaan)*. It can be argued that the future of the Sikh movement would have been secured for the time being. That the supreme sacrifice of Guru Tegh Bahadur, the shaheedis of the Four Sahibzadas and the *sarbansdaan* of Guru Gobind Singh, the living martyr, and the countless Sikh shaheedis which followed could have been avoided. However, the longer time price paid for not speaking the bitter truth at the right time can be much higher. Compromises lead to assimilation and annihilation of distinct *qaums*. Sikhi has survived because Sikhi founding principles have been upheld through countless sacrifices; not by making political compromises.

Yet, there were also many influential Sikhs in Mughal darbar who continually conveyed the right universal Sikhi Message of the Gurus to the rulers of the day. Their backgrounds were Hindu and Muslim, but they were devoted Sikhs capable of daring deeds when the time came, as were the Sikhs of Delhi following the supreme sacrifice of Guru Tegh Bahadur.

Today, we can explore this Sikhi principle with reference to the state of the global Panth. Sikhs are a highly successful and prosperous community dispersed worldwide. In India, business community Sikh Indians outside Panjab, are doing well. They are wealthy, hold high positions in administration and are influential in political and government circles. Quite understandably, they are apprehensive and highly sensitive when the Sikhs of Panjab, especially those in the farming sector, or the diaspora Sikhs raise issues affecting the future of Panjab or human rights issues.

Following traumatic events like Ghalughara III of 1984 and following years, it cannot be denied that Sikhs have continued to face existential challenges. The world is too small for threats to the community in one country to be ignored by Sikhs in other countries. Yet, sometimes that seems to be the unrealistic expectation and advice of influential Sikh Indians outside Panjab.

Sikh miri-piri ideology opposes authoritarian regimes and defends the people. Upholding truth above political expediency, is the lesson we learn from the unique martyrdom of Guru Tegh Bahadur.

* Pankti meaning: [After death) clay of a Muslim [in the grave] is made into clods by the potter [for making pots and bricks in fire. Otherwise, Muslims do not cremate their dead.]

**Gurmukh Singh OBE**, Ret'd Principal Civil Servant (UK) sewauk2005@yahoo.co.uk

# ਯੂਕੇ ਪੀਐਮ ਕੀਰ ਸਟਾਰਮਰ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਦਿੱਤੀ ਵਧਾਈ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਹਾਦਰੀ ਨੂੰ ਕੀਤਾ ਯਾਦ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਯੂਕੇ ਦੇ ਪੀਐਮ ਅਤੇ ਲੇਬਰ ਪਾਰਟੀ ਦੇ ਮੁੱਖੀ ਕੀਰ ਸਟਾਰਮਰ ਨੇ ਸਿੱਖ ਪੰਥ ਦੇ ਪਹਿਲੇ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵਧਾਈ ਦਿੱਤੀ ਹੈ ਅਤੇ ਨੌਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਮੌਕੇ ਉਨ੍ਹਾਂ ਦੀ ਬਹਾਦਰੀ ਨੂੰ ਯਾਦ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ 350ਵੀਂ ਵਰ੍ਹੇਗੰਢ ਨੂੰ ਮਨਾਉਣ ਵਾਲੇ ਗੁਰਪੁਰਬ ਖੁਸ਼ੀ ਦੇ ਜਸ਼ਨ ਅਤੇ ਗੰਭੀਰ ਚਿੰਤਨ ਦੋਵਾਂ ਨੂੰ ਸੱਦਾ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਸਾਨੂੰ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਯਾਦ ਦਿਵਾਉਂਦਾ ਹੈ ਕਿ ਵਿਸ਼ਵਾਸ, ਪਿਛੋਕੜ ਜਾਂ ਰੁਤਬੇ ਦੀਆਂ ਵੰਡਾਂ ਤੋਂ ਪਰੇ ਅਸੀਂ ਸਾਰੇ ਇੱਕ ਹਾਂ ਅਤੇ ਆਪਸ ਵਿੱਚ ਜੁੜੇ ਹੋਏ ਹਾਂ।

ਗੁਰੂ ਤੇਗ ਬਹਾਦਰ ਜੀ ਨੇ ਆਜ਼ਾਦੀ ਅਤੇ ਮਾਣ ਨਾਲ ਰਹਿਣ ਅਤੇ ਆਪਣੇ ਵਿਸ਼ਵਾਸ ਦਾ ਸੁਤੰਤਰ ਅਭਿਆਸ ਕਰਨ ਦੇ ਸਾਰਿਆਂ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਦੇ ਹੋਏ ਆਪਣਾ ਜੀਵਨ ਦਿੱਤਾ। ਉਨ੍ਹਾਂ ਦੀ ਵਿਰਾਸਤ ਉਨ੍ਹਾਂ ਸਾਰਿਆਂ ਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ ਜੋ ਧਰਮ ਅਤੇ ਵਿਸ਼ਵਾਸ, ਨਿਆਂ ਦੀ ਆਜ਼ਾਦੀ ਅਤੇ ਸਮਾਜ ਵਿੱਚ ਕਮਜ਼ੋਰ ਲੋਕਾਂ ਦੀ ਰੱਖਿਆ ਦੀ ਕਦਰ ਕਰਦੇ ਹਨ।




ਇਕੱਠੇ ਮਿਲ ਕੇ, ਇਹ ਦੋਵੇਂ ਵਰ੍ਹੇਗੰਢ ਸਿੱਖ ਗੁਰੂਆਂ ਦੇ ਸਦੀਵੀ ਸੰਦੇਸ਼, ਸੱਚ ਲਈ ਖੜ੍ਹੇ ਹੋਣ, ਨਿਰਸਵਾਰਥ ਸੇਵਾ ਕਰਨ ਅਤੇ ਸਾਡੇ ਭਾਈਚਾਰਿਆਂ ਵਿੱਚ ਏਕਤਾ ਬਣਾਉਣ ਦਾ ਜਸ਼ਨ ਮਨਾਉਂਦੇ ਹਨ। ਉਨ੍ਹਾਂ ਦੀ ਉਦਾਹਰਣ ਅਤੇ ਸਰਬੱਤ ਦਾ ਭਲਾ ਦੇ ਸਦੀਵੀ ਸਿਧਾਂਤ, ਸਾਰਿਆਂ ਦੀ ਭਲਾਈ ਲਈ ਕੰਮ ਕਰਨ ਦੀ, ਕਦੇ ਵੀ ਇੰਨੀ ਜ਼ਿਆਦਾ ਲੋੜ ਨਹੀਂ ਰਹੀ। ਇੱਕ ਭਾਈਚਾਰੇ ਦੇ ਤੌਰ 'ਤੇ ਤੁਸੀਂ ਆਪਣੀ ਸੇਵਾ ਅਤੇ ਸਰਬੱਤ ਦਾ ਭਲਾ ਪ੍ਰਤੀ ਵਚਨਬੱਧਤਾ ਰਾਹੀਂ ਇਨ੍ਹਾਂ ਕਦਰਾਂ-ਕੀਮਤਾਂ ਨੂੰ ਅਪਣਾਉਂਦੇ ਰਹਿੰਦੇ ਹੋ। ਬ੍ਰਿਟੇਨ ਲਈ ਮੇਰੇ ਦ੍ਰਿਸ਼ਟੀਕੋਣ ਦੇ ਕੇਂਦਰ ਵਿੱਚ ਰਾਸ਼ਟਰੀ ਨਵੀਨੀਕਰਨ ਦਾ ਸੱਦਾ ਹੈ, ਇੱਕ ਅਜਿਹਾ ਬ੍ਰਿਟੇਨ ਜੋ ਸਾਰਿਆਂ ਲਈ ਬਣਾਇਆ ਗਿਆ ਹੈ - ਸਖ਼ਤ ਮਿਹਨਤ, ਸ਼ਿਸ਼ਟਾਚਾਰ, ਦੇਸ਼ ਭਗਤੀ ਅਤੇ ਸੇਵਾ ਦੇ ਮੁੱਲਾਂ ਦੁਆਰਾ ਅਧਾਰਤ। ਮੈਂ ਇਸ ਰਾਸ਼ਟਰੀ ਯਤਨ ਦੀ ਅਗਵਾਈ ਕਰਨ ਲਈ ਵਚਨਬੱਧ ਹਾਂ, ਅਤੇ ਇਹ ਇਕੱਲੇ ਸਰਕਾਰ ਦਾ ਕੰਮ ਨਹੀਂ ਹੈ। ਸਾਡੇ ਭਾਈਚਾਰਿਆਂ ਨੂੰ ਉੱਚਾ ਚੁੱਕਣ ਅਤੇ ਸਾਨੂੰ ਇਕਜੁੱਟ ਕਰਨ ਵਾਲੇ ਬੰਧਨਾਂ ਨੂੰ ਮਜ਼ਬੂਤ ਕਰਨ ਲਈ ਤੁਸੀਂ ਦਿਨ-ਬ-ਦਿਨ ਜੋ ਵੀ ਕਰਦੇ ਹੋ, ਉਸ ਲਈ ਤੁਹਾਡਾ ਧੰਨਵਾਦ ਕਰਦਾ ਹਾਂ ।

ਨਵੰਬਰ ਦੇ ਇਸ ਮਹੀਨੇ ਦੌਰਾਨ, ਮੈਨੂੰ ਉਮੀਦ ਹੈ ਕਿ ਗੁਰੂ ਨਾਨਕ ਦੇਵ ਜੀ ਵਲੋਂ ਦਿੱਤਾ ਗਿਆਨ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਹਾਦਰੀ ਸਾਨੂੰ ਸਾਡੇ ਭਾਈਚਾਰਿਆਂ ਦੀ ਸੇਵਾ ਕਰਨ ਲਈ ਮਾਰਗ ਦਰਸ਼ਨ ਕਰਦੀ ਰਹੇਗੀ। ਜਿਕਰਯੋਗ ਹੈ ਕਿ ਬੀਤੇ ਵਰ੍ਹੇ ਪੀਐਮ ਕੀਰ ਸਟਾਰਮਰ ਵਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕੋਈ ਬਿਆਨ ਜਾਰੀ ਨਾ ਕਰਕੇ ਸਿੱਖਾਂ ਵਲੋਂ ਭਾਰੀ ਰੋਸ ਪ੍ਰਗਟ ਕੀਤਾ ਗਿਆ ਸੀ ਤੇ ਓਸ ਨੂੰ ਦੇਖਦੇ ਹੋਏ ਉਨ੍ਹਾਂ ਵਲੋਂ ਇਸ ਵਾਰ ਸਿੱਖ ਪੰਥ ਦੀ ਨਰਾਜਗੀ ਨੂੰ ਦੂਰ ਕਰਦਿਆਂ ਸਮੇਂ ਸਿਰ ਆਪਣਾ ਫਰਜ਼ ਅਦਾ ਕੀਤਾ ਗਿਆ ਹੈ।

## ਫੁੱਟਬਾਲ ਮੈਚ ਦੌਰਾਨ ਸਟੇਡੀਅਮ ਦੇ ਬਾਹਰ ਸਥਿਤੀ ਬਣੀ ਤਣਾਅ ਪੂਰਨ, ਪੁਲਿਸ ਨੇ 11 ਲੋਕਾਂ ਨੂੰ ਹਿਰਾਸਤ ਚ ਲੈ ਕੇ ਸਥਿਤੀ ਤੇ ਪਾਇਆ ਕਾਬੂ




ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਮਿੰਘਮ ਦੇ ਹਵੀਲਾ ਪਾਰਕ ਸਟੇਡੀਅਮ ਦੇ ਬਾਹਰ ਮਾਹੌਲ ਉਸ ਵੇਲੇ ਤਨਾਣ ਪੂਰਨ ਬਣ ਗਿਆ, ਜਦੋਂ ਚੱਲ ਰਹੇ ਫੁੱਟਬਾਲ ਮੈਚ ਦੌਰਾਨ ਸੈਂਕੜੇ ਲੋਕ ਸੜਕਾਂ 'ਤੇ ਇਕੱਠੇ ਹੋ ਕੇ ਨਾਅਰੇਬਾਜ਼ੀ ਕਰਨ ਲੱਗ ਪਏ। ਜਿੱਥੇ ਕੁਝ ਲੋਕ ਪੈਲੇਸਟਾਈਨ ਦੇ ਹੱਕ ਵਿੱਚ ਨਾਰੇ ਲਾ ਰਹੇ ਸਨ ਅਤੇ ਕੁਝ ਇਜ਼ਰਾਈਲ ਦੇ ਸਮਰਥਨ ਵਿੱਚ। ਪੁਲਿਸ ਨੇ ਮੌਕੇ ਤੇ ਪਹੁੰਚ ਕੇ ਸਥਿਤੀ ਤੇ ਕਾਬੂ ਪਾਉਂਦਿਆਂ 11 ਦੇ ਕਰੀਬ ਲੋਕਾਂ ਨੂੰ ਹਿਰਾਸਤ ਚ ਲੈ ਕੇ ਮਾਹੌਲ ਨੂੰ ਸ਼ਾਂਤ ਕੀਤਾ।

ਪੁਲਿਸ ਨੇ ਮੈਚ ਨੂੰ "ਉੱਚ ਖ਼ਤਰੇ ਵਾਲਾ" ਕਰਾਰ ਦਿੰਦਿਆਂ ਕੁਝ ਪ੍ਰਸ਼ੰਸਕਾਂ ਨੂੰ ਅੰਦਰ ਜਾਣ ਤੋਂ ਰੋਕ ਦਿੱਤਾ। ਪੁਲਿਸ ਅਧਿਕਾਰੀਆਂ ਨੇ ਹਰ ਕੋਨੇ 'ਤੇ ਤਾਇਨਾਤ ਰਹਿ ਕੇ ਤਣਾਅ ਵਾਲੀ ਸਥਿਤੀ 'ਤੇ ਨਜ਼ਰ ਰੱਖੀ। ਜਦ ਕਿ ਬਹੁਤ ਸਾਰੇ ਲੋਕ ਸ਼ਾਂਤੀ ਨਾਲ ਆਪਣੇ ਸੁਨੇਹੇ ਪ੍ਰਗਟ ਕਰ ਰਹੇ ਸਨ, ਕੁਝ ਨੇ ਨਿਯਮਾਂ ਦੀ ਉਲੰਘਣਾ ਕੀਤੀ। ਸਟੇਡੀਅਮ ਵਿੱਚ ਮੈਚ ਬਿਨਾਂ ਕਿਸੇ ਹਿੰਸਾ ਦੇ ਖਤਮ ਹੋਇਆ। ਪੁਲਿਸ ਨੇ ਪ੍ਰਸ਼ੰਸਕਾਂ ਨੂੰ ਯਕੀਨ ਦਿਵਾਇਆ ਕਿ ਅਗਲੇ ਮੈਚਾਂ ਵਿੱਚ ਸੁਰੱਖਿਆ ਵਧਾਈ ਜਾਵੇਗੀ, ਤਾਂ ਜੋ ਖੇਡ ਅਤੇ ਪ੍ਰਸ਼ੰਸਕ ਦੋਵੇ ਹੀ ਸੁਰੱਖਿਅਤ ਮਹਿਸੂਸ ਕਰ ਸਕਣ।

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ 'ਚ ਲੈਸਟਰ ਵਿਖੇ 16 ਸਤੰਬਰ ਨੂੰ ਹੋਵੇਗਾ ਮਹਾਨ ਨਗਰ ਕੀਰਤਨ - ਸ: ਗੁਰਨਾਮ ਸਿੰਘ ਨਵਾਂ ਸ਼ਹਿਰ

***ਲੈਸਟਰ (ਪੰਜਾਬ ਟਾਈਮਜ਼) - ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ, 106 ਈਸਟ ਪਾਰਕ ਰੋਡ ਲੈਸਟਰ ਦੇ ਪ੍ਰਧਾਨ ਸ: ਗੁਰਨਾਮ ਸਿੰਘ ਨਵਾਂ ਸ਼ਹਿਰ ਨੇ ਦੱਸਿਆ ਕਿ ਗੁਰੂ ਘਰ ਦੀਆਂ ਸਮੂਹ ਸੰਗਤਾਂ ਅਤੇ ਪ੍ਰਬੰਧਕ ਕਮੇਟੀ ਵੱਲੋਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਆਗਮਨ ਪੁਰਬ ਦੀਆਂ ਖੁਸ਼ੀਆਂ ਨੂੰ ਸਾਂਝਾ ਕਰਨ ਅਤੇ ਗੁਰੂ ਸਾਹਿਬ ਦਾ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦੁਨੀਆ ਵਿੱਚ ਪਹੁੰਚਾਉਣ ਲਈ 16 ਨਵੰਬਰ ਦਿਨ ਐਤਵਾਰ ਨੂੰ ਨਗਰ ਕੀਰਤਨ ਆਯੋਜਿਤ ਕੀਤਾ ਜਾ ਰਿਹਾ ਹੈ।***


ਸ: ਗੁਰਨਾਮ ਸਿੰਘ ਨਵਾਂ ਸ਼ਹਿਰ

ਉਹਨਾਂ ਕਿਹਾ ਕਿ ਇਹ ਨਗਰ ਕੀਰਤਨ ਸ੍ਰੀ ਗੁਰੂ ਤੇਗ ਬਹਾਦਰ ਗੁਰ-ਦੁਆਰਾ ਸਾਹਿਬ ਈਸਟ ਪਾਰਕ ਰੋਡ ਤੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਪੰਜਾਂ ਪਿਆਰਿਆਂ ਅਤੇ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਹੇਠ ਸਵੇਰੇ 11 ਵਜੇ ਚਾਲੇ ਪਾਵੇਗਾ ਅਤੇ ਸ੍ਰੀ ਗੁਰੂ ਨਾਨਕ ਗੁਰਦੁਆਰਾ 9 ਹੋਲੀ ਬੋਨਜ਼ ਰੋਡ ਵਿਖੇ ਦੁਪਹਿਰ 2:00 ਵਜੇ ਦੇ ਕਰੀਬ ਪਹੁੰਚ ਕੇ ਸਮਾਪਤੀ ਹੋਵੇਗੀ, ਉਪਰੰਤ ਧਾਰਮਿਕ ਦੀਵਾਨ ਸਜਣਗੇ। ਸ: ਗੁਰਨਾਮ ਸਿੰਘ ਨੇ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਹੈ ਕਿ ਨਗਰ ਕੀਰਤਨ ਵਿੱਚ ਸ਼ਾਮਿਲ ਹੋਣ ਲਈ ਗੁਰੂ ਘਰ ਵਿਖੇ ਸਮੇਂ ਸਿਰ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਓ। ਉਹਨਾਂ ਕਿਹਾ ਇਸ ਗੁਰੂ ਘਰ ਵਿਖੇ 15 ਨਵੰਬਰ 2025 ਸ਼ਨਿੱਚਰਵਾਰ ਨੂੰ ਦੁਪਹਿਰ 1:00 ਵਜੇ ਅੰਮ੍ਰਿਤ ਸੰਚਾਰ ਹੋਵੇਗਾ ਅਤੇ ਕਕਾਰਾਂ ਦੀ ਸੇਵਾ ਗੁਰੂ ਘਰ ਵੱਲੋਂ ਹੋਵੇਗੀ।

ਉਹਨਾਂ ਹੋਰ ਦੱਸਿਆ ਕਿ ਇਸ ਗੁਰੂ ਘਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ 350ਵਾਂ ਸ਼ਹੀਦੀ ਪੁਰਬ ਵੀ ਹਫ਼ਤਾ ਭਰ ਮਨਾਇਆ ਜਾ ਰਿਹਾ ਹੈ, ਜਿਸ ਲਈ 19 ਨਵੰਬਰ ਦਿਨ ਬੁੱਧਵਾਰ ਸ਼ਾਮ 4:00 ਵਜੇ ਤੋਂ 25 ਨਵੰਬਰ ਮੰਗਲਵਾਰ ਸ਼ਾਮ ਤੱਕ ਪੂਰਾ ਹਫਤਾ ਰੋਜ਼ਾਨਾ ਦੀਵਾਨ ਸਜਾਏ ਜਾਣਗੇ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸੋਮਵਾਰ 25-11-2025 ਸ਼ਾਮ 4:00 ਵਜੇ ਪਾਏ ਜਾਣਗੇ ਤੇ ਦੀਵਾਨ ਸਜੇਗਾ, ਜਿਸ ਦੌਰਾਨ ਪ੍ਰਚਾਰਕ ਜਥੇ ਹਾਜ਼ਰੀ ਭਰਨਗੇ ਅਤੇ ਸੰਗਤਾਂ ਨੂੰ ਨਿਹਾਲ ਕਰਨਗੇ।

# ਗੈਰਕਾਨੂੰਨੀ ਢੰਗ ਨਾਲ ਕੰਮ ਕਰਨ ਵਾਲੇ ਪ੍ਰਵਾਸੀ ਵਿਦਿਆਰਥੀਆਂ ਤੇ ਸਖ਼ਤੀ ਕਰਨ ਜਾ ਰਹੀ ਹੈ ਬਰਤਾਨਵੀ ਸਰਕਾਰ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗ਼ੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਸਖ਼ਤੀ ਕਰਨ ਦੇ ਨਾਲ ਗੈਰਕਾਨੂੰਨੀ ਢੰਗ ਨਾਲ ਕੰਮ ਕਰਨ ਵਾਲੇ ਪ੍ਰਵਾਸੀਆਂ ਵਿਦਿਆਰਥੀਆਂ ਖ਼ਿਲਾਫ਼ ਵੀ ਬਰਤਾਨੀਆ ਸਰਕਾਰ ਸਖ਼ਤ ਕਾਰਵਾਈ ਕਰਨ ਦੇ ਰੁਖ਼ ਵਿੱਚ ਹੈ। ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਸਰਕਾਰ ਦੇ ਨਵੇਂ ਆਦੇਸ਼ਾਂ ਤਹਿਤ ਵਿਦਿਆਰਥੀਆਂ ਦੇ ਵੀਜ਼ਿਆਂ ਦੀ ਜਾਂਚ ਕੀਤੇ ਜਾਣ ਦੀ ਖ਼ਬਰ ਨੇ ਖਲਬਲੀ ਮਚਾ ਦਿੱਤੀ ਹੈ। ਜਿਸ ਵਿੱਚ ਵੱਡੀ ਗਿਣਤੀ ਭਾਰਤੀ ਵਿਦਿਆਰਥੀਆਂ ਦੀ ਦੱਸੀ ਜਾ ਰਹੀ ਹੈ। ਸਰਕਾਰ ਵੱਲੋਂ ਇਹ ਫੈਸਲਾ ਬੀਤੇ ਸਮੇਂ ਵਿੱਚ ਕਈ ਕੰਮਾਂ ਵਾਲੀਆਂ ਥਾਵਾਂ 'ਤੇ ਵਿਦਿਆਰਥੀਆਂ ਦੇ ਗ਼ੈਰ-ਕਾਨੂੰਨੀ ਤੌਰ 'ਤੇ ਕੰਮ ਕਰਦੇ ਫੜੇ ਜਾਣ ਤੋਂ ਬਾਅਦ ਲਿਆ ਗਿਆ ਹੈ।**

ਪਿਛਲੇ ਇਕ ਵਰ੍ਹੇ ਦੌਰਾਨ ਯੂ.ਕੇ. 'ਚ 11000 ਛਾਪੇ ਮਾਰੇ ਗਏ, ਜਿਸ ਦੌਰਾਨ 8000 ਤੋਂ ਵੱਧ ਗੈਰਕਾਨੂੰਨੀ ਲੋਕਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਕੰਮ ਕਰਦੇ ਗ੍ਰਿਫਤਾਰ ਕੀਤਾ ਗਿਆ। ਜਿਹਨਾਂ ਵਿੱਚ ਜ਼ਿਆਦਾ ਗਿਣਤੀ ਫੂਡ ਡਲਿਵਰੀ, ਬਿਊਟੀ ਪਾਰਲਰ, ਕਾਰਾਂ ਧੋਣ ਵਾਲੀਆਂ ਥਾਵਾਂ ਆਦਿ ਸਨ।

ਗ੍ਰਹਿ ਮੰਤਰੀ ਸ਼ਾਬਾਨਾ ਮਹਿਮੂਦ ਨੇ ਕਿਹਾ ਹੈ ਗੈਰਕਾਨੂੰਨੀ ਕੰਮ ਕਰਨ ਨਾਲ ਇਸ ਦੇਸ਼ ਵਿੱਚ ਗੈਰਕਾਨੂੰਨੀ ਤੌਰ ਤੇ ਆਉਣ ਵਾਲੇ ਲੋਕਾਂ ਨੂੰ ਉਤਸ਼ਾਹ ਮਿਲਦਾ ਹੈ । ਪਰ ਇਹ ਹੁਣ ਹੋਰ ਅਜੇਹਾ ਨਹੀਂ ਹੋਵੇਗਾ ।

ਜਾਂਚ ਏਜੰਸੀਆਂ ਨੂੰ ਵਿਦਿਆਰਥੀ ਵੀਜ਼ੇ ਦੀ ਆੜ ਹੇਠ ਮਨੁੱਖੀ ਤਸਕਰੀ ਦੇ ਕਈ ਮਾਮਲੇ ਵੀ ਮਿਲੇ ਹਨ। ਇਹ ਲੋਕ ਏਜੰਟਾਂ ਰਾਹੀਂ ਵਿਦਿਆਰਥੀ ਵੀਜ਼ਾ 'ਤੇ ਯੂ ਕੇ ਆਉਂਦੇ ਹਨ ਤੇ ਕੁਝ ਮਹੀਨਿਆਂ ਬਾਅਦ ਹੀ ਪੜ੍ਹਾਈ ਛੱਡ ਕੇ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ ਜਾਂ ਉਹ ਕਾਲਜ ਜਾਂਦੇ ਹੀ ਨਹੀਂ ਹਨ। ਇਹ ਲੋਕ ਜਾਂਚ ਤੋਂ ਬਚਣ ਲਈ ਜਿੱਥੇ ਨਿਰਧਾਰਤ ਸਮੇਂ ਤੋਂ ਵੱਧ ਸਮਾਂ ਕੰਮ ਕਰਦੇ ਹਨ ਉੱਥੇ ਹੀ ਆਪਣੀ ਤਨਖ਼ਾਹ ਨਕਦੀ ਦੇ ਰੂਪ ਵਿੱਚ ਲੈਂਦੇ ਹਨ।

ਅੰਕੜਿਆਂ ਮੁਤਾਬਕ 2020 ਵਿੱਚ 20 ਹਜ਼ਾਰ ਤੋਂ ਵੱਧ ਭਾਰਤੀ ਵਿਦਿਆਰਥੀ ਬਰਤਾਨੀਆ ਆ ਕੇ ਵਾਪਸ ਨਹੀਂ ਮੁੜੇ ਅਤੇ ਵਰਸਟੇਅ ਕਰ ਗਏ, ਜਿਨ੍ਹਾਂ ਵਿੱਚੋਂ ਵੱਡੀ ਗਿਣਤੀ 'ਚ ਹੁਣ 'ਲਾਪਤਾ' ਹੋ ਚੁੱਕੇ ਹਨ। ਇਮੀਗ੍ਰੇਸ਼ਨ ਯੂ.ਕੇ. ਮੁਤਾਬਕ ਅਜੇਹਾ ਕਰਨ ਵਾਲਿਆਂ ਵਿੱਚ ਸਭ ਤੋਂ ਵੱਧ ਗਿਣਤੀ ਦੱਖਣੀ ਏਸ਼ੀਆਈ ਲੋਕਾਂ ਦੀ ਹੈ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਵਿਦਿਆਰਥੀ ਵੀਜ਼ੇ ਵਾਲੇ ਅਤੇ ਉਸ ਤੋਂ ਬਾਅਦ ਸੈਰ-ਸਪਾਟਾ ਵੀਜ਼ਾ ਵਾਲੇ ਲੋਕ ਸ਼ਾਮਲ ਹਨ।

ਦੇਸ਼ ਦੇ ਨਵੇਂ ਨਿਯਮਾਂ ਤਹਿਤ ਵਿਦਿਆਰਥੀ ਹੁਣ 24 ਮਹੀਨਿਆਂ ਦੀ ਬਜਾਏ ਸਿਰਫ਼ 18 ਮਹੀਨੇ ਹੀ ਬਰਤਾਨੀਆ ਵਿੱਚ ਰਹਿ ਸਕਣਗੇ। ਜੇਕਰ ਕਿਸੇ ਵਿਦਿਆਰਥੀ ਨੂੰ ਵੀਜ਼ਾ ਵਧਾਉਣਾ ਹੋਵੇ ਤਾਂ ਉਸ ਨੂੰ ਸਬੰਧਤ ਕਾਲਜ ਤੋਂ ਇੱਕ ਲੋੜੀਂਦਾ ਪੱਤਰ ਲਾਜ਼ਮੀ ਦੇਣਾ ਪਵੇਗਾ।

ਇਸ ਤੋਂ ਇਲਾਵਾ ਮੌਜੂਦਾ ਸਮੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪੜ੍ਹਾਈ ਦੌਰਾਨ ਹਫ਼ਤੇ ਵਿੱਚ 20 ਘੰਟੇ ਅਤੇ ਛੁੱਟੀਆਂ ਦੌਰਾਨ 40 ਘੰਟੇ ਕੰਮ ਕਰਨ ਦੀ ਇਜਾਜ਼ਤ ਹੈ। ਪਰ ਜਾਂਚ ਦੌਰਾਨ ਪਤਾ ਲੱਗਿਆ ਕਿ ਇਹਨਾਂ ਨਿਯਮਾਂ ਦੀ ਵੱਡੀ ਉਲੰਘਣਾ ਹੋ ਰਹੀ ਹੈ, ਜਿਸ ਦੇ ਮੱਦੇਨਜ਼ਰ ਪ੍ਰਵਾਸੀਆਂ ਨੂੰ ਫੜਨ ਲਈ ਸਟਾਰਮਰ ਸਰਕਾਰ ਨੇ ਇੱਕ ਵਿਸ਼ੇਸ਼ ਇਮੀਗ੍ਰੇਸ਼ਨ ਟੀਮ ਤਿਆਰ ਕੀਤੀ ਹੈ।

ਇਹ ਟੀਮਾਂ ਹਰ ਪੁਲਸ ਸਟੇਸ਼ਨ ਵਿੱਚ ਮੌਜੂਦ ਹਨ ਅਤੇ ਕਾਲਜਾਂ ਦੇ ਨਾਲ-ਨਾਲ ਕੰਮ ਵਾਲੀਆਂ ਥਾਵਾਂ 'ਤੇ ਵੀ ਅਚਾਨਕ ਛਾਪੇਮਾਰੀ ਕਰਦੀਆਂ ਹਨ। ਇਸ ਕਾਰਨ ਵਿਦਿਆਰਥੀਆਂ ਵਿੱਚ ਘਬਰਾਹਟ ਪੈਦਾ ਹੋ ਗਈ ਹੈ ਅਤੇ ਉਹ ਹੁਣ ਹਮੇਸ਼ਾ ਆਪਣੇ ਵੀਜ਼ਾ ਅਤੇ ਪਾਸਪੋਰਟ ਦਸਤਾਵੇਜ਼ ਨਾਲ ਰੱਖਦੇ ਹਨ, ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਪ੍ਰੇਸ਼ਾਨੀ ਨਾ ਹੋਵੇ।

# ਡੋਨਾਲਡ ਟਰੰਪ ਦੀ ਬੀਬੀਸੀ 'ਤੇ 1 ਬਿਲੀਅਨ ਡਾਲਰ (ਲਗਭਗ 760 ਮਿਲੀਅਨ ਪੌਂਡ) ਦਾ ਮੁਕੱਦਮਾ ਕਰਨ ਦੀ ਧਮਕੀ

## ਬਰਤਾਨੀਆ ਸਰਕਾਰ ਵੱਲੋਂ ਕਿਸੇ ਤਰ੍ਹਾਂ ਦੇ ਦਖ਼ਲ ਤੋਂ ਇਨਕਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀ ਬੀ ਸੀ ਵੱਲੋਂ ਪੇਸ਼ ਕੀਤੇ ਪੈਨੋਰਮਾ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਬਿਆਨ ਨੂੰ ਗਲਤ ਢੰਗ ਨਾਲ ਪੇਸ਼ ਕਰਨ ਦੇ ਮਾਮਲੇ ਵਿੱਚ ਟਰੰਪ ਦੀ ਕਾਨੂੰਨੀ ਧਮਕੀ 'ਤੇ ਬਰਤਾਨੀਆ ਸਰਕਾਰ ਨੇ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਹੈ।

ਬੀਤੇ ਕੱਲ੍ਹ ਅਮਰੀਕੀ ਰਾਸ਼ਟਰਪਤੀ ਨੇ ਬੀ ਬੀ ਸੀ ਨੂੰ ਸ਼ੁੱਕਰਵਾਰ ਤੱਕ ਦਾ ਸਮਾਂ ਦਿੱਤਾ ਹੈ ਅਤੇ ਕਿਹਾ ਹੈ ਕਿ ਜੇ ਬੀ ਬੀ ਸੀ ਨੇ ਮੁਆਫ਼ੀ ਮੰਗ ਕੇ ਮੁਆਵਜ਼ਾ ਨਹੀਂ ਦਿੱਤਾ ਤਾਂ ਬੀ ਬੀ ਸੀ 'ਤੇ 1 ਬਿਲੀਅਨ ਡਾਲਰ (ਲਗਭਗ 760 ਮਿਲੀਅਨ ਪੌਂਡ) ਦਾ ਮੁਕੱਦਮਾ ਦਾਇਰ ਕਰਨਗੇ। ਉਕਤ ਮਾਮਲੇ ਵਿੱਚ ਬਰਤਾਨੀਆ ਦੇ ਪ੍ਰਧਾਨ ਮੰਤਰੀ ਦਫ਼ਤਰ ਦੇ ਇੱਕ ਬੁਲਾਰੇ ਨੇ ਕਿਹਾ ਕਿ "ਇਹ ਬੀ ਬੀ ਸੀ ਦਾ ਮਾਮਲਾ ਹੈ।" ਇਹ ਪੁੱਛੇ ਜਾਣ 'ਤੇ ਕਿ ਕੀ ਸਰਕਾਰ ਕਿਸੇ ਵੀ ਅਦਾਲਤ ਦੁਆਰਾ ਅਮਰੀਕੀ ਰਾਸ਼ਟਰਪਤੀ ਨੂੰ ਦਿੱਤੇ ਜਾਣ ਵਾਲੇ ਹਰਜਾਨੇ ਲਈ ਭੁਗਤਾਨ ਕਰਨ ਵਿੱਚ ਮਦਦ ਕਰੇਗੀ, ਤਾਂ



ਉਨ੍ਹਾਂ ਕਿਹਾ ਕਿ ਇਹ ਇੱਕ ਕਾਲਪਨਿਕ ਸਵਾਲ ਹੈ।

ਬੁਲਾਰੇ ਨੇ ਕਿਹਾ ਕਿ"ਸਾਡੀ ਸਥਿਤੀ ਸਪੱਸ਼ਟ ਹੈ, ਬੀ ਬੀ ਸੀ ਸੁਤੰਤਰ ਹੈ ਅਤੇ ਇਹ ਕਾਰਪੋਰੇਸ਼ਨ ਦਾ ਕੰਮ ਹੈ ਕਿ ਉਹ ਆਪਣੇ ਸੰਪਾਦਕੀ ਫੈਸਲਿਆਂ ਬਾਰੇ ਸਵਾਲਾਂ ਦੇ ਜਵਾਬ ਦੇਵੇ ਅਤੇ ਸਾਡਾ ਸੁਰੱਖਿਆ ਸਮੇਤ ਸਾਂਝੀਆਂ ਤਰਜੀਹਾਂ 'ਤੇ ਅਮਰੀਕਾ ਨਾਲ ਨਜ਼ਦੀਕੀ ਸਬੰਧ ਹਨ।

ਬੁਲਾਰੇ ਨੇ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਨੇ ਧਮਕੀ ਵਾਲੀ ਕਾਨੂੰਨੀ ਕਾਰਵਾਈ ਬਾਰੇ ਟਰੰਪ ਨਾਲ ਗੱਲ ਨਹੀਂ ਕੀਤੀ ਹੈ।ਜ਼ਿਕਰਯੋਗ ਹੈ ਕਿ ਡੋਨਾਲਡ ਟਰੰਪ ਦੇ ਵਕੀਲ ਅਲੇਜੈਂਡਰੋ ਬ੍ਰਿਟੋ ਨੇ ਬੀ ਬੀ ਸੀ ਨੂੰ ਇੱਕ ਪੱਤਰ ਭੇਜਿਆ ਹੈ, ਜਿਸ ਵਿੱਚ ਕਿਹਾ ਹੈ ਕਿ ਜੇਕਰ ਪੈਨੋਰਮਾ ਦਸਤਾਵੇਜ਼ੀ ਨੂੰ "ਪੂਰਾ ਅਤੇ ਨਿਰਪੱਖ" ਵਾਪਸ ਲੈਣ ਦੇ ਨਾਲ ਨਾਲ ਹੀ ਅਮਰੀਕੀ ਰਾਸ਼ਟਰਪਤੀ ਬਾਰੇ ਕਿਸੇ ਵੀ ਹੋਰ "ਝੂਠੇ, ਅਪਮਾਨਜਨਕ, ਗੁੰਮਰਾਹਕੁੰਨ ਅਤੇ ਭੜਕਾਊ ਬਿਆਨ" ਨੂੰ ਵਾਪਸ ਲੈਂਦਿਆਂ ਤੁਰੰਤ ਮੁਆਫੀ ਮੰਗਣ, ਟਰੰਪ ਨੂੰ ਹੋਏ ਨੁਕਸਾਨ ਲਈ "ਢੁਕਵਾਂ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਪੱਤਰ ਦੇ ਜਵਾਬ ਲਈ ਸ਼ੁੱਕਰਵਾਰ 14 ਨਵੰਬਰ ਨੂੰ 22:00 ਵਜੇ (ਯੂ ਕੇ) ਤੱਕ ਦਾ ਸਮਾਂ ਨਿਰਧਾਰਤ ਕੀਤਾ ਹੈ।ਅਜਿਹਾ ਨਾ ਕਰਨ ਤੇ 1 ਬਿਲੀਅਨ ਡਾਲਰ (ਲਗਭਗ 760 ਮਿਲੀਅਨ ਪੌਂਡ) ਤੋਂ ਵੱਧ ਦੇ ਹਰਜਾਨੇ ਲਈ ਮਾਣਹਾਨੀ ਦਾ ਮੁਕੱਦਮਾ ਚਲਾਇਆ ਜਾਵੇਗਾ।

ਬੀ ਬੀ ਸੀ ਦੇ ਚੇਅਰਪਰਸਨ ਸਮੀਰ ਸ਼ਾਹ ਨੇ ਸਵੀਕਾਰ ਕੀਤਾ ਕਿ ਪੈਨੋਰਮਾ ਨੇ ਟਰੰਪ ਦੇ ਭਾਸ਼ਣ ਦੇ ਵੱਖ-ਵੱਖ ਹਿੱਸਿਆਂ ਨੂੰ ਇਕੱਠਾ ਕਰਕੇ "ਨਿਰਣੇ ਦੀ ਗਲਤੀ" ਕੀਤੀ ਹੈ।ਉਨ੍ਹਾਂ ਕਿਹਾ ਕਿ ਬੀ ਬੀ ਸੀ ਟਰੰਪ ਦੇ ਪੱਤਰ ਦਾ "ਸਮੇਂ ਸਿਰ" ਜਵਾਬ ਦੇਵੇਗਾ।

# ਹਵਾਰਾ ਕਮੇਟੀ ਨੇ ਕਿਹਾ ਕਿ ਭਾਜਪਾ ਤਾਲਿਬਾਨੀਆਂ ਨਾਲ ਸਮਝੌਤਾ ਕਰ ਸਕਦੀ ਹੈ ਤਾਂ ਬੰਦੀ ਸਿੰਘਾਂ ਨੂੰ ਰਿਹਾਅ ਕਿਉਂ ਨਹੀਂ ਕਰ ਸਕਦੀ



**ਅੰਮ੍ਰਿਤਸਰ-ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਨੇ ਸਵਾਲ ਕਰਦੇ ਹੋਏ ਕਿਹਾ ਕਿ ਜੇਕਰ ਤਾਲਿਬਾਨੀਆਂ ਜਿਨ੍ਹਾਂ ਨੂੰ ਭਾਜਪਾ ਅੱਤਵਾਦੀ ਕਹਿੰਦੀ ਸੀ ਦੀ ਸਰਕਾਰ ਨਾਲ ਸਮਝੌਤਾ ਕਰਕੇ ਕਾਬਲ ਵਿਖੇ ਭਾਰਤੀ ਦੂਤਘਰ ਖੋਲ੍ਹਣ ਦਾ ਫ਼ੈਸਲਾ ਹੋ ਸਕਦਾ ਹੈ ਤਾਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਜੇਲ੍ਹਾਂ 'ਚੋਂ ਰਿਹਾਅ ਕਿਉਂ ਨਹੀਂ ਕੀਤਾ ਜਾ ਸਕਦਾ ? ਇਕ ਸਾਂਝੇ ਬਿਆਨ ਰਾਹੀਂ ਕਮੇਟੀ ਦੇ ਬੁਲਾਰੇ ਪ੍ਰੋ: ਬਲਜਿੰਦਰ ਸਿੰਘ, ਬਾਪੂ ਗੁਰਚਰਨ ਸਿੰਘ, ਡਾ: ਸੁਖਦੇਵ ਸਿੰਘ ਬਾਬਾ ਅਤੇ ਮਹਾਬੀਰ ਸਿੰਘ ਸੁਲਤਾਨਵਿੰਡ ਨੇ ਕਿਹਾ ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰੀ ਆਮੀਰ ਖ਼ਾਨ ਮੁਤਾਕੀ ਦੀ ਭਾਰਤ ਫੇਰੀ ਦੌਰਾਨ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਲਈ ਭਾਰਤ ਵਲੋਂ ਕਾਬਲ ਵਿਖੇ ਦੂਤਘਰ ਖੋਲਿਆ ਜਾ ਰਿਹਾ ਹੈ ਜਦਕਿ ਵੱਖ-ਵੱਖ ਮੁਲਕਾਂ ਨੇ ਮੌਜੂਦਾ ਅਫ਼ਗਾਨਿਸਤਾਨ ਸਰਕਾਰ ਨੂੰ ਅਜੇ ਤੱਕ ਮਾਨਤਾ ਨਹੀਂ ਦਿੱਤੀ।**

# ਟਰੰਪ ਨੇ ਸੁਪਰੀਮ ਕੋਰਟ ਨੂੰ ਜਿਨਸੀ ਸ਼ੋਸ਼ਣ ਮਾਮਲੇ 'ਤੇ ਮੁੜ ਵਿਚਾਰ ਕਰਨ ਲਈ ਕਿਹਾ

**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕੀ ਸੁਪਰੀਮ ਕੋਰਟ ਨੂੰ ਕਿਹਾ ਹੈ ਕਿ ਉਹ 50 ਲੱਖ ਡਾਲਰ ਸਿਵਲ ਮਾਮਲੇ 'ਤੇ ਮੁੜ ਵਿਚਾਰ ਕਰੇ ਜਿਸ ਵਿੱਚ ਉਸ ਉਪਰ ਮੈਗਜੀਨ ਕਾਲਮਨਵੀਸ ਈ ਜੀਨ ਕੈਰੋਲ ਨਾਲ ਜਿਨਸੀ ਸ਼ੋਸ਼ਣ ਕਰਨ ਤੇ ਉਸ ਨੂੰ ਬਦਨਾਮ ਕਰਨ ਦੇ ਦੋਸ਼ ਲਾਏ ਗਏ ਸਨ। ਪਿਛਲੇ ਸਾਲ ਸੰਘੀ ਅਪੀਲ ਕੋਰਟ ਨੇ ਟਰੰਪ ਵਿਰੁੱਧ 50 ਲੱਖ ਡਾਲਰ ਜੁਰਮਾਨਾ ਲਾਉਣ ਦੇ ਜਿਊਰੀ ਦੇ ਫੈਸਲੇ ਦੀ ਪੁਸ਼ਟੀ ਕਰ ਦਿੱਤੀ ਸੀ।**

ਟਰੰਪ ਨੇ ਦਾਅਵਾ ਕੀਤਾ ਸੀ ਕਿ ਜੱਜ ਲੇਵਿਸ ਕਪਲਾਨ ਨੇ ਜਿਊਰੀ ਨੂੰ ਕੈਰੋਲ ਸਮੇਤ 2 ਔਰਤਾਂ ਦੁਆਰਾ ਕਈ ਸਾਲ ਪਹਿਲਾਂ ਉਸ ਵਿਰੁੱਧ ਜਿਨਸੀ ਹਮਲੇ ਦੇ ਲਾਏ ਗਏ ਦੋਸ਼ਾਂ ਦੀ ਸੁਣਵਾਈ ਕਰਨ ਦੀ ਇਜਾਜਤ ਦੇਣ ਸਮੇ ਕਈ ਗਲਤੀਆਂ ਕੀਤੀਆਂ ਹਨ।

# ਅਮਰੀਕੀ ਰਾਸ਼ਟਰਪਤੀ ਦੇ ਬਿਆਨ ਨੂੰ ਗਲਤ ਢੰਗ ਨਾਲ ਪੇਸ਼ ਕਰਨ ਤੇ ਬੀ ਬੀ ਸੀ ਨੇ ਮੰਗੀ ਮੁਆਫੀ

## ਡਾਇਰੈਕਟਰ ਜਨਰਲ ਟਿਮ ਡੇਵੀ ਅਤੇ ਨਿਊਜ਼ ਸੀ ਈ ਓ ਡੇਬੋਰਾ ਟਰਨੇਸ ਨੇ ਦਿੱਤਾ ਅਸਤੀਫਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਅਮਰੀਕੀ ਰਾਸ਼ਟਰਪਤੀ ਦੇ ਬਿਆਨ ਨੂੰ ਗਲਤ ਢੰਗ ਨਾਲ ਪੇਸ਼ ਕਰਨ ਤੇ ਬੀ ਬੀ ਸੀ ਵਿਰੁੱਧ ਵਿਵਾਦ ਪੈਦਾ ਹੋ ਗਿਆ ਹੈ। ਜਿਸ ਨੂੰ ਲੈ ਕੇ ਬੀ ਬੀ ਸੀ ਦੇ ਡਾਇਰੈਕਟਰ ਜਨਰਲ ਟਿਮ ਡੇਵੀ ਅਤੇ ਨਿਊਜ਼ ਸੀ ਈ ਓ ਡੇਬੋਰਾ ਟਰਨੇਸ ਨੇ ਅਸਤੀਫਾ ਦੇ ਦਿੱਤਾ। ਬੀ ਬੀ ਸੀ ਪੈਨੋਰਮਾ ਡਾਕਿਊਮੈਂਟਰੀ ਵਿੱਚ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੇ ਭਾਸ਼ਣ ਨੂੰ ਐਡਿਟ ਕਰਕੇ ਦਰਸ਼ਕਾਂ ਨੂੰ ਗੁੰਮਰਾਹ ਕਰਨ ਦੇ ਦੋਸ਼ ਲੱਗਣ ਤੇ ਹੋਈ ਆਲੋਚਨਾ ਤੋਂ ਬਾਅਦ ਇਹ ਅਸਤੀਫੇ ਆਏ ਹਨ। ਇੱਕ ਬਿਆਨ ਵਿੱਚ ਟਿਮ ਡੇਵੀ ਨੇ ਕਿਹਾ ਕਿ, ਕੁਝ ਗਲਤੀਆਂ ਹੋਈਆਂ ਹਨ ਅਤੇ ਡਾਇਰੈਕਟਰ ਜਨਰਲ ਹੋਣ ਦੇ ਨਾਤੇ ਮੈਨੂੰ ਉਨ੍ਹਾਂ ਦੀ ਪੂਰੀ ਜ਼ਿੰਮੇਦਾਰੀ ਲੈਣੀ ਪਵੇਗੀ।**


ਡਾਇਰੈਕਟਰ ਜਨਰਲ ਟਿਮ ਡੇਵੀ ਅਤੇ ਨਿਊਜ਼ ਸੀ ਈ ਓ ਡੇਬੋਰਾ ਟਰਨੇਸ

ਬੀ ਬੀ ਸੀ ਦੇ ਚੇਅਰਮੈਨ ਸਮੀਰ ਸ਼ਾਹ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਤੋਂ ਮੁਆਫੀ ਮੰਗੀ ਹੈ। ਟੈਲੀਗ੍ਰਾਫ ਨੇ ਸੋਮਵਾਰ ਨੂੰ ਬੀ ਬੀ ਸੀ ਦੇ ਇੱਕ ਲੀਕ ਹੋਏ ਅੰਦਰੂਨੀ ਮੈਮੋ ਦੇ ਵੇਰਵੇ ਪ੍ਰਕਾਸ਼ਿਤ ਕੀਤੇ, ਜਿਨ੍ਹਾਂ ਵਿੱਚ ਕਿਹਾ ਗਿਆ ਕਿ ਪੈਨੋਰਮਾ ਪ੍ਰੋਗਰਾਮ ਵਿੱਚ ਅਮਰੀਕੀ ਰਾਸ਼ਟਰਪਤੀ ਦੇ ਭਾਸ਼ਣ ਦੇ ਦੋ ਹਿੱਸਿਆਂ ਨੂੰ ਕੱਟ ਕੇ ਜੋੜਿਆ ਗਿਆ ਤਾਂ ਜੋ ਇਹ ਦਿਖਾਈ ਦੇਵੇ ਕਿ ਜਨਵਰੀ 2021 ਵਿੱਚ ਕੈਪੀਟਲ ਹਿੱਲ ਦੰਗਿਆਂ ਨੂੰ ਟਰੰਪ ਸਪਸ਼ਟ ਤੌਰ 'ਤੇ ਉਤਸ਼ਾਹਿਤ ਕਰ ਰਹੇ ਸਨ।

ਬ੍ਰਿਟਿਸ਼ ਆਗੂਆਂ ਨੇ ਉਮੀਦ ਜਤਾਈ ਹੈ ਕਿ ਇਨ੍ਹਾਂ ਅਸਤੀਫ਼ਿਆਂ ਨਾਲ ਬਦਲਾਅ ਆਵੇਗਾ। ਟਰੰਪ ਨੇ ਵੀ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਪਰ ਨਾਲ ਹੀ ਬੀ ਬੀ ਸੀ ਤੇ ਮਾਨਹਾਨੀ ਦਾ ਦਾਅਵਾ ਕਰਨ ਦੀ ਗੱਲ ਕਹੀ ਹੈ।

ਡਾਇਰੈਕਟਰ ਜਨਰਲ ਅਤੇ ਬੀ ਬੀ ਸੀ ਨਿਊਜ਼ ਦੇ ਮੁਖੀ ਦਾ ਇੱਕੋ ਦਿਨ ਅਸਤੀਫ਼ਾ ਦੇਣਾ ਹੈਰਾਨੀਜਨਕ ਹੈ। ਟਿਮ ਡੇਵੀ ਤੇ ਟਰਨੇਸ ਨੇ ਅਸਤੀਫੇ ਪਿੱਛੇ ਦੇ ਕਾਰਨ ਦੱਸਦਿਆਂ ਕਿਹਾ ਕਿ ਸਾਰੀਆਂ ਜਨਤਕ ਸੰਸਥਾਵਾਂ ਵਾਂਗ ਬੀ ਬੀ ਸੀ ਵਿੱਚ ਵੀ ਸਭ ਸਹੀ ਨਹੀਂ ਹੈ ਅਤੇ ਸਾਨੂੰ ਹਮੇਸ਼ਾ ਖੁੱਲ੍ਹ ਕੇ ਪਾਰਦਰਸ਼ੀ ਅਤੇ ਜਵਾਬਦੇਹ ਰਹਿਣਾ ਚਾਹੀਦਾ ਹੈ।

# ਨਿਯਮਾਂ ਦੀ ਉਲੰਘਣਾ ਤੋਂ ਬਾਅਦ ਬਰਤਾਨਵੀ ਭਾਰਤੀ ਮੰਤਰੀ ਲੀਜ਼ਾ ਨੰਦੀ ਨੇ ਮੰਗੀ ਮੁਆਫ਼ੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਸੱਭਿਆਚਾਰ, ਮੀਡੀਆ ਅਤੇ ਖੇਡ ਮੰਤਰੀ ਲੀਜ਼ਾ ਨੰਦੀ ਨੇ ਇੰਗਲੈਂਡ ਦੇ ਨਵੇਂ ਫੁੱਟਬਾਲ ਨਿਗਰਾਨ ਦੀ ਨਿਯੁਕਤੀ ਕਰਦੇ ਸਮੇਂ ਦੇਸ਼ ਦੇ ਜਨਤਕ ਨਿਯੁਕਤੀ ਨਿਯਮਾਂ ਦੀ "ਅਣਜਾਣੇ ਵਿੱਚ" ਉਲੰਘਣਾ ਮਾਮਲੇ ਵਿੱਚ ਪ੍ਰਧਾਨ ਮੰਤਰੀ ਕੀਰ ਸਟਾਰਮਰ ਤੋਂ ਮੁਆਫ਼ੀ ਮੰਗੀ ਹੈ। ਜਨਤਕ ਨਿਯੁਕਤੀਆਂ ਲਈ ਸੁਤੰਤਰ ਕਮਿਸ਼ਨਰ, ਸਰ ਵਿਲੀਅਮ ਸ਼ਾਕਰੌਸ, ਨੇ ਆਪਣੀ ਰਿਪੋਰਟ ਵਿੱਚ ਦੱਸਿਆ ਕਿ ਡੇਵਿਡ ਕੋਗਨ ਦੀ ਨਿਯੁਕਤੀ ਵਿੱਚ ਪਿਛਲੇ ਮਹੀਨੇ ਸ਼ਾਸਨ ਕੋਡ ਦੀ ਉਲੰਘਣਾ ਹੋਈ ਹੈ ਕਿਉਂਕਿ ਉਸਨੇ ਪੰਜ ਸਾਲ ਪਹਿਲਾਂ ਬਰਤਾਨਵੀ ਭਾਰਤੀ ਮੰਤਰੀ ਦੀ ਲੇਬਰ ਲੀਡਰਸ਼ਿਪ ਮੁਹਿੰਮ ਲਈ ਕੁੱਲ 2,900 ਪੌਂਡ ਦੇ ਦੋ ਦਾਨ ਦਿੱਤੇ ਸਨ। ਕਮਿਸ਼ਨਰ ਨੂੰ ਪਤਾ ਲੱਗਿਆ ਕਿ ਉਸਨੇ ਅਣਜਾਣੇ ਵਿੱਚ ਨਿਯਮਾਂ ਦੀ ਉਲੰਘਣਾ ਕੀਤੀ ਹੈ। ਚੋਣ ਤੋਂ ਪਹਿਲਾਂ ਉਸਨੂੰ ਜਾਂਚ ਕਰਨੀ ਚਾਹੀਦੀ ਸੀ।


ਲੀਜ਼ਾ ਨੰਦੀ

# ਸਿੱਖਾਂ ਤੇ ਹੋ ਰਹੇ ਨਸਲੀ ਹਮਲਿਆਂ ਨੂੰ ਲੈ ਕੇ ਸਿੱਖ ਸਾਂਸਦਾਂ ਨੇ ਪੁਲਿਸ ਮੰਤਰੀ ਨਾਲ ਕੀਤੀ ਮੁਲਾਕਾਤ


ਬਰਤਾਨੀਆ ਦੀ ਸੰਸਦ ਵਿੱਚ ਸਿੱਖ ਨਫ਼ਰਤੀ ਅਪਰਾਧਾਂ ਨੂੰ ਲੈ ਕੇ ਪੁਲਿਸ ਮੰਤਰੀ ਨਾਲ ਮੁਲਾਕਾਤ ਕਰਨ ਮੌਕੇ ਸਿੱਖ ਸੰਸਦ ਮੈਂਬਰ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਸਿੱਖ ਸੰਸਦ ਮੈਂਬਰਾਂ ਨੇ ਬੀਤੇ ਦਿਨੀ ਬਰਤਾਨੀਆ ਦੀ ਸੰਸਦ ਵਿੱਚ ਪੁਲਿਸ ਮੰਤਰੀ ਸਾਰਾਹ ਜੋਨਸ ਨਾਲ ਮੁਲਾਕਾਤ ਕਰਕੇ ਸਿੱਖ ਵਿਰੋਧੀ ਨਫਰਤੀ ਅਪਰਾਧਾਂ ਬਾਰੇ ਚਰਚਾ ਕੀਤੀ। ਸਿੱਖ ਸਾਂਸਦ ਮੈਂਬਰਾਂ ਨੇ ਦੱਸਿਆ ਕਿ ਪਿਛਲੇ 2 ਮਹੀਨਿਆਂ ਵਿੱਚ, ਅਸੀਂ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ 5 ਨਸਲਵਾਦੀ ਘਟਨਾਵਾਂ ਵੇਖੀਆਂ ਹਨ, ਜਿਨ੍ਹਾਂ ਵਿੱਚ ਦੋ ਘਿਨਾਉਣੇ ਨਸਲੀ ਤੌਰ 'ਤੇ ਵਧੇ ਹੋਏ ਅਪਰਾਧਾਂ ਵਿੱਚ ਬਲਾਤਕਾਰ ਦੀਆਂ ਘਟਨਾਵਾਂ ਸ਼ਾਮਲ ਹਨ। ਸਿੱਖ ਸੰਸਦ ਮੈਂਬਰਾਂ ਨੇ ਕਿਹਾ ਕਿ ਸਾਨੂੰ ਇਸ ਹਿੰਸਾ ਨੂੰ ਰੋਕਣ ਦੀ ਲੋੜ ਹੈ ਇਸ ਤੋਂ ਪਹਿਲਾਂ ਕਿ ਹੋਰ ਲੋਕ ਸਦਮੇ ਵਿੱਚ ਆਉਣ।**

ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਸਿੱਖਸ ਦੇ ਚੇਅਰਮੈਨ ਜਸਬੀਰ ਸਿੰਘ ਜੱਸ ਅਠਵਾਲ ਨੇ ਕਿਹਾ ਕਿ ਪੁਲਿਸਿੰਗ ਦੇ ਨਾਲ-ਨਾਲ, ਸਾਨੂੰ ਉਨ੍ਹਾਂ ਤਰੀਕਿਆਂ ਨਾਲ ਵੀ ਨਜਿੱਠਣ ਦੀ ਲੋੜ ਹੈ ਜਿਨ੍ਹਾਂ ਵਿੱਚ ਗਲਤ ਜਾਣਕਾਰੀ, ਨਸਲਵਾਦ, ਨਫ਼ਰਤ ਅਤੇ ਹਿੰਸਾ ਨੂੰ ਭੜਕਾਉਂਦੇ ਹਨ। ਐਮ ਪੀ ਪ੍ਰੀਤ ਕੌਰ ਗਿੱਲ ਨੇ ਕਿਹਾ 71 ਫੀਸਦੀ ਨਸਲੀ ਹਮਲੇ ਦਰਜ਼ ਹੋਏ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਜਨਗੰਣਨਾ ਵਿੱਚ ਐਥਨਿਕ ਰੂਪ ਵਿੱਚ ਗਿਣਿਆ ਜਾਣਾ ਚਾਹੀਦਾ ਹੈ। ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਦੇ ਅੰਕੜੇ ਸ਼ਪਸ਼ਟ ਕਰਨ ਦੀ ਲੋੜ ਹੈ।

ਇਸ ਮੀਟਿੰਗ ਵਿੱਚ ਐਮ ਪੀ ਪ੍ਰੀਤ ਕੌਰ ਗਿੱਲ, ਐਮ ਪੀ ਜਸ ਅਠਵਾਲ, ਐਮ ਪੀ ਬਾਗੀ ਸ਼ੰਕਰ, ਐਮ ਪੀ ਤਾਈਵੋ, ਐਮ ਪੀ ਕਿਰਿਥ ਐਂਟਵਿਸਲ, ਐਮ ਪੀ ਹਰਪ੍ਰੀਤ ਕੌਰ ਉੱਪਲ, ਐਮ ਪੀ ਤਨਮਨਜੀਤ ਸਿੰਘ ਢੇਸੀ, ਐਮ ਪੀ ਵਰਿੰਦਰ ਸਿੰਘ ਜੱਸ, ਐਮ ਪੀ ਵੈਲੇਰੀ ਵਾਜ਼, ਐਮ ਪੀ ਗੁਰਿੰਦਰ ਸਿੰਘ ਜੋਸਨ, ਐਮ ਪੀ ਸੂਰੀਨਾ ਬ੍ਰੈਕਨ ਬ੍ਰਿਜ, ਐਮ ਪੀ ਵੈਂਡੀ ਮੋਰਟਨ ਵੀ ਸ਼ਾਮਲ ਸਨ।

# ਬੱਚੇ ਦੇ ਕਤਲ ਮਾਮਲੇ ਵਿੱਚ ਪਿਤਾ ਨੂੰ ਹੋਈ ਉਮਰ ਕੈਦ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਦੇ ਹਾਊਟਨ ਰੇਜਿਸ ਸ਼ਹਿਰ ਵਿੱਚ ਛੇ ਮਹੀਨੇ ਦੇ ਬੱਚੇ ਆਰਚੀ ਵੂਡਬ੍ਰਿਜ ਦੇ ਕਤਲ ਨੇ ਪੂਰੇ ਦੇਸ਼ ਨੂੰ ਹਿਲਾ ਦਿੱਤਾ ਹੈ। ਅਦਾਲਤ ਨੇ ਬੱਚੇ ਦੀ ਮਾਂ ਦੇ ਦੋਸਤ ਕੀਰਨ ਹੰਫਰੀਜ਼ (33) ਨੂੰ ਕਤਲ ਦਾ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਵਿੱਚ ਬੱਚੇ ਦੀ ਮਾਂ ਸਾਸਕੀਆ ਵੂਡਬ੍ਰਿਜ ਨੇ ਰੋਂਦਿਆਂ ਦੱਸਿਆ ਕਿ ਉਸਦਾ ਪੁੱਤਰ ਉਸਦੀ ਪੂਰੀ ਦੁਨੀਆ ਸੀ। ਉਸਨੇ ਕਿਹਾ, "ਕੀਰਨ ਨੇ ਮੇਰਾ ਪੁੱਤਰ ਮੇਰੇ ਤੋਂ ਛੀਣ ਲਿਆ। ਉਸਨੇ ਜੋ ਕੀਤਾ, ਉਹ ਬੁਰਾਈ ਦੀ ਹੱਦ ਤੋਂ ਵੀ ਪਰੇ ਸੀ। ਮੇਰੇ ਬੱਚੇ ਦਾ ਕਤਲ ਬੇਮਿਸਾਲ ਬੁਰਾਈ ਸੀ।" ਪੁਲਿਸ ਜਾਂਚ ਅਨੁਸਾਰ ਕੀਰਨ ਹੰਫਰੀਜ਼ ਉਸ ਦਿਨ ਬੱਚੇ ਦੀ ਦੇਖਭਾਲ ਕਰ ਰਿਹਾ ਸੀ ਜਦੋਂ ਉਸਨੇ ਬੱਚੇ ਨੂੰ ਬੁਰੇ ਤਰੀਕੇ ਨਾਲ ਹਿਲਾਇਆ। ਇਸ ਕਾਰਨ ਬੱਚੇ ਨੂੰ ਸਿਰ 'ਤੇ ਗੰਭੀਰ ਚੋਟਾਂ ਲੱਗੀਆਂ। ਬੱਚੇ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ ਪਰ ਡਾਕਟਰ ਵੀ ਉਸਨੂੰ ਬਚਾ ਨਹੀਂ ਸਕੇ। ਜਾਂਚ ਦੌਰਾਨ ਮਿਲੇ ਸਬੂਤਾਂ ਦੇ ਆਧਾਰ 'ਤੇ ਅਦਾਲਤ ਨੇ ਹੰਫਰੀਜ਼ ਨੂੰ ਕਤਲ ਦਾ ਦੋਸ਼ੀ ਮੰਨਦਿਆਂ ਜ਼ਿੰਦਗੀ ਭਰ ਕੈਦ ਦੀ ਸਜ਼ਾ ਸੁਣਾਈ। ਡਿਟੈਕਟਿਵ ਚੀਫ ਇੰਸਪੈਕਟਰ ਨਿਕ ਗਾਰਡਨਰ ਨੇ ਮਾਮਲੇ ਨੂੰ ਬਹੁਤ ਹੀ ਦਰਦਨਾਕ ਦੱਸਦਿਆਂ ਅਤੇ ਕਿਹਾ ਕਿ ਇੱਕ ਮਾਸੂਮ ਬੱਚੇ ਦੀ ਜਾਨ ਉਸੇ ਵਿਅਕਤੀ ਨੇ ਲੈ ਲਈ ਜੋ ਉਸਦੀ ਸੰਭਾਲ ਲਈ ਜ਼ਿੰਮੇਵਾਰ ਸੀ। ਉਹਨਾਂ ਕਿਹਾ, "ਅਸੀਂ ਪਰਿਵਾਰ ਦੇ ਦੁੱਖ ਨੂੰ ਪੂਰੀ ਤਰ੍ਹਾਂ ਸਮਝ ਸਕਦੇ ਹਾਂ ਅਤੇ ਉਨ੍ਹਾਂ ਨਾਲ ਹਮਦਰਦੀ ਪ੍ਰਗਟ ਕਰਦੇ ਹਾਂ।"ਸਾਸਕੀਆ ਵੂਡਬ੍ਰਿਜ ਨੇ ਕਿਹਾ ਕਿ ਆਰਚੀ ਉਸਦਾ ਸਭ ਕੁਝ ਸੀ ਅਤੇ ਉਸਦੀ ਮੌਤ ਨਾਲ ਉਸਦੀ ਜ਼ਿੰਦਗੀ ਖਾਲੀ ਹੋ ਗਈ ਹੈ। ਉਸਨੇ ਕਿਹਾ, "ਮੈਂ ਹਮੇਸ਼ਾ ਮਾਂ ਬਣਨ ਦਾ ਸੁਪਨਾ ਦੇਖਿਆ ਸੀ, ਪਰ ਹੁਣ ਮੇਰਾ ਸੁਪਨਾ ਟੁੱਟ ਗਿਆ ਹੈ।" ਉਸਨੇ ਅਪੀਲ ਕੀਤੀ ਕਿ ਹੋਰ ਕਿਸੇ ਮਾਂ ਨੂੰ ਇਹ ਦਰਦ ਨਾ ਸਹਿਣਾ ਪਵੇ ਅਤੇ ਬੱਚਿਆਂ ਦੀ ਸੁਰੱਖਿਆ ਲਈ ਲੋਕ ਹੋਰ ਜਾਗਰੂਕ ਹੋਣ।

ਕਰਾਈਮ ਨਿਊਜ਼

## ਲੁਧਿਆਣਾ ਵਿਚ ਪੁੱਤ ਦੀ ਆਸ਼ਕੀ ਕਾਰਣ ਮਾਂ ਨੇ ਖਾਧੀ ਜ਼ਹਿਰ !

ਲੁਧਿਆਣਾ-21 ਸਾਲਾ ਮੁੰਡੇ ਵੱਲੋਂ ਗੁਆਂਢ ਵਿਚ ਰਹਿਣ ਵਾਲੀ ਕੁੜੀ ਨਾਲ ਪਿਆਰ ਕਰਨਾ ਹੀ ਉਸ ਦੀ ਮਾਂ ਦੀ ਮੌਤ ਦੀ ਵਜ੍ਹਾ ਬਣ ਗਿਆ। ਲਵ ਮੈਰਿਜ ਕਰਵਾਉਣ ਲਈ ਹੋਏ ਕਲੇਸ਼ ਮਗਰੋਂ ਮਾਂ ਨੇ ਜ਼ਹਿਰ ਖਾ ਲਿਆ। ਪੁਲਸ ਮੁਤਾਬਕ ਮ੍ਰਿਤਕ ਦੇ 3 ਪੁੱਤਰ ਹਨ। ਸਭ ਤੋਂ ਵੱਡਾ ਮੁੰਡਾ ਕਾਲਜ ਵਿਚ ਪੜ੍ਹਦਾ ਹੈ। ਉਹ ਘਰ ਦੇ ਸਾਹਮਣੇ ਰਹਿਣ ਵਾਲੀ 19 ਸਾਲਾ ਕੁੜੀ ਨੂੰ ਪਿਆਰ ਕਰਦਾ ਹੈ ਤੇ ਉਸੇ ਨਾਲ ਵਿਆਹ ਕਰਵਾਉਣ ਲਈ ਪਰਿਵਾਰ ’ਤੇ ਦਬਾਅ ਬਣਾ ਰਿਹਾ ਸੀ। ਪਰ ਮਾਪੇ ਇਸ ਰਿਸ਼ਤੇ ਦੇ ਖ਼ਿਲਾਫ਼ ਸੀ। ਇਸੇ ਕਾਰਨ ਘਰ ਵਿਚ ਕਲੇਸ਼ ਰਹਿਣ ਲੱਗ ਪਿਆ। ਬੀਤੇ ਦਿਨੀਂ ਵੀ ਇਸੇ ਗੱਲ ਨੂੰ ਲੈ ਕੇ ਝਗੜਾ ਹੋਇਆ। ਇਸ ਮਗਰੋਂ ਮਾਂ ਨੇ ਘਰ ਵਿਚ ਹੀ ਜ਼ਹਿਰੀਲੀ ਸ਼ੈਅ ਨਿਗਲ ਲਈ, ਜਿਸ ਨੂੰ ਇਲਾਜ ਲਈ ਤੁਰੰਤ ਹਸਪਤਾਲ ਲਿਜਾਇਆ ਗਿਆ। ਉੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਫ਼ਿਲਹਾਲ ਥਾਣਾ ਸਦਰ ਦੀ ਪੁਲਸ ਨੇ ਲਾਸ਼ ਕਬਜ਼ੇ ਵਿਚ ਲੈ ਕੇ ਸਿਵਲ ਹਸਪਤਾਲ ਦੇ ਮੁਰਦਾਘਰ ਵਿਚ ਰਖਵਾ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।




-ਮਾਮਲਾ ਸਾਬਕਾ ਗ੍ਰਹਿ ਮੰਤਰੀ ਬੂਟਾ ਸਿੰਘ ਖ਼ਿਲਾਫ਼ ਜਾਤੀ ਆਧਾਰਿਤ ਟਿੱਪਣੀਆਂ ਦਾ-

# ਰਾਜਾ ਵੜਿੰਗ ਖ਼ਿਲਾਫ਼ ਹੋਇਆ ਕੇਸ ਦਰਜ

ਕਪੂਰਥਲਾ-ਸਾਬਕਾ ਕੇਂਦਰੀ ਗ੍ਰਹਿ ਮੰਤਰੀ ਮਰਹੂਮ ਬੂਟਾ ਸਿੰਘ ਖ਼ਿਲਾਫ਼ ਜਾਤੀ ਆਧਾਰਿਤ ਟਿੱਪਣੀਆਂ ਕਰਨ ਦੇ ਮਾਮਲੇ ਵਿੱਚ ਕਪੂਰਥਲਾ ਪੁਲੀਸ ਦੀ ਸਾਈਬਰ ਅਪਰਾਧ ਸ਼ਾਖਾ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਖ਼ਿਲਾਫ਼ ਜਾਤੀ ਆਧਾਰਿਤ ਟਿੱਪਣੀਆਂ ਕਰਨ ਦੇ ਦੋਸ਼ ਹੇਠ ਬੀ ਐੱਨ ਐੱਸ ਅਤੇ ਐੱਸ ਸੀ/ਐੱਸ ਟੀ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ।

ਇਹ ਕੇਸ ਬੂਟਾ ਸਿੰਘ ਦੇ ਪੁੱਤਰ ਸਰਬਜੋਤ ਸਿੰਘ ਸਿੱਧੂ ਵਾਸੀ ਕਪੂਰਥਲਾ ਦੀ ਸ਼ਿਕਾਇਤ ਦੇ ਆਧਾਰ ’ਤੇ ਦਰਜ ਕੀਤਾ ਗਿਆ ਹੈ। ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿੱਚ ਸਰਬਜੋਤ ਸਿੰਘ ਨੇ ਦੋਸ਼ ਲਗਾਇਆ ਹੈ ਕਿ ਰਾਜਾ ਵੜਿੰਗ ਨੇ ਤਰਨ ਤਾਰਨ ਜ਼ਿਮਨੀ ਚੋਣ ਦੌਰਾਨ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦੇ ਪਿਤਾ ਮਰਹੂਮ ਬੂਟਾ ਸਿੰਘ ਖ਼ਿਲਾਫ਼ ਜੋ ਟਿੱਪਣੀਆਂ ਕੀਤੀਆਂ ਹਨ, ਉਨ੍ਹਾਂ ਨਾਲ ਸਮੂਹ ਮਜ਼੍ਹਬੀ ਸਿੱਖ ਭਾਈਚਾਰੇ ਅਤੇ ਪਰਿਵਾਰ ਨੂੰ ਭਾਰੀ ਠੇਸ ਪੁੱਜੀ ਹੈ।



ਉਨ੍ਹਾਂ ਦੋਸ਼ ਲਗਾਇਆ ਕਿ ਰਾਜਾ ਵੜਿੰਗ ਨੇ ਆਪਣੀਆਂ ਟਿੱਪਣੀਆਂ ਵਿੱਚ ਉਨ੍ਹਾਂ ਦੇ ਕਾਲੇ ਰੰਗ, ਕਾਬਿਲ ਨਾ ਹੋਣ ਦੇ ਬਾਵਜੂਦ ਮਜ਼੍ਹਬੀ ਸਿੱਖਾਂ ਕਰ ਕੇ ਉਨ੍ਹਾਂ ਨੂੰ ਗ੍ਰਹਿ ਮੰਤਰੀ ਦਾ ਰੁਤਬਾ ਦੇਣ ਸਣੇ ਕਈ ਟਿੱਪਣੀਆਂ ਕੀਤੀਆਂ ਸਨ, ਜਿਸ ਨਾਲ ਸਮਾਜ ਤੇ ਪਰਿਵਾਰ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਜ਼ਿਕਰਯੋਗ ਹੈ ਕਿ ਰਾਜਾ ਵੜਿੰਗ ਇਸ ਮਾਮਲੇ ਵਿੱਚ ਮੁਆਫ਼ੀ ਵੀ ਮੰਗ ਚੁੱਕੇ ਹਨ।

## ਪ੍ਰੇਮਿਕਾ ਦੇ ਪਰਿਵਾਰਕ ਮੈਂਬਰਾਂ ਨੇ ਪ੍ਰੇਮੀ ਨੂੰ ਲਗਾਈ ਪੈਟਰੋਲ ਪਾ ਕੇ ਅੱਗ, ਗੰਭੀਰ ਰੂਪ ਵਿਚ ਝੁਲਸਿਆ

ਸਿਧਾਰਥਨਗਰ-ਆਪਣੀ ਪ੍ਰੇਮਿਕਾ ਨੂੰ ਮਿਲਣ ਗਏ ਨੌਜਵਾਨ ’ਤੇ ਉਸਦੇ ਪਰਿਵਾਰਕ ਮੈਂਬਰਾਂ ਨੇ ਪੈਟਰੋਲ ਛਿੜਕ ਕੇ ਅੱਗ ਲਗਾ ਦਿੱਤੀ। ਖੇਸਰਾਹਾ ਥਾਣਾ ਖੇਤਰ ਦੇ ਬਰਨਵਾਰ ਦੇ ਰਹਿਣ ਵਾਲੇ ਕ੍ਰਿਸ਼ਨਦੇਵ ਉਰਫ ਰੋਹਿਤ ਪਾਂਡੇ ਨੂੰ ਕੁਝ ਲੋਕਾਂ ਨੇ ਪੈਟਰੋਲ ਛਿੜਕ ਕੇ ਅੱਗ ਲਗਾ ਦਿੱਤੀ। ਪੁਲਿਸ ਮੌਕੇ ’ਤੇ ਪਹੁੰਚੀ ਅਤੇ ਝੁਲਸੇ ਵਿਅਕਤੀ ਨੂੰ ਤੁਰੰਤ ਸਿਧਾਰਥਨਗਰ ਮੈਡੀਕਲ ਕਾਲਜ ਲੈ ਗਈ। ਮੁੱਢਲੀ ਸਹਾਇਤਾ ਤੋਂ ਬਾਅਦ ਉਸ ਵਿਅਕਤੀ ਦੀ ਹਾਲਤ ਗੰਭੀਰ ਹੋਣ ਕਾਰਨ ਉਸਨੂੰ ਗੋਰਖਪੁਰ ਮੈਡੀਕਲ ਕਾਲਜ ਰੈਫਰ ਕਰ ਦਿੱਤਾ ਗਿਆ। ਪੁਲਿਸ ਅਨੁਸਾਰ, ਕ੍ਰਿਸ਼ਨਦੇਵ ਵਿਆਹਿਆ ਹੋਇਆ ਹੈ ਅਤੇ ਗੁਜ਼ਾਰਾ ਕਰਨ ਲਈ ਮੁੰਬਈ ਵਿੱਚ ਰਹਿੰਦਾ ਹੈ। ਉਹ ਉੱਥੇ ਇੱਕ ਮਹਿਲਾ ਦੋਸਤ ਨਾਲ ਰਹਿੰਦਾ ਸੀ। ਉਹ ਦੀਵਾਲੀ ਲਈ ਲਗਪਗ 15 ਦਿਨ ਪਹਿਲਾਂ ਆਪਣੇ ਪਿੰਡ ਵਾਪਸ ਆਇਆ ਸੀ। ਬੁੱਧਵਾਰ ਰਾਤ ਨੂੰ ਉਹ ਆਪਣੀ ਪ੍ਰੇਮਿਕਾ ਨੂੰ ਉਸਦੇ ਘਰ ਮਿਲਣ ਗਿਆ ਸੀ। ਔਰਤ ਦੇ ਰਿਸ਼ਤੇਦਾਰਾਂ ਨੇ ਉਸਨੂੰ ਦੇਖਿਆ ਅਤੇ ਗੁੱਸੇ ਵਿੱਚ ਆ ਕੇ ਉਸ ’ਤੇ ਪੈਟਰੋਲ ਛਿੜਕ ਕੇ ਅੱਗ ਲਗਾ ਦਿੱਤੀ। ਘਟਨਾ ਵਿੱਚ ਕ੍ਰਿਸ਼ਨਦੇਵ ਲਗਪਗ 70 ਪ੍ਰਤੀਸ਼ਤ ਸੜ ਗਿਆ। ਪੁਲਿਸ ਨੇ ਦੱਸਿਆ ਕਿ ਪੀੜਤ ਵੱਲੋਂ ਅਜੇ ਤੱਕ ਕੋਈ ਸ਼ਿਕਾਇਤ ਦਰਜ ਨਹੀਂ ਕਰਵਾਈ ਗਈ ਹੈ। ਸਟੇਸ਼ਨ ਹਾਊਸ ਅਫਸਰ ਅਨੂਪ ਕੁਮਾਰ ਮਿਸ਼ਰਾ ਨੇ ਕਿਹਾ ਕਿ ਪੀੜਤ ਪਰਿਵਾਰ ਨਾਲ ਪੁੱਛਗਿੱਛ ਕੀਤੀ ਗਈ ਹੈ। ਸ਼ਿਕਾਇਤ ਮਿਲਣ ’ਤੇ ਮਾਮਲਾ ਦਰਜ ਕੀਤਾ ਜਾਵੇਗਾ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਪ੍ਰਦੂਸ਼ਣ ਫੈਲਾਉਣ ਕਾਰਣ ਪੱਕੇ ਤੌਰ ’ਤੇ ਹੋਵੇਗੀ ਬੰਦ ਜ਼ੀਰਾ ਸ਼ਰਾਬ ਫੈਕਟਰੀ

### ✪ ਸਰਕਾਰ ਨੇ ਕੀਤਾ ਫੈਸਲਾ




ਜੀਰਾ-ਪੰਜਾਬ ਸਰਕਾਰ ਨੇ ਪੰਜਾਬ ਦੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਇੱਕ ਜੀਰੇ ਦੀ ਡਿਸਟਿਲਰੀ ਬਾਰੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨਜੀਟੀ) ਕੋਲ ਇੱਕ ਹਲਫ਼ਨਾਮਾ ਦਾਇਰ ਕੀਤਾ ਹੈ। ਪਹਿਲੀ ਵਾਰ, ਪੰਜਾਬ ਸਰਕਾਰ ਨੇ ਮੰਨਿਆ ਹੈ ਕਿ ਜੀਰੇ ਦੀ ਡਿਸਟਿਲਰੀ ਪ੍ਰਦੂਸ਼ਣ ਪੈਦਾ ਕਰ ਰਹੀ ਹੈ ਅਤੇ ਪ੍ਰਦੂਸ਼ਣ ਨੂੰ ਰੋਕਣ ਦਾ ਇੱਕੋ ਇੱਕ ਤਰੀਕਾ ਫੈਕਟਰੀ ਨੂੰ ਸਥਾਈ ਤੌਰ ‘ਤੇ ਬੰਦ ਕਰਨਾ ਹੈ। ਆਪਣੇ ਹਲਫ਼ਨਾਮੇ ਵਿੱਚ, ਸਰਕਾਰ ਨੇ ਫੈਕਟਰੀ ਨੂੰ ਬੰਦ ਕਰਨ ਦੀ ਸਿਫਾਰਸ਼ ਕੀਤੀ ਹੈ।

ਇਹ ਹਲਫ਼ਨਾਮਾ ਪੰਜਾਬ ਸਰਕਾਰ ਵੱਲੋਂ ਤਕਨਾਲੋਜੀ ਅਤੇ ਵਾਤਾਵਰਣ ਵਿਭਾਗ ਦੇ ਵਿਸ਼ੇਸ਼ ਸਕੱਤਰ ਮਨੀਸ਼ ਕੁਮਾਰ ਵੱਲੋਂ ਦਾਇਰ ਕੀਤਾ ਗਿਆ ਸੀ। ਐਨਜੀਟੀ ਨੇ ਇਹ ਹਲਫ਼ਨਾਮਾ ਬੀਤੇ ਦਿਨੀਂ ਜਨਤਕ ਕੀਤਾ। ਹਲਫ਼ਨਾਮੇ ਵਿੱਚ, ਸਰਕਾਰ ਨੇ ਇਸ ਫੈਕਟਰੀ ਨੂੰ ਇੱਕ ਬਿਮਾਰੀ ਉਦਯੋਗ ਕਿਹਾ।

ਇਸ ਤੋਂ ਇਲਾਵਾ, ਵਿਸ਼ੇਸ਼ ਸਕੱਤਰ ਨੇ ਕਿਹਾ ਕਿ ਫੈਕਟਰੀ ਦਾ ਪ੍ਰਬੰਧਨ ਲਗਾਤਾਰ ਵਾਤਾਵਰਣ ਨਿਯਮਾਂ ਦੀ ਉਲੰਘਣਾ ਕਰ ਰਿਹਾ ਹੈ, ਹਵਾ, ਪਾਣੀ ਅਤੇ ਮਿੱਟੀ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ, ਜੋ ਸਿੱਧੇ ਤੌਰ ‘ਤੇ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰ ਰਿਹਾ ਹੈ। ਜੀਰਾ ਖੇਤਰ ਵਿੱਚ ਮਾਲਬਰੋਸ ਡਿਸਟਿਲਰੀ ਵਿਰੁੱਧ ਅੰਦੋਲਨ ਦਸੰਬਰ 2022 ਤੋਂ ਜਾਰੀ ਹੈ। ਪਿੰਡ ਵਾਸੀਆਂ ਦਾ ਦੋਸ਼ ਹੈ ਕਿ ਯੂਨਿਟ ਦਾ ਗੰਦਾ ਪਾਣੀ ਅਤੇ ਗੈਸ ਖੇਤਾਂ ਅਤੇ ਭੂਮੀਗਤ ਪਾਣੀ ਨੂੰ ਦੂਸ਼ਿਤ ਕਰ ਰਹੇ ਹਨ, ਜਿਸ ਨਾਲ ਬੱਚਿਆਂ ਵਿੱਚ ਬਿਮਾਰੀ ਹੋ ਰਹੀ ਹੈ ਅਤੇ ਫਸਲਾਂ ਨੂੰ ਨੁਕਸਾਨ ਹੋ ਰਿਹਾ ਹੈ।

## ਸ਼ੈਲਰ ਵਿਚ ਕੰਮ ਕਰਦੀ ਪਰਵਾਸੀ ਔਰਤ ਨਾਲ ਹੋਇਆ ਬਲਾਤਕਾਰ ਮਗਰੋਂ ਕੀਤਾ ਕਤਲ

### ✪ ਪੁਲਿਸ ਤੇ ਫੌਰੈਂਸਿਕ ਟੀਮ ਵਲੋਂ ਸ਼ੁਰੂ ਕੀਤੀ ਜਾਂਚ

ਚਮਕੌਰ ਸਾਹਿਬ, ਬੇਲਾ-ਇਲਾਕੇ ਦੇ ਇਕ ਪਿੰਡ ਵਿਖੇ ਇਕ ਸ਼ੈਲਰ ਵਿਚ ਕੰਮ ਕਰਦੀ ਪਰਵਾਸੀ ਔਰਤ ਨਾਲ ਜਬਰ-ਜਨਾਹ ਕਰਨ ਮਗਰੋਂ ਉਸ ਦੀ ਹੱਤਿਆ ਕਰ ਦਿੱਤੀ ਗਈ। ਇਸ ਸਬੰਧ ਵਿੱਚ ਬੇਲਾ ਪੁਲਿਸ ਥਾਣੇ ’ਚ ਦਰਜ ਐੱਫਆਈਆਰ ਹੋਈ ਹੈ। ਮ੍ਰਿਤਕਾ ਦੇ ਦਿਉਰ ਦੇ ਬਿਆਨਾਂ ਅਨੁਸਾਰ, ਉਸ ਦੀ ਭਾਬੀ ਇਕ ਸ਼ੈਲਰ ’ਚ ਕੰਮ ਕਰਦੀ ਸੀ। ਉਹ ਹਰ ਰੋਜ਼ ਸ਼ਾਮ ਛੇ ਵਜੇ ਤੱਕ ਘਰ ਪਹੁੰਚ ਜਾਂਦੀ ਸੀ। ਬੀਤੀ ਸ਼ਾਮ ਜਦੋਂ ਉਹ ਸੱਤ ਵਜੇ ਤੱਕ ਘਰ ਨਾ ਪੁੱਜੀ ਤਾਂ ਪਰਿਵਾਰਕ ਮੈਂਬਰਾਂ ਨੇ ਚਿੰਤਾ ਜ਼ਾਹਿਰ ਕਰਦਿਆਂ ਸ਼ੈਲਰ ਵਿਚ ਜਾ ਕੇ ਪੁੱਛਗਿੱਛ ਕੀਤੀ। ਉਥੋਂ ਪਤਾ ਲੱਗਾ ਕਿ ਉਹ ਸ਼ਾਮ ਕੰਮ ਮੁਕਾ ਕੇ ਘਰ ਵੱਲ ਤੁਰ ਗਈ ਸੀ। ਪਰਿਵਾਰਕ ਮੈਂਬਰਾਂ ਤੇ ਮੁਹੱਲਾ ਵਾਸੀਆਂ ਨੇ ਭਾਲ ਸ਼ੁਰੂ ਕੀਤੀ।

ਇਸ ਦੌਰਾਨ ਜਦੋਂ ਉਹ ਕੱਚੇ ਰਸਤੇ (ਸ਼ਾਰਟ ਕੱਟ ਰਾਹ) ’ਤੇ ਪਹੁੰਚੇ ਤਾਂ ਉਥੇ ਚੱਪਲਾਂ ਅਤੇ ਸ਼ਰਾਬ ਦੀਆਂ ਖਾਲੀ ਬੋਤਲਾਂ ਪਈਆਂ ਮਿਲੀਆਂ। ਥੋੜ੍ਹਾ ਅੱਗੇ ਜਾ ਕੇ ਉਸ ਦੀ ਲਾਸ਼ ਅੱਧ ਨੰਗੀ ਹਾਲਤ ’ਚ ਪਈ ਮਿਲੀ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਤੇ ਫੌਰੈਂਸਿਕ ਟੀਮ ਮੌਕੇ ’ਤੇ ਪਹੁੰਚੀ ਅਤੇ ਵਿਗਿਆਨਕ ਢੰਗ ਨਾਲ ਜਾਂਚ ਕੀਤੀ। ਪੁਲਿਸ ਜਾਂਚ ’ਚ ਔਰਤ ਦੇ ਸਰੀਰ ’ਤੇ ਦੰਦੀਆਂ ਵੱਢਣ ਦੇ ਨਿਸ਼ਾਨ, ਧੌਣ ’ਤੇ ਤੇਜ਼ਧਾਰ ਹਥਿਆਰ ਦੇ ਨਿਸ਼ਾਨ ਅਤੇ ਪਿੱਠ ’ਤੇ ਸੱਟਾਂ ਦੇ ਨਿਸ਼ਾਨ ਮਿਲੇ ਹਨ, ਜਿਸ ਤੋਂ ਇਹ ਸਾਫ਼ ਹੈ ਕਿ ਉਸ ਨਾਲ ਜਬਰ-ਜਨਾਹ ਕਰਨ ਮਗਰੋਂ ਹੱਤਿਆ ਕੀਤੀ ਗਈ। ਪੁਲਿਸ ਨੇ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ ’ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਥਾਣਾ ਮੁਖੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਕ ਸ਼ੱਕੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦਕਿ ਹੋਰ ਮੁਲਜ਼ਮਾਂ ਨੂੰ ਸੀਸੀਟੀਵੀ ਕੈਮਰਿਆਂ ਤੇ ਮੋਬਾਈਲ ਲੋਕੇਸ਼ਨ ਦੇ ਆਧਾਰ ’ਤੇ ਜਲਦ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਗਿਆ ਹੈ।



# ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਸੁਲਤਾਨ ਸਿੰਘ ਦੇਣਗੇ ਅਸਤੀਫ਼ਾ ਜਾਂ ਲੈਣਗੇ ਛੁੱਟੀ, ਚਰਚਾ ਕਿਉਂ ਛਿੜੀ

ਅੰਮ੍ਰਿਤਸਰ-ਸੋਸ਼ਲ ਮੀਡੀਆ 'ਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਸੁਲਤਾਨ ਸਿੰਘ ਦਾ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਸੈਂਟ ਸਾਊਥ ਰਿਚਮਿੰਡ ਹਿੱਲ ਨਿਊਯਾਰਕ ਅਮਰੀਕਾ ਦੀ ਕਮੇਟੀ ਵੱਲੋਂ ਆਰ 1 ਵੀਜਾ ਲਗਵਾਉਂਣ ਦੀਆਂ ਚਰਚਾਵਾਂ ਜੋਰਾਂ 'ਤੇ ਹਨ। ਇਸ ਦੇ ਨਾਲ ਇਹ ਵੀ ਚਰਚਾਵਾਂ ਹਨ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਸੁਲਤਾਨ ਸਿੰਘ ਅਸਤੀਫਾ ਦੇ ਕੇ ਅਮਰੀਕਾ ਜਾਣਗੇ ? ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮਿੰਡ ਹਿੱਲ ਦੀ ਕਮੇਟੀ ਦੇ ਮੁੱਖ ਸੇਵਾਦਾਰ ਭੁਪਿੰਦਰ ਸਿੰਘ ਨੇ ਵੀ ਆਪਣੇ ਸੋਸ਼ਲ ਅਕਾਊਂਟ 'ਤੇ ਵੀਡੀਓ ਜਾਰੀ ਕਰਕੇ ਗਿਆਨੀ ਸੁਲਤਾਨ ਸਿੰਘ ਦੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀ ਕਮੇਟੀ ਵੱਲੋਂ ਆਰ 1 ਵੀਜਾ ਲਗਵਾਉਂਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ 2 ਦਸੰਬਰ ਤੋਂ ਬਾਅਦ ਜਥੇਦਾਰਾਂ ਨਾਲ ਇਹ ਹਲਾਤ ਬਣ ਗਏ ਸਨ, ਜਿਸ ਤੋਂ ਬਾਅਦ ਉਨ੍ਹਾਂ ਨੇ ਸਿੰਘ ਸਾਹਿਬਾਨ ਨੂੰ ਫਿਕਰ ਨਾ ਕਰਨ ਅਤੇ ਪੰਥ ਉਹਨਾਂ ਦੇ ਨਾਲ ਹੋਣ ਦੀ ਗਲ ਕਹੀ ਸੀ। ਕਮੇਟੀ ਵੱਲੋਂ ਗਿਆਨੀ ਸੁਲਤਾਨ ਸਿੰਘ ਦਾ ਆਰ 1 ਵੀਜਾ ਲਗਵਾਇਆ ਗਿਆ ਹੈ, ਜੇਕਰ ਸਿੰਘ ਸਾਹਿਬ ਲੋੜ ਮਹਿਸੂਸ ਕਰਨਗੇ ਤਾਂ ਪਰਿਵਾਰਕ ਮੈਂਬਰਾਂ ਦਾ ਵੀ ਵੀਜਾ ਲਗਵਾ ਕੇ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਗਿਆਨੀ ਸੁਲਤਾਨ ਸਿੰਘ ਦਾ ਅਮਰੀਕਾ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਜਾਵੇਗਾ। ਸੂਤਰਾਂ ਮੁਤਾਬਿਕ ਇਹ ਵੀ ਪਤਾ ਚਲਿਆ ਹੈ ਕਿ ਲੰਮੇਂ ਸਮੇਂ ਤੋਂ ਗਿਆਨੀ ਸੁਲਤਾਨ ਸਿੰਘ ਦੇ ਵੀਜੇ ਦੀ ਪ੍ਰਕਿਰਿਆ ਚੱਲ ਰਹੀ ਸੀ, ਜੋ ਅਕਤੂਬਰ ਦੇ ਆਖਰੀ ਹਫਤੇ ਵਿਚ ਮੁਕੰਮਲ ਹੋ ਕੇ ਵੀਜਾ ਪ੍ਰਾਪਤ ਹੋਇਆ ਹੈ। ਇਹ ਇਕ ਧਾਰਮਿਕ ਪ੍ਰਚਾਰਕਾਂ ਲਈ ਵੀਜਾ ਹੈ, ਜਿਸ ਨੂੰ ਅਮਰੀਕਾ ਦੀਆਂ ਧਾਰਮਿਕ ਸੰਸਥਾਵਾਂ ਦੀ ਲੋੜ 'ਤੇ ਹੀ ਪ੍ਰਚਾਰਕਾਂ ਨੂੰ ਵੀਜਾ ਮਿਲਦਾ ਹੈ।

ਇਥੇ ਇਹ ਵੀ ਦਸਣਯੋਗ ਹੈ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਸੁਲਤਾਨ ਸਿੰਘ ਦੀ 29 ਅਕਤੂਬਰ ਨੂੰ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨਾਲ ਸਿਰ ਜੋੜ ਕੇ ਬੈਠਣ ਅਤੇ ਗੱਲਬਾਤ ਕਰਨ ਦੀ ਵਾਈਰਲ ਵੀਡੀਓ ਤੋਂ ਬਾਅਦ ਗਿਆਨੀ ਸੁਲਤਾਨ ਸਿੰਘ ਨੂੰ ਸ਼੍ਰੋਮਣੀ ਕਮੇਟੀ ਨੇ ਸੱਚਖੰਡ



ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਤੋਂ ਗੁਰਦੁਆਰਾ ਸ੍ਰੀ ਮੁਕਤਸਰ ਸਾਹਿਬ ਵਿਖੇ ਡਿਊਟੀ ਲਗਾ ਕੇ ਭੇਜਣ ਦਾ ਆਡਰ ਪਾ ਦਿੱਤਾ ਸੀ। ਪਰ ਗਿਆਨੀ ਸੁਲਤਾਨ ਸਿੰਘ ਨੇ ਸਿਹਤ ਠੀਕ ਨਾ ਹੋਣ ਕਾਰਨ ਛੁੱਟੀਆਂ ਲੈ ਲਈਆਂ ਸਨ। ਹੁਣ ਚਰਚਾ ਹੈ ਕਿ ਗਿਆਨੀ ਸੁਲਤਾਨ ਸਿੰਘ ਆਪਣਾ ਅਸਤੀਫਾ ਦੇ ਕੇ ਅਮਰੀਕਾ ਜਾਣਗੇ ਜਾਂ ਫਿਰ ਸ਼੍ਰੋਮਣੀ ਕਮੇਟੀ ਪਾਸੋਂ ਵਿਦੇਸ਼ ਛੁੱਟੀ ਲੈਣਗੇ।

### ਸਿੰਘ ਸਾਹਿਬਾਨ ਪਹਿਲਾਂ ਹੀ ਆਪਣਾ ਕਰ ਚੁੱਕੇ ਹਨ ਪ੍ਰਬੰਧ

ਚਰਚਾ ਹੈ ਕਿ 2 ਦਸੰਬਰ ਨੂੰ ਫੈਂਸਲਾ ਸੁਣਾਉਂਣ ਵਾਲੇ ਸਿੰਘ ਸਾਹਿਬਾਨ ਗਿਆਨੀ ਹਰਪ੍ਰੀਤ ਸਿੰਘ, ਗਿਆਨੀ ਰਘਬੀਰ ਸਿੰਘ ਤੇ ਗਿਆਨੀ ਸੁਲਤਾਨ ਸਿੰਘ ਆਪਣੇ ਜੀਵਨ ਦੇ ਅਗਲੇ ਪੜਾਅ ਦਾ ਪ੍ਰਬੰਧ ਪਹਿਲਾਂ ਹੀ ਕਰ ਚੁੱਕੇ ਹਨ। ਜਿਉਂ ਜਿਉਂ ਸ਼੍ਰੋਮਣੀ ਕਮੇਟੀ ਜਾਂ ਸ਼੍ਰੋਮਣੀ ਅਕਾਲੀ ਦਲ ਨਾਲ ਇਹ ਵਿਵਾਦਾਂ ਵਿਚ ਆਉਣਗੇ ਸਿੰਘ ਸਾਹਿਬਾਨ ਆਪਣੇ ਅਗਲੇ ਪ੍ਰਬੰਧ ਨੂੰ ਉਜਾਗਰ ਕਰ ਦੇਣਗੇ। ਇਸ ਤੋਂ ਪਹਿਲਾਂ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਪਾਰਟੀ ਦਾ ਗਠਨ ਕਰਕੇ ਪ੍ਰਦਾਨਗੀ ਦਾ ਅਹੁਦਾ ਸੰਭਾਲ ਲਿਆ ਹੈ। ਹੁਣ ਗਿਆਨੀ ਰਘਬੀਰ ਸਿੰਘ ਤੇ ਗਿਆਨੀ ਸੁਲਤਾਨ ਸਿੰਘ ਵੀ ਆਪਣੀ ਤਿਆਰੀ ਵਿਚ ਹਨ। ਗਿਆਨੀ ਰਘਬੀਰ ਸਿੰਘ ਦਾ ਬੇਟਾ ਇੰਗਲੈਂਡ ਵਿਚ ਆਪਣੀ ਰਿਹਾਇਸ਼ ਬਣਾ ਚੁੱਕਾ ਹੈ ਅਤੇ ਗਿਆਨੀ ਸੁਲਤਾਨ ਸਿੰਘ ਨੂੰ ਅਮਰੀਕਾ ਦਾ ਆਰ 1 ਵੀਜਾ ਹਾਸਲ ਹੋ ਗਿਆ ਹੈ।

## ਅੰਮ੍ਰਿਤਸਰ ਵਿਖੇ ਸਰਹੱਦ 'ਤੇ ਬੀਐਸਐਫ ਵਲੋਂ ਤਸਕਰ ਗ੍ਰਿ੍ਫਤਾਰ, ਨਸ਼ੀਲੇ ਪਦਾਰਥ ਬਰਾਮਦ

ਅੰਮ੍ਰਿਤਸਰ-ਸਰਹੱਦ ਪਾਰ ਤਸਕਰੀ 'ਤੇ ਸ਼ਿਕੰਜਾ ਕੱਸਦੇ ਹੋਏ, ਬੀਐਸਐਫ ਪੰਜਾਬ ਫਰੰਟੀਅਰ ਦੇ ਜਵਾਨਾਂ ਨੇ ਅੰਮ੍ਰਿਤਸਰ ਅਤੇ ਫਾਜ਼ਿਲਕਾ ਸਰਹੱਦ 'ਤੇ ਇੱਕ ਤਸਕਰ ਨੂੰ ਗ੍ਰਿਫਤਾਰ ਕੀਤਾ ਅਤੇ ਉਸਦੇ ਕਬਜ਼ੇ ਵਿੱਚੋਂ 1 ਕਿਲੋ ਅਫੀਮ, 300 ਗ੍ਰਾਮ ਹੈਰੋਇਨ ਅਤੇ 2 ਮੈਗਜ਼ੀਨ ਬਰਾਮਦ ਕੀਤੇ ਗਏ।

## ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਕਸ਼ਮੀਰ ਦੇ ਹਿੰਦੂ ਸਮਾਜ ਨਾਲ ਸਬੰਧਿਤ ਆਗੂਆਂ ਨਾਲ ਕੀਤੀ ਮੀਟਿੰਗ

### ✪ ਸ਼ਤਾਬਦੀ ਸਮਾਗਮਾਂ ਵਿੱਚ ਹਿੰਦੂ ਸਮਾਜ ਦੇ ਆਗੂ ਤੇ ਕਸ਼ਮੀਰੀ ਪੰਡਿਤ ਸ਼ਾਮਲ ਹੋਣਗੇ




ਅੰਮ੍ਰਿਤਸਰ-ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸੰਬੰਧ 'ਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਜੰਮੂ ਵਿਖੇ ਕਸ਼ਮੀਰ ਦੇ ਹਿੰਦੂ ਸਮਾਜ ਨਾਲ ਸਬੰਧਿਤ ਆਗੂਆਂ ਨਾਲ ਮੀਟਿੰਗ ਕੀਤੀ ਜਾ ਰਹੀ ਹੈ। ਸਿੱਖ ਇਤਿਹਾਸ ਵਿਚ ਕਸ਼ਮੀਰ ਦੇ ਪੰਡਤਾਂ ਦਾ ਜ਼ਿਕਰ ਬਹੁਤ ਹੀ ਅਹਿਮ ਸਥਾਨ ਰੱਖਦਾ ਹੈ ਕਿਉਂਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਕਸ਼ਮੀਰੀ ਪੰਡਤਾਂ ਦੀ ਬੇਨਤੀ 'ਤੇ ਹੀ ਮਨੁੱਖੀ ਹੱਕਾਂ ਹਕੂਕਾਂ ਖਾਤਰ ਕੁਰਬਾਨੀ ਦਿੱਤੀ ਗਈ ਸੀ। ਜਿਥੇ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ਵ ਪੱਧਰ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਮਨਾਈ ਜਾ ਰਹੀ ਹੈ ਉੱਥੇ 15 ਨਵੰਬਰ ਨੂੰ ਗੁਰਦੁਆਰਾ ਸਾਹਿਬ ਮਟਨ, ਕਸ਼ਮੀਰ ਤੋਂ ਵਿਸ਼ੇਸ਼ ਨਗਰ ਕੀਰਤਨ ਵੀ ਸਜਾਇਆ ਜਾ ਰਿਹਾ ਹੈ। ਇਸ ਨਗਰ ਕੀਰਤਨ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਹੇ ਸ਼ਤਾਬਦੀ ਸਮਾਗਮਾਂ ਵਿੱਚ ਹਿੰਦੂ ਸਮਾਜ ਦੇ ਆਗੂਆਂ ਅਤੇ ਕਸ਼ਮੀਰ ਦੇ ਪੰਡਿਤਾਂ ਦੀ ਸ਼ਮੂਲੀਅਤ ਅਹਿਮ ਹੋਵੇਗੀ।

## ਸਾਈਬਰ ਠੱਗਾਂ ਨੇ ਡਿਜੀਟਲ ਅਰੈਸਟ ਕਰ ਕੇ ਮਾਰੀ 38 ਲੱਖ ਦੀ ਠੱਗੀ

### ✪ ਰੋਜ਼ਾਨਾ ਲੱਖਾਂ ਰੁਪਏ ਕਮਾਉਣ ਦਾ ਦਿੱਤਾ ਸੀ ਲਾਲਚ

ਅੰਮ੍ਰਿਤਸਰ-ਆਨਲਾਈਨ ਠੱਗਾਂ ਨੇ ਮਜੀਠਾ ਰੋਡ 'ਤੇ ਗੁਰੂ ਗੋਬਿੰਦ ਸਿੰਘ ਨਗਰ ਵਾਸੀ ਮਨਦੀਪ ਸਿੰਘ ਤੋਂ 38 ਲੱਖ ਰੁਪਏ ਆਪਣੇ ਬੈਂਕ ਖਾਤਿਆਂ ਵਿਚ ਟ੍ਰਾਂਸਫਰ ਕਰਵਾ ਲਏ। ਮੁਲਜ਼ਮਾਂ ਨੇ ਉਸ ਨੂੰ ਇਹ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਦੀ ਕੰਪਨੀ ਵਿਚ ਸ਼ਾਮਲ ਹੋ ਕੇ ਰੋਜ਼ਾਨਾ ਲੱਖਾਂ ਰੁਪਏ ਕਮਾ ਸਕਦੇ ਹਨ। ਉਨ੍ਹਾਂ ਦੇ ਨਿਰਦੇਸ਼ਾਂ 'ਤੇ ਚੱਲਦਿਆਂ ਮੁਲਜ਼ਮਾਂ ਨੇ ਉਸ ਨੂੰ ਡਿਜੀਟਲੀ ਤੌਰ 'ਤੇ ਗ੍ਰਿਫਤਾਰ ਕਰ ਲਿਆ। ਫਿਰ ਉਸ ਨੇ 38 ਲੱਖ ਰੁਪਏ ਤੋਂ ਵੱਧ ਦੀ ਰਾਸ਼ੀ ਵੱਖ-ਵੱਖ ਬੈਂਕ ਖਾਤਿਆਂ ਵਿਚ ਟ੍ਰਾਂਸਫਰ ਕੀਤੀ। ਸਾਈਬਰ ਕ੍ਰਾਈਮ ਥਾਣੇ ਦੀ ਪੁਲਿਸ ਨੇ ਹੁਣ ਸ਼ਿਕਾਇਤ ਮਿਲਣ ਤੋਂ ਬਾਅਦ ਅਣਪਛਾਤਿਆਂ ਵਿਰੁੱਧ ਕੇਸ ਦਰਜ ਕਰ ਲਿਆ ਹੈ। ਮਨਦੀਪ ਸਿੰਘ ਨੇ ਦੱਸਿਆ ਕਿ ਉਹ ਕੱਪੜੇ ਦਾ ਕਾਰੋਬਾਰ ਕਰਦਾ ਹੈ। ਕੁਝ ਦਿਨ ਪਹਿਲਾਂ ਉਹ ਆਪਣੇ ਮੋਬਾਈਲ ਫੋਨ 'ਤੇ ਇਕ ਵੀਡੀਓ ਦੇਖ ਰਿਹਾ ਸੀ, ਜਦੋਂ ਉਸ ਨੇ ਗੋਲਡਮੈਨ ਇਨਵੈਸਟਰ ਅਲਾਇੰਸ ਨਾਮਕ ਕੰਪਨੀ ਦਾ ਇਸ਼ਤਿਹਾਰ ਦੇਖਿਆ। ਇਸ ਵਿਚ ਵੱਖ-ਵੱਖ ਨਿਵੇਸ਼ਾਂ ਲਈ ਕਈ ਤਰ੍ਹਾਂ ਦੀਆਂ ਪੇਸ਼ਕਸ਼ਾਂ ਸਨ। ਉਸ ਨੇ ਉਨ੍ਹਾਂ ਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ ਤੇ ਭਰਮਾਇਆ ਗਿਆ। ਇਹ ਖੁਲਾਸਾ ਹੋਇਆ ਕਿ ਕੰਪਨੀ ਦੇ ਕਰਮਚਾਰੀ ਰੋਜ਼ਾਨਾ ਸਟਾਕ ਮਾਰਕੀਟ ਬਾਰੇ ਜਾਣਕਾਰੀ ਦਿੰਦੇ ਹਨ ਤੇ ਲੋਕਾਂ ਨੂੰ ਉੱਥੇ ਲੱਖਾਂ ਰੁਪਏ ਨਿਵੇਸ਼ ਕਰਨ ਲਈ ਉਤਸ਼ਾਹਿਤ ਕਰਦੇ ਹਨ। ਫਿਰ ਉਨ੍ਹਾਂ ਨੂੰ ਇਕ ਵਟਸਐਪ ਨੰਬਰ ਭੇਜਿਆ ਗਿਆ, ਜਿਸ 'ਚ ਕਾਰੋਬਾਰ ਬਾਰੇ ਜਾਣਕਾਰੀ ਦਿੱਤੀ ਗਈ। ਉਹ ਦੋਸ਼ੀ ਦੇ ਧੋਖੇ ਵਿਚ ਫਸ ਗਏ। ਫਿਰ ਦੋਸ਼ੀਆਂ ਨੇ ਉਨ੍ਹਾਂ ਨੂੰ ਡਿਜੀਟਲੀ ਤੌਰ 'ਤੇ ਗ੍ਰਿਫਤਾਰ ਕਰ ਲਿਆ ਤੇ ਉਨ੍ਹਾਂ ਦੇ ਵੱਖ-ਵੱਖ ਬੈਂਕ ਖਾਤਿਆਂ ਤੋਂ 38 ਲੱਖ ਰੁਪਏ ਤੋਂ ਵੱਧ ਆਪਣੇ ਖਾਤੇ 'ਚ ਟ੍ਰਾਂਸਫਰ ਕਰ ਲਏ।

## ਕੈਨੇਡਾ ਵਿਚ ਫਿਰੌਤੀਆਂ ਦੇ ਕੇਸ ਵਿਚ ਪੰਜਾਬੀ ਲੁਟੇਰਾ ਫੜਿਆ



ਟੋਰਾਂਟੋ-ਕੈਨੇਡਾ ਵਿਚ ਫਿਰੌਤੀਆਂ ਲਈ ਧਮਕੀਆਂ ਦੇਣ ਦੇ ਦੋਸ਼ ਵਿਚ ਪੁਲਿਸ ਨੇ ਇਕ ਪੰਜਾਬੀ ਲੁਟੇਰੇ ਨੂੰ ਗ੍ਰਿ੍ਫਤਾਰ ਕੀਤਾ ਹੈ। ਪੀਲ ਪੁਲਿਸ ਨੇ ਇਕਬਾਲ ਭਾਗੜੀਆ (25) ਨੂੰ ਗ੍ਰਿ੍ਫਤਾਰ ਕਰਕੇ ਉਸ ਵਿਰੁੱਧ ਬਰੈਂਪਟਨ ਅਤੇ ਕੈਲੇਡਨ ਵਿਚ ਘਰਾਂ ਉਪਰ ਗੋਲੀਆਂ ਚਲਾਉਣ ਅਤੇ ਅੱਗ ਲਗਾਉਣ ਦੇ ਦੋਸ਼ ਲਗਾਏ ਹਨ। ਪੁਲਿਸ ਅਨੁਸਾਰ ਦੋ ਸ਼ੱਕੀਆਂ ਨੇ 10 ਅਕਤੂਬਰ ਦੀ ਦੇਰ ਰਾਤ ਨੂੰ ਕੈਲੇਡਨ ਵਿਖੇ ਪੌਣੇ ਕੁ ਤਿੰਨ ਵਜੇ ਇਕ ਘਰ ਵੱਲ ਗੋਲੀਆਂ ਚਲਾਈਆਂ ਤੇ ਅੱਗ ਲਗਾ ਕੇ ਫਰਾਰ ਹੋ ਗਏ ਸਨ। ਉਸ ਵਾਰਦਾਤ ਤੋਂ ਕੁਝ ਦੇਰ ਬਾਅਦ ਉਨ੍ਹਾਂ ਨੇ ਬਰੈਂਟਪਨ ਵਿਖੇ ਇਕ ਕਾਰੋਬਾਰ 'ਤੇ ਗੋਲੀਬਾਰੀ ਕੀਤੀ ਅਤੇ ਇਨ੍ਹਾਂ ਦੋਵੇਂ ਵਾਰਦਾਤਾਂ ਵਿਚ ਸ਼ਾਮਿਲ ਦੋ ਸ਼ਕੀਆਂ ਵਿਚੋਂ ਇਕ ਇਕਬਾਲ ਸੀ। ਪੀਲ ਪੁਲਿਸ ਵਲੋਂ ਮਾਮਲੇ ਦੀ ਜਾਂਚ ਅਜੇ ਜਾਰੀ ਹੈ ਅਤੇ ਦੂਸਰੇ ਸ਼ੱਕੀ ਦੀ ਭਾਲ ਕੀਤੀ ਜਾ ਰਹੀ ਹੈ।

# ਨਿਕੀ ਹੈਲੀ ਦਾ ਪੁੱਤਰ ਨਲਿਨ ਦਾ ਬਚਪਨ ਵਿਚ ਧਰਮ ਅਪਨਾਉਣ ਦੇ ਵਿਵਾਦ ਵਿੱਚ ਕਿਉਂ ਫਸਿਆ ?

## ਖਾਸ ਖਬਰ ✪ ਕਿਉਂ ਅਪਨਾਇਆ ਈਸਾਈ ਧਰਮ, ਨਲਿਨ ਦਾ ਬਾਪ ਈਸਾਈ ਤੇ ਨਾਨੀ ਸਿੱਖ

ਅਮਰੀਕੀ ਰਾਜਨੀਤੀ ਵਿੱਚ ਨਿਕੀ ਹੈਲੀ ਦਾ ਨਾਮ ਤਾਂ ਬਹੁਤ ਪਿਛਲੇ ਸਮੇਂ ਤੋਂ ਚਰਚਾ ਵਿੱਚ ਹੈ, ਪਰ ਅੱਜ ਉਸ ਦੇ ਪੁੱਤਰ ਨਲਿਨ ਹੈਲੀ ਦੀ ਕਹਾਣੀ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। 24 ਸਾਲਾਂ ਦੇ ਨਲਿਨ, ਜੋ ਇੱਕ ਭਾਰਤੀ ਮੂਲ ਦੇ ਨੌਜਵਾਨ ਹਨ ਅਤੇ MAGA (ਮੇਕ ਅਮਰੀਕਾ ਗ੍ਰੇਟ ਅਗੇਨ) ਅਨੁਸਾਰੀ ਵੀ ਹਨ, ਨੇ ਆਪਣੇ ਬਚਪਨ ਵਿੱਚ ਧਰਮ ਨਾਲ ਜੁੜੇ ਆਪਣੇ ਭਰਮ ਦੀ ਇਬਾਰਤ ਨੂੰ ਖੁੱਲ੍ਹ ਕੇ ਸਾਂਝਾ ਕੀਤਾ । ਉਸ ਨੇ ਕਿਹਾ ਕਿ ਉਸ ਦੇ ਮਾਪੇ ਈਸਾਈ ਹਨ, ਜਦਕਿ ਨਾਨਾ-ਨਾਨੀ ਸਿੱਖ ਸਨ। ਇਸ ਵਿਚਕਾਰ ਉਹ ਧਰਮ ਦੇ ਵਿਵਾਦ ਵਿੱਚ ਫਸ ਗਿਆ ਸੀ ਕਿ ਕਿਹੜਾ ਧਰਮ ਅਪਨਾਵੇ ਅਤੇ ਅੰਤ ਵਿੱਚ ਈਸਾਈ ਧਰਮ ਨੂੰ ਅਪਣਾਉਣਾ ਪਸੰਦ ਕੀਤਾ।



ਨਲਿਨ ਨੇ ਯੂਨਹਰਡ ਨਾਮਕ ਪਲੇਟਫਾਰਮ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ, "ਮੇਰੇ ਮਾਪੇ ਪ੍ਰੋਟੈਸਟੈਂਟ ਈਸਾਈ ਹਨ, ਪਰ ਨਾਨਾ-ਨਾਨੀ ਸਿੱਖ ਸਨ । ਬਚਪਨ ਵਿੱਚ ਮੈਂ ਬਹੁਤ ਭਰਮ ਵਿੱਚ ਪੈ ਗਿਆ ਸੀ। ਹੋਰ ਬੱਚੇ ਗੱਡੀਆਂ ਅਤੇ ਡਾਇਨੋਸੌਰਾਂ ਬਾਰੇ ਪੜ੍ਹਦੇ ਸਨ, ਪਰ ਮੈਂ ਵਿਸ਼ਵ ਧਰਮਾਂ ਬਾਰੇ ਕਿਤਾਬਾਂ ਵਿੱਚ ਡੁੱਬ ਗਿਆ।" ਇਹ ਭਰਮ ਨੇ ਉਸ ਨੂੰ ਇੱਕ ਅਜੀਬ ਅਧਿਆਤਮਿਕ ਯਾਤਰਾ ਉੱਤੇ ਲੈ ਗਿਆ, ਜਿਸ ਨੇ ਅੰਤ ਵਿੱਚ ਉਸ ਨੂੰ ਈਸਾਈ ਧਰਮ ਵੱਲ ਖਿੱਚਿਆ। ਪਰ ਇਹ ਯਾਤਰਾ ਆਸਾਨ ਨਹੀਂ ਸੀ।

ਨਲਿਨ ਹੈਲੀ ਦਾ ਜਨਮ 2001 ਵਿੱਚ ਹੋਇਆ ਸੀ, ਜਦੋਂ ਨਿਕੀ ਹੈਲੀ ਯੂਐੱਸ ਰਾਜਨੀਤੀ ਵਿੱਚ ਤਰੱਕੀ ਕਰ ਰਹੀ ਸੀ। ਉਸ ਦੇ ਮਾਤਾ-ਪਿਤਾ, ਨਿਕੀ ਅਤੇ ਮਾਈਕਲ ਹੈਲੀ, ਬਾਪਟਿਸਟ ਚਰਚ ਨਾਲ ਜੁੜੇ ਹੋਏ ਸਨ। ਨਿਕੀ ਖੁਦ ਸਿੱਖ ਪਰਿਵਾਰ ਤੋਂ ਹੈ, ਪਰ ਉਹ ਈਸਾਈ ਬਣ ਗਈ ਸੀ। ਨਲਿਨ ਨੇ ਦੱਸਿਆ ਕਿ ਉਸ ਦੇ ਨਾਨਾ-ਨਾਨੀ, ਜੋ ਪੰਜਾਬੀ ਸਿੱਖ ਸਨ, ਨੇ ਉਸ ਨੂੰ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਅਤੇ ਸਿੱਖ ਇਤਿਹਾਸ ਨਾਲ ਜੋੜਿਆ। ਉਹ ਅਕਸਰ ਗੁਰਦੁਆਰੇ ਜਾਂਦੇ ਅਤੇ ਨਲਿਨ ਨੂੰ 'ਸ਼ਬਦ' ਅਤੇ 'ਸੇਵਾ' ਦੇ ਮਹੱਤਵ ਬਾਰੇ ਦੱਸਦੇ। ਪਰ ਘਰ ਵਿੱਚ ਚਰਚ ਜਾਣਾ ਅਤੇ ਬਾਈਬਲ ਪੜ੍ਹਨਾ ਵੀ ਰੋਜ਼ਾਨਾ ਦਾ ਹਿੱਸਾ ਸੀ।

ਇਸ ਵਿਚਕਾਰ ਨਲਿਨ ਨੂੰ ਲੱਗਦਾ ਸੀ ਕਿ ਉਹ ਦੋ ਧਰਮ ਵਿਚਕਾਰ ਫਸਿਆ ਹੋਇਆ ਹੈ। ਉਸਨੂੰ ਨਹੀਂ ਪਤਾ ਸੀ ਕਿ ਉਹ ਕਿਸ ਨੂੰ ਫੌਲੋ ਕਰਾਂ। ਨਲਿਨ ਦਾ ਕਹਿਣਾ ਹੈ ਕਿ ਸਿੱਖ ਧਰਮ ਵਿੱਚ ਇੱਕ ਅਕਾਲਪੁਰਖ ਦਾ ਵਿਸ਼ਵਾਸ ਅਤੇ ਸਮਾਨਤਾ ਦੀ ਗੱਲ ਹੈ, ਜਦਕਿ ਈਸਾਈ ਧਰਮ ਵਿੱਚ ਯੀਸੂ ਨੂੰ ਮੁਕਤੀ ਦਾ ਰਾਹ ਮੰਨਿਆ ਜਾਂਦਾ ਹੈ। ਉਸਦਾ ਕਹਿਣਾ ਹੈ ਕਿ ਬਚਪਨ ਵਿੱਚ ਇਹ ਸਭ ਇੱਕ ਰਹੱਸ ਵਾਂਗ ਲੱਗਦਾ ਸੀ। ਉਸ ਨੇ ਦੱਸਿਆ ਕਿ ਨਾਨਾ-ਨਾਨੀ ਨੇ ਉਸ ਨੂੰ ਪੰਜਾਬੀ ਵਿੱਚ ਕਹਾਣੀਆਂ ਸੁਣਾਈਆਂ, ਜਿਵੇਂ ਗੁਰੂ ਨਾਨਕ ਦੇਵ ਜੀ ਦੇ ਸਫ਼ਰ ਅਤੇ ਭਾਈ ਗੁਰਦਾਸ ਦੀਆਂ ਵਾਰਾਂ। ਇਸ ਨਾਲ ਉਸ ਵਿੱਚ ਭਾਰਤੀ ਜੜ੍ਹਾਂ ਨਾਲ ਜੁੜਾਅ ਵਧਿਆ, ਪਰ ਧਰਮ ਅਪਨਾਉਣ ਬਾਰੇ ਦੁਚਿਤੀ ਵਿਚ ਫਸ ਗਿਆ। ਇਹ ਸਮਾਂ ਨਲਿਨ ਲਈ ਭਾਵਨਾਤਮਕ ਤੌਰ ਤੇ ਚੁਣੌਤੀਪੂਰਨ ਸੀ, ਕਿਉਂਕਿ ਸਕੂਲ ਵਿੱਚ ਵੀ ਹੋਰ ਬੱਚੇ ਇੱਕੋ ਧਰਮ ਨੂੰ ਮੰਨਦੇ ਸਨ। ਅੰਤ ਵਿੱਚ, ਨਲਿਨ ਨੇ ਫੈਸਲਾ ਕੀਤਾ ਕਿ ਉਹ ਖੁਦ ਖੋਜ ਕਰੇਗਾ। ਉਸ ਨੇ 12-13 ਸਾਲ ਦੀ ਉਮਰ ਵਿੱਚ ਵਿਸ਼ਵ ਧਰਮਾਂ ਉੱਤੇ ਕਿਤਾਬਾਂ ਪੜ੍ਹਨੀਆਂ ਸ਼ੁਰੂ ਕੀਤੀਆਂ - ਹਿੰਦੂ ਧਰਮ ਤੋਂ ਲੈ ਕੇ ਇਸਲਾਮ ਅਤੇ ਬੌਧ ਧਰਮ ਤੱਕ। ਇਹ ਉਸ ਦੀ ਯਾਤਰਾ ਦਾ ਸ਼ੁਰੂਆਤੀ ਪੜਾਅ ਸੀ, ਜਿਸ ਨੇ ਉਸ ਨੂੰ ਡੂੰਘੀ ਸੋਚ ਵੱਲ ਲਿਆਂਦਾ।

### ਈਸਾਈ ਧਰਮ ਨੂੰ ਅਪਨਾਉਣ ਦਾ ਫੈਸਲਾ

ਨਲਿਨ ਦੀ ਧਾਰਮਿਕ ਖੋਜ ਨੇ ਉਸ ਨੂੰ ਈਸਾਈ ਧਰਮ ਦੇ ਇਤਿਹਾਸ ਵੱਲ ਖਿੱਚਿਆ। ਉਸ ਨੇ ਚਰਚ ਫਾਦਰਾਂ ਦੀਆਂ ਰਚਨਾਵਾਂ ਅਤੇ ਪ੍ਰਾਰੰਭਿਕ ਈਸਾਈ ਵਿਸ਼ਵਾਸਾਂ ਬਾਰੇ ਪੜ੍ਹਿਆ। ਨਲਿਨ ਕਹਿੰਦਾ ਹੈ ਕਿ "ਮੈਨੂੰ ਲੱਗਾ ਕਿ ਜੋ ਵੀ ਇਹ ਖੋਜ ਕਰੇਗਾ, ਉਹ ਕੈਥਲਿਕ ਬਣ ਜਾਵੇਗਾ।" ਇਸ ਫੈਸਲੇ ਤੋਂ ਪਹਿਲਾਂ ਉਸ ਨੂੰ ਇੱਕ ਅਧਿਆਤਮਿਕ ਅਨੁਭਵ ਹੋਇਆ, ਜਿਸ ਬਾਰੇ ਉਸ ਨੇ ਵਿਸਥਾਰ ਨਾਲ ਨਹੀਂ ਦੱਸਿਆ, ਪਰ ਇਹ ਉਸ ਲਈ ਟਰਨਿੰਗ ਪੁਆਇੰਟ ਸੀ।

ਨਲਿਨ ਖੁਦ ਨੂੰ ਕੈਥਲਿਕ ਈਸਾਈ ਮੰਨਦਾ ਹੈ, ਜੋ ਪ੍ਰੋਟੈਸਟੈਂਟ ਈਸਾਈ ਤੋਂ ਵੱਖਰਾ ਹੈ। ਉਹ ਕਹਿੰਦਾ ਹੈ ਕਿ ਸਿੱਖ ਪਰੰਪਰਾਵਾਂ ਨੇ ਉਸ ਨੂੰ ਸਹਿਣਸ਼ੀਲਤਾ ਅਤੇ ਨੈਤਿਕਤਾ ਸਿਖਾਈ, ਪਰ ਈਸਾਈ ਧਰਮ ਨੇ ਉਸ ਨੂੰ ਅੰਤਰਮੁੱਖ ਸ਼ਾਂਤੀ ਦਿੱਤੀ। ਇਹ ਫੈਸਲਾ ਉਸ ਦੇ ਪਰਿਵਾਰ ਲਈ ਵੀ ਅਹਿਮ ਸੀ, ਕਿਉਂਕਿ ਨਿਕੀ ਹੈਲੀ ਖੁਦ ਧਾਰਮਿਕ ਵਿਵਾਦਾਂ ਵਿੱਚ ਘਿਰੀ ਰਹੀ ਹੈ। ਅਮਰੀਕਾ ਵਿੱਚ ਭਾਰਤੀ-ਮੂਲ ਵਾਲੇ ਹਿੰਦੂ ਰਾਜਨੀਤਿਕਾਂ ਉੱਤੇ ਹਮਲੇ ਵਧ ਰਹੇ ਹਨ। ਉਦਾਹਰਨ ਵਜੋਂ, ਵਾਈਸ ਪ੍ਰੈਜ਼ੀਡੈਂਟ ਜੇਡੀ ਵੈਂਸ ਨੇ ਆਪਣੀ ਪਤਨੀ ਉਸ਼ਾ ਵੈਂਸ ਨੂੰ ਈਸਾਈ ਬਣਨ ਲਈ ਕਿਹਾ ਸੀ, ਹਾਲਾਂਕਿ ਉਸ਼ਾ ਨੇ ਇਨਕਾਰ ਕੀਤਾ। ਇਹ ਵਿਵਾਦ MAGA ਗਰੁੱਪ ਨੂੰ ਈਸਾਈ ਨੈਸ਼ਨਲਿਜ਼ਮ ਨਾਲ ਜੋੜਦਾ ਹੈ। ਨਲਿਨ ਦੀ ਕਹਾਣੀ ਇਸ ਵਿਵਾਦ ਉਪਰ ਰੌਸ਼ਨੀ ਪਾਉਂਦੀ ਹੈ।

ਨਲਿਨ ਨੇ ਧਰਮ ਵਾਂਗ ਰਾਜਨੀਤੀ ਵਿੱਚ ਵੀ ਆਪਣਾ ਵੱਖਰਾ ਰਾਹ ਚੁਣਿਆ। ਉਹ ਕਹਿੰਦਾ ਹੈ ਕਿ ਉਸ ਨੇ ਧਰਮ ਨੂੰ ਮਾਪਿਆਂ ਦੇ ਵਿਚਾਰ ਅਨੁਸਾਰ ਨਹੀਂ ਅਪਨਾਇਆ। 2024 ਦੀ ਰਿਪਬਲਿਕਨ ਪ੍ਰਾਇਮਰੀ ਵਿੱਚ ਉਸ ਨੇ ਨਿਕੀ ਹੈਲੀ ਨੂੰ ਸਮਰਥਨ ਦਿੱਤਾ ਸੀ, ਪਰ ਸਿਰਫ਼ "ਚੰਗੇ ਪੁੱਤਰ" ਵਜੋਂ। ਅੱਜ ਉਹ ਡੋਨਾਲਡ ਟਰੰਪ ਅਤੇ MAGA ਨਾਲ ਜੁੜਿਆ ਹੈ। ਉਹ ਕਹਿੰਦਾ ਹੈ, "ਮੈਂ ਆਪਣੇ ਵਿਚਾਰਾਂ ਨੂੰ ਨਹੀਂ ਬਦਲਾਂਗਾ। ਅਮਰੀਕਾ ਨੂੰ ਕਾਨੂੰਨੀ ਇਮੀਗ੍ਰੇਸ਼ਨ ਬੰਦ ਕਰਨੀ ਚਾਹੀਦੀ ਹੈ, ਹਾਲਾਂਕਿ ਮੇਰਾ ਪਰਿਵਾਰ ਇਮੀਗ੍ਰੈਂਟ ਹੈ।"

ਭਵਿੱਖ ਵਿੱਚ ਨਲਿਨ ਰਾਜਨੀਤੀ ਵਿੱਚ ਵਧੇਰੇ ਸਰਗਰਮ ਹੋਣਾ ਚਾਹੁੰਦਾ ਹੈ। ਉਹ ਆਪਣੀ ਧਾਰਮਿਕ ਯਾਤਰਾ ਨੂੰ ਕਿਤਾਬ ਜਾਂ ਪੌਡਕਾਸਟ ਵਿੱਚ ਸਾਂਝਾ ਕਰਨਾ ਚਾਹੁੰਦਾ ਹੈ, ਤਾਂ ਜੋ ਹੋਰ ਨੌਜਵਾਨ ਭਾਰਤੀ-ਮੂਲ ਵਾਲੇ ਬੱਚੇ ਆਪਣੀ ਪਛਾਣ ਬਣਾ ਸਕਣ।

# ਫਰਾਰ 'ਆਪ' ਵਿਧਾਇਕ ਪਠਾਨਮਾਜਰਾ ਦਾ ਆਸਟਰੇਲੀਆ ਤੋਂ ਇੰਟਰਵਿਊ

## ✪ ਵਿਰੋਧੀਆਂ ਨੇ ਪੰਜਾਬ ਸਰਕਾਰ ਨੂੰ ਘੇਰਿਆ ✪ ਪਠਾਨਮਾਜਰਾ ਉਪਰ ਜਬਰ-ਜ਼ਨਾਹ ਅਤੇ ਧੋਖਾਧੜੀ ਦੇ ਲਗੇ ਹਨ ਦੋਸ਼

ਚੰਡੀਗੜ੍ਹ-ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ, ਜੋ ਸਤੰਬਰ ਤੋਂ ਫ਼ਰਾਰ ਸੀ, ਕਥਿਤ ਤੌਰ 'ਤੇ ਆਸਟ੍ਰੇਲੀਆ ਦੇ ਐਡੀਲੇਡ ਤੋਂ ਸਾਹਮਣੇ ਆਇਆ ਹੈ। ਦੂਜੇ ਪਾਸੇ ਸਨੌਰ ਤੋਂ ਵਿਧਾਇਕ ਪਠਾਨਮਾਜਰਾ ਦੀ ਜਬਰ-ਜ਼ਨਾਹ ਅਤੇ ਧੋਖਾਧੜੀ ਦੇ ਕਥਿਤ ਦੋਸ਼ਾਂ ਦੇ ਸਬੰਧ ਵਿੱਚ ਪੰਜਾਬ ਪੁਲੀਸ ਵੱਲੋਂ ਭਾਲ ਕੀਤੀ ਜਾ ਰਹੀ ਹੈ। 'ਦ ਆਸਟ੍ਰੇਲੀਆ ਟੂਡੇ' ਦੇ ਅਨੁਸਾਰ ਪਠਾਨਮਾਜਰਾ ਇੱਕ ਪੰਜਾਬੀ ਵੈੱਬ ਚੈਨਲ 'ਤੇ ਇੱਕ ਵੀਡੀਓ ਇੰਟਰਵਿਊ ਵਿੱਚ ਪੇਸ਼ ਹੋਏ ਹਨ, ਜਿਸ ਵਿੱਚ ਉਨ੍ਹਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ 'ਤੇ ਲੱਗੇ ਦੋਸ਼ ਇੱਕ ਸਿਆਸੀ ਸਾਜ਼ਿਸ਼ ਦਾ ਹਿੱਸਾ ਹਨ। ਉਨ੍ਹਾਂ ਨੇ ਅੱਗੇ ਕਿਹਾ ਕਿ ਉਹ ਜ਼ਮਾਨਤ ਮਿਲਣ ਤੋਂ ਬਾਅਦ ਹੀ ਭਾਰਤ ਵਾਪਸ ਆਉਣਗੇ।



ਜ਼ਿਕਰਯੋਗ ਹੈ ਕਿ ਪੁਲੀਸ 2 ਸਤੰਬਰ ਤੋਂ ਪਠਾਨਮਾਜਰਾ ਦੀ ਭਾਲ ਕਰ ਰਹੀ ਹੈ, ਜਦੋਂ ਉਨ੍ਹਾਂ ਦੇ ਸਮਰਥਕਾਂ ਨੇ ਹਰਿਆਣਾ ਦੇ ਇੱਕ ਫਾਰਮ ਹਾਊਸ 'ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀਆਂ ਕੋਸ਼ਿਸ਼ਾਂ ਨੂੰ ਕਥਿਤ ਤੌਰ 'ਤੇ ਨਾਕਾਮ ਕਰ ਦਿੱਤਾ ਸੀ। ਅਦਾਲਤ ਵਿੱਚ ਪੇਸ਼ ਨਾ ਹੋਣ ਤੋਂ ਬਾਅਦ ਪਟਿਆਲਾ ਦੀ ਇੱਕ ਅਦਾਲਤ ਨੇ ਪਠਾਨਮਾਜਰਾ ਨੂੰ ਭਗੌੜਾ ਕਰਾਰ ਦਿੱਤਾ ਹੋਇਆ ਹੈ। ਵਿਧਾਇਕ 'ਤੇ ਜਬਰ-ਜ਼ਨਾਹ, ਧੋਖਾਧੜੀ ਅਤੇ ਅਪਰਾਧਿਕ ਧਮਕੀ ਦੇ ਦੋਸ਼ ਹਨ, ਜਿਸ ਵਿੱਚ ਇੱਕ ਔਰਤ ਨੇ ਉਨ੍ਹਾਂ 'ਤੇ 2021 ਵਿੱਚ ਰਿਸ਼ਤਾ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਵਿਆਹੁਤਾ ਰੁਤਬੇ ਬਾਰੇ ਧੋਖਾ ਦੇਣ ਦਾ ਦੋਸ਼ ਲਗਾਇਆ ਹੈ। ਔਰਤ ਨੇ ਜਿਨਸੀ ਸ਼ੋਸ਼ਣ, ਧਮਕੀਆਂ ਅਤੇ ਪਰੇਸ਼ਾਨ ਕਰਨ ਦੇ ਦੋਸ਼ ਵੀ ਲਗਾਏ ਹਨ।

ਉਧਰ ਪਠਾਨਮਾਜਰਾ ਨੇ ਸਾਰੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਦਾਅਵਾ ਕੀਤਾ ਹੈ ਕਿ ਉਹ ਫਰਜ਼ੀ ਮੁਕਾਬਲੇ ਦੇ ਡਰੋਂ ਭਾਰਤ ਤੋਂ ਭੱਜਿਆ ਹੈ। ਆਸਟਰੇਲੀਆ ਵਿੱਚ ਉਨ੍ਹਾਂ ਦੀ ਮੌਜੂਦਗੀ ਨੇ ਵਿਰੋਧੀ ਪਾਰਟੀਆਂ ਨੂੰ ਪੰਜਾਬ ਸਰਕਾਰ 'ਤੇ ਸਵਾਲ ਚੁੱਕਣ ਲਈ ਨਵਾਂ ਮੁੱਦਾ ਦੇ ਦਿੱਤਾ ਹੈ। ਵਿਰੋਧੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਵਿਧਾਇਕ ਦੀ ਰਾਖੀ ਕਰਨ ਦਾ ਦੋਸ਼ ਲਗਾਇਆ ਹੈ। ਪੰਜਾਬ ਪੁਲੀਸ ਨੇ ਵਿਧਾਇਕ ਦੀ ਹਵਾਲਗੀ ਦੀ ਸੰਭਾਵਨਾ 'ਤੇ ਵਿਚਾਰ ਕਰ ਰਹੀ ਹੈ। ਆਸਟਰੇਲੀਆਈ ਅਧਿਕਾਰੀਆਂ ਤੋਂ ਸਹਿਯੋਗ ਲੈਣ ਲਈ ਕੂਟਨੀਤਕ ਚੈਨਲਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਦੋਂ ਕਿ ਲੁੱਕਆਊਟ ਨੋਟਿਸ ਤੇ ਇਸ਼ਤਿਹਾਰ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ।

# ਅੱਠ ਸਾਲਾਂ ਤੋਂ ਭਾਰਤ ਵਿੱਚ ਨਜ਼ਰਬੰਦ ਜੱਗੀ ਜੌਹਲ ਨੂੰ ਰਿਹਾਅ ਕਰਨ ਲਈ ਪ੍ਰਕ੍ਰਿਆ ਤੇਜ਼ ਕਰਨ ਦੀ ਲੋੜ – ਸਰਕਾਰ

## ਜੱਗੀ ਜੌਹਲ ਤੋਂ ਜ਼ਬਤ ਕੀਤੀ ਸੋਨੇ ਦੀ ਚੇਨ ਅਤੇ ਅੰਗੂਠੀ ਲਾਪਤਾ ਹੋਣ ਦਾ ਦਾਅਵਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਜੇਲ੍ਹ ਵਿੱਚ ਬੰਦ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੱਗੀ ਜੌਹਲ ਦੇ ਮਾਮਲੇ ਨੂੰ ਹੱਲ ਕਰਨ ਲਈ ਪ੍ਰਕ੍ਰਿਆਵਾਂ ਤੇਜ਼ ਕਰਨ ਦੀ ਲੋੜ ਹੈ, ਇਹ ਗੱਲ ਦਾ ਪ੍ਰਗਟਾਵਾ ਬਰਤਾਨਵੀ ਸਰਕਾਰ ਦੇ ਸੂਤਰਾਂ ਨੇ ਦਿੱਤਾ ਹੈ।

ਗਲਾਸਗੋ ਨੇੜੇ ਡੰਬਰਟਨ ਦੇ ਸਿੱਖ ਕਾਰਕੁਨ ਜਗਤਾਰ ਸਿੰਘ ਜੌਹਲ ਨੂੰ 4 ਨਵੰਬਰ 2017 ਨੂੰ ਪੰਜਾਬ ਵਿੱਚ ਉਸਦੇ ਵਿਆਹ ਤੋਂ ਕੁਝ ਹਫ਼ਤੇ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਦੋਂ ਤੋਂ ਹੀ ਉਹ ਵੱਖ ਵੱਖ ਮਾਮਲਿਆਂ ਵਿੱਚ ਸਲਾਖਾਂ ਪਿੱਛੇ ਹੈ। 38 ਸਾਲਾ ਜੌਹਲ ਇਸ ਸਾਲ ਇੱਕ ਕੇਸ ਚੋਂ ਬਰੀ ਹੋ ਗਿਆ ਸੀ। ਜੌਹਲ ਨੇ ਦਾਅਵਾ ਕੀਤਾ ਸੀ ਕਿ ਉਸ ਨੂੰ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ ਅਤੇ 2022 ਵਿੱਚ ਸੰਯੁਕਤ ਰਾਸ਼ਟਰ ਦੇ ਇੱਕ ਪੈਨਲ ਨੇ ਜੱਗੀ ਦੀ ਗ੍ਰਿਫਤਾਰੀ ਨੂੰ ਮਨਮਾਨੀ ਨਜ਼ਰਬੰਦੀ ਦੱਸਿਆ ਸੀ।

ਜੱਗੀ ਦੇ ਪ੍ਰੀਵਾਰ ਅਤੇ ਕਾਨੂੰਨੀ ਮੁਹਿੰਮ ਸਮੂਹ ਰੀਪ੍ਰੀਵ ਨੇ ਇਸ ਨੂੰ ਰਾਜਨੀਤੀ ਤੋਂ ਪ੍ਰੇਰਿਤ ਕਿਹਾ ਹੈ ਕਿਉਂਕਿ ਉਸ ਨੇ ਭਾਰਤ ਵਿੱਚ ਸਿੱਖ ਭਾਈਚਾਰੇ ਨਾਲ ਹੋਏ ਵਿਵਹਾਰ ਬਾਰੇ ਚਿੰਤਾਵਾਂ ਜ਼ਾਹਰ ਕੀਤੀਆਂ ਸਨ। ਰੀਪ੍ਰੀਵ ਨੇ ਇੱਕ ਦਸਤਾਵੇਜ਼ ਸਾਂਝਾ ਕਰਕੇ ਦਾਅਵਾ ਕੀਤਾ ਹੈ ਪੰਜਾਬ ਪੁਲਿਸ ਤੋਂ ਜੱਗੀ ਜੌਹਲ ਦੇ ਵਿਆਹ ਦੀ ਅੰਗੂਠੀ ਅਤੇ ਸੋਨੇ ਦੀ ਚੇਨ ਗੁਆਚ ਗਈ ਹੈ ਜੋ ਉਸ ਨੂੰ ਪਹਿਲੀ ਵਾਰ ਗ੍ਰਿਫਤਾਰ ਕੀਤੇ ਜਾਣ 'ਤੇ ਜ਼ਬਤ ਕੀਤੀ ਸੀ।

ਬਰਤਾਨਵੀ ਪ੍ਰਧਾਨ ਮੰਤਰੀ ਦੇ ਸਰਕਾਰੀ ਬੁਲ-ਾਰੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਰ ਕੀਰ ਸਟਾਰਮਰ ਨੇ ਪਿਛਲੇ ਮਹੀਨੇ ਆਪਣੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਨਾਲ "ਜਗਤਾਰ ਸਿੰਘ ਜੌਹਲ ਸਮੇਤ ਕਈ ਮਾਮਲਿਆਂ ਨੂੰ ਉਠਾਇਆ ਹੈ"।



ਜਗਤਾਰ ਸਿੰਘ ਜੱਗੀ ਜੌਹਲ

ਬੁਲਾਰੇ ਨੇ ਅੱਗੇ ਕਿਹਾ ਕਿ "ਅਸੀਂ ਭਾਰਤ ਸਰਕਾਰ ਨੂੰ ਆਪਣਾ ਪੱਖ ਸਪੱਸ਼ਟ ਕਰਦੇ ਰਹਿੰਦੇ ਹਾਂ ਅਤੇ ਜੱਗੀ ਜੌਹਲ ਦੇ ਤਸ਼ੱਦਦ ਦੇ ਦੋਸ਼ਾਂ ਦੀ ਜਾਂਚ ਵੀ ਹੋਣੀ ਚਾਹੀਦੀ ਹੈ।" ਜੱਗੀ ਦੀ ਪਤਨੀ ਗੁਰਪ੍ਰੀਤ ਕੌਰ ਨੇ ਕਿਹਾ ਕਿ ਜਗਤਾਰ ਤੋਂ ਇੰਨੇ ਲੰਬੇ ਸਮੇਂ ਤੋਂ ਵੱਖ ਹੋਣ ਦੇ ਦਰਦ ਨੂੰ ਬਿਆਨ ਕਰਨਾ ਅਸੰਭਵ ਹੈ। ਉਸ ਨੇ ਕਿਹਾ ਕਿ ਮੈਨੂੰ ਸੋਨੇ ਦੀ ਚੇਨ ਜਾਂ ਅੰਗੂਠੀ ਦੀ ਕੋਈ ਪ੍ਰਵਾਹ ਨਹੀਂ, ਮੈਂ ਸਿਰਫ਼ ਜਗਤਾਰ ਨੂੰ ਵਾਪਿਸ ਚਾਹੁੰਦੀ ਹਾਂ। ਜੱਗੀ ਦੇ ਭਰਾ ਗੁਰਪ੍ਰੀਤ ਸਿੰਘ ਜੌਹਲ ਨੇ ਕਿਹਾ ਕਿ ਹੁਣ ਤੱਕ ਸਪੱਸ਼ਟ ਹੋ ਗਿਆ ਹੈ ਕਿ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਦੋ ਵਿਅਕਤੀ ਹੀ ਜੱਗੀ ਦੀ ਰਿਹਾਈ ਨੂੰ ਸੰਭਵ ਬਣਾ ਸਕਦੇ ਹਨ। ਮੈਂ ਆਉਣ ਵਾਲੇ ਹਫ਼ਤਿਆਂ ਵਿੱਚ ਵਿਦੇਸ਼ ਮੰਤਰੀ ਯਵੇਟ ਕੂਪਰ ਨੂੰ ਮਿਲਣ ਦੀ ਕੋਸ਼ਿਸ਼ ਕਰਾਂਗਾ।

# ਵਿਸ਼ਵ ਯੁੱਧ ਦੇ ਸ਼ਹੀਦਾਂ ਦੀ ਯਾਦ ਵਿੱਚ ਲੰਡਨ ਵਿੱਚ ਸਰਕਾਰੀ ਸਮਾਗਮ

## ਮਹਾਰਾਜਾ ਚਾਰਲਸ ਤੀਜੇ, ਪ੍ਰਧਾਨ ਮੰਤਰੀ ਕੀਰ ਸਟਾਰਮਰ ਸਮੇਤ ਹਜ਼ਾਰਾਂ ਲੋਕਾਂ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਿਸ਼ਵ ਯੁੱਧ ਦੇ ਸ਼ਹੀਦਾਂ ਦੀ ਯਾਦ ਵਿੱਚ ਲੰਡਨ ਵਿੱਚ ਸਰਕਾਰੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਮਹਾਰਾਜਾ ਚਾਰਲਸ ਤੀਜੇ, ਪ੍ਰਧਾਨ ਮੰਤਰੀ ਕੀਰ ਸਟਾਰਮਰ ਸਮੇਤ ਹਜ਼ਾਰਾਂ ਲੋਕਾਂ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਮਹਾਰਾਜਾ ਚਾਰਲਸ ਤੀਜੇ ਨਾਲ ਪ੍ਰਿੰਸ ਵਿਲੀਅਮ ਅਤੇ ਰਾਜਨੀਤਿਕ ਨੇਤਾ ਕੇਂਦਰੀ ਲੰਡਨ ਦੇ ਸੇਨੋਟਾਫ ਵਿਖੇ ਰਾਸ਼ਟਰੀ ਯਾਦਗਾਰੀ ਸਮਾਗਮ ਵਿੱਚ ਸ਼ਾਮਲ ਹੋਏ। ਜਦ ਕਿ ਰਾਣੀ ਕੈਮੇਲਾ, ਰਾਜਕੁਮਾਰੀ ਕੇਟ ਮਿਡਲਟਨ ਅਤੇ ਹੋਰ ਸ਼ਾਹੀ ਪ੍ਰੀਵਾਰ ਵਿਦੇਸ਼ ਮੰਤਰਾਲੇ ਦੀ ਬਾਲਕੋਨੀ ਵਿੱਚ ਮੌਜੂਦ ਸੀ। ਲਗਭਗ 10,000 ਹਥਿਆਰਬੰਦ ਸੈਨਾ ਦੇ ਸਾਬਕਾ ਸੈਨਿਕ, ਦੂਜੇ ਵਿਸ਼ਵ ਯੁੱਧ ਦੇ ਲਗਭਗ 20 ਸਾਬਕਾ ਸੈਨਿਕਾਂ ਨੇ ਮਾਰਚ-ਪਾਸਟ ਵਿੱਚ ਹਿੱਸਾ ਲਿਆ। ਇਹ ਸਮਾਗਮ ਦੇਸ਼ ਭਰ ਵਿੱਚ ਹੋਣ ਵਾਲੇ ਸਮਾਗਮਾਂ ਵਿੱਚੋਂ ਪ੍ਰਮੁੱਖ ਹੈ ਜਿਸ ਵਿੱਚ 11:00 ਵਜੇ ਦੋ ਮਿੰਟ ਦਾ ਮੌਨ ਰੱਖਿਆ ਗਿਆ। ਪ੍ਰਧਾਨ ਮੰਤਰੀ ਕੀਰ ਸਟਾਰਮਰ, ਵਿਰੋਧੀ ਧਿਰ ਦੀ ਨੇਤਾ ਕੇਮੀ ਬੈਡੇਨੋਚ ਦੇ ਨਾਲ ਸਾਬਕਾ ਪ੍ਰਧਾਨ ਮੰਤਰੀ ਡੇਵਿਡ ਕੈਮਰਨ, ਟੋਨੀ ਬਲੇਅਰ ਅਤੇ ਗੋਰਡਨ ਬ੍ਰਾਊਨ ਆਦਿ ਨੇ ਵੀ ਨੇ ਵੀ ਸ਼ਰਧਾਂਜਲੀ ਭੇਟ ਕੀਤੀ।






ਵਿਸ਼ਵ ਯੁੱਧ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਮਹਾਰਾਜਾ ਚਾਰਲਸ ਤੀਜੇ, ਪ੍ਰਧਾਨ ਮੰਤਰੀ ਕੀਰ ਸਟਾਰਮਰ ਅਤੇ ਹੋਰ

# ਕਪਿਲ ਸ਼ਰਮਾ ਦੇ KAP'S ਕੈਫੇ 'ਤੇ ਫਾਈਰਿੰਗ ਕਰਨ ਵਾਲੇ ਕੈਨੇਡਾ ਤੋਂ ਡਿਪੋਰਟ




ਕਪਿਲ ਸ਼ਰਮਾ ਦੇ KAP& ਕੈਫੇ ਤੇ ਫਾਈਰਿੰਗ ਕਰਨ ਵਾਲਿਆਂ ਤੇ ਕੈਨੇਡਾ ਸਰਕਾਰ ਵੱਲੋਂ ਵੱਡੀ ਕਾਰਵਾਈ ਕੀਤੀ ਗਈ ਹੈ। ਫਾਇਰਿੰਗ ਕਰਨ ਵਾਲੇ 3 ਮੁਲਜ਼ਮਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ ਯਾਨੀ ਕੈਨੇਡਾ ਤੋਂ ਡਿਪੋਰਟ ਕਰਨ ਦਿੱਤਾ ਗਿਆ ਹੈ। ਉਨ੍ਹਾਂ ਵੱਲੋਂ 2 ਵਾਰ ਕਪਿਲ ਸ਼ਰਮਾ ਦੇ ਕੈਫੇ ਤੇ ਫਾਇਰਿੰਗ ਕੀਤੀ ਗਈ ਸੀ। ਕੈਨੇਡਾ ਸਰਕਾਰ ਨੇ 3 ਗੈਂਗ ਮੈਂਬਰਾਂ ਨੂੰ ਡਿਪੋਰਟ ਕੀਤਾ ਹੈ। ਹਾਲਾਂਕਿ ਡਿਪੋਰਟ ਕੀਤੇ ਮੁਲਜ਼ਮਾਂ ਦੀ ਪਹਿਚਾਣ ਜ਼ਾਹਿਰ ਨਹੀਂ ਕੀਤੀ ਗਈ। ਕੈਫੇ ਤੇ ਫਾਇਰਿੰਗ ਦੇ ਬਾਅਦ ਭਾਵੁਕ ਪੋਸਟ ਵੀ ਕਪਿਲ ਸ਼ਰਮਾ ਵੱਲੋਂ ਪਾਈ ਗਈ ਸੀ ਕਿ ਜਿਸ ਵਿਚ ਉਨ੍ਹਾਂ ਨੇ ਫਾਇਰਿੰਗ ਦਾ ਜ਼ਿਕਰ ਕੀਤਾ ਸੀ ਕਿ ਇਸ ਘਟਨਾਕ੍ਰਮ ਨੇ ਸਾਨੂੰ ਤੋੜ ਕੇ ਰੱਖ ਦਿੱਤਾ ਹੈ। ਇਨ੍ਹਾਂ ਗੈਂਗ ਮੈਂਬਰਾਂ ਵੱਲੋਂ ਸਰੀ ਲੋਅਰ ਮੇਨਲੈਂਡ ਤੇ ਫ੍ਰੇਜਰ ਰੈਲੀ ਵਿਚ ਵਾਰ-ਵਾਰ ਭਾਰਤੀ ਮੂਲ ਦੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਇਸ ਲਈ 3 ਗੈਂਗ ਮੈਂਬਰਾਂ ਨੂੰ ਡਿਪੋਰਟ ਕਰ ਦਿੱਤਾ ਗਿਆ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਗੈਂਗ ਦੇ 3 ਮੈਂਬਰਾਂ ਨੂੰ ਦੇਸ਼ ਨਿਕਾਲਾ ਦਿੱਤਾ ਹੈ ਜੋ ਕਪਿਲ ਸਣੇ ਕਈ ਹੋਰ ਪੰਜਾਬੀ ਮੂਲ ਦੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਰਹੇ ਸੀ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੁਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

ਸਵ: ਸ੍ਰ. ਉਮਰਾਓ ਅਟਵਾਲ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਪੁਰਬ ਮਨਾਇਆ ਗਿਆ

**ਡਰਬੀ (ਪੰਜਾਬ ਟਾਈਮਜ਼) – ਬੀਤੇ ਐਤਵਾਰ 9 ਨਵੰਬਰ ਨੂੰ ਸ੍ਰੀ ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਪੁਰਬ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ।**

ਖਾਲਸਾ ਸੇਵਾਦਾਰ ਗਰੁੱਪ ਅਤੇ ਪੰਜ ਪ੍ਰਧਾਨੀ ਯੂ ਕੇ ਦੇ ਸੇਵਾਦਾਰਾਂ ਵੱਲੋਂ 7 ਨਵੰਬਰ ਸ਼ੁੱਕਰਵਾਰ ਨੂੰ ਇਸ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਆਰੰਭ ਕਰਵਾ ਕੇ ਐਤਵਾਰ ਨੂੰ ਸਵੇਰੇ ਭੋਗ ਪਾਏ ਗਏ। ਉਪਰੰਤ ਗਿਆਨੀ ਟਹਿਲ ਸਿੰਘ ਅਤੇ ਸਾਥੀਆਂ ਦੇ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਦੀ ਹਾਜ਼ਰੀ ਭਰੀ, ਇਸ ਦੌਰਾਨ ਬੀਬੀ ਮਨਸੁਖਪ੍ਰੀਤ ਕੌਰ ਨੇ ਵੀ ਬੜਾ ਰਸਭਿੰਨਾ ਕੀਰਤਨ ਕੀਤਾ। ਬਾਅਦ ਵਿੱਚ ਸਜਾਏ ਗਏ ਦੀਵਾਨ ਵਿੱਚ ਗੁਰਦੁਆਰਾ ਸਾਹਿਬ ਦੇ ਸਟੇਜ ਸੈਕਟਰੀ ਸ: ਕੀਰਤ ਸਿੰਘ ਨੇ ਸੰਗਤਾਂ ਨਾਲ ਗੁਰੂ ਸਾਹਿਬ ਦੇ ਸ਼ਹੀਦੀ ਪੁਰਬ ਸਬੰਧੀ ਕਰਵਾਏ ਜਾ ਰਹੇ ਪ੍ਰੋਗਰਾਮ ਬਾਰੇ ਜਾਣਕਾਰੀ ਸਾਂਝੀ ਕੀਤੀ। ਬੁਲਾਰਿਆਂ ਵਿੱਚ ਸੁਪਰੀਮ ਸਿੱਖ ਕੌਂਸਲ ਦੇ ਪ੍ਰਤੀਨਿੱਧ ਸ: ਚੰਦਰ ਸ਼ੇਖਰ ਸਿੰਘ ਗੁਰੂ ਅਤੇ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਈਸਟ ਪਾਰਕ ਰੋਡ ਲੈਸਟਰ ਦੇ ਜਨਰਲ ਸਕੱਤਰ ਭਾਈ ਮੁਖਤਿਆਰ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਬਾਰੇ ਚਾਨਣਾ ਪਾਇਆ ਕਿ ਕਿਵੇਂ ਗੁਰੂ ਸਾਹਿਬ ਦੂਜੇ ਧਰਮ ਦੀ ਰਾਖੀ ਕਰਕੇ ਦੁਨੀਆ ਨੂੰ ਦੱਸ ਦਿੱਤਾ ਕਿ ਮਨੁੱਖੀ ਅਧਿਕਾਰਾਂ ਦੀ ਰੱਖਿਆ ਵਾਸਤੇ ਆਪਣਾ ਆਪਾ ਵੀ ਕੁਰਬਾਨ ਕੀਤਾ ਜਾ ਸਕਦਾ ਹੈ। ਇਸ ਅਦੁੱਤੀ ਸ਼ਹਾਦਤ ਮੌਕੇ ਗੁਰੂ ਸਾਹਿਬ ਦੇ ਬਹੁਤ ਹੀ ਪਿਆਰੇ ਗੁਰਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਕਿਵੇਂ ਅਣਮਨੁੱਖੀ ਤਸੀਹੇ ਦੇ ਕੇ ਜ਼ਾਲਮ ਹਕੂਮਤ ਵੱਲੋਂ ਸ਼ਹੀਦ ਕੀਤਾ ਗਿਆ। ਬਾਅਦ ਵਿੱਚ ਸ: ਮੁਖਤਿਆਰ ਸਿੰਘ ਨੂੰ ਸਿਰੋਪਾਓ ਦੇ ਕੇ ਉਹਨਾਂ ਦੀਆਂ ਪੰਥਕ ਸੇਵਾਵਾਂ ਲਈ ਮਾਣ ਸਨਮਾਨ ਵੀ ਕੀਤਾ ਗਿਆ।



ਡਰਬੀ ਵਿਖੇ ਆਯੋਜਿਤ ਕੀਤੇ ਗਏ 350 ਸਾਲਾ ਸ਼ਹੀਦੀ ਸਮਾਗਮ ਦੀਆਂ ਤਸਵੀਰਾਂ

# ਟਰੰਪ ਪ੍ਰਸ਼ਾਸਨ ਦਾ ਨਵਾਂ ਹੁਕਮ: ਸਿਹਤ ਸਮੱਸਿਆਵਾਂ ਵਾਲੇ ਪ੍ਰਵਾਸੀਆਂ ਦਾ ਅਮਰੀਕਾ ਵਿੱਚ ਦਾਖਲਾ ਔਖਾ



ਟਰੰਪ ਪ੍ਰਸ਼ਾਸਨ ਨੇ ਦੁਨੀਆ ਭਰ ਦੇ ਅਮਰੀਕੀ ਕੌਂਸਲਰ ਦਫ਼ਤਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਅਮਰੀਕਾ ਵਿੱਚ ਦਾਖਲ ਹੋਣ ਅਤੇ ਰਹਿਣ ਦੀ ਇੱਛਾ ਰੱਖਣ ਵਾਲੇ ਵਿਅਕਤੀਆਂ ਨੂੰ ਅਯੋਗ ਸਮਝਣ, ਜੇ ਉਨ੍ਹਾਂ ਨੂੰ ਕੁਝ ਡਾਕਟਰੀ ਸਥਿਤੀਆਂ ਹਨ। ਉਨ੍ਹਾਂ ਕਿਹਾ ਕਿ ਇਹ ਲੋਕ ਜਨਤਕ ਲਾਭਾਂ ਫ਼ਰਸਤੋਂਤੇ ਨਿਰਭਰ ਹੋ ਸਕਦੇ ਹਨ।

ਕੇਐੱਫਐੱਫ ਹੈਲਥ ਨਿਊਜ਼ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਵਿੱਚ ਰਹਿਣ ਲਈ ਵੀਜ਼ਾ ਲਈ ਅਰਜ਼ੀ ਦੇਣ ਵਾਲੇ ਵਿਦੇਸ਼ੀਆਂ ਨੂੰ ਜੇਕਰ ਉਨ੍ਹਾਂ ਨੂੰ ਕੁਝ ਡਾਕਟਰੀ ਸਥਿਤੀਆਂ ਹਨ ਤਾਂ ਉਨ੍ਹਾਂ ਨੂੰ ਰੱਦ ਕੀਤਾ ਜਾ ਸਕਦਾ ਹੈ। ਰਿਪੋਰਟ ਵਿੱਚ ਵਿਦੇਸ਼ ਵਿਭਾਗ ਵੱਲੋਂ ਦੂਤਾਵਾਸ ਅਤੇ ਕੌਂਸਲਰ ਅਧਿਕਾਰੀਆਂ ਨੂੰ ਭੇਜੀ ਗਈ ਇੱਕ ਕੇਬਲ ਵਿੱਚ ਜਾਰੀ ਕੀਤੇ ਗਏ ਇੱਕ ਮਾਰਗਦਰਸ਼ਨ ਦਾ ਹਵਾਲਾ ਦਿੱਤਾ ਗਿਆ ਹੈ। ਕੇ ਐਫ ਐਫ ਵੱਲੋਂ ਹਵਾਲਾ ਦਿੱਤੀ ਗਈ ਕੇਬਲ ਦੇ ਅਨੁਸਾਰ, ਤੁਹਾਨੂੰ ਬਿਨੈਕਾਰ ਦੀ ਸਿਹਤ 'ਤੇ ਵਿਚਾਰ ਕਰਨਾ ਚਾਹੀਦਾ ਹੈ। ਕੁਝ ਡਾਕਟਰੀ ਸਥਿਤੀਆਂ ਜਿਨ੍ਹਾਂ ਵਿੱਚ ਕਾਰਡੀਓਵੈਸਕੁਲਰ ਰੋਗ, ਸਾਹ ਦੀਆਂ ਬਿਮਾਰੀਆਂ, ਕੈਂਸਰ, ਡਾਇਬੀਟੀਜ਼, ਮੈਟਾਬੋਲਿਕ ਰੋਗ, ਨਿਊਰੋਲੋਜੀਕਲ ਰੋਗ, ਅਤੇ ਮਾਨਸਿਕ ਸਿਹਤ ਸਥਿਤੀਆਂ ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹਨ ਇਸ ਲਈ ਸੈਂਕੜੇ ਹਜ਼ਾਰਾਂ ਡਾਲਰਾਂ ਦੀ ਦੇਖਭਾਲ ਦੀ ਲੋੜ ਹੋ ਸਕਦੀ ਹੈ।"


ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰਾਂ ਦੀ ਤਿਆਰੀ

TO BUY OR PRINT YOUR OWN NEW YEAR'S CALANDERS
PLEASE CONTACT US ON: 07966 388 388

ਨਵੇਂ ਸਾਲ 2026 ਦੇ ਕੈਲੰਡਰਾਂ ਲਈ ਆਰਡਰ ਲਏ ਜਾ ਰਹੇ ਹਨ
ਨਵੇਂ ਸਾਲ ਦੇ ਕੈਲੰਡਰਾਂ ਵਾਸਤੇ ਆਰਡਰ ਦੇਣ ਲਈ ਉੱਪਰ ਦਿੱਤੇ ਨੰਬਰ 'ਤੇ ਸੰਪਰਕ ਕਰੋ ਜੀ

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2026 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ। ਵਪਾਰਕ ਅਦਾਰਿਆਂ ਲਈ ਆਪਣੇ ਕਾਰੋਬਾਰ ਨੂੰ ਵਧਾਉਣ ਦਾ ਇਹ ਬਹੁਤ ਵਧੀਆ ਮੌਕਾ ਹੁੰਦਾ ਹੈ। ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ। ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ। ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ।

ਵਿਸ਼ੇਸ਼ ਨੋਟ :- ਤੁਸੀਂ ਆਪਣੀ ਸੰਸਥਾ, ਕੰਪਨੀ ਨਾਲ ਸਬੰਧਿਤ ਜਾਂ ਕੋਈ ਪਰਿਵਾਰਕ ਫੋਟੋ ਜਾਂ ਹੋਰ ਕੋਈ ਵੀ ਆਪਣੀ ਮਨਪਸੰਦ ਫੋਟੋ ਆਪਣੇ ਕੈਲੰਡਰ ਉੱਤੇ ਛਪਵਾ ਸਕਦੇ ਹੋ।
* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਨਣ ਲਈ ਫ਼ੋਨ ਕਰੋ;

What's App Contact: 07966 388 388




Specialist in Full Colour and all other Commercial Printing.

ਅਸੀਂ ਹਰ ਤਰ੍ਹਾਂ ਦੇ ਵੱਖ-ਵੱਖ ਸਾਈਜ਼ਾਂ 'ਚ ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਬਹੁਤ ਹੀ ਸਸਤੇ ਭਾਅ 'ਤੇ ਛਾਪਦੇ ਹਾਂ।

CALL NOW AND SPEAK TO MANINDER SINGH OR HARJINDER SINGH MANDER ON: 01332-372851

# ਕੀ ਅਮਰੀਕਾ ਵਿੱਚ ਸਚਮੁੱਚ ਹਿੰਦੂ ਭਾਈਚਾਰੇ ਉਪਰ ਵਧ ਰਹੇ ਨਸਲੀ ਹਮਲੇ

**ਖਾਸ ਰਿਪੋਟ**

## ✪ ਅਮਰੀਕਾ ਵਿੱਚ ਹਿੰਦੂ ਨਸਲੀ ਹਮਲਿਆਂ ਬਾਰੇ ਭਾਰਤ ਸਰਕਾਰ ਚੁਪ ਕਿਉਂ ?
## ✪ ਭਾਰਤ ਦੇ ਭਗਵੇਂਵਾਦੀ ਅਮਰੀਕੀ ਹਿੰਦੂਆਂ ਲਈ ਪੈਦਾ ਕਰ ਰਹੇ ਨੇ ਮੁਸ਼ਕਲਾਂ



ਅਮਰੀਕਾ ਵਿੱਚ ਹਿੰਦੂ ਭਾਈਚਾਰੇ ਤੇ ਨਸਲੀ ਹਮਲਿਆਂ ਦੇ ਮਾਮਲੇ ਵਧਦੇ ਜਾ ਰਹੇ ਹਨ ਹੈ। ਇਹ ਹਮਲੇ ਨਾ ਸਿਰਫ਼ ਧਾਰਮਿਕ ਭੇਦਭਾਵ ਨਾਲ ਜੁੜੇ ਹਨ, ਸਗੋਂ ਰਾਜਨੀਤਕ ਮਾਹੌਲ ਨੇ ਵੀ ਇਸ ਨੂੰ ਹਵਾ ਦਿੱਤੀ ਹੈ। ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਉਨ੍ਹਾਂ ਦੇ 'ਮੇਕ ਅਮਰੀਕਾ ਗ੍ਰੇਟ ਅਗੇਨ' (ਮੈਗਾ) ਨਾਅਰੇ ਨੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਹੈ। ਮੁਸਲਮਾਨਾਂ ਅਤੇ ਬਲੈਕ ਭਾਈਚਾਰੇ ਤੋਂ ਬਾਅਦ ਹੁਣ ਹਿੰਦੂ ਭਾਈਚਾਰਾ ਵੀ ਇਸ ਨਫ਼ਰਤ ਦਾ ਸ਼ਿਕਾਰ ਹੋ ਰਿਹਾ ਹੈ । ਅਮਰੀਕੀ ਅਖ਼ਬਾਰਾਂ ਅਨੁਸਾਰ, ਮੋਦੀ ਸਰਕਾਰ ਨੇ ਅਜੇ ਤੱਕ ਅਧਿਕਾਰਿਕ ਤੌਰ ਉਪਰ ਕੋਈ ਸ਼ਿਕਾਇਤ ਨਹੀਂ ਕੀਤੀ। ਅਮਰੀਕਾ ਵਿੱਚ ਹਿੰਦੂ ਭਾਈਚਾਰੇ ਦੀ ਗਿਣਤੀ ਲਗਭਗ 30 ਲੱਖ ਹੈ। ਇਹ ਲੋਕ ਜ਼ਿਆਦਾਤਰ ਭਾਰਤੀ ਮੂਲ ਦੇ ਹਨ ਅਤੇ ਉਹਨਾਂ ਨੇ ਵਿਦੇਸ਼ਾਂ ਵਿੱਚ ਪੜ੍ਹਾਈ ਕਰਕੇ ਅਰਥਵਿਵਸਥਾ ਨੂੰ ਮਜ਼ਬੂਤ ਕੀਤਾ ਹੈ। ਪਰ ਟਰੰਪ ਦੇ ਚੋਣ ਮੁਕਾਬਲੇ ਤੋਂ ਲੈ ਕੇ ਹੁਣ ਤੱਕ, ਇਮੀਗ੍ਰੇਸ਼ਨ ਨੂੰ ਲੈ ਕੇ ਚੱਲ ਰਹੀ ਬਹਿਸ ਨੇ ਨਸਲਵਾਦ ਨੂੰ ਹਵਾ ਦਿੱਤੀ ਹੈ। ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐਫ ਬੀ ਆਈ) ਦੇ ਅੰਕੜਿਆਂ ਅਨੁਸਾਰ, 2020 ਤੋਂ 2025 ਤੱਕ ਹਿੰਦੂਆਂ ਵਿਰੁੱਧ 100 ਤੋਂ 120 ਹੈਟ ਕ੍ਰਾਈਮਾਂ ਦੇ ਮਾਮਲੇ ਦਰਜ ਹੋਏ ਹਨ, ਜਿਸ ਵਿੱਚ 150 ਤੋਂ ਵੱਧ ਲੋਕ ਪੀੜਤ ਹੋਏ। 2015 ਤੋਂ ਇਹ ਗਿਣਤੀ ਤਿੰਨ ਗੁਣਾ ਵਧ ਗਈ ਹੈ। ਹੋਰ ਘੱਟ ਗਿਣਤੀਆਂ ਵਿਰੁੱਧ ਪ੍ਰਤੀ ਸਾਲ ਲਗਭਗ 2000 ਹੈਟ ਕ੍ਰਾਈਮ ਹੁੰਦੇ ਹਨ, ਪਰ ਹਿੰਦੂਆਂ ਤੇ ਹਮਲੇ ਵੀ ਤੇਜ਼ੀ ਨਾਲ ਵਧ ਰਹੇ ਹਨ।

ਇਸ ਨਫ਼ਰਤ ਦਾ ਇੱਕ ਵੱਡਾ ਕਾਰਨ ਧਾਰਮਿਕ ਭੇਦਭਾਵ ਹੈ। ਅਮਰੀਕੀ ਕੰਜ਼ਰਵੇਟਿਵ ਅਤੇ ਗੋਰੇ ਰਾਸ਼ਟਰਵਾਦੀ ਗਰੁੱਪਾਂ ਨੂੰ ਹਿੰਦੂ ਰੀਤੀ-ਰਿਵਾਜ 'ਗੈਰ-ਅਮਰੀਕੀ' ਲੱਗਦੇ ਹਨ। ਉਹ ਦੀਵਾਲੀ ਨੂੰ 'ਸ਼ੈਤਾਨੀ ਰਿਵਾਜ਼' ਕਹਿੰਦੇ ਹਨ ਅਤੇ ਲੱਛਮੀ-ਗਣੇਸ਼ ਦੀ ਪੂਜਾ ਵਿਰੁਧ ਨਫਰਤੀ ਟਿਪਣੀਆਂ ਕਰਦੇ ਹਨ। ਇਸ ਸਾਲ ਵ੍ਹਾਈਟ ਹਾਊਸ ਵਿੱਚ ਦੀਵਾਲੀ ਦੀ ਰੌਸ਼ਨੀ ਉਪਰ ਟਰੰਪ ਦੇ ਦੀਵੇ ਜਗਾਉਣ ਤੋਂ ਬਾਅਦ ਮੈਗਾ ਸਮਰਥਕਾਂ ਨੇ ਸੋਸ਼ਲ ਮੀਡੀਆ ਤੇ ਤੂਫ਼ਾਨ ਖੜ੍ਹਾ ਕਰ ਦਿੱਤਾ। ਕੈਲੀਫੋਰਨੀਆ ਵਿੱਚ ਦੀਵਾਲੀ ਦੀ ਛੁੱਟੀ ਨੂੰ ਵੀ ਵਿਰੋਧ ਕੀਤਾ ਗਿਆ ਸੀ। 2019 ਵਿੱਚ ਕੈਂਟਕੀ ਦੇ ਇੱਕ ਹਿੰਦੂ ਮੰਦਰ ਤੇ 'ਯੀਸੂ ਹੀ ਇਕਲੌਤਾ ਰੱਬ ਹੈ' ਲਿਖਣ ਵਾਲੇ ਨਿਸ਼ਾਨ ਲਗਾਏ ਗਏ। ਇਸ ਤਰ੍ਹਾਂ ਦੇ ਹਮਲੇ ਹੁਣ ਤੇਜ਼ ਹੋ ਗਏ ਹਨ।

ਇਸ ਵਿੱਚ ਵਾਈਸ ਪ੍ਰੈਜ਼ੀਡੈਂਟ ਜੇਡੀ ਵੈਂਸ ਦਾ ਰੋਲ ਵੀ ਵਿਵਾਦਤ ਹੈ। ਵੈਂਸ ਦੀ ਪਤਨੀ ਉਸ਼ਾ ਚਿਲੂਕੂਰੀ ਇੱਕ ਹਿੰਦੂ ਹੈ ਅਤੇ ਉਹਨਾਂ ਨੇ ਇੰਟਰ-ਰੀਲੀਜ਼ਨ ਵਿਆਹ ਕੀਤਾ ਹੈ। ਪਿਛਲੇ ਹਫ਼ਤੇ ਮਿਸੀਸਿਪੀ ਯੂਨੀਵਰਸਿਟੀ ਵਿੱਚ ਟਰਨਿੰਗ ਪੁਆਇੰਟ ਯੂਐਸਏ ਦੇ ਪ੍ਰੋਗਰਾਮ ਵਿੱਚ ਇੱਕ ਭਾਰਤੀ ਮੂਲ ਦੀ ਵਿਦਿਆਰਥਣ ਨੇ ਵੈਂਸ ਤੋਂ ਸਵਾਲ ਕੀਤਾ : "ਤੁਹਾਡੀ ਪਤਨੀ ਹਿੰਦੂ ਹੈ, ਘਰ ਵਿੱਚ ਵੱਖ-ਵੱਖ ਧਰਮਾਂ ਦਾ ਮਾਹੌਲ ਹੈ। ਫਿਰ ਅਮਰੀਕਾ ਨਾਲ ਪਿਆਰ ਸਾਬਤ ਕਰਨ ਲਈ ਈਸਾਈ ਕਿਉਂ ਬਣਨਾ ਪੈਂਦਾ ਹੈ ? ਅਤੇ ਇਮੀਗ੍ਰੇਸ਼ਨ ਬਾਰੇ - ਤੁਸੀਂ ਸਾਨੂੰ ਕਿਹਾ ਸੀ ਕਿ ਆਓ, ਪੜ੍ਹੋ, ਯੋਗਦਾਨ ਪਾਓ, ਪਰ ਹੁਣ ਕਹਿੰਦੇ ਹੋ 'ਬਹੁਤ ਹੋ ਗਏ ਇਮੀਗ੍ਰੈਂਟਸ' ? ਅਸੀਂ ਕਾਨੂੰਨੀ ਤਰੀਕੇ ਨਾਲ ਆ ਕੇ ਮਿਹਨਤ ਕੀਤੀ, ਫਿਰ ਸਾਡੇ ਨਾਲ ਵਿਤਕਰਾ ਕਿਉਂ ?" ਇਹ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋ ਗਿਆ ਅਤੇ ਘੱਟ ਗਿਣਤੀਆਂ ਵਿੱਚ ਡਰ ਪੈਦਾ ਕਰ ਰਿਹਾ ਹੈ।

ਵੈਂਸ ਨੇ ਪਹਿਲਾਂ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਉਹ ਚਾਹੁੰਦੇ ਹਨ ਕਿ ਉਸ਼ਾ ਵੀ ਉਹਨਾਂ ਵਾਂਗ ਕੈਥੋਲਿਕ ਈਸਾਈ ਬਣ ਜਾਵੇ, ਹਾਲਾਂਕਿ ਕੋਈ ਦਬਾਅ ਨਹੀਂ ਹੈ। ਵੈਂਸ 2019 ਵਿੱਚ ਕੈਥੋਲਿਕ ਬਣੇ ਸਨ ਅਤੇ ਉਹਨਾਂ ਦਾ ਬਚਪਨ ਈਸਾਈ ਧਰਮ ਵਿੱਚ ਗੁਜ਼ਰਿਆ ਸੀ। ਬਾਅਦ ਵਿੱਚ ਉਹ ਨਾਸਤਿਕ ਹੋ ਗਏ ਸਨ। ਪਰ ਇਸ ਬਿਆਨ ਨੇ ਮੈਗਾ ਸਮਰਥਕਾਂ ਨੂੰ ਭੜਕਾ ਦਿੱਤਾ। ਉਹ ਵੈਂਸ ਨੂੰ 'ਝੂਠਾ ਈਸਾਈ' ਕਹਿੰਦੇ ਹਨ ਅਤੇ ਕਹਿੰਦੇ ਹਨ ਕਿ ਹਿੰਦੂ ਪਤਨੀ ਨਾਲ ਵਿਆਹ ਅਮਰੀਕੀ ਮੁੱਲਾਂ ਵਿਰੁੱਧ ਹੈ। ਗੁੱਡ ਫ੍ਰਾਈਡੇ ਦੀਆਂ ਸ਼ੁਭਕਾਮਨਾਵਾਂ ਦੇਣ ਤੇ ਵੀ ਉਹਨਾਂ ਨੂੰ ਟਰੋਲ ਕੀਤਾ ਗਿਆ। ਇਹ ਟਰੋਲਿੰਗ ਗੋਰੇ ਰਾਸ਼ਟਰਵਾਦੀਆਂ ਅਤੇ ਕੱਟੜ ਕੈਥੋਲਿਕਾਂ ਵੱਲੋਂ ਹੈ, ਜੋ ਇੰਟਰ-ਫੇਥ ਵਿਆਹ ਨੂੰ 'ਗਲਤ' ਮੰਨਦੇ ਹਨ।

ਟਰੰਪ ਪ੍ਰਸ਼ਾਸਨ ਵਿੱਚ ਹਿੰਦੂ ਅਧਿਕਾਰੀ ਵੀ ਬਚ ਨਹੀਂ ਪਾ ਰਹੇ। ਹਵਾਈ ਮੂਲ ਦੀ ਤੁਲਸੀ ਗਬਾਰਡ, ਜੋ ਡਾਇਰੈਕਟਰ ਆਫ਼ ਨੈਸ਼ਨਲ ਇੰਟੈਲੀਜੈਂਸ ਹੈ, ਅਤੇ ਕਾਸ਼ ਪਟੇਲ, ਜੋ ਐਫਬੀਆਈ ਦੇ ਡਾਇਰੈਕਟਰ ਹਨ, ਦੋਵੇਂ ਹਿੰਦੂ ਪਰਿਵਾਰਾਂ ਤੋਂ ਹਨ। ਦੀਵਾਲੀ ਉਪਰ ਉਹਨਾਂ ਨੇ ਸ਼ੁਭਕਾਮਨਾਵਾਂ ਦਿੱਤੀਆਂ ਤਾਂ ਮੈਗਾ ਗਰੁੱਪਾਂ ਨੇ ਉਹਨਾਂ ਨੂੰ 'ਅਮਰੀਕਾ ਛੱਡੋ' ਕਹਿ ਕੇ ਗਾਲ੍ਹਾਂ ਕਢੀਆਂ। ਗਬਾਰਡ 70 ਬਿਲੀਅਨ ਡਾਲਰ ਦੇ ਅਮਰੀਕੀ ਖੁਫ਼ੀਆ ਜਾਲ ਨੂੰ ਕੰਟਰੋਲ ਕਰਦੀ ਹੈ, ਪਰ ਫਿਰ ਵੀ ਨਸਲੀ ਨਿਸ਼ਾਨੇ ਤੇ ਹੈ। ਇਹ ਦੱਸਦਾ ਹੈ ਕਿ ਟਰੰਪ ਦਾ ਨਾਅਰਾ ਕਿਵੇਂ ਕਟੜਵਾਦੀ ਈਸਾਈ ਸੰਸਥਾਵਾਂ ਨੂੰ ਤਾਕਤ ਦੇ ਰਿਹਾ ਹੈ, ਜੋ ਹਿੰਦੂ ਰੀਤੀਆਂ ਨੂੰ 'ਬਹੁਦੇਵ ਪੂਜਾ ਵਜੋਂ ਵੇਖਦੀਆਂ ਹਨ।

ਇਸ ਦਾ ਰਾਜਨੀਤਕ ਪਹਿਲੂ ਵੀ ਡੂੰਘਾ ਹੈ। ਟਰੰਪ ਨੇ ਇਮੀਗ੍ਰੇਸ਼ਨ ਵਿਰੋਧੀ ਭਾਸ਼ਣਾਂ ਨਾਲ ਨਫ਼ਰਤ ਨੂੰ ਜਨਮ ਦਿੱਤਾ, ਜੋ ਪਹਿਲਾਂ ਮੁਸਲਮਾਨਾਂ ਤੇ ਫੈਲੀ ਅਤੇ ਹੁਣ ਹਿੰਦੂਆਂ ਤੱਕ ਪਹੁੰਚ ਗਈ। ਅਮਰੀਕੀ ਸੇਨੇਟ ਵਿੱਚ ਇੱਕ ਵਾਰ ਹਿੰਦੂ ਪ੍ਰਾਰਥਨਾ ਹੋਈ ਤਾਂ ਕੱਟੜ ਈਸਾਈਆਂ ਨੇ ਇਸ ਨੂੰ 'ਵੱਡੇ ਪੈਮਾਨੇ ਉਪਰ ਵਿਰੋਧ ਕੀਤਾ। ਕੈਥੋਲਿਕ ਧਰਮ ਵਿੱਚ ਯੀਸੂ, ਮਰੀਅਮ ਅਤੇ ਸੰਤਾਂ ਤੋਂ ਬਿਨਾਂ ਹੋਰ ਮੂਰਤੀਆਂ ਨੂੰ ਸਤਿਕਾਰ ਨਹੀਂ ਮਿਲਦਾ।

ਨਿਊਯਾਰਕ ਟਾਈਮਜ਼ ਅਤੇ ਵਾਸ਼ਿੰਗਟਨ ਪੋਸਟ ਵਰਗੀਆਂ ਅਮਰੀਕੀ ਅਖ਼ਬਾਰਾਂ ਨੇ ਰਿਪੋਰਟ ਕੀਤਾ ਹੈ ਕਿ ਮੋਦੀ ਸਰਕਾਰ ਨੇ ਅਜੇ ਤੱਕ ਟਰੰਪ ਨੂੰ ਅਧਿਕਾਰਕ ਰੂਪ ਵਿੱਚ ਇਸ ਮੁੱਦੇ ਤੇ ਚਿੱਠੀ ਨਹੀਂ ਲਿਖੀ। ਭਾਰਤੀ ਵਿਦੇਸ਼ ਮੰਤਰਾਲੇ ਨੇ ਸਿਰਫ਼ ਆਮ ਬਿਆਨ ਜਾਰੀ ਕੀਤੇ ਹਨ ਜੋ ਹਿੰਦੂਆਂ ਦੀ ਸੁਰੱਖਿਆ ਬਾਰੇ ਚਿੰਤਾ ਜ਼ਾਹਰ ਕਰਦੇ ਹਨ, ਪਰ ਕੋਈ ਕਾਰਣ ਨਹੀਂ ਦੱਸੇ। ਯੂਨਾਈਟਡ ਸਟੇਟਸ ਕਮਿਸ਼ਨ ਆਨ ਇੰਟਰਨੈਸ਼ਨਲ ਰੀਲੀਜ਼ਨ ਫ੍ਰੀਡਮ (ਯੂ ਐਸ ਸੀ ਆਈ ਆਰ ਐੱਫ) ਨੇ 2020 ਤੋਂ ਭਾਰਤ ਨੂੰ ਖ਼ਾਸ ਚਿੰਤਾ ਵਾਲੇ ਮੁਲਕਾਂ ਦੀ ਸੂਚੀ ਵਿੱਚ ਪਾਉਣ ਦੀ ਸਿਫ਼ਾਰਸ਼ ਕੀਤੀ ਹੈ। 2025 ਵਾਲੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਬੀਜੇਪੀ ਦੇ 10 ਸਾਲਾਂ ਰਾਜ ਵਿੱਚ ਹਿੰਦੂਆਂ ਦਾ ਦਬਦਬਾ ਵਧਿਆ ਹੈ ਤੇ ਘੱਟ ਗਿਣਤੀਆਂ ਤੇ ਹਮਲੇ ਵਧ ਗਏ ਹਨ। ਜੇ ਭਾਰਤ ਲਿਸਟ ਵਿੱਚ ਸ਼ਾਮਲ ਹੋ ਗਿਆ ਤਾਂ ਭਾਰਤ ਉਪਰ ਰੋਕਾਂ ਲੱਗ ਸਕਦੀਆਂ ਹਨ, ਜੋ ਭਾਰਤ-ਅਮਰੀਕਾ ਰਿਸ਼ਤਿਆਂ ਨੂੰ ਖ਼ਤਰੇ ਵਿੱਚ ਪਾ ਸਕਦੀ ਹੈ।

ਅਮਰੀਕਾ ਵਿੱਚ ਰਹਿਣ ਵਾਲੇ ਹਿੰਦੂ ਸੰਸਥਾਵਾਂ ਵੀ ਇਸ ਵਿੱਚ ਜੁੜੀਆਂ ਹਨ। ਆਰਐੱਸਐੱਸ, ਵੀਐੱਚਪੀ ਅਤੇ ਬੀਜੇਪੀ ਨਾਲ ਜੁੜੀਆਂ ਹਿੰਦੂ ਸਵੈਮਸੇਵਕ ਸੰਘ (ਐੱਚਐੱਸਐੱਸ ਯੂਐੱਸਏ), ਵਿਸ਼ਵ ਹਿੰਦੂ ਪ੍ਰੀਸ਼ਦ ਅਮਰੀਕਾ (ਵੀਐੱਚਪੀਏ) ਅਤੇ ਓਵਰਸੀਜ਼ ਫ੍ਰੈਂਡਸ ਆਫ਼ ਬੀਜੇਪੀ (ਓਐੱਫਬੀਜੇਪੀ) ਵਰਗੀਆਂ ਸੰਸਥਾਵਾਂ ਭਾਰਤ ਵਿੱਚ ਮੁਸਲਮਾਨ ਵਿਰੋਧੀ ਮੁਹਿੰਮਾਂ ਚਲਾਉਂਦੀਆਂ ਹਨ। 2021 ਵਿੱਚ ਉਹਨਾਂ ਨੇ ਸੀਏਏ-ਐੱਨਆਰਸੀ ਵਿਰੋਧੀ ਪ੍ਰਦਰਸ਼ਨ ਕੀਤੇ। 2022 ਵਿੱਚ ਨਿਊਜਰਸੀ ਵਿੱਚ ਇੰਡੀਅਨ ਬਿਜ਼ਨੈੱਸ ਐੱਸੋਸੀਏਸ਼ਨ (ਆਈਬੀਏ) ਤੇ ਓਐੱਫਬੀਜੇਪੀ ਨੇ ਆਜ਼ਾਦੀ ਦਿਵਸ ਪਰੇਡ ਵਿੱਚ ਬੁਲਡੋਜ਼ਰ ਸ਼ਾਮਲ ਕੀਤੇ, ਜੋ ਯੋਗੀ ਆਦਿਤਿਆਨਾਥ ਦੀਆਂ ਮੁਸਲਮਾਨ ਘਰਾਂ ਤੇ ਤੋੜਫੋੜ ਨੂੰ ਦਰਸਾਉਂਦਾ ਸੀ। ਕਾਉਂਸਲ ਆਨ ਅਮਰੀਕਨ-ਇਸਲਾਮਿਕ ਰਿਲੇਸ਼ਨਜ਼ (ਸੀਏਆਈਆਰ) ਅਤੇ ਇੰਡੀਅਨ ਅਮਰੀਕਨ ਮੁਸਲਿਮ ਕਾਉਂਸਲ (ਆਈਐੱਮਸੀ) ਨੇ ਇਸ ਨੂੰ 'ਇਸਲਾਮੋਫੋਬਿਕ' ਕਿਹਾ ਅਤੇ ਵਿਰੋਧ ਕੀਤਾ। ਇਹ ਦੱਸਦਾ ਹੈ ਕਿ ਹਿੰਦਤਵ ਦੀ ਨਫ਼ਰਤ ਅਮਰੀਕਾ ਵਿੱਚ ਫੈਲ ਰਹੀ ਹੈ।

ਮਨੁੱਖੀ ਅਧਿਕਾਰ ਸੰਗਠਨਾਂ ਦਾ ਕਹਿਣਾ ਹੈ ਕਿ ਇਹ ਭਗਵੇਂਵਾਦੀ ਹਿੰਦੂ ਭਾਈਚਾਰੇ ਲਈ ਮੁਸ਼ਕਲਾਂ ਖੜੀਆਂ ਕਰ ਰਹੇ ਹਨ। ਯਾਦ ਰੱਖਣਾ ਚਾਹੀਦਾ ਹੈ ਕਿ ਅਮਰੀਕਾ ਵਿੱਚ ਹਿੰਦੂ ਖੁਦ ਘੱਟ ਗਿਣਤੀ ਹਨ। ਜੇ ਉਹ ਅਮਰੀਕਾ ਵਿੱਚ ਹੋਰ ਘੱਟ ਗਿਣਤੀਆਂ ਨਾਲ ਹਮਦਰਦੀ ਨਹੀਂ ਕਰਦੇ ਅਤੇ ਭਾਰਤ ਵਿੱਚ ਘਟਗਿਣਤੀਆਂ ਦੇ ਉਪਰ ਹੋ ਰਹੇ ਅੱਤਿਆਚਾਰਾਂ ਦਾ ਵਿਰੋਧ ਨਹੀਂ ਕਰਦੇ, ਤਾਂ ਜਦੋਂ ਉਹਨਾਂ ਉਪਰ ਹਮਲੇ ਹੋਣਗੇ ਤਾਂ ਕੋਈ ਨਹੀਂ ਬੋਲੇਗਾ। ਇਸੇ ਤਰ੍ਹਾਂ, ਅਮਰੀਕੀ ਹਿੰਦੂਆਂ ਨੂੰ ਆਪਣੇ ਅਧਿਕਾਰਾਂ ਅਤੇ ਹੋਰਾਂ ਦੇ ਅਧਿਕਾਰਾਂ ਨੂੰ ਜੋੜ ਕੇ ਵੇਖਣਾ ਚਾਹੀਦਾ ਹੈ ਤੇ ਨਸਲਵਾਦ ਦਾ ਵਿਰੋਧ ਕਰਨਾ ਚਾਹੀਦਾ।

ਮਨੁੱਖੀ ਅਧਿਕਾਰ ਸੰਗਠਨਾਂ ਦਾ ਮੰਨਣਾ ਹੈ ਕਿ ਇਹ ਸਮੱਸਿਆ ਵਿਸ਼ਵਵਿਆਪੀ ਹੈ। ਨਫ਼ਰਤ ਨਾਲ ਰਾਜਨੀਤਕ ਤਾਕਤ ਹਾਸਲ ਕਰਨਾ ਹੁਣ ਹਰ ਜਗ੍ਹਾ ਦਾ ਫੈਨੋਮੀਨਾ ਬਣ ਗਿਆ ਹੈ। ਅਮਰੀਕਾ ਵਿੱਚ ਟਰੰਪ ਦੇ ਰਾਜ ਵਿੱਚ ਘੱਟ ਗਿਣਤੀਆਂ ਲਈ ਅਸੁਰੱਖਿਆ ਵਧ ਰਹੀ ਹੈ। ਮੋਦੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਟਰੰਪ ਨਾਲ ਖੁੱਲ੍ਹ ਕੇ ਗੱਲ ਕਰੇ।



# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ 53ਵਾਂ ਸਾਲਾਨਾ ਕੇਂਦਰੀ ਸਮਾਗਮ ਸਾਰਥਿਕ ਤੇ ਚਿਰ-ਸਥਾਈ ਯੋਜਨਾਵਾਂ ਉਲੀਕ ਕੇ ਹੋਇਆ ਸੰਪੂਰਨ

## ਪ੍ਰਸਿੱਧ ਚਿੰਤਕ ਤੇ ਪੰਥਕ ਬੁਲਾਰੇ ਭਗਵਾਨ ਸਿੰਘ ਜੌਹਲ ਦਾ ਵਿਸ਼ੇਸ਼ ਸਨਮਾਨ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ 53ਵਾਂ ਸਾਲਾਨਾ ਕੇਂਦਰੀ ਸਮਾਗਮ ਦੇਸ਼-ਵਿਦੇਸ਼ ਤੋਂ ਸ਼ਾਮਿਲ ਹੋਏ ਡੈਲੀਗੇਟਾਂ ਦੀ ਹਾਜ਼ਰੀ ਵਿੱਚ ਚਾਰ ਸੈਸ਼ਨਾਂ ਵਿੱਚ ਸਾਰਥਿਕ ਤੇ ਚਿਰ-ਸਥਾਈ ਯੋਜਨਾਵਾਂ ਉਲੀਕਣ ਤੋਂ ਬਾਅਦ ਸੰਪੂਰਨ ਹੋਇਆ। ਉਦਘਾਟਨ ਸਮੇਂ ਕੇਸਰੀ ਨਿਸ਼ਾਨ ਸਾਹਿਬ ਲਹਿਰਾ ਕੇ ਦੇਹ ਸ਼ਿਵਾ ਬਰੁ ਮੋਹਿ ਇਹੈ ਦੇ ਸ਼ਬਦ ਨੂੰ ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਇੰਸਟੀਚਿਊਟ ਵੱਲੋਂ ਗਾਇਨ ਕਰਦਿਆਂ ਪੰਜ ਕੌਂਸਲਾਂ ਦੇ ਮੁਖੀਆਂ ਦੀਆਂ ਧਾਰਮਿਕ ਹਸਤੀਆਂ ਵੀ ਹਾਜ਼ਰ ਸਨ।

ਸਟੱਡੀ ਸਰਕਲ ਦੇ ਚੇਅਰਮੈਨ ਬਲਜੀਤ ਸਿੰਘ ਨੇ ਉਦਘਾਟਨੀ ਸ਼ਬਦਾਂ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਮੂਹ ਨੁਮਾਇੰਦਿਆਂ ਵੱਲੋਂ ਪਾਏ ਜਾ ਰਹੇ ਯੋਗਦਾਨ ਦਾ ਵਿਸ਼ੇਸ਼ ਜ਼ਿਕਰ ਕੀਤਾ। ਸਾਰੇ ਟਰੱਸਟੀ ਮੰਚ 'ਤੇ ਸੁਸ਼ੋਭਿਤ ਸਨ। ਪਹਿਲੇ ਸੈਸ਼ਨ ਦਾ ਆਰੰਭ ਪ੍ਰਸਿੱਧ ਸਿੱਖ ਚਿੰਤਕ ਤੇ ਪੰਥਕ ਬੁਲਾਰੇ ਸ. ਭਗਵਾਨ ਸਿੰਘ ਜੌਹਲ ਨੇ ਸਟੱਡੀ ਸਰਕਲ ਵੱਲੋਂ ਪ੍ਰੇਰਨਾ ਵਾਕ ਹਰ



ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਾਲਾਨਾ ਸਮਾਗਮ ਸਮੇਂ ਸ. ਭਗਵਾਨ ਸਿੰਘ ਜੌਹਲ ਦਾ ਸਨਮਾਨ ਕਰਦੇ ਹੋਏ ਚੇਅਰਮੈਨ ਬਲਜੀਤ ਸਿੰਘ, ਸਾ. ਚੇਅਰਮੈਨ ਸ. ਪ੍ਰਤਾਪ ਸਿੰਘ, ਸ. ਗੁਰਮੀਤ ਸਿੰਘ, ਪ੍ਰੋ. ਅਪਿੰਦਰ ਸਿੰਘ ਮਾਹਿਲਪੁਰ, ਪ੍ਰੋ. ਨਵਪ੍ਰੀਤ ਸਿੰਘ ਤੇ ਹੋਰ

ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫ਼ਾ ਵਿਛਾਇ ਦੀ ਪਾਵਨ ਤੁਕ ਦੀ ਵਿਆਖਿਆ ਨੂੰ ਭਾਵ-ਪੂਰਤ ਸ਼ਬਦਾਂ ਵਿੱਚ ਬਿਆਨ ਕਰਦਿਆਂ ਕੀਤਾ। ਉਪਰੰਤ ਸ. ਜੌਹਲ ਨੂੰ ਜੀਵਨ-ਭਰ ਦੀਆਂ ਪ੍ਰਾਪਤੀਆਂ ਲਈ ਸਟੱਡੀ ਸਰਕਲ ਦੇ ਟਰੱਸਟ ਮੈਂਬਰਾਂ ਤੇ ਡੈਲੀਗੇਟਾਂ ਵੱਲੋਂ ਵਿਸ਼ੇਸ਼ ਸਨਮਾਨ ਸਿਰੋਪਾ, ਲੋਈ ਤੇ ਸਨਮਾਨ ਚਿੰਨ੍ਹ ਦੇ ਕੇ ਕੀਤਾ ਗਿਆ। ਭਰੋਸਾ ਤੇ ਭਰੋਸੇਯੋਗਤਾ ਵਿਸ਼ੇ 'ਤੇ ਬਿਕਰਮਜੀਤ ਸਿੰਘ ਰੋਪੜ ਤੇ ਵਿਚਾਰਾਂ ਦੀ ਸਾਂਝ ਪਾਈ। ਦੂਜੇ ਸੈਸ਼ਨ ਵਿੱਚ ਨਵਨੀਤ ਸਿੰਘ ਐਡ. ਚੀਫ਼ ਸਕੱਤਰ ਅਕਾਦਮਿਕ ਕੌਂਸਲ ਵਿੱਦਿਆਰਥੀਆਂ ਤੇ ਅਧਿਆਪਕਾਂ ਦੀ ਲਾਮਬੰਦੀ 'ਤੇ ਪ੍ਰੇਰਨਾ ਭਰਪੂਰ ਵਿਖਿਆਨ ਦਿੱਤਾ। ਤੀਜੇ ਸੈਸ਼ਨ ਦੌਰਾਨ ਸਟੇਟ ਤੇ ਜ਼ੋਨਾਂ ਵੱਲੋਂ ਰਿਪੋਰਟ ਸ਼ਿਵਰਾਜ ਸਿੰਘ ਨੇ ਪੇਸ਼ ਕੀਤੀ। ਇਸ ਤੋਂ ਪਿੱਛੋਂ ਹਰਜਿੰਦਰ ਸਿੰਘ ਵੱਲੋਂ ਕਾਰਜਯੋਜਨਾ ਦੀ ਸਾਰਥਿਕਤਾ ਤੇ ਪ੍ਰਭਾਵ 'ਤੇ ਵਿਸ਼ੇਸ਼ ਲੈਕਚਰ ਦਿੱਤਾ। ਅਗਲੇ ਦਿਨ ਸ. ਮਨਜੀਤ ਸਿੰਘ ਚੰਡੀਗੜ੍ਹ ਨੇ ਕੌਂਸਲਾਂ/ਪ੍ਰੋਜੈਕਟਾਂ ਦੀ ਪੂਰਤੀ ਤੇ ਵਿਉਂਤਬੰਦੀ 'ਤੇ ਵਿਚਾਰ ਚਰਚਾ ਕੀਤੀ। ਬ੍ਰਿਜਿੰਦਰਪਾਲ ਸਿੰਘ ਚੀਫ਼ ਆਰਗੇਨਾਈਜ਼ਰ ਵੱਲੋਂ ਕੀਨੋ ਬਡੋ ਕਲੂ ਮਹਿ ਸਾਕਾ ਤੇ 350 ਸਾਲਾ ਸ਼ਹੀਦੀ ਸ਼ਤਾਬਦੀ ਤੇ ਸਮੂਹ ਡੈਲੀਗੇਟਾਂ ਵੱਲੋਂ ਪਾਏ ਯੋਗਦਾਨ ਦਾ ਵਿਸ਼ੇਸ਼ ਜ਼ਿਕਰ ਕੀਤਾ। ਇਨ੍ਹਾਂ ਸਾਰੇ ਸੈਸ਼ਨਾਂ ਵਿੱਚ ਸਟੱਡੀ ਸਰਕਲ ਦੇ ਸਾਰੇ ਟਰੱਸਟੀ ਅਤੇ ਜ਼ਿੰਮੇਵਾਰ ਪਦਵੀਆਂ ਕਾਰਜਸ਼ੀਲ ਨੇ ਭਰਪੂਰ ਯੋਗਦਾਨ ਪਾਇਆ।

ਇਸ ਮੌਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸੀਨੀਅਰ ਆਗੂਆਂ ਵਿੱਚ ਪ੍ਰਤਾਪ ਸਿੰਘ, ਗੁਰਮੀਤ ਸਿੰਘ, ਸੁਰਜੀਤ ਸਿੰਘ, ਬੀਬੀ ਕੰਵਲਜੀਤ ਕੌਰ, ਜਗਦੀਸ਼ ਸਿੰਘ ਬੱਡੋਂ, ਗੁਰਚਰਨ ਸਿੰਘ ਅੰਮ੍ਰਿਤਸਰ, ਗੁਰਚਰਨ ਸਿੰਘ ਫ਼ਰੀਦਕੋਟ, ਪਰਮਜੀਤ ਸਿੰਘ ਬੇਦੀ (ਯੂ.ਐਸ.ਏ.), ਪ੍ਰੋ. ਅਪਿੰਦਰ ਸਿੰਘ ਮਾਹਿਲਪੁਰੀ, ਪ੍ਰੋ. ਮਨਿੰਦਰ ਸਿੰਘ, ਪ੍ਰੋ. ਨਵਪ੍ਰੀਤ ਸਿੰਘ, ਹਰਦੀਪ ਸਿੰਘ ਅਤੇ ਹੋਰ ਅਨੇਕਾਂ ਪਤਵੰਤੇ ਹਾਜ਼ਰ ਸਨ।

# ਪਹਿਲੀ ਅਤੇ ਦੂਜੀ ਵਿਸ਼ਵ ਯੁੱਧ ਦੇ ਸ਼ਹੀਦ ਸਿੱਖ ਫੌਜੀਆਂ ਦੀ ਯਾਦ ਚ ਲੈਸਟਰ ਚ ਵਿਸ਼ਾਲ ਸ਼ਰਧਾਂਜਲੀ ਸਮਾਗਮ

## *ਬ੍ਰਿਟਿਸ਼ ,ਫੌਜ, ਪੁਲਿਸ, ਫਾਇਰ ਬ੍ਰਿਗੇਡ, ਸਮੇਤ ਵੱਖ ਵੱਖ ਮਹਿਕਮਿਆਂ ਦੇ ਅਧਿਕਾਰੀਆਂ, ਸਿਟੀ ਕੌਂਸਲ ਦੇ ਨੁਮਾਇੰਦਿਆਂ ਅਤੇ ਵੱਖ ਵੱਖ ਗੁਰੂ ਘਰਾਂ ਦੇ ਪ੍ਰਬੰਧਕਾਂ ਨੇ ਸ਼ਹੀਦ ਸਿੱਖ ਫੌਜੀਆਂ ਨੂੰ ਕੀਤੇ ਸ਼ਰਧਾ ਦੇ ਫੁੱਲ ਭੇਟ



ਸ਼ਹੀਦ ਸਿੱਖ ਫੌਜੀਆਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਵੱਖ ਵੱਖ ਮਹਿਕਮਿਆਂ ਦੇ ਅਧਿਕਾਰੀ, ਸਿਟੀ ਕੌਂਸਲਾ ਦੇ ਨੁਮਾਇੰਦੇ ਅਤੇ ਗੁਰੂ ਘਰਾਂ ਦੇ ਪ੍ਰਬੰਧਕ।

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਲੈਸਟਰ ਦੇ ਵਿਕਟੋਰੀਆ ਪਾਰਕ ਚ ਸ਼ਹੀਦ ਸਿੱਖ ਫੌਜੀ ਦੇ ਬੁੱਤ ਦੇ ਕੋਲ ਪਹਿਲੀ ਅਤੇ ਦੂਜੀ ਵਿਸ਼ਵ ਜੰਗ ਦੇ ਸ਼ਹੀਦ ਸਿੱਖ ਫੌਜੀਆਂ ਦੀ ਯਾਦ ਵਿੱਚ ਇੱਕ ਵਿਸ਼ਾਲ ਸਰਧਾਜਲੀ ਸਮਾਗਮ ਕਰਵਾਇਆ ਗਿਆ। ਲੈਸਟਰ ਸਿਟੀ ਕੌਂਸਲ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਵਿਸ਼ਾਲ ਸਮਾਗਮ ਮੌਕੇ ਬਰਤਾਨੀਆ ਦੀ ਆਰਮੀ, ਪੁਲਿਸ, ਫਾਇਰ ਬ੍ਰਿਗੇਡ ਅਤੇ ਹੋਰ ਵੱਖ-ਵੱਖ ਮਹਿਕਮਿਆਂ ਦੇ ਅਧਿਕਾਰੀਆਂ ਸਮੇਤ ਸਿਟੀ ਕੌਂਸਲ ਦੇ ਮੇਅਰ ਪੀਟਰ ਸੋਲਜਬਰੀ, ਸਾਬਕਾ ਅਸਿਸਟੈਂਟ ਮੇਅਰ ਪਿਆਰਾ ਸਿੰਘ ਕਲੇਰ, ਲੋਰਡ ਮੇਅਰ ਅਤੇ ਕੌਂਸਲਰ ਦੀਪਕ ਬਜਾਜ, ਕੌਂਸਲਰ ਮਹਿੰਦਰ ਸਿੰਘ ਸੰਘਾ, ਕੌਂਸਲਰ ਮਨਜੀਤ ਕੌਰ, ਕੌਂਸਲਰ ਕੁਲਵਿੰਦਰ ਸਿੰਘ ਜੌਹਲ, ਓਡਬੀ ਵਿਗਸਟਨ ਦੀ ਮੇਅਰ ਜਸਬੀਰ ਕੌਰ ਚੌਹਾਨ, ਕੌਂਸਲਰ ਸੰਤੋਖ ਸਿੰਘ ਅਟਵਾਲ, ਫਾਲਕਿਨ ਪ੍ਰਾਇਮਰੀ ਸਕੂਲ ਦੀ ਪ੍ਰਿੰਸੀਪਲ ਜਸਬੀਰ ਕੌਰ ਮਾਨ, ਕਰਤਾਰ ਸਿੰਘ, ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਹੋਲੀ ਬੋਨ ਦੇ ਪ੍ਰਧਾਨ ਅਜਮੇਰ ਸਿੰਘ ਬਸਰਾ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ, ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਾਹਿਬ ਜਿਪਸੀ ਦੇ ਪ੍ਰਧਾਨ ਜਰਨੈਲ ਸਿੰਘ ਰਾਣਾ, ਗੁਰਦੁਆਰਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਓਡਬੀ ਦੇ ਪ੍ਰਧਾਨ ਹਰਜਿੰਦਰ ਸਿੰਘ, ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਬੈਂਸ, ਗੁਰਦੁਆਰਾ ਪੰਥ ਪ੍ਰਕਾਸ਼ ਦੀ ਪ੍ਰਬੰਧਕ ਕਮੇਟੀ,ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਾਹਿਬ ਦੇ ਪ੍ਰਧਾਨ,ਗੁਰਦੁਆਰਾ ਲਕਬਰੋ ਦੀ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਬਾਦਲ ਯੂ ਕੇ ਦੇ ਆਗੂ ਮੁਖਤਿਆਰ ਸਿੰਘ ਝੰਡੇਰ , ਗੁਰਿੰਦਰ ਸਿੰਘ ਸਮਰਾ, ਸੁਖਦੇਵ ਸਿੰਘ ਔਜਲਾ, ਗੁਰਿੰਦਰ ਸਿੰਘ ਮਾਨ ਸਮੇਤ ਵੱਡੀ ਗਿਣਤੀ ਚ ਪੁੱਜੇ ਵੱਖ ਵੱਖ ਸੰਸਥਾਵਾਂ ਅਤੇ ਜਥੇਬੰਦੀਆਂ ਦੇ ਆਗੂਆਂ ਨੇ ਸ਼ਹੀਦ ਸਿੱਖ ਫੌਜੀਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਿੱਖ ਫੌਜੀਆਂ ਵੱਲੋਂ ਆਪਣੀਆਂ ਜਾਨਾਂ ਕੁਰਬਾਨ ਕਰਕੇ ਸਿੱਖ ਕੌਮ ਨੂੰ ਦਿੱਤੇ ਗਏ ਸਨਮਾਨ ਅਤੇ ਆਜ਼ਾਦੀ ਲਈ ਸਮੂਹ ਸ਼ਹੀਦ ਸਿੱਖ ਫੌਜੀਆਂ ਨੂੰ ਯਾਦ ਕੀਤਾ ਗਿਆ।ਇਸ ਮੌਕੇ ਤੇ ਮੁਖਤਿਆਰ ਸਿੰਘ ਝੰਡੇਰ ਨੇ ਆਪਣੇ ਨਾਨਾ ਸ਼ਹੀਦ ਸਿੱਖ ਫੌਜੀ ਅਮਰ ਸਿੰਘ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਕੁਰਬਾਨੀ ਤੇ ਫ਼ਖ਼ਰ ਮਹਿਸੂਸ ਕੀਤਾ। ਇਸ ਮੌਕੇ ਤੇ ਇਸ ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਲੈਸਟਰ ਸਿਟੀ ਕੌਂਸਲ ਦੇ ਸਾਬਕਾ ਅਸਿਸਟੈਂਟ ਮੇਅਰ ਪਿਆਰਾ ਸਿੰਘ ਕਲੇਰ ਅਤੇ ਸਾਬਕਾ ਲੌਂਗ ਮੇਅਰ ਅਤੇ ਕੌਂਸਲਰ ਦੀਪਕ ਬਜਾਜ ਨੇ ਦੱਸਿਆ ਕਿ ਤਕਰੀਬਨ ਇਕ ਲੱਖ ਪੌਂਡ ਦੀ ਲਾਗਤ ਨਾਲ ਵਿਕਟੋਰੀਆ ਪਾਰਕ ਵਿੱਚ ਲਗਾਏ ਗਏ ਇਸ ਸ਼ਹੀਦ ਸਿੱਖ ਫੌਜੀ ਦੇ ਬੁੱਤ ਨੂੰ ਦੇਖ ਕੇ ਇੰਗਲੈਂਡ ਦੇ ਜੰਮਪਲ ਸਿੱਖ ਪਰਿਵਾਰਾਂ ਦੇ ਬੱਚੇ ਆਪਣੀ ਕੌਮ ਦੇ ਜੋਧਿਆਂ ਦੇ ਕੁਰਬਾਨੀਆਂ ਭਰੇ ਇਤਿਹਾਸ ਤੋਂ ਜਾਣੂ ਹੁੰਦੇ ਹਨ, ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਚ ਵੀ ਸਿੱਖ ਇਤਿਹਾਸ ਨਾਲ ਸੰਬੰਧਿਤ ਹੋਰ ਸੁਰਬੀਰਾ ਦੇ ਬੁੱਤ ਲੈਸਟਰ ਸ਼ਹਿਰ ਚ ਲਾਉਣ ਲਈ ਉਪਰਾਲੇ ਕੀਤੇ ਜਾਣਗੇ।

# ਰਾਜਵੀਰ ਜਵੰਦਾ ਦੇ ਚਾਹੁਣ ਵਾਲਿਆਂ ਲਈ ਖੁਸ਼ਖਬਰੀ, 'ਯਮਲਾ' ਫਿਲਮ ਦੀ ਤਰੀਕ ਦੀ ਹੋਇਆ ਐਲਾਨ



ਪੰਜਾਬੀ ਗਾਇਕ ਰਾਜਵੀਰ ਜਵੰਦਾ ਦੇ ਪ੍ਰਸ਼ੰਸਕਾਂ ਲਈ ਵੱਡੀ ਖੁਸ਼ਖਬਰੀ ਹੈ, ਜੋਕਿ ਬਹੁਤ ਦੇਰ ਤੋਂ ਮਰਹੂਮ ਗਾਇਕ ਦ ਫਿਲਮ ਨੂੰ ਉਡੀਕ ਰਹੇ ਸਨ। ਦੱਸ ਦੇਈਏ ਕਿ ਰਾਜਵੀਰ ਜਵੰਦਾ ਦੇ ਅਭਿਨੈ ਵਾਲੀ ਯਮਲਾ ਫਿਲਮ ਦੀ ਰਿਲੀਜ ਡੇਟ ਦਾ ਐਲਾਨ ਕਰ ਦਿੱਤਾ ਗਿਆ ਹੈ। ਇਹ ਫਿਲਮ 28 ਨਵੰਬਰ ਨੂੰ ਸਿਨੇਮਾਘਰਾਂ ਵਿਚ ਰਿਲੀਜ ਹੋਣ ਜਾ ਰਹੀ ਹੈ, ਜਿਸ ਵਿਚ ਰਾਜਵੀਰ ਜਵੰਦਾ ਦੀ ਝਲਕ ਨਜਰ ਆਏਗੀ। ਰਾਜਵੀਰ ਨੂੰ ਚਾਹੁਣ ਵਾਲੇ ਇਸ ਫਿਲਮ ਦੀ ਰਿਲੀਜ ਦੀ ਮੰਗ ਕਰ ਰਹੇ ਸਨ। ਹੁਣ ਫਿਲਮ ਕੰਪਨੀ ਨੇ ਇਸ ਨੂੰ ਲੈ ਕੇ ਇੱਕ ਪੋਸਟਰ ਜਾਰੀ ਕੀਤਾ ਹੈ, ਜਿਸ ਵਿਚ ਰਾਜਵੀਰ ਜਵੰਦਾ ਦੀ ਤਸਵੀਰ ਲੱਗੀ ਹੋਈ ਹੈ ਤੇ ਨਾਲ ਹੀ ਫਿਲਮ ਦੀ ਰਿਲੀਜ ਡੇਟ 28 ਨਵੰਬਰ ਵੀ ਲਿਖੀ ਹੋਈ ਹੈ।

ਜਾਣਕਾਰੀ ਮੁਤਾਬਕ ਫਿਲਮ ਯਮਲਾ ਦੀ ਸ਼ੂਟਿੰਗ 2019 ਵਿੱਚ ਸ਼ੁਰੂ ਹੋਈ ਸੀ। ਰਾਕੇਸ਼ ਮਹਿਤਾ ਵੱਲੋਂ ਨਿਰਦੇਸ਼ਿਤ, ਇਸ ਫਿਲਮ ਵਿੱਚ ਰਾਜਵੀਰ ਜਵੰਦਾ, ਸਾਨਵੀ ਧੀਮਾਨ, ਗੁਰਪ੍ਰੀਤ ਘੁੱਗੀ, ਹਾਰਬੀ ਸੰਘਾ, ਰਘਵੀਰ ਬੋਲੀ ਅਤੇ ਨਵਨੀਤ ਕੌਰ ਢਿੱਲੋਂ ਨੇ ਅਭਿਨੈ ਕੀਤਾ ਹੈ। ਫਿਲਮ ਦਾ ਨਿਰਮਾਣ ਬੇਲੀ ਸਿੰਘ ਕੱਕੜ ਵੱਲੋਂ ਕੀਤਾ ਗਿਆ ਸੀ। ਸ਼ੂਟਿੰਗ ਅੰਮ੍ਰਿਤਸਰ ਸਮੇਤ ਵੱਖ-ਵੱਖ ਥਾਵਾਂ ਤੇ ਹੋਈ, ਪਰ ਰਿਲੀਜ਼ ਮਿਤੀ ਦਾ ਐਲਾਨ ਨਹੀਂ ਕੀਤਾ ਗਿਆ ਸੀ।

# ਅੰਗਰੇਜ਼ੀ ਟੈਸਟ ਵਿਚ ਫੇਲ ਪੰਜਾਬੀ ਡਰਾਈਵਰਾਂ ਦੇ ਲਾਇਸੈਂਸ ਸਸਪੈਂਡ

## ✪ ਅਮਰੀਕਾ ਦੇ ਨਵੇਂ ਨਿਯਮਾਂ ਨੇ ਖੋਹੀ ਪੰਜਾਬੀ ਡਰਾਈਵਰਾਂ ਦੀ ਰੋਜ਼ੀ-ਰੋਟੀ
## ✪ ਡਰਾਈਵਰਾਂ ਦੀ ਘਾਟ ਟਰੱਕਿੰਗ ਉਦਯੋਗ ਲਈ ਸੰਕਟ ਬਣੇਗਾ

### ਖਾਸ ਖਬਰ

ਅਮਰੀਕਾ ਦੀਆਂ ਸੜਕਾਂ ਉਪਰ ਲੰਬੇ ਟਰੱਕ ਚਲਾਉਂਦੇ ਪੰਜਾਬੀ ਡਰਾਈਵਰਾਂ ਲਈ ਹੁਣ ਅੰਗਰੇਜ਼ੀ ਭਾਸ਼ਾ ਇੱਕ ਵੱਡੀ ਮੁਸੀਬਤ ਬਣ ਗਈ ਹੈ। ਡਰਾਈਵਿੰਗ ਟੈਸਟ ਵਿੱਚ ਪਾਸ ਹੋਣ ਦੇ ਬਾਵਜੂਦ, ਅੰਗਰੇਜ਼ੀ ਬੋਲਣ, ਪੜ੍ਹਨ ਜਾਂ ਸਮਝਣ ਵਿੱਚ ਅਸਫਲ ਰਹਿਣ ਕਾਰਨ ਹਜ਼ਾਰਾਂ ਪੰਜਾਬੀ ਤੇ ਭਾਰਤੀ ਮੂਲ ਦੇ ਟਰੱਕ ਡਰਾਈਵਰਾਂ ਨੂੰ ਨੌਕਰੀ ਤੋਂ ਹੱਥ ਧੋਣੇ ਪੈ ਰਹੇ ਹਨ। ਫੈਡਰਲ ਮੋਟਰ ਕੈਰੀਅਰ ਸੇਫਟੀ ਐਡਮਿਨਿਸਟ੍ਰੇਸ਼ਨ (ਐਫਐਮਸੀਐਸਏ) ਨੇ 3 ਨਵੰਬਰ 2025 ਤੱਕ ਸੜਕ ਕਿਨਾਰੇ ਕੀਤੀਆਂ ਜਾਂਚਾਂ ਵਿੱਚ 7,248 ਵਪਾਰਕ ਡਰਾਈਵਰਾਂ ਨੂੰ "ਸੇਵਾ ਤੋਂ ਮੁਕਤ" ਕਰ ਦਿੱਤਾ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬ ਤੇ ਹਰਿਆਣਾ ਦੇ ਨੌਜਵਾਨ ਹਨ, ਜੋ ਅਮਰੀਕੀ ਟਰੱਕਿੰਗ ਉਦਯੋਗ ਦੀ ਰੀੜ੍ਹ ਦੀ ਹੱਡੀ ਬਣੇ ਹੋਏ ਸਨ। ਇਹ ਫੈਸਲਾ ਸੜਕ ਸੁਰੱਖਿਆ ਨੂੰ ਮਜ਼ਬੂਤ ਕਰਨ ਦੇ ਨਾਂਅ ਤੇ ਲਿਆ ਗਿਆ ਹੈ, ਪਰ ਟਰੱਕਿੰਗ ਕੰਪਨੀਆਂ ਤੇ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਨਾਲ ਅਮਰੀਕਾ ਵਿੱਚ ਪਹਿਲਾਂ ਹੀ ਮੌਜੂਦ ਡਰਾਈਵਰਾਂ ਦੀ ਘਾਟ ਹੋਰ ਡੂੰਘੀ ਹੋ ਜਾਵੇਗੀ।

### ਨਵੇਂ ਨਿਯਮਾਂ ਦੀ ਸ਼ੁਰੂਆਤ ਤੇ ਪਿਛੋਕੜ

ਅਮਰੀਕਾ ਵਿੱਚ ਟਰੱਕਿੰਗ ਉਦਯੋਗ ਇੱਕ ਵਿਸ਼ਾਲ ਕਾਰੋਬਾਰ ਹੈ। ਹਰ ਸਾਲ ਲੱਖਾਂ ਟਨ ਮਾਲ ਇੱਕ ਰਾਜ ਤੋਂ ਦੂਜੇ ਰਾਜ ਤੱਕ ਪਹੁੰਚਾਉਣ ਲਈ ਟਰੱਕ ਡਰਾਈਵਰਾਂ ਦੀ ਲੋੜ ਪੈਂਦੀ ਹੈ। ਪੰਜਾਬ ਤੇ ਹਰਿਆਣਾ ਦੇ ਨੌਜਵਾਨਾਂ ਨੇ ਇਸ ਖੇਤਰ ਵਿੱਚ ਆਪਣੀ ਮਿਹਨਤ ਨਾਲ ਨਾਮ ਕਮਾਇਆ ਹੈ। ਅਨੁਮਾਨ ਮੁਤਾਬਕ, ਅਮਰੀਕਾ ਵਿੱਚ 1,30,000 ਤੋਂ 1,50,000 ਭਾਰਤੀ ਮੂਲ ਦੇ ਟਰੱਕ ਡਰਾਈਵਰ ਕੰਮ ਕਰ ਰਹੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬੀ ਹਨ। ਇਹ ਲੋਕ ਘਰੋਂ ਦੂਰ ਰਹਿ ਕੇ, ਰਾਤ-ਦਿਨ ਟਰੱਕ ਚਲਾ ਕੇ ਡਾਲਰ ਕਮਾਉਂਦੇ ਹਨ ਤੇ ਪੰਜਾਬ ਵਾਪਸ ਪੈਸਾ ਭੇਜਦੇ ਹਨ। ਪਰ 2025 ਵਿੱਚ ਐਫਐਮਸੀਐਸਏ ਨੇ ਨਵੇਂ "ਰੋਡਸਾਈਡ ਇੰਗਲਿਸ਼ ਟੈਸਟ" ਲਾਗੂ ਕਰ ਦਿੱਤੇ। ਇਹ ਟੈਸਟ 49 ਸੀਐਫਆਰ 391.11(ਬ)(2) ਨਿਯਮ ਦਾ ਹਿੱਸਾ ਹਨ। ਇਸ ਨਿਯਮ ਅਨੁਸਾਰ, ਡਰਾਈਵਰ ਨੂੰ ਜਨਤਾ ਨਾਲ ਗੱਲਬਾਤ ਕਰਨ, ਟਰੈਫਿਕ ਸੰਕੇਤ ਪੜ੍ਹਨ ਤੇ ਪੁਲਿਸ ਜਾਂ ਕਾਨੂੰਨ ਅਧਿਕਾਰੀਆਂ ਦੇ ਹੁਕਮਾਂ ਨੂੰ ਸਮਝਣ ਲਈ ਅੰਗਰੇਜ਼ੀ ਆਉਣੀ ਚਾਹੀਦੀ ਹੈ।





ਪਹਿਲਾਂ ਤਾਂ ਡਰਾਈਵਰਾਂ ਨੂੰ ਸਿਰਫ਼ ਡਰਾਈਵਿੰਗ ਟੈਸਟ ਪਾਸ ਕਰਨਾ ਪੈਂਦਾ ਸੀ। ਪੰਜਾਬੀ ਡਰਾਈਵਰ ਆਪਣੀ ਮਿਹਨਤ ਨਾਲ ਇਹ ਟੈਸਟ ਪਾਸ ਕਰ ਲੈਂਦੇ ਸਨ, ਕਿਉਂਕਿ ਉਹਨਾਂ ਨੂੰ ਸੜਕਾਂ ਦਾ ਤਜਰਬਾ ਹੁੰਦਾ ਸੀ। ਪਰ ਹੁਣ ਸੜਕ ਕਿਨਾਰੇ ਅਚਾਨਕ ਜਾਂਚ ਵਿੱਚ ਅੰਗਰੇਜ਼ੀ ਵਿੱਚ ਸਵਾਲ ਪੁੱਛੇ ਜਾਂਦੇ ਹਨ। ਜੇਕਰ ਡਰਾਈਵਰ ਅੰਗਰੇਜ਼ੀ ਵਿੱਚ ਜਵਾਬ ਨਾ ਦੇ ਸਕੇ ਜਾਂ ਸੰਕੇਤ ਨਾ ਸਮਝ ਸਕੇ, ਤਾਂ ਉਸ ਨੂੰ ਤੁਰੰਤ "ਅਯੋਗ" ਘੋਸ਼ਿਤ ਕਰ ਦਿੱਤਾ ਜਾਂਦਾ ਹੈ। ਨਤੀਜਾ? 7,248 ਡਰਾਈਵਰਾਂ ਦੇ ਲਾਇਸੈਂਸ ਸਸਪੈਂਡ ਹੋ ਗਏ। ਇਹ ਅੰਕੜਾ ਸਿਰਫ਼ 3 ਨਵੰਬਰ ਤੱਕ ਦਾ ਹੈ, ਅਸਲ ਵਿੱਚ ਇਹ ਗਿਣਤੀ ਹੋਰ ਵਧ ਸਕਦੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕਦਮ ਸੜਕ ਹਾਦਸੇ ਘਟਾਉਣ ਲਈ ਹੈ। ਪਿਛਲੇ ਸਾਲਾਂ ਵਿੱਚ ਕੁਝ ਸੜਕ ਹਾਦਸੇ ਭਾਰਤੀ ਮੂਲ ਦੇ ਡਰਾਈਵਰਾਂ ਨਾਲ ਜੁੜੇ ਸਨ, ਜਿਸ ਕਾਰਨ ਲਾਇਸੈਂਸਿੰਗ ਮਾਪਦੰਡਾਂ ਦੀ ਸਮੀਖਿਆ ਹੋਈ ਤੇ ਨਵੇਂ ਨਿਯਮ ਘੜੇ ਗਏ।

ਇਸ ਫੈਸਲੇ ਦਾ ਸਭ ਤੋਂ ਵੱਡਾ ਅਸਰ ਭਾਰਤੀ ਮੂਲ ਦੇ ਡਰਾਈਵਰਾਂ ਤੇ ਪਿਆ ਹੈ। ਉਹਨਾਂ ਦੇ ਪਰਿਵਾਰ ਪੰਜਾਬ ਵਿੱਚ ਰਹਿੰਦੇ ਹਨ, ਜੋ ਇਸ ਪੈਸੇ ਤੇ ਨਿਰਭਰ ਹਨ। ਇੱਕ ਪੰਜਾਬੀ ਡਰਾਈਵਰ, ਜਿਸ ਦਾ ਨਾਂਅ ਅਮਨਦੀਪ ਸਿੰਘ ਹੈ (ਨਾਂਅ ਬਦਲਿਆ ਗਿਆ ਹੈ), ਨੇ ਦੱਸਿਆ ਕਿ ਉਹ 10 ਸਾਲ ਤੋਂ ਅਮਰੀਕਾ ਵਿੱਚ ਟਰੱਕ ਚਲਾ ਰਿਹਾ ਹੈ। ਉਸ ਦਾ ਰਿਕਾਰਡ ਸਾਫ਼ ਹੈ, ਕੋਈ ਹਾਦਸਾ ਨਹੀਂ ਕੀਤਾ। ਪਰ ਸੜਕ ਕਿਨਾਰੇ ਜਾਂਚ ਵਿੱਚ ਅੰਗਰੇਜ਼ੀ ਵਿੱਚ ਪੁੱਛੇ ਗਏ ਸਵਾਲਾਂ ਦਾ ਜਵਾਬ ਨਾ ਦੇ ਸਕਿਆ ਤੇ ਲਾਇਸੈਂਸ ਸਸਪੈਂਡ ਹੋ ਗਿਆ। ਹੁਣ ਉਹ ਬੇਰੁਜ਼ਗਾਰ ਹੈ, ਪਰਿਵਾਰ ਨੂੰ ਪੈਸਾ ਨਹੀਂ ਭੇਜ ਸਕਦਾ। ਅਜਿਹੇ ਹਜ਼ਾਰਾਂ ਕੇਸ ਹਨ।

ਟਰੱਕਿੰਗ ਉਦਯੋਗ ਤੇ ਵੀ ਬੁਰਾ ਅਸਰ ਪਿਆ ਹੈ। ਅਮਰੀਕਾ ਵਿੱਚ ਪਹਿਲਾਂ ਹੀ ਡਰਾਈਵਰਾਂ ਦੀ ਘਾਟ ਹੈ। ਟਰੱਕਿੰਗ ਫਲੀਟ ਤੇ ਪਰਿਵਹਨ ਸੰਗਠਨਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਨਾਲ ਸਪਲਾਈ ਚੇਨ ਬੰਦ ਹੋ ਸਕਦੀ ਹੈ। ਮਾਲ ਨਾ ਪਹੁੰਚਿਆ ਤਾਂ ਦੁਕਾਨਾਂ ਖਾਲੀ ਹੋ ਜਾਣਗੀਆਂ, ਕੀਮਤਾਂ ਵਧਣਗੀਆਂ। ਕੰਪਨੀਆਂ ਨੂੰ ਨਵੇਂ ਡਰਾਈਵਰ ਲੱਭਣੇ ਪੈਣਗੇ, ਟ੍ਰੇਨਿੰਗ ਦਾ ਖਰਚ ਵਧੇਗਾ ਤੇ ਡਰਾਈਵਰ ਟਰਨਓਵਰ ਵਧੇਗਾ। ਆਲੋਚਕਾਂ ਦਾ ਕਹਿਣਾ ਹੈ ਕਿ ਅੰਗਰੇਜ਼ੀ ਜਾਣਨਾ ਤੇ ਸੜਕ ਹਾਦਸੇ ਘਟਾਉਣ ਵਿੱਚ ਕੋਈ ਸਿੱਧਾ ਸਬੰਧ ਨਹੀਂ ਸਾਬਤ ਹੋਇਆ। ਬਹੁਤ ਸਾਰੇ ਅੰਗਰੇਜ਼ੀ ਬੋਲਣ ਵਾਲੇ ਡਰਾਈਵਰ ਵੀ ਹਾਦਸੇ ਕਰਦੇ ਹਨ, ਜਦਕਿ ਪੰਜਾਬੀ ਡਰਾਈਵਰਾਂ ਦਾ ਰਿਕਾਰਡ ਚੰਗਾ ਹੈ। ਫਿਰ ਵੀ ਰੈਗੂਲੇਟਰ ਇਸ ਨੂੰ ਸੁਰੱਖਿਆ ਦਾ ਬੁਨਿਆਦੀ ਹਿੱਸਾ ਮੰਨਦੇ ਹਨ।

ਵੀਜ਼ਾ ਤੇ ਲਾਇਸੈਂਸਿੰਗ ਨਿਯਮ ਵੀ ਸਖ਼ਤ ਹੋ ਗਏ ਹਨ। ਨਵੇਂ ਲੇਬਰ ਵੀਜ਼ਾ ਉਪਰ ਅਸਥਾਈ ਰੋਕ ਲੱਗੀ ਹੈ। ਟਰੰਪ ਸਰਕਾਰ ਵਲੋਂ ਰਾਜਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਨਿਯਮ ਸਖਤੀ ਨਾਲ ਲਾਗੂ ਕੀਤੇ ਜਾਣ। ਟਰੰਪ ਸਰਕਾਰ ਵਲੋਂ ਕੈਲੀਫੋਰਨੀਆ ਨੂੰ ਕਮਜ਼ੋਰ ਪਾਲਣਾ ਕਾਰਨ ਚਿੰਨ੍ਹਿਤ ਕੀਤਾ ਗਿਆ ਤੇ ਕਰੋੜਾਂ ਡਾਲਰ ਦੀ ਫੈਡਰਲ ਫੰਡਿੰਗ ਰੋਕਣ ਦੀ ਧਮਕੀ ਮਿਲੀ ਹੈ।

### ਅਮਰੀਕਾ ਨੇ ਅਜਿਹੇ ਫੈਸਲੇ ਕਿਉਂ ਲਏ ?

ਅਮਰੀਕਾ ਸਰਕਾਰ ਦਾ ਮੁੱਖ ਮਕਸਦ ਸੜਕ ਸੁਰੱਖਿਆ ਹੈ। ਪਿਛਲੇ ਕੁਝ ਸਾਲਾਂ ਵਿੱਚ ਟਰੱਕ ਹਾਦਸੇ ਵਧੇ ਹਨ। ਕੁਝ ਹਾਦਸੇ ਅਪ੍ਰਵਾਸੀ ਡਰਾਈਵਰਾਂ ਨਾਲ ਜੁੜੇ, ਜਿੱਥੇ ਭਾਸ਼ਾ ਦੀ ਸਮੱਸਿਆ ਨੂੰ ਕਾਰਨ ਦੱਸਿਆ ਗਿਆ। ਇਹ ਨਿਯਮ ਪਹਿਲਾਂ ਵੀ ਸਨ, ਪਰ 2025 ਵਿੱਚ ਸਖ਼ਤੀ ਨਾਲ ਲਾਗੂ ਕੀਤੇ ਗਏ ਹਨ। ਰਾਜਾਂ ਬਾਰੇ ਆਡਿਟ ਪ੍ਰਕਿਰਿਆ ਚੱਲ ਰਹੀ ਹੈ। ਜੇਕਰ ਰਾਜ ਨਿਯਮ ਨਾ ਮੰਨਣ ਤਾਂ ਫੈਡਰਲ ਹਾਈਵੇ ਫੰਡਿੰਗ ਕੱਟੀ ਜਾਵੇਗੀ। ਇਹ ਫੈਸਲਾ ਰਾਸ਼ਟਰੀ ਸੁਰੱਖਿਆ ਤੇ ਆਰਥਿਕ ਸਥਿਰਤਾ ਨੂੰ ਧਿਆਨ ਵਿੱਚ ਰੱਖ ਕੇ ਲਿਆ ਗਿਆ ਹੈ। ਪਰ ਆਲੋਚਕਾਂ ਨੂੰ ਲੱਗਦਾ ਹੈ ਕਿ ਇਹ ਅਪ੍ਰਵਾਸੀਆਂ ਵਿਰੋਧੀ ਨੀਤੀ ਹੈ, ਖਾਸ ਕਰ ਭਾਰਤੀਆਂ ਵਿਰੋਧੀ। ਅਮਰੀਕਾ ਵਿੱਚ ਡਰਾਈਵਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਅਪ੍ਰਵਾਸੀਆਂ ਨੂੰ ਬੁਲਾਇਆ ਜਾਂਦਾ ਹੈ, ਫਿਰ ਉਹਨਾਂ ਨੂੰ ਹੀ ਬਾਹਰ ਕਿਉਂ ਕੱਢਿਆ ਜਾ ਰਿਹਾ ਹੈ?

### ਪੰਜਾਬੀ ਡਰਾਈਵਰਾਂ ਕੋਲ ਕੀ ਹੈ ਹੱਲ ?

ਪੰਜਾਬੀ ਡਰਾਈਵਰਾਂ ਲਈ ਹੱਲ ਸੰਭਵ ਹੈ, ਪਰ ਮਿਹਨਤ ਲੱਗੇਗੀ। ਪਹਿਲਾਂ ਤਾਂ ਅੰਗਰੇਜ਼ੀ ਸਿੱਖਣੀ ਪਵੇਗੀ। ਟਰੱਕਿੰਗ ਉਦਯੋਗ ਤੇ ਅਪ੍ਰਵਾਸੀ ਸੰਗਠਨਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਭਾਸ਼ਾ ਟ੍ਰੇਨਿੰਗ ਪ੍ਰੋਗਰਾਮ ਸ਼ੁਰੂ ਕੀਤੇ ਜਾਣ। ਸਪੱਸ਼ਟ ਤੇ ਸਰਲ ਟ੍ਰੇਨਿੰਗ ਪ੍ਰਕਿਰਿਆ ਬਣਾਈ ਜਾਵੇ। ਸਿਸਟਮ ਪਾਰਦਰਸ਼ੀ ਤੇ ਗੈਰ-ਭੇਦਭਾਵੀ ਹੋਵੇ। ਡਰਾਈਵਰਾਂ ਨੂੰ ਸਿਰਫ਼ ਭਾਸ਼ਾ ਕਾਰਨ ਸੜਕ ਤੋਂ ਬਾਹਰ ਨਾ ਕੀਤਾ ਜਾਵੇ। ਪੰਜਾਬੀ ਭਾਈਚਾਰੇ ਨੇ ਆਪਣੇ ਪੱਧਰ ਤੇ ਵੀ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਹਨ। ਅਮਰੀਕਾ ਵਿੱਚ ਪੰਜਾਬੀ ਗੁਰਦੁਆਰਿਆਂ ਤੇ ਕਮਿਊਨਿਟੀ ਸੈਂਟਰਾਂ ਵਿੱਚ ਅੰਗਰੇਜ਼ੀ ਕਲਾਸਾਂ ਚੱਲ ਰਹੀਆਂ ਹਨ। ਆਨਲਾਈਨ ਐਪਸ ਜਿਵੇਂ ਡੂਓਲਿੰਗੋ ਜਾਂ ਯੂਟਿਊਬ ਉਪਰ ਪੰਜਾਬੀ ਵਿੱਚ ਅੰਗਰੇਜ਼ੀ ਸਿੱਖਣ ਵਾਲੇ ਵੀਡੀਓ ਵਰਤੇ ਜਾ ਸਕਦੇ ਹਨ। ਕੁਝ ਕੰਪਨੀਆਂ ਆਪਣੇ ਡਰਾਈਵਰਾਂ ਨੂੰ ਅੰਗਰੇਜ਼ੀ ਸਿਖਾਉਣ ਲਈ ਪ੍ਰੋਗਰਾਮ ਚਲਾ ਰਹੀਆਂ ਹਨ। ਲਾਇਸੈਂਸ ਰੀਨਿਊ ਕਰਾਉਣ ਲਈ ਅੰਗਰੇਜ਼ੀ ਟੈਸਟ ਪਾਸ ਕਰਨਾ ਪਵੇਗਾ। ਫਿਲਹਾਲ, ਪੰਜਾਬੀ ਨੌਜਵਾਨਾਂ ਨੂੰ ਅੰਗਰੇਜ਼ੀ ਸਿੱਖ ਕੇ ਤਿਆਰ ਰਹਿਣਾ ਚਾਹੀਦਾ ਹੈ, ਤਾਂ ਜੋ ਅਮਰੀਕੀ ਸੜਕਾਂ ਤੇ ਉਹਨਾਂ ਦਾ ਟਰੱਕ ਫਿਰ ਤੋਂ ਦੌੜ ਸਕੇ।



# ਰਣਜੀਤ ਸਿੰਘ ਦੇ ਰਾਜ ਤੋਂ ਲੈ ਕੇ ਹੁਣ ਤਕ ਕਸ਼ਮੀਰੀ ਸਿੱਖਾਂ ਦੀ ਜਦੋਜਹਿਦ ਦੀ ਸਾਖੀ

**ਕਵਰ ਸਟੋਰੀ**

## ✪ 1947 ਦਾ ਕਤਲੋਗਾਰਤ ਤੇ ਕਬਾਇਲੀ ਹਮਲੇ ਦੌਰਾਨ ਕਸ਼ਮੀਰੀ ਸਿੱਖਾਂ ਦੀ ਬਹਾਦਰੀ ✪ ਕਸ਼ਮੀਰੀ ਸਿੱਖ ਸੰਕਟ ਵਿਚ ਕੇਂਦਰ ਸਰਕਾਰ ਨਹੀਂ ਦੇ ਰਹੀ ਧਿਆਨ

ਜੰਮੂ-ਕਸ਼ਮੀਰ ਦੀ ਵਾਦੀ ਆਪਣੀ ਸੁੰਦਰਤਾ ਨਾਲ ਸੈਲਾਨੀਆਂ ਨੂੰ ਮੋਹ ਲੈਂਦੀਆਂ ਨੇ, ਉੱਥੇ ਇੱਕ ਛੋਟੀ ਜਿਹੀ ਘੱਟ-ਗਿਣਤੀ ਸਿੱਖ ਭਾਈਚਾਰੇ ਨੇ ਸਦੀਆਂ ਤੋਂ ਬਹਾਦਰੀ, ਕੁਰਬਾਨੀ ਅਤੇ ਨਿਰੰਤਰ ਸੰਘਰਸ਼ ਦੀ ਮਿਸਾਲ ਕਾਇਮ ਕੀਤੀ ਹੈ। ਇਹਨਾਂ ਕਸ਼ਮੀਰੀ ਸਿੱਖਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਾਦੀ ਉੱਤੇ ਰਾਜ ਕੀਤਾ ਸੀ, 1947 ਦੇ ਕਬਾਇਲੀ ਹਮਲੇ ਵਿੱਚ ਆਪਣੇ ਘਰ-ਘਾਟ ਛੱਡ ਕੇ ਰਫ਼ਿਊਜੀ ਕੈਂਪਾਂ ਵਿੱਚ ਦਿਨ ਕੱਟੇ, ਅਤੇ ਅੱਜ ਵੀ ਆਪਣੀ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਹੋਂਦ ਨੂੰ ਬਚਾਉਣ ਲਈ ਜੂਝ ਰਹੇ ਨੇ। ਹਾਲ ਹੀ ਵਿੱਚ ਨੈਸ਼ਨਲ ਕਾਨਫਰੰਸ ਨੇ ਰਾਜ ਸਭਾ ਦੀਆਂ ਤਿੰਨ ਸੀਟਾਂ ਜਿੱਤੀਆਂ, ਜਿਸ ਵਿੱਚ ਇੱਕ ਨਾਂ ਸਿੱਖ ਆਗੂ ਗੁਰਵਿੰਦਰ ਸਿੰਘ ਓਬਰਾਏ (ਸ਼ੰਮੀ ਓਬਰਾਏ) ਦਾ ਵੀ ਸ਼ਾਮਲ ਹੈ। ਉਹ ਵਪਾਰਕ ਪਿਛੋਕੜ ਵਾਲੇ ਨੇ ਅਤੇ ਪਾਰਟੀ ਦੇ ਖ਼ਜ਼ਾਨਚੀ ਵੀ ਨੇ।

ਸਾਲ 2011 ਦੀ ਜਨਗਣਨਾ ਅਨੁਸਾਰ ਜੰਮੂ-ਕਸ਼ਮੀਰ ਦੀ ਕੁੱਲ ਆਬਾਦੀ 1 ਕਰੋੜ 25 ਲੱਖ 41 ਹਜ਼ਾਰ 302 ਸੀ, ਜਿਸ ਵਿੱਚ ਸਿੱਖਾਂ ਦੀ ਗਿਣਤੀ ਸਿਰਫ਼ 2 ਲੱਖ 34 ਹਜ਼ਾਰ 848। ਯਾਨੀ ਕੁੱਲ ਆਬਾਦੀ ਦੇ 2 ਫੀਸਦੀ ਤੋਂ ਵੀ ਘੱਟ। ਇਸ ਛੋਟੀ ਜਿਹੀ ਗਿਣਤੀ ਨੇ ਵਾਦੀ ਵਿੱਚ ਇੱਕ ਸਮਾਂ ਰਾਜ ਕੀਤਾ ਸੀ, ਕਬਾਇਲੀ ਹਿੰਸਾ ਦਾ ਟਾਕਰਾ ਕੀਤਾ ਸੀ ਅਤੇ ਅੱਜ ਵੀ ਆਪਣੀ ਪਛਾਣ ਬਚਾਉਣ ਲਈ ਸੰਘਰਸ਼ ਕਰ ਰਹੀ ਹੈ। ਘੱਟ-ਗਿਣਤੀ ਹੋਣ ਕਾਰਨ ਉਹ ਰਾਜਨੀਤਿਕ ਤੇ ਧਾਰਮਿਕ ਪ੍ਰਤੀਨਿੱਧਤਾ ਲਈ ਜੂਝ ਰਹੇ ਨੇ। ਉਨ੍ਹਾਂ ਦੇ ਬੱਚੇ ਵਿਦੇਸ਼ਾਂ ਵਿੱਚ ਪਰਵਾਸ ਕਰ ਰਹੇ ਨੇ।

ਇਤਿਹਾਸਕ ਪਿਛੋਕੜ: ਗੁਰੂ ਨਾਨਕ ਤੋਂ ਰਣਜੀਤ ਸਿੰਘ ਤੱਕ-ਕਸ਼ਮੀਰੀ ਸਿੱਖਾਂ ਦਾ ਇਤਿਹਾਸ ਸਿੱਖ ਧਰਮ ਦੇ ਪਹਿਲੇ ਗੁਰੂ ਨਾਲ ਜੁੜਦਾ ਹੈ। ਗੁਰੂ ਨਾਨਕ ਦੇਵ ਜੀ ਨੇ ਜੰਮੂ-ਕਸ਼ਮੀਰ ਦਾ ਦੌਰਾ ਕੀਤਾ ਅਤੇ ਉਨ੍ਹਾਂ ਦੀਆਂ ਯਾਤਰਾਵਾਂ ਨੇ ਵਾਦੀ ਵਿੱਚ ਸਿੱਖ ਪਛਾਣ ਨੂੰ ਮਜ਼ਬੂਤ ਕੀਤਾ। ਛੇਵੇਂ ਗੁਰੂ ਹਰਗੋਬਿੰਦ ਜੀ ਵੀ ਘਾਟੀ ਵਿੱਚ ਪਹੁੰਚੇ। ਪਰ ਸਿੱਖਾਂ ਦੀ ਅਸਲ ਬੁਲੰਦੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਆਈ। ਉਨ੍ਹਾਂ ਦਾ ਸਾਮਰਾਜ ਖੈਬਰ ਪਾਸ ਤੋਂ ਲੈ ਕੇ ਕਸ਼ਮੀਰ ਤੱਕ ਫੈਲਿਆ ਹੋਇਆ ਸੀ। 1819 ਵਿੱਚ ਸ਼ੋਪੀਆਂ ਦੀ ਲੜਾਈ ਵਿੱਚ ਦੁਰਾਨੀ ਸਾਮਰਾਜ ਦੇ ਗਵਰਨਰ ਜੱਬਾਰ ਖ਼ਾਨ ਨੂੰ ਹਰਾ ਕੇ ਸਿੱਖ ਫੌਜ 15 ਜੁਲਾਈ ਨੂੰ ਸ੍ਰੀਨਗਰ ਵਿੱਚ ਦਾਖਲ ਹੋਈ। ਇਸ ਜਿੱਤ ਨਾਲ ਪੰਜ ਸਦੀਆਂ ਪੁਰਾਣੇ ਇਸਲਾਮੀ ਰਾਜ ਦਾ ਅੰਤ ਹੋਇਆ ਅਤੇ ਅਫ਼ਗਾਨਾਂ ਦੇ ਛੇ ਦਹਾਕਿਆਂ ਤੋਂ ਵੱਧ ਦੇ ਸਾਸ਼ਨ ਨੂੰ ਖ਼ਤਮ ਕੀਤਾ ਗਿਆ।

1819 ਤੋਂ 1846 ਤੱਕ 27 ਸਾਲਾਂ ਦਾ ਸਿੱਖ ਰਾਜ 'ਸੁਧਾਰਾਂ ' ਵਜੋਂ ਜਾਣਿਆ ਜਾਂਦਾ ਹੈ। ਇਤਿਹਾਸਕਾਰ ਹਰੀ ਰਾਮ ਗੁਪਤਾ ਆਪਣੀ ਕਿਤਾਬ ਹਿਸਟਰੀ ਆਫ਼ ਸਿੱਖਸ, ਦਿ ਲਾਇਨ ਆਫ਼ ਲਾਹੌਰ ਵਿੱਚ ਲਿਖਦੇ ਨੇ ਕਿ 1819 ਤੋਂ 1839 ਤੱਕ 20 ਸਾਲਾਂ ਵਿੱਚ ਸੱਤ ਗਵਰਨਰ ਬਦਲੇ ਗਏ। ਥੋੜ੍ਹੇ ਸਮੇਂ ਲਈ ਜਨਰਲ ਹਰੀ ਸਿੰਘ ਨਲਵਾ ਨੂੰ ਗਵਰਨਰ ਲਗਾਇਆ ਗਿਆ ਸੀ। ਉਹਨਾਂ ਨੇ ਕਾਠੀ ਦਰਵਾਜ਼ਾ, ਸ੍ਰੀਨਗਰ, ਮਟਨ ਅਤੇ ਬਾਰਾਮੂਲਾ ਵਿੱਚ ਗੁਰਦੁਆਰੇ ਬਣਵਾਏ ਸਨ, ਜੋ ਗੁਰੂ ਹਰਗੋਬਿੰਦ ਜੀ ਦੀ ਯਾਤਰਾ ਨਾਲ ਜੁੜੇ ਹੋਏ ਸਨ। ਨਲਵਾ ਨੇ ਕਸ਼ਮੀਰੀ ਪੰਡਤਾਂ ਉੱਤੇ ਅਫ਼ਗਾਨ ਸਾਸ਼ਨ ਵਿੱਚ ਲੱਗੀਆਂ ਪਾਬੰਦੀਆਂ - ਪੂਜਾ, ਪਹਿਰਾਵਾ ਤੇ ਰੀਤੀ-ਰਿਵਾਜਾਂ ਸਬੰਧੀ - ਸਾਰੀਆਂ ਹਟਾ ਦਿੱਤੀਆਂ ਸਨ।

1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਸਾਮਰਾਜ ਕਮਜ਼ੋਰ ਹੋਇਆ। 1846 ਵਿੱਚ ਅੰਗਰੇਜ਼ਾਂ ਨਾਲ ਲੜਾਈ ਹੋਈ ਅਤੇ ਲਾਹੌਰ ਸੰਧੀ ਤਹਿਤ ਕਸ਼ਮੀਰ ਈਸਟ ਇੰਡੀਆ ਕੰਪਨੀ ਕੋਲ ਚਲਾ ਗਿਆ। ਅੰਮ੍ਰਿਤਸਰ ਸੰਧੀ ਅਨੁਸਾਰ ਇਸ ਨੂੰ ਗੁਲਾਬ ਸਿੰਘ ਨੂੰ 75 ਲੱਖ ਰੁਪਏ ਵਿੱਚ ਵੇਚ ਦਿੱਤਾ ਗਿਆ। ਇਸ ਨਾਲ ਸਿੱਖ ਰਾਜ ਦਾ ਅੰਤ ਹੋਇਆ।

1947 ਦਾ ਦਰਦਨਾਕ ਅਧਿਆਇ: ਕਬਾਇਲੀ ਹਮਲਾ ਤੇ ਕਤਲੋਗਾਰਤ-ਭਾਰਤ-ਪਾਕਿਸਤਾਨ ਵੰਡ ਸਮੇਂ ਜੰਮੂ-ਕਸ਼ਮੀਰ ਰਾਜਾ ਹਰੀ ਸਿੰਘ ਦੇ ਅਧੀਨ ਇੱਕ ਅਲੱਗ ਰਿਆਸਤ ਸੀ। 22 ਅਕਤੂਬਰ ਤੋਂ 5 ਨਵੰਬਰ 1947 ਤੱਕ ਪਾਕਿਸਤਾਨ ਤੋਂ ਕਬਾਇਲੀਆਂ ਨੇ ਵਾਦੀ ਉੱਤੇ ਹਮਲਾ ਕੀਤਾ। ਮੁਜ਼ੱਫਰਾਬਾਦ, ਮੀਰਪੁਰ, ਕੋਟਲੀ, ਦੋਮੇਲ, ਪੁੰਛ, ਰਾਜੌਰੀ ਤੇ ਬਾਰਾਮੂਲਾ ਇਲਾਕੇ ਨਿਸ਼ਾਨੇ ਬਣੇ। ਹਿੰਦੂ, ਸਿੱਖ ਤੇ ਮੁਸਲਮਾਨਾਂ ਦਾ ਕਤਲੇਆਮ ਹੋਇਆ। ਖੋਜਕਾਰ ਕੰਵਲ ਸਿੰਘ ਕਹਿੰਦੇ ਨੇ, "ਸਿੱਖਾਂ ਦੀ ਕਤਲੋਗਾਰਤ ਬਾਰੇ ਜ਼ਿਆਦਾ ਨਹੀਂ ਲਿਖਿਆ ਗਿਆ ਅਤੇ ਨਾ ਹੀ ਚਰਚਾ ਹੋਈ।" ਉਨ੍ਹਾਂ ਦੇ ਦਾਦਾ ਕੈਪਟਨ (ਸੇਵਾਮੁਕਤ) ਅਨੂਪ ਸਿੰਘ ਨੇ 1947 ਵਿੱਚ ਬ੍ਰਿਗੇਡੀਅਰ ਪ੍ਰੀਤਮ ਸਿੰਘ ਵੱਲੋਂ ਬਣਾਈ ਜੰਮੂ-ਕਸ਼ਮੀਰ ਮਿਲੀਸ਼ੀਆ (ਸਵੈਸੇਵੀ ਸੈਨਾ) ਵਿੱਚ ਸਵੈ-ਇੱਛਾ ਨਾਲ ਸੇਵਾ ਕੀਤੀ।

ਪੁੰਛ ਵਿੱਚ ਗੁਰਦੁਆਰਾ ਨਗਾਲੀ ਸਾਹਿਬ ਉੱਤੇ ਹਮਲੇ ਸਮੇਂ ਕੰਵਲ ਸਿੰਘ ਦੇ ਪੜਦਾਦਾ ਪੂਰਨ ਸਿੰਘ ਨੇ 6 ਬੰਦਿਆਂ ਨਾਲ ਬੰਦੂਕਾਂ ਲੈ ਕੇ 48 ਘੰਟੇ ਮੋਰਚਾ ਲਾਇਆ। ਉਸ ਤੋਂ ਬਾਅਦ ਫੌਜ ਪਹੁੰਚ ਗਈ। ਕਿਤਾਬ ਐਨ ਇਨਵਿਜ਼ਿਬਲ ਮਾਇਨੋਰਟੀ: ਦ ਹਿਸਟਰੀ, ਸੋਸਾਇਟੀ ਐਂਡ ਪਾਲਿਟਿਕਸ ਆਫ਼ ਸਿਖਸ ਇਨ ਕਸ਼ਮੀਰ ਦੀ ਲੇਖਿਕਾ ਕੋਮਲ ਜੀਬੀ ਸਿੰਘ ਕਹਿੰਦੇ ਨੇ, "ਇਸ ਦੌਰਾਨ ਬਹੁਤ ਸਾਰੇ ਸਿੱਖ ਮਾਰੇ ਗਏ। ਹਾਲਾਂਕਿ ਮਰਨ ਵਾਲਿਆਂ ਵਿੱਚ ਹੋਰ ਭਾਈਚਾਰੇ ਵੀ ਸ਼ਾਮਲ ਸਨ। ਕਬਾਇਲੀਆਂ ਨੇ ਕਤਲੇਆਮ ਕੀਤਾ, ਪਰ ਸਿੱਖਾਂ ਨੇ ਮੁਕਾਬਲਾ ਕੀਤਾ ਅਤੇ ਉਨ੍ਹਾਂ ਨੂੰ ਲੰਮੇ ਸਮੇਂ ਤੱਕ ਰੋਕੀ ਰੱਖਿਆ।"

ਲੜਾਈ ਉਸ ਸਮੇਂ ਤੱਕ ਚੱਲਦੀ ਰਹੀ ਜਦੋਂ ਤੱਕ ਭਾਰਤੀ ਫੌਜ ਨਹੀਂ ਪਹੁੰਚੀ। ਇਸ ਤੋਂ ਬਾਅਦ ਫੌਜਾਂ ਦੀ ਲੜਾਈ ਕਰੀਬ ਇੱਕ ਸਾਲ ਚੱਲੀ। ਜਿਨ੍ਹਾਂ ਇਲਾਕਿਆਂ ਵਿੱਚੋਂ ਕਬਾਇਲੀ ਭੱਜੇ, ਉਹ ਅੱਜ ਪਾਕਿਸਤਾਨ ਪ੍ਰਸ਼ਾਸਿਤ ਕਸ਼ਮੀਰ ਕਿਹਾ ਜਾਂਦਾ ਹੈ। ਸਿੱਖਾਂ ਨੇ ਘਰ ਛੱਡ ਕੇ ਰਫ਼ਿਊਜੀ ਕੈਂਪਾਂ ਵਿੱਚ ਦਿਨ ਕੱਟੇ, ਪਰ ਆਪਣੀ ਧਰਤੀ ਨੂੰ ਬਚਾਉਣ ਲਈ ਡਟੇ ਰਹੇ।

ਅੱਜ ਦੀ ਹਕੀਕਤ: ਘੱਟ ਪ੍ਰਤੀਨਿੱਧਤਾ ਤੇ ਸਿੱਖ ਨੌਜਵਾਨਾਂ ਦਾ ਪਰਵਾਸ-1989 ਵਿੱਚ ਕਸ਼ਮੀਰੀ ਪੰਡਤਾਂ ਦੇ ਉਜਾੜੇ ਤੋਂ ਬਾਅਦ ਸਿੱਖ ਇੱਕੋ-ਇੱਕ ਭਾਈਚਾਰਾ ਹੈ ਜੋ ਵਾਦੀ ਵਿੱਚ ਰਹਿ ਗਿਆ। ਪਰ ਅੱਜ ਉਹ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਪ੍ਰਤੀਨਿੱਧਤਾ ਲਈ ਜੂਝ ਰਹੇ ਨੇ। ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿੱਚ ਚਿੱਟੀ ਸਿੰਘਪੁਰਾ (ਚਿੱਟੀਸਿੰਘਪੋਰਾ) ਪਿੰਡ ਵਿੱਚ 20 ਮਾਰਚ 2000 ਨੂੰ ਅੱਤਵਾਦੀਆਂ ਨੇ 35 ਨਿਰਦੋਸ਼ ਕਸ਼ਮੀਰੀ ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਇਹ ਹਮਲਾ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਦੇ ਭਾਰਤ ਦੌਰੇ ਤੋਂ ਇੱਕ ਦਿਨ ਪਹਿਲਾਂ ਹੋਇਆ। ਅੱਤਵਾਦੀ ਭਾਰਤੀ ਫੌਜ ਦੀ ਯੂਨੀਫਾਰਮ ਪਹਿਨ ਕੇ ਆਏ, ਘਰ-ਘਰ ਜਾ ਕੇ ਮਰਦਾਂ ਨੂੰ ਬਾਹਰ ਕੱਢਿਆ ਅਤੇ ਗੁਰਦੁਆਰੇ ਨੇੜੇ ਲਾਈਨ ਬਣਾ ਕੇ ਗੋਲੀਆਂ ਮਾਰ ਦਿੱਤੀਆਂ। ਪਰ ਇਸ ਦਾ ਅਜੇ ਤਕ ਇਨਸਾਫ ਨਹੀਂ ਮਿਲਿਆ। ਅੱਜ ਵੀ ਚਿੱਟੀ ਸਿੰਘਪੁਰਾ ਦੇ ਸਿੱਖ ਇਨਸਾਫ਼ ਲਈ ਲੜ ਰਹੇ ਨੇ। ਹਰ ਸਾਲ 20 ਮਾਰਚ ਨੂੰ ਯਾਦ ਕਰਕੇ ਸਿੱਖ ਭਾਈਚਾਰਾ ਸ਼ੋਕ ਮਨਾਉਂਦਾ ਹੈ। ਇਹ ਘਟਨਾ ਕਸ਼ਮੀਰ ਵਿੱਚ ਘੱਟ-ਗਿਣਤੀਆਂ ਦੀ ਅਸੁਰੱਖਿਆ ਨੂੰ ਉਜਾਗਰ ਕਰਦੀ ਹੈ। ਸਰਕਾਰ ਨੂੰ ਅਜੇ ਵੀ ਅਸਲ ਕਾਤਲਾਂ ਨੂੰ ਸਜ਼ਾ ਦੇਣੀ ਬਾਕੀ ਹੈ।

ਪੁੰਛ ਦੇ ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨਰਿੰਦਰ ਸਿੰਘ ਕਹਿੰਦੇ ਨੇ,



"ਸਾਡੀ ਵਸੋਂ ਕਾਫ਼ੀ ਹੈ, ਪਰ ਰਾਜਨੀਤਿਕ ਪ੍ਰਤੀਨਿੱਧਤਾ ਹੱਕ ਮੁਤਾਬਕ ਨਹੀਂ ਮਿਲੀ। ਪੁਲਿਸ ਵਿੱਚ ਵੱਡੇ ਅਹੁਦੇ ਘੱਟ, ਘੱਟ-ਗਿਣਤੀ ਵਾਲੇ ਲਾਭ ਨਹੀਂ ਮਿਲ ਰਹੇ। ਸਾਡੇ ਬੱਚੇ ਪੜ੍ਹ ਲਿਖ ਕੇ ਦਿੱਲੀ ਜਾਂ ਵਿਦੇਸ਼ਾਂ ਵਿੱਚ ਜਾ ਰਹੇ ਨੇ, ਜਿਸ ਨਾਲ ਸਾਡੀ ਗਿਣਤੀ ਤੇ ਪ੍ਰਭਾਵ ਘਟ ਰਿਹਾ ਹੈ।"

ਕੋਮਲ ਜੀਬੀ ਸਿੰਘ ਅੱਗੇ ਕਹਿੰਦੇ ਨੇ, "ਇੱਥੇ ਨੌਜਵਾਨਾਂ ਲਈ ਮੌਕੇ ਘੱਟ ਨੇ, ਇਸ ਲਈ ਸਿੱਖਾਂ ਦੀ ਹੋਂਦ ਉੱਤੇ ਸਵਾਲ ਉੱਠ ਰਹੇ ਨੇ। ਸਾਡੇ ਨੌਜਵਾਨ ਬਾਹਰ ਜਾ ਰਹੇ ਨੇ ਅਤੇ ਵਾਦੀ ਵਿੱਚ ਸਿਰਫ਼ ਬਜ਼ੁਰਗ ਰਹਿ ਗਏ ਨੇ। ਲੋਕਾਂ ਨੂੰ ਡਰ ਹੈ ਕਿ ਅਗਲੇ 10-20 ਸਾਲਾਂ ਵਿੱਚ ਸਾਡੀ ਹੋਂਦ ਹੀ ਖ਼ਤਮ ਨਾ ਹੋ ਜਾਵੇ।

ਸ਼ੰਮੀ ਓਬਰਾਏ ਦਾ ਰਾਜ ਸਭਾ ਜਾਣਾ ਇੱਕ ਵਧੀਆ ਕਦਮ ਹੈ, ਪਰ ਉਹ ਚੁਣੇ ਹੋਏ ਨਹੀਂ। ਕੋਮਲ ਜੀਬੀ ਸਿੰਘ ਕਹਿੰਦੇ ਨੇ, "ਜੇਕਰ ਸਿੱਖ ਆਗੂ ਚੁਣੇ ਨਹੀਂ ਜਾ ਰਹੇ ਤਾਂ ਇਸ ਦਾ ਮਤਲਬ ਹੈ ਕਿ ਗਰਾਊਂਡ ਤੇ ਬਹੁਤ ਸਾਰੇ ਗੈਪ ਨੇ। ਭਾਰਤ ਵਿੱਚ ਅਜੇ ਵੀ ਵੋਟ ਜਾਤ, ਜਮਾਤ ਤੇ ਧਰਮ ਦੇ ਨਾਂ ਉੱਤੇ ਪੈਂਦੀ ਹੈ।" ਮੌਜੂਦਾ ਸਮੇਂ ਵਿੱਚ ਵਿਧਾਨ ਸਭਾ ਵਿੱਚ ਸਿੱਖ ਭਾਈਚਾਰੇ ਨਾਲ ਸਬੰਧਤ ਇੱਕ ਵਿਧਾਇਕ ਨਰਿੰਦਰ ਸਿੰਘ ਰੈਣਾ ਨੇ, ਜੋ ਬੀਜੇਪੀ ਦੇ ਆਰਐੱਸ ਪੁਰਾ, ਜੰਮੂ ਦੱਖਣ ਤੋਂ 2024 ਵਿੱਚ ਚੁਣੇ ਗਏ ਸਨ। ਉਹ ਕਹਿੰਦੇ ਨੇ, "ਹਾਲਾਂਕਿ ਅਸੀਂ 2 ਫੀਸਦੀ ਤੋਂ ਘੱਟ ਹਾਂ, ਪਰ ਰਾਜਨੀਤਿਕ ਪਾਰਟੀਆਂ ਟਿਕਟ ਦਿੰਦੀਆਂ ਨੇ। ਸ਼ੰਮੀ ਓਬਰਾਏ ਵੀ ਚੁਣੇ ਗਏ ਨੇ। ਮੈਂ ਵਿਧਾਇਕ ਹਾਂ। ਇਸ ਤੋਂ ਪਹਿਲਾਂ ਮਨਜੀਤ ਸਿੰਘ ਜੀ ਪੀਡੀਪੀ ਸਰਕਾਰ ਵਿੱਚ ਮੰਤਰੀ ਰਹੇ ਹਨ।"

ਪੰਜਾਬੀ ਭਾਸ਼ਾ ਦਾ ਮੁੱਦਾ ਤੇ ਸਿੱਖੀ ਪਛਾਣ-ਕਸ਼ਮੀਰੀ ਸਿੱਖ ਪੰਜਾਬੀ, ਪਹਾੜੀ, ਹਿੰਦਕੋ ਤੇ ਕਸ਼ਮੀਰੀ ਭਾਸ਼ਾਵਾਂ ਬੋਲਦੇ ਨੇ। ਨਰਿੰਦਰ ਸਿੰਘ ਕਹਿੰਦੇ ਨੇ, "ਕਿਸੇ ਸਮੇਂ ਪੰਜਾਬੀ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਈ ਜਾਂਦੀ ਸੀ, ਪਰ ਇਸ ਨੂੰ ਜਾਣ-ਬੁੱਝ ਕੇ ਖ਼ਤਮ ਕਰ ਦਿੱਤਾ ਗਿਆ।" ਇਹ ਮੁੱਦਾ ਸਿੱਖ ਪਛਾਣ ਨਾਲ ਜੁੜਿਆ ਹੈ। ਪੰਜਾਬੀ ਨੂੰ ਵਾਦੀ ਵਿੱਚ ਮੁੜ ਲਾਜ਼ਮੀ ਕਰਨ ਦੀ ਮੰਗ ਲੰਮੇ ਸਮੇਂ ਤੋਂ ਚੱਲ ਰਹੀ ਹੈ।

ਸਿੱਖ ਭਾਈਚਾਰਾ ਕੇਂਦਰ ਸਰਕਾਰ ਤੋਂ ਮੰਗ ਕਰ ਰਿਹਾ ਹੈ ਕਿ ਸਿੱਖਾਂ ਨੂੰ ਕਸ਼ਮੀਰੀ ਪੰਡਤਾਂ ਵਾਂਗ ਪੁਨਰਵਾਸ ਤੇ ਹੱਕ ਮਿਲਣ,ਰਾਜਨੀਤਿਕ ਪ੍ਰਤੀਨਿੱਧਤਾ ਵਿੱਚ ਵਾਧਾ ਹੋਵੇ, ਸਰਕਾਰੀ ਨੌਕਰੀਆਂ ਵਿੱਚ ਘੱਟ-ਗਿਣਤੀ ਕੋਟਾ ਹੋਵੇ,ਨੌਜਵਾਨਾਂ ਲਈ ਰੁਜ਼ਗਾਰ ਤੇ ਵਪਾਰਕ ਮੌਕੇ ਮਿਲਣ। ਪੰਜਾਬੀ ਭਾਸ਼ਾ ਨੂੰ ਸਿੱਖਿਆ ਵਿੱਚ ਮੁੜ ਸਥਾਨ ਮਿਲੇ। ਕਸ਼ਮੀਰੀ ਸਿੱਖਾਂ ਦੀ ਸਾਖੀ ਸਿਰਫ਼ ਇਤਿਹਾਸ ਨਹੀਂ, ਇੱਕ ਜਿਉਂਦੀ ਜਾਗਦੀ ਦਾਸਤਾਨ ਹੈ - ਜਿਸ ਨੂੰ ਸਮਝਣਾ ਤੇ ਸੁਣਨਾ ਸਾਡਾ ਸਭਨਾਂ ਦਾ ਫ਼ਰਜ਼ ਹੈ।

# ਕੈਨੇਡਾ ਵਿਚ ਜਿਨਸੀ ਸ਼ੋਸ਼ਣ ਦਾ ਕਾਲਾ ਚਿਹਰਾ

## ✪ ਪੋਡਕਾਸਟਰ ਕੁਸ਼ਲ ਮਹਿਰਾ ਨੇ 13 ਭਾਰਤੀ ਕੁੜੀਆਂ ਨੂੰ ਵਾਪਸ ਭੇਜਿਆ, ਪਰਿਵਾਰਾਂ ਨੂੰ ਚੇਤਾਵਨੀ-ਬੱਚੇ ਨਾ ਭੇਜੋ ! ✪ ਟੋਰਾਂਟੋ ਵਿੱਚ ਹੀ 4,000 ਤੋਂ ਵੱਧ ਭਾਰਤੀ ਔਰਤਾਂ ਦੇਹ ਵਪਾਰ ਵਿੱਚ ਫਸੀਆਂ



ਓਟਾਵਾ (ਸਪੈਸ਼ਲ ਰਿਪੋਰਟ)-ਕੈਨੇਡਾ, ਜੋ ਕਦੇ ਭਾਰਤੀ ਨੌਜਵਾਨਾਂ ਲਈ ਸੁਨਹਿਰੀ ਮੌਕਿਆਂ ਦਾ ਪ੍ਰਤੀਕ ਸੀ, ਅੱਜ ਉਹਨਾਂ ਲਈ ਨਿਰਾਸ਼ਾ ਦਾ ਕੇਂਦਰ ਬਣ ਗਿਆ ਹੈ। ਬੇਰੁਜ਼ਗਾਰੀ, ਨਸਲਵਾਦ ਤੇ ਜਿਨਸੀ ਸ਼ੋਸ਼ਣ ਕਾਰਣ ਭਾਰਤੀ ਪਰਿਵਾਰ ਚਿੰਤਤ ਹਨ। ਇਸ ਬਾਰੇ ਭਾਰਤੀ-ਕੈਨੇਡੀਅਨ ਯੂਟਿਊਬਰ ਤੇ ਪੋਡਕਾਸਟਰ ਕੁਸ਼ਲ ਮਹਿਰਾ ਨੇ ਖੁਲਾਸਾ ਕੀਤਾ ਹੈ ਕਿ ਉਹਨਾਂ ਨੇ ਬੀਤੇ ਤਿੰਨ ਸਾਲਾਂ ਵਿੱਚ 13 ਭਾਰਤੀ ਕੁੜੀਆਂ ਨੂੰ ਜਿਨਸੀ ਤਸਕਰੀ ਦੇ ਜਾਲ ਤੋਂ ਬਚਾਇਆ ਅਤੇ ਆਪਣੇ ਖਰਚੇ 'ਤੇ ਭਾਰਤ ਵਾਪਸ ਭੇਜਿਆ ਹੈ। ਮਹਿਰਾ ਨੇ ਭਾਰਤੀ ਪਰਿਵਾਰਾਂ ਨੂੰ ਸਖ਼ਤ ਚੇਤਾਵਨੀ ਦਿੱਤੀ ਹੈ ਕਿ ਉੱਚ ਸਿੱਖਿਆ ਲਈ ਬੱਚਿਆਂ ਨੂੰ ਕੈਨੇਡਾ ਨਾ ਭੇਜੋ, ਕਿਉਂਕਿ ਉੱਥੇ ਬੇਕਾਰ ਡਿਗਰੀਆਂ, ਧੋਖੇ ਅਤੇ ਸ਼ੋਸ਼ਣ ਦਾ ਖਤਰਾ ਵਧ ਰਿਹਾ ਹੈ। ਟੋਰਾਂਟੋ ਵਿੱਚ ਹੀ 4,000 ਤੋਂ ਵੱਧ ਭਾਰਤੀ ਔਰਤਾਂ ਦੇਹ ਵਪਾਰ ਵਿੱਚ ਫਸੀਆਂ ਹਨ, ਜਿਨ੍ਹਾਂ ਨੂੰ ਏਜੰਟਾਂ ਨੇ ਝੂਠੇ ਵਾਅਦਿਆਂ ਨਾਲ ਫਸਾਇਆ ਹੈ। ਕੈਨੇਡੀਅਨ ਯੂਨੀਵਰਸਿਟੀਆਂ ਅਤੇ ਕਾਲਜਾਂ 'ਤੇ ਵੀ ਧੋਖਾਧੜੀ ਦੇ ਗੰਭੀਰ ਦੋਸ਼ ਲੱਗੇ ਹਨ, ਜਿੱਥੇ ਡਿਪਲੋਮਾ ਮਿਲਾਂ ਵਾਂਗ ਡਿਗਰੀਆਂ ਵੇਚੀਆਂ ਜਾਂਦੀਆਂ ਹਨ ਪਰਮਾਨੈਂਟ ਰੈਜ਼ੀਡੈਂਸੀ (ਪੀਆਰ) ਦੇ ਝੂਠੇ ਸੁਪਨੇ ਵਿਖਾ ਕੇ।

ਇਹ ਕਹਾਣੀ ਸਿਰਫ਼ ਇੱਕ ਵਿਅਕਤੀ ਦੀ ਨਹੀਂ, ਸਗੋਂ ਲੱਖਾਂ ਭਾਰਤੀ ਨੌਜਵਾਨਾਂ ਦੀ ਹੈ ਜੋ ਦਹਾਕਿਆਂ ਤੋਂ ਨਾਜਾਇਜ਼ ਤਰੀਕਿਆਂ ਨਾਲ ਅਮਰੀਕਾ ਅਤੇ ਕੈਨੇਡਾ ਜਾ ਰਹੇ ਹਨ। ਪਹਿਲਾਂ ਤਾਂ ਇਹ ਛੋਟੇ-ਮੋਟੇ ਗੈਰ-ਕਨੂੰਨੀ ਰਸਤੇ ਸਨ, ਪਰ ਹੁਣ ਇਹ ਇੱਕ ਵੱਡਾ ਗੈਰ-ਕਨੂੰਨੀ ਉਦਯੋਗ ਬਣ ਗਿਆ ਹੈ। ਏਜੰਟ ਲੱਖਾਂ ਰੁਪਏ ਖਿੱਚ ਕੇ ਭਾਰਤੀਆਂ ਨੂੰ ਬਾਡਰ ਪਾਰ ਕਰਾਉਂਦੇ ਹਨ, ਪਰ ਪਹੁੰਚਣ ਤੋਂ ਬਾਅਦ ਉਹ ਸ਼ੋਸ਼ਣ ਦੇ ਸ਼ਿਕਾਰ ਹੋ ਜਾਂਦੇ ਹਨ। ਕੁਸ਼ਲ ਮਹਿਰਾ, ਜੋ 2001 ਤੋਂ ਕੈਨੇਡਾ ਵਿੱਚ ਰਹਿ ਰਹੇ ਹਨ, ਨੇ ਕਿਹਾ, "ਪਿਛਲੇ ਤਿੰਨ ਸਾਲਾਂ ਵਿੱਚ ਮੈਂ ਖੁਦ ਆਪਣੇ ਖਰਚੇ 'ਤੇ 13 ਕੁੜੀਆਂ ਨੂੰ ਭਾਰਤ ਵਾਪਸ ਭੇਜਿਆ ਸੀ, ਕਿਉਂਕਿ ਉਹਨਾਂ ਨਾਲ ਜਿਨਸੀ ਤਸਕਰੀ ਕੀਤੀ ਜਾ ਰਹੀ ਸੀ। ਕਿਰਪਾ ਕਰੋ, ਕੈਨੇਡਾ ਬਚੇ ਨਾ ਭੇਜੋ।"

ਇਸ ਗੱਲ ਨੇ ਨਾ ਸਿਰਫ਼ ਭਾਰਤੀ ਕੌਮਾਂਤਰੀ ਵਿਦੇਸ਼ ਮੰਤਰਾਲੇ ਨੂੰ ਹਲੂਣਾ ਦਿਤਾ ਹੈ, ਸਗੋਂ ਕੈਨੇਡੀਅਨ ਸਰਕਾਰ ਨੂੰ ਵੀ ਸਵਾਲਾਂ ਦੇ ਘੇਰੇ ਵਿੱਚ ਖੜ੍ਹਾ ਕਰ ਦਿੱਤਾ ਹੈ।

ਕੁਸ਼ਲ ਮਹਿਰਾ ਇੱਕ ਆਮ ਭਾਰਤੀ ਪਰਿਵਾਰ ਵਿਚੋਂ ਹਨ, ਜਿਨ੍ਹਾਂ ਨੇ 2001 ਵਿੱਚ ਕੈਨੇਡਾ ਦੀ ਨਾਗਰਿਕਤਾ ਲਈ ਸੀ । ਉਹ 'ਦ ਕਾਰਵਾਕਾ ਪੋਡਕਾਸਟ' ਦੇ ਹੋਸਟ ਹਨ ਅਤੇ ਯੂਟਿਊਬ 'ਤੇ ਲੱਖਾਂ ਫਾਲੋਅਰਾਂ ਵਾਲੇ ਚੈਨਲ ਚਲਾਉਂਦੇ ਹਨ। ਉਹਨਾਂ ਦੀਆਂ ਵੀਡੀਓਜ਼ ਵਿੱਚ ਕੈਨੇਡਾ ਦੀ ਸਮਾਜਿਕ ਅਤੇ ਰਾਜਨੀਤਿਕ ਹਕੀਕਤ ਨੂੰ ਬੇਰੁਖੀ ਨਾਲ ਉਜਾਗਰ ਕੀਤਾ ਜਾਂਦਾ ਹੈ। ਪਰ ਇਹਨਾਂ 13 ਕੁੜੀਆਂ ਨੂੰ ਬਚਾਉਣ ਵਾਲੀ ਕਹਾਣੀ ਉਹਨਾਂ ਦੇ ਜੀਵਨ ਦਾ ਸਭ ਤੋਂ ਭਿਆਨਕ ਅਧਿਆਇ ਹੈ।

ਮਹਿਰਾ ਨੇ ਦੱਸਿਆ ਕਿ ਇਹ ਕੁੜੀਆਂ ਜ਼ਿਆਦਾਤਰ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਤੋਂ ਸਨ, ਜਿਨ੍ਹਾਂ ਨੂੰ ਏਜੰਟਾਂ ਨੇ ਉੱਚ ਸਿੱਖਿਆ ਅਤੇ ਨੌਕਰੀ ਦੇ ਸੁਪਨੇ ਵਿਖਾ ਕੇ ਕੈਨੇਡਾ ਲਿਆਂਦਾ ਸੀ। ਪਹੁੰਚਣ ਤੋਂ ਬਾਅਦ, ਉਹਨਾਂ ਨੂੰ ਡਿਪਲੋਮਾ ਕੋਰਸਾਂ ਵਿੱਚ ਦਾਖਲ ਕਰ ਦਿੱਤਾ ਗਿਆ। ਇਹਨਾਂ ਜਾਹਲੀ ਸੰਸਥਾਵਾਂ ਨੇ ਝੂਠਾ ਪ੍ਰੋਪੇਗੰਡਾ ਕੀਤਾ ਕਿ ਇਹ ਡਿਗਰੀਆਂ ਨਾਲ ਪੀਆਰ ਮਿਲ ਜਾਵੇਗਾ ਅਤੇ ਨੌਕਰੀਆਂ ਦੇ ਰਾਹ ਖੁੱਲ੍ਹ ਜਾਣਗੇ। ਪਰ ਹਕੀਕਤ ਵਿੱਚ ਇਹ ਡਿਗਰੀਆਂ ਬੇਕਾਰ ਸਨ ਅਤੇ ਨੌਕਰੀ ਨਹੀਂ ਮਿਲੀ।

ਬੇਰੁਜ਼ਗਾਰੀ ਨੇ ਉਹਨਾਂ ਨੂੰ ਤਸਕਰਾਂ ਦੇ ਹੱਥਾਂ ਵਿੱਚ ਧੱਕ ਦਿੱਤਾ। ਮਹਿਰਾ ਨੇ ਇੱਕ ਵੀਡੀਓ ਵਿੱਚ ਦੱਸਿਆ, "ਇਹ ਕੁੜੀਆਂ ਨੇ ਕੈਨੇਡਾ ਆਉਣ ਲਈ 40 ਤੋਂ 50 ਲੱਖ ਰੁਪਏ ਖਰਚ ਕੀਤੇ ਹਨ। ਉਹਨਾਂ ਨੇ ਆਪਣੀ ਜ਼ਮੀਨਾਂ ਵੇਚੀਆਂ, ਘਰ ਵੇਚੇ, ਪਰ ਪਹੁੰਚ ਕੇ ਉਹਨਾਂ ਕੋਲ ਕੁਝ ਨਾ ਰਿਹਾ। ਤਸਕਰ ਉਹਨਾਂ ਦੀ ਮਜਬੂਰੀ ਦਾ ਫਾਇਦਾ ਉਠਾਉਂਦੇ ਹਨ ਅਤੇ ਉਹਨਾਂ ਨੂੰ ਲਾਲਚ ਦੇ ਕੇ ਜਿਨਸੀ ਸ਼ੋਸ਼ਣ ਵਿੱਚ ਧੱਕ ਦਿੰਦੇ ਹਨ।" ਮਹਿਰਾ ਨੇ ਇਹਨਾਂ ਕੁੜੀਆਂ ਨੂੰ ਲੱਭਣ ਲਈ ਆਪਣੇ ਨੈੱਟਵਰਕ ਦਾ ਇਸਤੇਮਾਲ ਕੀਤਾ-ਉਹਨਾਂ ਨੇ ਭਾਰਤੀ ਕਮਿਊਨਿਟੀ ਵਿੱਚ ਗੱਲਬਾਤ ਕੀਤੀ, ਪੁਲਿਸ ਨਾਲ ਸੰਪਰਕ ਕੀਤਾ ਅਤੇ ਅੰਤ ਵਿੱਚ ਆਪਣੀ ਜੇਬ ਵਿਚੋਂ ਟਿਕਟਾਂ ਅਤੇ ਯਾਤਰਾ ਖਰਚੇ ਦਿੱਤੇ ਤੇ ਕੁੜੀਆਂ ਨੂੰ ਵਾਪਸ ਵਤਨ ਭੇਜਿਆ। ਇੱਕ ਕੁੜੀ ਦੀ ਕਹਾਣੀ ਖਾਸ ਤੌਰ 'ਤੇ ਦਿਲ ਨੂੰ ਛੂਹ ਗਈ-ਉਹ ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਤੋਂ ਸੀ, ਜਿਸ ਨੂੰ ਏਜੰਟ ਨੇ ਵਾਅਦਾ ਕੀਤਾ ਸੀ ਕਿ ਟੋਰਾਂਟੋ ਵਿੱਚ ਨਰਸਿੰਗ ਦੀ ਨੌਕਰੀ ਮਿਲ ਜਾਵੇਗੀ। ਪਰ ਉਹ ਇੱਕ ਬਾਰ ਵਿੱਚ ਫਸ ਗਈ, ਜਿੱਥੇ ਰਾਤਾਂ ਭਰ ਸ਼ੋਸ਼ਣ ਹੁੰਦਾ ਰਿਹਾ। ਮਹਿਰਾ ਨੇ ਉਸ ਨੂੰ ਬਚਾਇਆ ਅਤੇ ਉਸ ਦੇ ਪਰਿਵਾਰ ਨੂੰ ਵੀ ਸਹਾਇਤਾ ਕੀਤੀ।

### ਟੋਰਾਂਟੋ ਵਿਚ 4,000 ਤੋਂ ਵੱਧ ਭਾਰਤੀ ਲੜਕੀਆਂ ਦੇਹ ਵਪਾਰ ਵਿੱਚ ਫਸੀਆਂ

ਮਹਿਰਾ ਦੇ ਅਨੁਮਾਨ ਅਨੁਸਾਰ, ਸਿਰਫ਼ ਟੋਰਾਂਟੋ ਵਿੱਚ ਹੀ 4,000 ਤੋਂ ਵੱਧ ਭਾਰਤੀ ਜਾਂ ਭਾਰਤੀ ਮੂਲ ਦੀਆਂ ਔਰਤਾਂ ਦੇਹ ਵਪਾਰ ਵਿੱਚ ਧੱਕੀਆਂ ਗਈਆਂ ਹਨ। ਇਹ ਅੰਕੜਾ ਨਿੱਜੀ ਖੁਲਾਸੇ 'ਤੇ ਅਧਾਰਿਤ ਹੈ, ਪਰ ਇਹ ਕੈਨੇਡੀਅਨ ਪੁਲਿਸ ਦੀਆਂ ਰਿਪੋਰਟਾਂ ਨਾਲ ਮੇਲ ਖਾਂਦਾ ਹੈ। ਯੂਨੀਸੈਫ ਅਤੇ ਯੂਐੱਨ ਦੀਆਂ ਰਿਪੋਰਟਾਂ ਵਿੱਚ ਵੀ ਦੱਸਿਆ ਗਿਆ ਹੈ ਕਿ ਕੈਨੇਡਾ ਵਿੱਚ ਭਾਰਤੀ ਔਰਤਾਂ ਤਸਕਰੀ ਦੇ ਸਭ ਤੋਂ ਵੱਡੇ ਸ਼ਿਕਾਰ ਹਨ। ਏਜੰਟ ਗਰੀਬ ਪਰਿਵਾਰਾਂ ਨੂੰ ਟਾਰਗੇਟ ਕਰਦੇ ਹਨ-ਉਹ ਵਾਅਦਾ ਕਰਦੇ ਹਨ ਕਿ ਕੈਨੇਡਾ ਵਿੱਚ ਪੀਆਰ ਮਿਲ ਜਾਵੇਗਾ ਅਤੇ ਨੌਕਰੀ ਆਪਣੇ ਆਪ ਆ ਜਾਵੇਗੀ। ਪਰ ਅਸਲ ਵਿੱਚ, ਇਹ ਲੜਕੀਆਂ ਪਹੁੰਚ ਕੇ ਡਾਇਰੀ ਫਾਰਮਾਂ, ਰੈਸਟੋਰੈਂਟਾਂ ਜਾਂ ਫੈਕਟਰੀਆਂ ਵਿੱਚ ਘੱਟ ਤਨਖਾਹ ਨਾਲ ਕੰਮ ਕਰਨ ਲਈ ਮਜ਼ਬੂਰ ਹੋ ਜਾਂਦੀਆਂ ਹਨ। ਜੇ ਨਾ ਕੰਮ ਕੀਤਾ ਤਾਂ ਤਸਕਰ ਉਹਨਾਂ ਨੂੰ ਜਿਨਸੀ ਸ਼ੋਸ਼ਣ ਵਿੱਚ ਧੱਕ ਦਿੰਦੇ ਹਨ।

ਇੱਕ ਰਿਪੋਰਟ ਅਨੁਸਾਰ, 2019 ਤੋਂ ਲੈ ਕੇ ਹੁਣ ਤੱਕ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਕੈਨੇਡਾ ਵਿੱਚ ਡਬਲ ਹੋ ਗਈ ਹੈ-ਲਗਭਗ 3 ਲੱਖ ਤੋਂ ਵੱਧ। ਪਰ ਬੇਰੁਜ਼ਗਾਰੀ ਦਰ ਵੀ ਵਧ ਰਹੀ ਹੈ। ਕੈਨੇਡੀਅਨ ਸਟੈਟਿਸਟੀਕਲ ਬਿਊਰੋ ਦੇ ਅਨੁਸਾਰ, ਨੌਜਵਾਨਾਂ ਵਿੱਚ ਬੇਰੁਜ਼ਗਾਰੀ 12 ਫੀਸਦੀ ਤੱਕ ਪਹੁੰਚ ਗਈ ਹੈ। ਭਾਰਤੀ ਵਿਦਿਆਰਥੀਆਂ ਨੂੰ ਨਸਲਵਾਦ ਵੀ ਝੱਲਣਾ ਪੈਂਦਾ ਹੈ-ਉਹਨਾਂ ਨੂੰ ਨੌਕਰੀ ਨਾ ਮਿਲਣ 'ਤੇ ਭੇਦਭਾਵੀ ਟਿੱਪਣੀਆਂ ਸੁਣਨੀਆਂ ਪੈਂਦੀਆਂ ਹਨ। ਮਹਿਰਾ ਨੇ ਕਿਹਾ, "ਭਾਰਤੀਆਂ ਨਾਲ ਬਹੁਤ ਬੁਰਾ ਸ਼ੋਸ਼ਣ ਹੁੰਦਾ ਹੈ। ਉਹਨਾਂ ਨੂੰ ਪੀੜਤ ਕੀਤਾ ਜਾਂਦਾ ਹੈ। ਨਸਲਵਾਦ ਅਤੇ ਬੇਰੁਜ਼ਗਾਰੀ ਨੇ ਉਹਨਾਂ ਨੂੰ ਤਬਾਹ ਕਰ ਦਿੱਤਾ ਹੈ।"

### ਯੂਨੀਵਰਸਿਟੀਆਂ ਅਤੇ ਕਾਲਜਾਂ ਦੀ ਧੋਖਾਧੜੀ

ਕੈਨੇਡਾ ਦੀ ਸਿੱਖਿਆ ਪ੍ਰਣਾਲੀ 'ਤੇ ਵੀ ਸਵਾਲ ਉੱਠ ਰਹੇ ਹਨ। ਮਹਿਰਾ ਨੇ ਖੁੱਲ੍ਹ ਕੇ ਕਿਹਾ ਕਿ ਬਹੁਤ ਸਾਰੇ ਕਾਲਜ ਅਤੇ ਯੂਨੀਵਰਸਿਟੀਆਂ "ਝੂਠੇ ਵਾਅਦੇ ਅਤੇ ਡਿਪਲੋਮਾ ਡਿਗਰੀਆਂ ਵੇਚ ਰਹੀਆਂ ਹਨ।" 2019 ਵਿੱਚ ਕਈ ਕੈਨੇਡੀਅਨ ਸੰਸਥਾਵਾਂ ਨੇ ਭਾਰਤ ਵਿੱਚ ਪ੍ਰੋਮੋਸ਼ਨ ਕੀਤੀ ਕਿ ਉਹਨਾਂ ਕੋਲ ਪੜ੍ਹਨ ਨਾਲ ਪੀਆਰ ਦਾ ਰਾਹ ਖੁੱਲ੍ਹ ਜਾਵੇਗਾ। ਪਰ ਅਸਲ ਵਿੱਚ ਇਹ ਸੰਸਥਾਵਾਂ ਵਪਾਰ ਕਰ ਰਹੀਆਂ ਹਨ। ਵਾਟਰਲੂ, ਯਾਰਕ ਜਾਂ ਵੈਸਟਰਨ ਵਰਗੀਆਂ ਪ੍ਰਸਿੱਧ ਯੂਨੀਵਰਸਿਟੀਆਂ ਤਾਂ ਵੱਖਰੀ ਗੱਲ ਹੈ, ਪਰ "ਡਿਪਲੋਮਾ ਮਿਲ" ਵਰਗੀਆਂ ਥਾਵਾਂ ਤੋਂ ਡਿਗਰੀ ਲੈਣਾ ਭਵਿੱਖ ਨੂੰ ਬਰਬਾਦ ਕਰਨ ਵਾਲਾ ਕੰਮ ਹੈ। ਇਹਨਾਂ ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਘੱਟ ਗੁਣਵੱਤਾ ਵਾਲੇ ਕੋਰਸ ਕਰਵਾਏ ਜਾਂਦੇ ਹਨ, ਜਿਨ੍ਹਾਂ ਦੀ ਕੋਈ ਮਾਰਕੀਟ ਵੈਲਿਊ ਨਹੀਂ। ਨਤੀਜਾ? ਵਿਦਿਆਰਥੀ ਡਿਗਰੀ ਤੋਂ ਬਾਅਦ ਵੀ ਬੇਰੁਜ਼ਗਾਰ ਰਹਿੰਦੇ ਹਨ ਅਤੇ ਪੀਆਰ ਨਹੀਂ ਮਿਲਦਾ।

ਕੈਨੇਡੀਅਨ ਗਵਰਨਮੈਂਟ ਨੇ ਵੀ ਇਸ ਠੱਗੀ ਤੇ ਸ਼ੋਸ਼ਣ ਨੂੰ ਮੰਨਿਆ ਹੈ ਅਤੇ 2024 ਵਿੱਚ ਨਵੇਂ ਨਿਯਮ ਲਾਗੂ ਕੀਤੇ ਹਨ ਜਿਨ੍ਹਾਂ ਨਾਲ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਘਟਾਈ ਜਾਵੇਗੀ। ਪਰ ਮਹਿਰਾ ਮੰਨਦੇ ਹਨ ਕਿ ਇਹ ਕਾਫ਼ੀ ਨਹੀਂ। ਉਹਨਾਂ ਨੇ ਕਿਹਾ, "ਬਹੁਤ ਸਾਰੇ ਵਿਦਿਆਰਥੀ ਪੀਆਰ ਦੇ ਸੁਪਨੇ ਲੈ ਕੇ ਆਉਂਦੇ ਹਨ, ਪਰ ਅੰਤ ਵਿੱਚ ਉਹ ਸ਼ੋਸ਼ਣ ਅਤੇ ਭੇਦਭਾਵ ਦੇ ਸ਼ਿਕਾਰ ਹੋ ਜਾਂਦੇ ਹਨ।" ਇਹ ਧੋਖਾਧੜੀ ਨਾ ਸਿਰਫ਼ ਵਿਦਿਆਰਥੀਆਂ ਨੂੰ ਬਰਬਾਦ ਕਰ ਰਹੀ ਹੈ, ਸਗੋਂ ਭਾਰਤੀ ਅਰਥਵਿਵਸਥਾ ਨੂੰ ਵੀ ਨੁਕਸਾਨ ਪਹੁੰਚਾ ਰਹੀ ਹੈ, ਕਿਉਂਕਿ ਪਰਿਵਾਰ ਆਪਣੀਆਂ ਜ਼ਮੀਨਾਂ ਵੇਚ ਕੇ ਇਹ ਦਾਖਲਾ ਫੀਸ ਅਦਾ ਕਰਦੇ ਹਨ।

### ਮਹਿਰਾ ਵਲੋਂ ਭਾਰਤੀ ਪਰਿਵਾਰਾਂ ਲਈ ਚੇਤਾਵਨੀ

ਮਹਿਰਾ ਦੀ ਚੇਤਾਵਨੀ ਨੇ ਭਾਰਤੀਆਂ ਨੂੰ ਸੁਚੇਤ ਕੀਤਾ ਹੈ। ਸੋਸ਼ਲ ਮੀਡੀਆ 'ਤੇ ਹੈਸ਼ਟੈਗ **#DontSendToCanada** ਟ੍ਰੈਂਡ ਕਰ ਰਿਹਾ ਹੈ। ਭਾਰਤ ਸਰਕਾਰ ਨੇ ਵੀ ਕੈਨੇਡੀਅਨ ਰਾਸ਼ਟਰ ਦੂਤ ਨੂੰ ਬੁਲਾ ਕੇ ਇਸ ਬਾਰੇ ਚਰਚਾ ਕੀਤੀ ਹੈ। ਵਿਦੇਸ਼ ਮੰਤਰੀ ਵੀਕੇ ਸ਼ਾਹ ਨੇ ਕਿਹਾ ਹੈ ਕਿ ਭਾਰਤੀ ਨੌਜਵਾਨਾਂ ਦੀ ਸੁਰੱਖਿਆ ਲਈ ਨਵੇਂ ਨਿਯਮ ਬਣਾਏ ਜਾਣਗੇ। ਪਰ ਏਜੰਟਾਂ ਦਾ ਨੈੱਟਵਰਕ ਅਜੇ ਵੀ ਸਰਗਰਮ ਹੈ ਅਤੇ ਲੋਕਾਂ ਨਾਲ ਝੂਠੇ ਵਾਅਦੇ ਕਰ ਰਹੇ ਹਨ।

(ਇਹ ਰਿਪੋਰਟ ਐੱਨਡੀਟੀਵੀ, ਹਿੰਦੁਸਤਾਨ ਟਾਈਮਜ਼ ਅਤੇ ਕੁਸ਼ਲ ਮਹਿਰਾ ਦੇ ਇੰਟਰਵਿਊਆਂ 'ਤੇ ਅਧਾਰਿਤ ਹੈ।

# ਬ੍ਰਿਟਿਸ਼ ਖੁਫੀਆ ਏਜੰਸੀ ਨੇ ਫੜ ਲਈ ਭਾਰਤੀ ਗੱਲਬਾਤ

# ਨਿੱਝਰ ਨੂੰ 'ਖਤਮ' ਕਰਨ ਦੀ ਯੋਜਨਾ ਦੇ ਭੇਦ ਖੁੱਲ੍ਹੇ !

**✪ ਬ੍ਰਿਟੇਨ ਨੇ ਕੈਨੇਡਾ ਨੂੰ ਦਿੱਤੀ ਭਾਈ ਨਿੱਝਰ ਦੀ ਹੱਤਿਆ ਬਾਰੇ ਗੁਪਤ ਜਾਣਕਾਰੀ ✪ ਫਾਈਵ ਆਈਜ਼ ਨੇ ਭਾਰਤ ਨੂੰ ਘੇਰਿਆ, ਰਿਸ਼ਤਿਆਂ ਵਿਚ ਤਣਾਅ ਜਾਰੀ ! ✪ ਡਾਕੂਮੈਂਟਰੀ ਵਿੱਚ ਹੋਇਆ ਖੁਲਾਸਾ, ਪੰਥਕ ਹਲਕਿਆਂ ਵਿੱਚ ਛਿੜੀ ਚਰਚਾ**

## ਪੰਥਕ ਹਲਚਲ

ਭਾਈ ਹਰਦੀਪ ਸਿੰਘ ਨਿੱਝਰ ਦੀ ਜੂਨ 2023 ਵਿੱਚ ਹੋਈ ਹੱਤਿਆ ਨੇ ਭਾਰਤ ਅਤੇ ਪੱਛਮੀ ਦੇਸ਼ਾਂ ਵਿਚਕਾਰ ਦਰਾੜ ਪੈਦਾ ਕਰ ਦਿੱਤੀ ਸੀ। ਹੁਣੇ ਜਿਹੇ ਇੱਕ ਨਵੀਂ ਡਾਕੂਮੈਂਟਰੀ ਵਿੱਚ ਖੁਲਾਸਾ ਹੋਇਆ ਹੈ ਕਿ ਬ੍ਰਿਟੇਨ ਦੀ ਖੁਫੀਆ ਏਜੰਸੀ ਜੀ. ਸੀ. ਐੱਚ. ਕਿਊ. (ਗਵਰਨਮੈਂਟ ਕਮਿਊਨੀਕੇਸ਼ਨਜ਼ ਹੈੱਡਕੁਆਰਟਰਜ਼) ਨੇ ਫੋਨ ਕਾਲਾਂ ਨੂੰ ਗੁਪਤ ਤੌਰ ਉਪਰ ਰਿਕਾਰਡ ਕਰਕੇ ਕੈਨੇਡੀਆਈ ਅਧਿਕਾਰੀਆਂ ਨੂੰ ਭਾਰਤ ਨਾਲ ਜੁੜੇ ਕਥਿਤ ਸਬੰਧਾਂ ਬਾਰੇ ਜਾਣਕਾਰੀ ਦਿੱਤੀ ਸੀ। ਇਹ ਜਾਣਕਾਰੀ ਜੁਲਾਈ 2023 ਦੇ ਅੰਤ ਵਿੱਚ ਸਾਂਝੀ ਕੀਤੀ ਗਈ ਸੀ, ਜੋ ਭਾਈ ਨਿੱਝਰ ਦੀ ਹੱਤਿਆ ਬਾਰੇ ਮਾਮਲੇ ਦੀ ਤਫਤੀਸ਼ ਵਿੱਚ ਇੱਕ ਵੱਡਾ ਟਰਨਿੰਗ ਪੁਆਇੰਟ ਸਾਬਿਤ ਹੋਈ। ਬਲੂਮਬਰਗ ਓਰਿਜਨਲਜ਼ ਦੀ ਡਾਕੂਮੈਂਟਰੀ 'ਇਨਸਾਈਡ ਦਿ ਡੈੱਥਸ ਐਟ ਰੌਕਡ ਇੰਡੀਆਜ਼ ਰਿਲੇਸ਼ਨਜ਼ ਵਿਦ ਦਿ ਵੈਸਟ' ਵਿੱਚ ਦੱਸਿਆ ਗਿਆ ਹੈ ਕਿ ਇਹ ਖੁਫੀਆ ਜਾਣਕਾਰੀ ਫਾਈਵ ਆਈਜ਼ ਗਠਜੋੜ (ਬ੍ਰਿਟੇਨ, ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ) ਅਧੀਨ ਸਾਂਝੀ ਕੀਤੀ ਗਈ ਸੀ।

ਭਾਈ ਹਰਦੀਪ ਸਿੰਘ ਨਿੱਝਰ ਇੱਕ ਪ੍ਰਮੁੱਖ ਸਿੱਖ ਵਿਚਾਰਕ ਅਤੇ ਖਾਲਿਸਤਾਨ ਅੰਦੋਲਨ ਦਾ ਸਮਰਥਕ ਸੀ, ਜਿਸ ਨੂੰ ਭਾਰਤ ਸਰਕਾਰ ਨੇ 2020 ਵਿੱਚ ਖਾੜਕੂ ਐਲਾਨਿਆ ਸੀ। ਉਹ ਕੈਨੇਡਾ ਵਿੱਚ ਰਹਿੰਦਾ ਸੀ ਅਤੇ ਗੁਰੂ ਨਾਨਕ ਸਿੱਖ ਗੁਰਦੁਆਰਾ, ਸਰੀ ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਉਸ ਦੀ ਹੱਤਿਆ ਤੋਂ ਬਾਅਦ ਕੈਨੇਡੀਆਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੰਸਦ ਵਿੱਚ ਭਾਰਤੀ ਅਧਿਕਾਰੀਆਂ 'ਤੇ ਇਲਜ਼ਾਮ ਲਗਾਏ ਸਨ, ਜਿਸ ਨਾਲ ਦੋਹਾਂ ਦੇਸ਼ਾਂ ਵਿਚਕਾਰ ਡਿਪਲੋਮੈਟਿਕ ਤਕਰਾਰ ਹੋ ਗਿਆ ਸੀ। ਇਸ ਡਾਕੂਮੈਂਟਰੀ ਵਿੱਚ ਦੱਸਿਆ ਗਿਆ ਹੈ ਕਿ ਬ੍ਰਿਟਿਸ਼ ਖੁਫੀਆ ਏਜੰਸੀ ਨੇ ਕੁਝ ਭਾਰਤੀ ਏਜੰਟਾਂ ਵਿਚਕਾਰ ਹੋਈਆਂ ਗੱਲਬਾਤਾਂ ਨੂੰ ਚੋਰੀ-ਚੋਰੀ ਸੁਣਿਆ, ਜਿਨ੍ਹਾਂ ਵਿੱਚ ਤਿੰਨ ਨਿਸ਼ਾਨਿਆਂ ਬਾਰੇ ਚਰਚਾ ਹੋ ਰਹੀ ਸੀ - ਨਿੱਝਰ, ਬ੍ਰਿਟੇਨ ਦੇ ਅਵਤਾਰ ਸਿੰਘ ਖੰਡਾ ਅਤੇ ਅਮਰੀਕਾ ਦੇ ਗੁਰਪਤਵੰਤ ਸਿੰਘ ਪੰਨੂੰ। ਬਾਅਦ ਵਿੱਚ ਇੱਕ ਕਾਲ ਵਿੱਚਭਾਈ ਨਿੱਝਰ ਨੂੰ 'ਸਫਲਤਾਪੂਰਵਕ ਖਤਮ' ਕਰਨ ਬਾਰੇ ਗੱਲ ਕੀਤੀ ਗਈ ਸੀ।

ਡਾਕੂਮੈਂਟਰੀ ਅਨੁਸਾਰ, ਇਹ ਫੋਨ ਕਾਲਾਂ 2023 ਦੇ ਸ਼ੁਰੂ ਵਿੱਚ ਹੋਈਆਂ ਸਨ, ਜਦੋਂ ਭਾਈ ਨਿੱਝਰ ਦੀ ਹੱਤਿਆ ਹੋਈ ਵੀ ਨਹੀਂ ਸੀ। ਜੀ.ਸੀ.ਐੱਚ.ਕਿਊ. ਨੇ ਇਹਨਾਂ ਨੂੰ ਗੁਪਤ ਢੰਗ ਨਾਲ ਰਿਕਾਰਡ ਕੀਤਾ, ਜਿਸਦਾ ਅਰਥ ਹੈ



ਬਿਨਾਂ ਇਜਾਜ਼ਤ ਗੱਲਬਾਤ ਨੂੰ ਰਿਕਾਰਡ ਕਰਨਾ। ਵਿਸ਼ਲੇਸ਼ਕਾਂ ਨੇ ਮੰਨਿਆ ਕਿ ਗੱਲ ਕਰ ਰਹੇ ਵਿਅਕਤੀ ਭਾਰਤ ਸਰਕਾਰ ਲਈ ਕੰਮ ਕਰ ਰਹੇ ਸਨ। ਇਹਨਾਂ ਵਿੱਚ ਤਿੰਨ ਲੋਕਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ 'ਤੇ ਚਰਚਾ ਹੋਈ ਸੀ - ਨਿੱਝਰ (ਕੈਨੇਡਾ ਵਿੱਚ), ਖੰਡਾ (ਬ੍ਰਿਟੇਨ ਵਿੱਚ) ਅਤੇ ਪੰਨੂੰ (ਅਮਰੀਕਾ ਵਿੱਚ) ਭਾਈ ਖੰਡਾ ਦੀ ਬਲੱਡ ਕੈਂਸਰ ਕਾਰਨ ਜੂਨ 2023 ਵਿੱਚ ਬਰਮਿੰਘਮ ਦੇ ਹਸਪਤਾਲ ਵਿੱਚ ਮੌਤ ਆ ਗਈ ਸੀ, ਪਰ ਬ੍ਰਿਟਿਸ਼ ਅਧਿਕਾਰੀਆਂ ਨੇ ਕਿਹਾ ਸੀ ਕਿ ਇਹ ਸ਼ੱਕੀ ਹਾਲਤ ਵਿਚ ਹੋਈ ਮੌਤ ਨਹੀਂ। ਜਦ ਕਿ ਖਾਲਿਸਤਾਨੀਆਂ ਨੇ ਇਸ ਨੂੰ ਕਤਲ ਦਸਿਆ ਸੀ। ਪੰਨੂੰ ਅੱਜ ਵੀ ਅਮਰੀਕਾ ਵਿੱਚ ਰਹਿੰਦਾ ਹੈ ਅਤੇ ਉਸ ਨੇ ਡਾਕੂਮੈਂਟਰੀ ਵਿੱਚ ਕਿਹਾ ਕਿ ਉਸ ਦੀ ਆਪਣੀ ਜਾਨ ਨੂੰ ਖਤਰਾ ਹੈ ਅਤੇ ਹਮੇਸ਼ਾ ਬਾਡੀਗਾਰਡਾਂ ਨਾਲ ਘੁੰਮਦਾ ਹੈ।

ਇਹ ਖੁਲਾਸਾ ਕੈਨੇਡੀਆਈ ਤਫਤੀਸ਼ ਲਈ ਬਹੁਤ ਮਹੱਤਵਪੂਰਨ ਸੀ। ਗਲੋਬਲ ਨਿਊਜ਼ ਨੇ ਇਸ ਨੂੰ ਕਨਫਰਮ ਕੀਤਾ ਹੈ ਕਿ ਬ੍ਰਿਟੇਨ ਦੀ ਏਜੰਸੀ ਜੀ.ਸੀ.ਐੱਚ.ਕਿਊ. ਨੇ ਭਾਰਤੀ ਅਧਿਕਾਰੀਆਂ ਨੂੰ ਭਾਈ ਨਿੱਝਰ ਹੱਤਿਆ ਨਾਲ ਜੋੜਿਆ ਹੈ। ਇਸ ਵਿੱਚ ਭਾਰਤੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਵੀ ਨਾਂ ਲਿਆ ਗਿਆ ਸੀ, ਜੋ ਭਾਰਤ ਦੇ ਗ੍ਰਹਿ ਮੰਤਰੀ ਹਨ। ਕੈਨੇਡੀਆਈ ਖੁਫੀਆ ਏਜੰਸੀ ਨੇ ਆਪਣੇ ਤਰੀਕੇ ਨਾਲ ਵੀ ਇਹ ਜਾਣਕਾਰੀ ਵੈਰੀਫਾਈ ਕੀਤੀ ।

ਭਾਈ ਨਿੱਝਰ ਦੀ ਹੱਤਿਆ 18 ਜੂਨ 2023 ਨੂੰ ਹੋਈ ਸੀ। ਇਸ ਤੋਂ ਬਾਅਦ ਜੁਲਾਈ 2023 ਵਿੱਚ, ਜਦੋਂ ਕੈਨੇਡੀਆਈ ਅਧਿਕਾਰੀਆਂ ਨੂੰ ਪੀ.ਐੱਮ. ਟਰੂਡੋ ਦੇ ਸਲਾਹਕਾਰਾਂ ਨੇ ਨਵੀਂ ਰਿਪੋਰਟ ਮੰਗੀ ਸੀ, ਤਾਂ ਬ੍ਰਿਟੇਨ ਨੇ ਇਹ ਜਾਣਕਾਰੀ ਸਾਂਝੀ ਕੀਤੀ। ਇਹ ਫਾਈਵ ਆਈਜ਼ ਗਠਜੋੜ ਅਧੀਨ ਹੋਈ, ਜੋ ਖੁਫੀਆ ਜਾਣਕਾਰੀ ਸਾਂਝੇ ਕਰਨ ਲਈ ਹੈ। ਬ੍ਰਿਟੇਨ ਨੇ ਕੈਨੇਡਾ ਨੂੰ ਚੇਤਾਵਨੀ ਦਿੱਤੀ ਕਿ ਭਾਰਤੀ ਏਜੰਟ ਹੋਰ ਸਿੱਖ ਵਿਚਾਰਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਇਹ ਜਾਣਕਾਰੀ ਨਿੱਝਰ ਹੱਤਿਆ ਦੀ ਤਫਤੀਸ਼ ਵਿੱਚ ਅਹਿਮ ਖੋਜ ਸਾਬਿਤ ਹੋਈ, ਜਿਸ ਨਾਲ ਕੈਨੇਡਾ ਨੇ ਭਾਰਤ 'ਤੇ ਇਲਜ਼ਾਮ ਲਗਾਏ ਸਨ। ਡਾਕੂਮੈਂਟਰੀ ਵਿੱਚ ਕਿਹਾ ਗਿਆ ਹੈ ਕਿ ਇਹ ਜਾਣਕਾਰੀ ਬਹੁਤ ਗੁਪਤ ਸੀ, ਇਸ ਲਈ ਇਸ ਨੂੰ ਲੰਡਨ ਤੋਂ ਓਟਾਵਾ ਭੇਜਿਆ ਗਿਆ। ਕੋਈ ਇਲੈਕਟ੍ਰਾਨਿਕ ਸਿਸਟਮ ਵਰਤਿਆ ਨਹੀਂ ਗਿਆ। ਇਸ ਖੁਲਾਸੇ ਨੇ ਅੰਤਰਰਾਸ਼ਟਰੀ ਮੀਡੀਆ ਵਿੱਚ ਹਲਚਲ ਮਚਾ ਦਿੱਤੀ ਹੈ। ਬ੍ਰਿਟੇਨ ਅਤੇ ਭਾਰਤ ਵਿੱਚ ਛਪਣ ਵਾਲੀਆਂ ਅਖਬਾਰਾਂ ਨੇ ਇਸ ਨੂੰ ਵਿਸਥਾਰ ਨਾਲ ਕਵਰ ਕੀਤਾ ਹੈ।

ਕੈਨੇਡਾ ਦੀ ਗਲੋਬਲ ਨਿਊਜ਼ ਨੇ ਇੱਕ ਵਿਸਥਾਰ ਵਾਲੀ ਰਿਪੋਰਟ ਵਿੱਚ ਕਿਹਾ ਕਿ ਬ੍ਰਿਟਿਸ਼ ਵਾਇਰਟੈਪਸ ਨੇ ਭਾਰਤ ਨੂੰ ਨਿੱਝਰ ਹੱਤਿਆ ਨਾਲ ਜੋੜਿਆ ਅਤੇ ਇਹ ਫਾਈਵ ਆਈਜ਼ ਦੀ ਤਾਕਤ ਨੂੰ ਦਰਸਾਉਂਦਾ ਹੈ। ਉਹਨਾਂ ਨੇ ਕਿਹਾ, "ਇਹ ਰਿਕਾਰਡਿੰਗ 'ਮਜਬੂਤ ਸਬੂਤ' ਹਨ ਅਤੇ ਕੈਨੇਡਾ ਨੇ ਆਪਣੇ ਤਰੀਕੇ ਨਾਲ ਵੀ ਕਨਫਰਮ ਕੀਤਾ ਹੈ।" ਰਾਇਲ ਕੈਨੇਡੀਆਈ ਮਾਊਂਟਿਡ ਪੁਲਿਸ (ਆਰ. ਸੀ. ਐੱਮ. ਪੀ.) ਨੇ ਚਾਰ ਭਾਰਤੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਸੀ, ਜੋ ਲੌਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਸਨ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਕਿਹਾ ਕਿ ਭਾਰਤ ਨਾਲ ਰਿਸ਼ਤੇ ਬਣਾਉਣਾ ਸਿੱਖਾਂ ਨਾਲ ਧੋਖਾ ਹੈ।

ਸਿੱਖ ਫੈਡਰੇਸ਼ਨ ਯੂ.ਕੇ. ਨੇ ਬ੍ਰਿਟਿਸ਼ ਸੁਰੱਖਿਆ ਮੰਤਰੀ ਡੈਨ ਜਾਰਵਿਸ ਨੂੰ ਚਿੱਠੀ ਲਿਖੀ ਕਿ ਜੁਲਾਈ 2023 ਦੀ ਇਹ ਜਾਣਕਾਰੀ ਕਿਉਂ ਨਹੀਂ ਸਾਂਝੀ ਕੀਤੀ ਗਈ, ਜਦੋਂ ਸਿੱਖ ਐੱਮ.ਪੀਜ਼ ਨੇ ਭਾਈ ਖੰਡਾ ਦੀ ਮੌਤ ਬਾਰੇ ਪੁੱਛਿਆ। ਉਹਨਾਂ ਨੇ ਖੰਡਾ ਦੀ ਮੌਤ ਨੂੰ 'ਰਹੱਸਮਈ' ਕਿਹਾ ਅਤੇ ਡਰ ਪ੍ਰਗਟ ਕੀਤਾ ਕਿ ਉਹ ਵੀ ਨਿਸ਼ਾਨਾ ਬਣਿਆ ਹੋ ਸਕਦਾ ਹੈ। ਗਲੋਬਲ ਨਿਊਜ਼ ਅਨੁਸਾਰ, ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਕਿਹਾ, "ਭਾਰਤ ਨਾਲ ਰਿਸ਼ਤੇ ਬਣਾਉਣਾ ਸਿੱਖਾਂ ਅਤੇ ਕੈਨੇਡਾ ਦੀ ਸਾਵਰੇਨਟੀ ਦਾ ਧੋਖਾ ਹੈ।"

ਭਾਰਤ ਨੇ ਇਹਨਾਂ ਇਲਜ਼ਾਮਾਂ ਨੂੰ 'ਬੇਬੁਨਿਆਦ' ਕਿਹਾ ਹੈ। ਭਾਰਤੀ ਵਿਦੇਸ਼ ਮੰਤਰੀ ਨੇ ਕਿਹਾ ਕਿ ਇਹ ਰਾਜਨੀਤਿਕ ਖੇਡ ਹੈ। ਪਰ ਡਾਕੂਮੈਂਟਰੀ ਨੇ ਇਹ ਸਪੱਸ਼ਟ ਕੀਤਾ ਕਿ ਇਹ ਖੁਫੀਆ ਜਾਣਕਾਰੀ 'ਸਟ੍ਰੌਂਗ ਐਵੀਡੈਂਸ' ਹੈ। ਇਹ ਮਾਮਲਾ ਸਿੱਖ ਡਾਇਸਪੋਰਾ ਲਈ ਵੱਡਾ ਮੁੱਦਾ ਹੈ। ਪੰਜਾਬ ਵਿੱਚ ਵੀ ਲੋਕ ਚਿੰਤਤ ਹਨ ਕਿ ਖਾਲਿਸਤਾਨੀ ਅੰਦੋਲਨ ਨੂੰ ਨਿਸ਼ਾਨਾ ਬਣਾਉਣ ਨਾਲ ਅੰਤਰਰਾਸ਼ਟਰੀ ਰਿਸ਼ਤੇ ਖਰਾਬ ਹੋ ਰਹੇ ਹਨ। ਡਾਕੂਮੈਂਟਰੀ ਨੇ ਦੱਸਿਆ ਕਿ ਇਹ ਹੱਤਿਆਵਾਂ ਨੇ ਭਾਰਤ ਤੇ ਪੱਛਮ ਵਿਚਾਲੇ ਤਣਾਅ ਪੈਦਾ ਕੀਤਾ ਹੈ। ਅੱਗੇ ਤਫਤੀਸ਼ ਜਾਰੀ ਹੈ ਅਤੇ ਅਦਾਲਤ ਵਿੱਚ ਕੇਸ ਚੱਲ ਰਹੇ ਹਨ। ਇਹ ਘਟਨਾ ਸਾਬਿਤ ਕਰਦੀ ਹੈ ਕਿ ਖੁਫੀਆ ਗਠਜੋੜ ਕਿਵੇਂ ਵਿਸ਼ਵ ਰਾਜਨੀਤੀ ਨੂੰ ਬਦਲ ਸਕਦੇ ਹਨ।

## ਜਦੋਂ ਰੁੱਸ ਕੇ ਪੇਕੇ ਗਈ ਪਤਨੀ ਤਾਂ ਖਫਾ ਹਵਾਈ ਅੱਡੇ 'ਤੇ ਤਾਇਨਾਤ ਸਿਪਾਹੀ ਨੇ ਕਰ ਲਈ ਆਤਮ ਹੱਤਿਆ

ਸੁਧਾਰ-ਹਲਵਾਰਾ ਦੇ ਕੌਮਾਂਤਰੀ ਹਵਾਈ ਅੱਡੇ ਦੀ ਸੁਰੱਖਿਆ ਵਿਚ ਤਾਇਨਾਤ ਸਿਪਾਹੀ ਨੇ ਰੁੱਸ ਕੇ ਪੇਕੇ ਗਈ ਪਤਨੀ ਤੋਂ ਦੁਖੀ ਹੋ ਕੇ ਖੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਵੱਲੋਂ 36 ਸਾਲਾ ਸਿਪਾਹੀ ਬਲਜੀਤ ਸਿੰਘ ਹਲਵਾਰਾ ਹਵਾਈ ਅੱਡੇ 'ਤੇ ਡਿਊਟੀ ਨਿਭਾ ਰਿਹਾ ਸੀ। ਅਚਾਨਕ ਡਿਊਟੀ 'ਤੇ ਉਹ ਡਿੱਗ ਪਿਆ। ਉਸ ਨੂੰ ਹਵਾਈ ਅੱਡੇ ਦੀ ਗੱਡੀ ਰਾਹੀਂ ਸਿਵਲ ਹਸਪਤਾਲ ਭੇਜਿਆ ਗਿਆ ਜਿਥੋਂ ਉਸ ਨੂੰ ਰੈਫਰ ਕਰਨ 'ਤੇ ਪ੍ਰਾਈਵੇਟ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਸਿਪਾਹੀ ਬਲਜੀਤ ਸਿੰਘ ਦੀ ਮੌਤ ਦਾ ਕਾਰਨ ਦਿਲ ਦਾ ਦੌਰਾ ਪੈਣਾ ਮੰਨਿਆ ਜਾ ਰਿਹਾ ਸੀ। ਹੁਣ ਉਸ ਦੀ ਵਰਦੀ ਵਿਚੋਂ ਖੁਦਕੁਸ਼ੀ ਨੋਟ ਮਿਲਣ ਦੀ ਗੱਲ ਸਾਹਮਣੇ ਆਈ, ਜਿਸ ਅਨੁਸਾਰ ਬਲਜੀਤ ਸਿੰਘ ਰੁੱਸ ਕੇ ਪੇਕੇ ਗਈ ਪਤਨੀ ਕਾਰਨ ਪਰੇਸ਼ਾਨ ਸੀ। ਉਸ ਨੇ ਆਪਣੀ



ਮੌਤ ਲਈ ਪਤਨੀ ਤੇ ਸੱਸ ਨੂੰ ਜ਼ਿੰਮੇਵਾਰ ਠਹਿਰਾਇਆ। ਇਸ ਸਬੰਧ ਵਿਚ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਵੀ ਘਰੇਲੂ ਕਲੇਸ਼ ਦੇ ਚੱਲਦਿਆਂ ਸਿਪਾਹੀ ਦੀ ਪਤਨੀ ਵੱਲੋਂ ਘਰ ਛੱਡ ਜਾਣ ਅਤੇ ਉਸ ਦੀ ਸੱਸ ਵੱਲੋਂ ਉਸ ਦਾ ਘਰ ਨਾ ਵਸਣ ਦੇਣ ਦੀ ਗੱਲ ਕਹੀ। ਬਲਜੀਤ ਕਈ ਵਾਰ ਪਤਨੀ ਨੂੰ ਮਨਾਉਣ ਲਈ ਗਿਆ ਪਰ ਸੱਸ ਨੇ ਉਸ ਨਾਲ ਪਤਨੀ ਨੂੰ ਨਾ ਤੋਰਿਆ। ਥਾਣਾ ਮੁਖੀ ਗੁਰਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨ ਕਲਮਬੰਦ ਕਰਕੇ ਕਾਰਵਾਈ ਕੀਤੀ ਜਾ ਰਹੀ ਹੈ, ਉਸ ਦੀ ਮੌਤ ਕਿੰਝ ਹੋਈ ਦਾ ਖੁਲਾਸਾ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਹੋਵੇਗਾ।

# ਖ਼ਾਲਸਾ ਪੰਥ ਦੇ ਨਾਇਕ ਭਾਈ ਜੀਵਨ ਸਿੰਘ ਨੂੰ ਦਲਿਤ ਬਣਾਉਣ ਉਪਰ ਕਿਉਂ ਤੁਲੇ ਹਨ ਗੜ੍ਹੀ ?

## ✪ ਐੱਸਸੀ ਕਮਿਸ਼ਨ ਨੇ ਬਾਜਵਾ ਨੂੰ ਨੋਟਿਸ ਕਿਉਂ ਜਾਰੀ ਕੀਤਾ, ਕਾਂਗਰਸ 'ਤੇ ਗੰਭੀਰ ਆਰੋਪ ਕਿਉਂ ਲਗੇ ✪ ਆਪ ਪਾਰਟੀ ਖੇਡ ਰਹੀ ਹੈ ਸਿਆਸਤ

**ਦਰਪਣ ਝੂਠ ਨਹੀ ਬੋਲਦਾ**
**ਪੰਜਾਬ ਟਾਈਮਜ਼ ਮੀਡੀਆ**



ਬੀਤੇ ਦਿਨੀਂ ਪੰਜਾਬ ਸਕਿਊਲਡ ਕਾਸਟਸ (ਐੱਸਸੀ) ਨੇ ਸੁਓ ਮੋਟੂ ਨੋਟਿਸ ਜਾਰੀ ਕਰਕੇ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਦੇ ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਨੂੰ ਤਾਰਨ ਤਾਰਨ ਵਿੱਚ ਹੋਈ ਇੱਕ ਰੈਲੀ ਦੌਰਾਨ ਭਾਈ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਅਤੇ ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਪਵਿੱਤਰ ਤਸਵੀਰਾਂ ਦੇ ਕਥਿਤ ਦੁਰਉਪਯੋਗ ਬਾਰੇ ਵਿਆਖਿਆ ਮੰਗੀ ਹੈ। ਇਹ ਨੋਟਿਸ ਅੱਜ, 10 ਨਵੰਬਰ ਨੂੰ ਚੰਡੀਗੜ੍ਹ ਵਿੱਚ ਕਮਿਸ਼ਨ ਦੇ ਦਫਤਰ ਵਿੱਚ ਬਾਜਵਾ ਨੂੰ ਨਿੱਜੀ ਤੌਰ 'ਤੇ ਹਾਜ਼ਰ ਹੋਣ ਦਾ ਹੁਕਮ ਦਿੰਦਾ ਹੈ। ਇਸ ਵਿਵਾਦ ਨੇ ਨਾ ਸਿਰਫ਼ ਸਿਆਸੀ ਵਿਵਾਦ ਨੂੰ ਵਧਾਇਆ ਹੈ, ਸਗੋਂ ਇਹ ਵੀ ਸਵਾਲ ਉਠਾਇਆ ਹੈ ਕਿ ਕੀ ਖਾਲਸਾ ਪੰਥ ਦੇ ਨਾਇਕ ਰੰਘਰੇਟਾ ਗੁਰੂ ਕੇ ਬੇਟੇ ਭਾਈ ਜੀਵਨ ਸਿੰਘ ਜੀ ਵਰਗੇ ਸਿੱਖ ਇਤਿਹਾਸ ਦੇ ਮਹਾਨ ਸ਼ਹੀਦ ਸਮੂਹ ਪੰਥ ਨਾਲ ਜੁੜੇ ਹਨ ਨਾ ਕਿ ਭਾਰਤੀ ਸੰਵਿਧਾਨ ਅਨੁਸਾਰ ਸਿਰਫ਼ ਅਨੁਸੂਚਿਤ ਜਾਤੀ (ਐੱਸਸੀ) ਨਾਲ ? ਇਸ ਦੇ ਨਾਲ ਕਾਂਗਰਸ ਵੱਲੋਂ ਪਿਛਲੇ ਸਮੇਂ ਵਿੱਚ ਆਪਣੇ ਨੇਤਾਵਾਂ ਦੀਆਂ ਤਸਵੀਰਾਂ ਨੂੰ ਭਾਈ ਜੀਵਨ ਸਿੰਘ ਤੇ ਗੁਰੂ ਸਾਹਿਬਾਨ ਨਾਲ ਜੋੜਨ ਵਾਲੀਆਂ ਗਤੀਵਿਧੀਆਂ ਵੀ ਫਿਰ ਤੋਂ ਚਰਚਾ ਵਿੱਚ ਆ ਗਈਆਂ ਹਨ। ਚੋਣ ਕਮਿਸ਼ਨ ਦੀ ਚੁੱਪ ਵੀ ਇਸ ਵਿਵਾਦ ਨੂੰ ਹੋਰ ਡੂੰਘਾ ਬਣਾ ਰਹੀ ਹੈ।

ਇਸ ਮਾਮਲੇ ਦੀ ਸ਼ੁਰੂਆਤ ਤਾਰਨ ਤਾਰਨ ਵਿੱਚ ਹੋਈ ਵਿਧਾਨ ਸਭਾ ਬਾਈ-ਇਲੈਕਸ਼ਨ ਨਾਲ ਜੁੜੀ ਇੱਕ ਰੈਲੀ ਨਾਲ ਹੋਈ ਸੀ। ਐੱਨਆਈ (ਏਸ਼ੀਅਨ ਨਿਊਜ਼ ਇੰਟਰਨੈਸ਼ਨਲ) ਦੀ ਰਿਪੋਰਟ ਅਨੁਸਾਰ, ਇਸ ਰੈਲੀ ਵਿੱਚ ਬਾਜਵਾ ਨੇ ਚੋਣ ਪ੍ਰਚਾਰ ਦੌਰਾਨ ਭਾਈ ਜੀਵਨ ਸਿੰਘ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਤਸਵੀਰਾਂ ਨੂੰ ਵਰਤੋਂ ਨਾਲ ਕਥਿਤ ਤੌਰ 'ਤੇ ਵਿਵਾਦ ਪੈਦਾ ਕੀਤਾ। ਇਹ ਤਸਵੀਰਾਂ ਬਾਜਵਾ ਦੇ ਅਧਿਕਾਰਕ ਫੇਸਬੁੱਕ ਪੇਜ 'ਤੇ ਵਾਇਰਲ ਹੋਈਆਂ ਅਤੇ ਇੱਕ ਮੀਡੀਆ ਰਿਪੋਰਟ ਵਿੱਚ ਵੀ ਇਸ ਨੂੰ "ਸਿਆਸੀ ਲਾਹੇ ਲਈ ਗੁਰੂ ਸਾਹਿਬ ਦੀ ਤਸਵੀਰ ਵਰਤੋਂ" ਕੀਤੀ ਗਈ। ਕਮਿਸ਼ਨ ਨੇ ਪੰਜਾਬ ਸਟੇਟ ਸਕਿਊਲਡ ਕਾਸਟਸ ਕਮਿਸ਼ਨ ਐਕਟ, 2004 ਦੀ ਕਲਾਜ਼ 10(2)(ਹ) ਅਧੀਨ ਇਹ ਕਾਰਵਾਈ ਕੀਤੀ ਹੈ, ਜੋ ਅਨੁਸੂਚਿਤ ਜਾਤੀਆਂ ਨਾਲ ਜੁੜੀਆਂ ਭੇਦਭਾਵੀ ਗਤੀਵਿਧੀਆਂ ਨੂੰ ਰੋਕਣ ਲਈ ਹੈ। ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਇਸ ਨੂੰ ਗੰਭੀਰ ਮਾਮਲਾ ਕਹਿੰਦਿਆਂ ਬਾਜਵਾ ਨੂੰ ਨੋਟਿਸ ਜਾਰੀ ਕੀਤਾ ਹੈ।

ਭਾਈ ਜੀਵਨ ਸਿੰਘ ਜੀ, ਜਿਨ੍ਹਾਂ ਨੂੰ ਭਾਈ ਜੈਤਾ ਜੀ ਵੀ ਕਿਹਾ ਜਾਂਦਾ ਹੈ, ਸਿੱਖ ਇਤਿਹਾਸ ਵਿੱਚ ਇੱਕ ਅਮਰ ਵੀਰ ਹਨ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੌਰਾਨ ਸ਼ਹਾਦਤ ਨਾਲ ਨਿਭੇ ਅਤੇ ਗੁਰੂ ਤੇਗ ਬਹਾਦਰ ਜੀ ਦੇ ਸੀਸ ਨੂੰ ਦਿੱਲੀ ਤੋਂ ਲਿਆਉਣ ਵਾਲੇ ਤੇ ਅਨੰਦਪੁਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਅਗੇ ਭੇਂਟ ਕਰਨ ਦੇ ਕਾਰਜ ਨੂੰ ਨਿਭਾਇਆ ਸੀ। ਇਸ ਕਾਰਣ ਉਹਨਾਂ ਉਹਨਾਂ ਨੂੰ "ਰੰਘਰੇਟੇ ਗੁਰੂ ਕੇ ਬੇਟੇ" ਦਾ ਸਨਮਾਨ ਮਿਲਿਆ ਸੀ। ਪਰ ਸਵਾਲ ਇਹ ਉੱਠਦਾ ਹੈ ਕਿ ਕੀ ਉਹ ਦਲਿਤ ਨਹੀਂ ਸਨ,ਗੁਰੂ ਦੇ ਸਿੰਘ ਸਜਕੇ ਵਰਨ ਆਸ਼ਰਮ ਨੂੰ ਤਿਆਗ ਚੁਕੇ ਸਨ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ, ਸਿੱਖੀ ਨੇ ਜਾਤੀਵਾਦ ਤੇ ਵਰਨ ਆਸ਼ਰਮ ਨੂੰ ਨਕਾਰ ਦਿੱਤਾ ਸੀ। ਭਾਈ ਜੀਵਨ ਸਿੰਘ ਜੀ ਨੂੰ ਪੂਰੇ ਪੰਥ ਵਿੱਚ ਗੌਰਵ ਨਾਲ ਯਾਦ ਕੀਤਾ ਜਾਂਦਾ ਹੈ ਅਤੇ ਉਹਨਾਂ ਦੀਆਂ ਗਾਥਾਵਾਂ ਸਿੱਖ ਇਤਿਹਾਸ ਵਿੱਚ ਅਮਰ ਹਨ। ਇਸ ਲਈ, ਉਹਨਾਂ ਦੀ ਤਸਵੀਰ ਨੂੰ ਸਿਆਸੀ ਲਾਭ ਲਈ ਵਰਤਣ ਨਾਲ ਪੂਰੇ ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ, ਨਾ ਕਿ ਸਿਰਫ਼ ਐੱਸਸੀ ਭਾਈਚਾਰੇ ਨੂੰ।

ਕਾਂਗਰਸ ਪਾਰਟੀ ਵੱਲੋਂ ਇਸ ਨੋਟਿਸ ਨੂੰ ਰਾਜਨੀਤਿਕ ਛੜਯੰਤਰ ਦੱਸਿਆ ਜਾ ਰਿਹਾ ਹੈ। ਬਾਜਵਾ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਇਹ ਰੈਲੀ ਵਿੱਚ ਗੁਰੂ ਸਾਹਿਬਾਨ ਦੇ ਚਰਨਾਂ ਨੂੰ ਯਾਦ ਕਰਨ ਲਈ ਕੀਤੀ ਗਈ ਸੀ ਅਤੇ ਇਸ ਵਿੱਚ ਕੋਈ ਅਪਮਾਨ ਨਹੀਂ ਹੈ। ਪਰ ਵਿਰੋਧੀ ਧਿਰਾਂ ਅਤੇ ਸਿੱਖ ਸੰਗਠਨਾਂ ਵੱਲੋਂ ਇਸ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਖਾਸ ਕਰਕੇ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੇ ਇਸ ਨੂੰ ਕਾਂਗਰਸ ਦੀ "ਧਾਰਮਿਕ ਅਪਮਾਨ ਦੀ ਪੁਰਾਣੀ ਆਦਤ" ਕਿਹਾ ਹੈ।

ਪੰਜਾਬ ਸਕਿਊਲਡ ਕਾਸਟਸ (ਐੱਸਸੀ) ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਦੀ ਭੂਮਿਕਾ ਵੀ ਚਰਚਾ ਵਿੱਚ ਹੈ। ਗੜ੍ਹੀ, ਜੋ ਬਸਪਾ ਨਾਲ ਜੁੜੇ ਰਹੇ ਹਨ । ਕਾਂਗਰਸ ਵੱਲੋਂ "ਨਵੇਂ ਵਿਵਾਦ ਛੇੜਨ ਵਾਲੇ" ਕਿਹਾ ਜਾ ਰਿਹਾ ਹੈ। ਬਾਜਵਾ ਨੇ ਆਪਣੇ ਟਵੀਟ ਵਿੱਚ ਪੁੱਛਿਆ ਹੈ ਕਿ "ਗੜ੍ਹੀ ਜੀ, ਤੁਸੀਂ ਆਪ ਪਾਰਟੀ ਦੇ ਹੋਣ ਕਰਕੇ ਇਹ ਨੋਟਿਸ ਜਾਰੀ ਕੀਤਾ ਹੈ ਜਾਂ ਅਸਲ ਵਿੱਚ ਐੱਸਸੀ ਹੱਕਾਂ ਲਈ ਲੜ ਰਹੇ ਹੋ ?" ਪਰ ਗੜ੍ਹੀ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ "ਇਹ ਕੋਈ ਸਿਆਸੀ ਫੈਸਲਾ ਨਹੀਂ, ਸਗੋਂ ਕਾਨੂੰਨੀ ਅਧਿਕਾਰਾਂ ਦੀ ਰਾਖੀ ਹੈ। ਅਨੁਸੂਚਿਤ ਜਾਤੀਆਂ ਨਾਲ ਜੁੜੇ ਵਿਅਕਤੀਆਂ ਦੀਆਂ ਭਾਵਨਾਵਾਂ ਨੂੰ ਸਿਆਸੀ ਖੇਡ ਬਣਾਉਣਾ ਬਰਦਾਸ਼ਤ ਨਹੀਂ।"

ਇਸ ਮਾਮਲੇ ਵਿੱਚ ਚੋਣ ਕਮਿਸ਼ਨ ਨੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ। ਸਿੱਖ ਸੰਗਠਨਾਂ ਨੇ ਕਾਗਰਸੀ ਆਗੂ ਬਾਜਵਾ ਉਪਰ ਐੱਫਆਈਆਰ ਦੀ ਮੰਗ ਕੀਤੀ ਹੈ।

ਲੇਖਕ ਪਰਮਿੰਦਰ ਸਿੰਘ ਨੇ ਕਿਹਾ, "ਭਾਈ ਜੀਵਨ ਸਿੰਘ ਜੀ ਪੂਰੇ ਪੰਥ ਦੇ ਹਨ। ਉਹਨਾਂ ਨੂੰ ਜਾਤੀ ਨਾਲ ਜੋੜਨਾ ਸਿੱਖੀ ਦੇ ਅਸੂਲਾਂ ਨਾਲ ਧੱਕਾ ਹੈ। ਸਿਆਸਤ ਨੂੰ ਧਰਮ ਤੋਂ ਵੱਖ ਰੱਖਣਾ ਚਾਹੀਦਾ ਹੈ।"

ਅੰਤ ਵਿੱਚ, ਇਹ ਵਿਵਾਦ ਪੰਜਾਬ ਦੀ ਸਿਆਸੀ ਲੜਾਈ ਨੂੰ ਨਵਾਂ ਮੋੜ ਦੇ ਰਿਹਾ ਹੈ। ਬਾਜਵਾ ਐਸ ਸੀ ਕਮਿਸ਼ਨ ਨਾਲ ਮੀਟਿੰਗ ਕਰਨਗੇ ਅਤੇ ਉਹਨਾਂ ਦੀ ਵਿਆਖਿਆ ਨੂੰ ਲੈ ਕੇ ਫੈਸਲਾ ਆਵੇਗਾ। ਪਰ ਇਸ ਤੋਂ ਵੱਡਾ ਸਵਾਲ ਰਹਿ ਜਾਂਦਾ ਹੈ ਕਿ ਕੀ ਸਿਆਸੀ ਧਿਰਾਂ ਨੇ ਧਾਰਮਿਕ ਭਾਵਨਾਵਾਂ ਨੂੰ ਚੋਣਾਵੀ ਹਥਿਆਰ ਬਣਾ ਲਿਆ ਹੈ ? ਚੋਣ ਕਮਿਸ਼ਨ ਅਤੇ ਹੋਰ ਸੰਸਥਾਵਾਂ ਨੂੰ ਜਲਦੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਅਜਿਹੇ ਵਿਵਾਦ ਨਾ ਉੱਠਣ। ਪੰਜਾਬ ਵਿੱਚ ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਬਚਾਉਣ ਲਈ ਇਹ ਜ਼ਰੂਰੀ ਹੈ।

# ਬਾਬਾ ਸੀਚੇਵਾਲ ਵਲੋਂ ਸਵਰਨਜੀਤ ਖਾਲਸਾ ਦੇ ਅਮਰੀਕਾ ਵਿਚ ਮੇਅਰ ਬਣਨ ਦੀ ਸ਼ਲਾਘਾ

## ✪ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੂੰ ਕੀਤਾ ਸਨਮਾਨਿਤ

ਬੀਤੇ ਦਿਨੀ ਵਾਤਾਵਰਨ ਮੁਹਿੰਮ ਦੇ ਨਾਇਕ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਮੈਂਬਰ ਰਾਜ ਸਭਾ ਨੇ ਪੰਜਾਬ ਦੇ ਜਲੰਧਰ ਨਾਲ ਸਬੰਧਤ ਸਵਰਨਜੀਤ ਸਿੰਘ ਖਾਲਸਾ ਅਮਰੀਕਾ ਵਿੱਚ ਨੌਰਵਿਚ ਦੇ ਮੇਅਰ ਚੁਣੇ ਜਾਣ ਉਪਰ ਉਹਨਾਂ ਦੇ ਪਿਤਾ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੂੰ ਮੁਬਾਰਕਬਾਦ ਦਿੱਤੀ ਤੇ ਸਨਮਾਨਿਤ ਵੀ ਕੀਤਾ।

ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ, "ਇਸ ਦਾ ਸਿਹਰਾ ਸਿਰਫ਼ ਸਾਨੂੰ ਹੀ ਨਹੀਂ, ਸਗੋਂ ਪੂਰੀ ਪੰਜਾਬੀ ਕੌਮ, ਖ਼ਾਸ ਕਰਕੇ ਸਿੱਖ ਭਾਈਚਾਰਾ ਤੇ ਜਲੰਧਰ ਵਾਸੀਆਂ ਨੂੰ ਵੀ ਜਾਂਦਾ ਹੈ। ਇਹ ਮਾਣ ਦੀ ਗੱਲ ਹੈ ਕਿ ਸਵਰਨਜੀਤ ਸਿੰਘ ਪਹਿਲਾ ਅੰਮ੍ਰਿਤਧਾਰੀ ਸਿੱਖ ਹੈ ਜੋ ਅਮਰੀਕਾ ਵਿੱਚ ਮੇਅਰ ਚੁਣਿਆ ਗਿਆ ਹੈ। ਜਿਸ ਕਰਕੇ ਸਮੂਹ ਪੰਜਾਬੀਆਂ ਵਿੱਚ ਵੀ ਖੁਸ਼ੀ ਦੀ ਲਹਿਰ ਹੈ। ਇਹ ਪੰਥ, ਪੰਜਾਬ, ਦੇਸ ਦੀ ਜਿੱਤ ਹੈ।"

ਜਥੇਦਾਰ ਪਰਮਿੰਦਰਪਾਲ ਸਿੰਘ ਨੇ ਬਾਬਾ ਜੀ ਨੂੰ ਦੱਸਿਆ ਕਿ ਸਵਰਨਜੀਤ ਸਿੰਘ ਖਾਲਸਾ ਨੇ ਨਸਲਵਾਦ ਬਾਰੇ ਕਾਫੀ ਜਾਗਰੂਕਤਾ ਫੈਲਾਉਣ ਵਾਲੇ ਕਾਰਜ ਕੀਤੇ। ਉਨ੍ਹਾਂ ਵੱਲੋਂ ਸਿੱਖਾਂ ਦੀ ਪਛਾਣ ਬਾਰੇ ਦੱਸਣ ਦੇ ਲਈ ਕਰੀਬ 200 ਸੈਮੀਨਾਰ ਕਰਵਾਏ। ਇਸ ਕਾਰਣ ਐਫਬੀਆਈ ਨੇ ਸਨਮਾਨਿਤ ਵੀ ਕੀਤਾ ਸੀ। ਉਨ੍ਹਾਂ ਦਸਿਆ ਕਿ ਸਵਰਨਜੀਤ ਸਿੰਘ ਅਮਰੀਕਾ ਦੇ ਸਰਕਾਰੀ ਦਫ਼ਤਰਾਂ ਵਿੱਚ ਆਪਣਾ ਪ੍ਰੋਜੈਕਟਰ ਲੈ ਕੇ ਜਾਂਦਾ ਸੀ ਅਤੇ ਸਿੱਖ ਇਤਿਹਾਸ ਅਤੇ ਸਿੱਖੀ ਬਾਰੇ ਸਮਝਾਉਂਦਾ ਸੀ ਕਿ ਸਿੱਖ ਕੌਣ ਹਨ। ਇਸੇ ਪ੍ਰਚਾਰ ਕਰਕੇ ਸਵਰਨਜੀਤ ਸਿੰਘ ਲੋਕਾਂ ਦੇ ਨਜ਼ਦੀਕ ਆ ਗਏ ਤੇ ਸਥਾਨਕ ਲੋਕਾਂ ਨੇ ਉਨ੍ਹਾਂ ਨੂੰ ਚੋਣਾਂ ਲੜਨ ਲਈ ਕਿਹਾ ਤੇ ਜਿਤਾਇਆ।



ਖਾਲਸਾ ਨੇ ਬਾਬਾ ਜੀ ਦੀ ਪ੍ਰਦੂਸ਼ਣ ਵਿਰੋਧੀ ਲਹਿਰ ਤੇ ਗੁਰੂ ਨਾਨਕ ਵੇਂਈ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਮਨੁੱਖਤਾ ਲਈ ਇਤਿਹਾਸਕ ਰੋਲ ਨਿਭਾਇਆ ਹੈ। ਇਸ ਮੌਕੇ ਸਾਹਿਬ ਸਿੰਘ, ਬਲਵਿੰਦਰ ਪਾਲ ਸਿੰਘ, ਹਰਦੇਵ ਸਿੰਘ ਗਰਚਾ ਗੁਰਪ੍ਰੀਤ ਸਿੰਘ ਰਾਜੂ, ਕਮਲਜੀਤ ਸਿੰਘ ਜਮਸ਼ੇਰ ਆਦਿ ਸ਼ਾਮਲ ਸਨ।

# ਯੂਰਪ ਵਿੱਚ ਐਟਮੀ ਤਬਾਹੀ ਦਾ ਖਤਰਾ !

## ✪ ਰੂਸ ਨੇ ਯੂਕਰੇਨ ਉੱਤੇ ਕੀਤਾ ਸਭ ਤੋਂ ਵੱਡਾ ਮਿਸਾਈਲ ਹਮਲਾ, ਹੁਣ ਤੀਜੇ ਵਿਸ਼ਵ ਯੁੱਧ ਦੀ ਚਿੰਤਾ ਵਧੀ



ਰੂਸ ਅਤੇ ਯੂਕਰੇਨ ਵਿਚਕਾਰ ਚੱਲ ਰਹੇ ਤਿੰਨ ਸਾਲ ਪੁਰਾਣੇ ਯੁੱਧ ਨੇ ਹੁਣ ਇੱਕ ਨਵਾਂ ਅਤੇ ਬਹੁਤ ਖਤਰਨਾਕ ਮੋੜ ਲੈ ਲਿਆ ਹੈ। ਰੂਸ ਨੇ 7 ਨਵੰਬਰ 2025) ਤੋਂ 8 ਨਵੰਬਰ 2025 ਤੱਕ ਯੂਕਰੇਨ ਉੱਤੇ ਡਰੋਨਾਂ ਅਤੇ ਮਿਸਾਈਲਾਂ ਨਾਲ ਸਭ ਤੋਂ ਵੱਡਾ ਹਮਲਾ ਕੀਤਾ ਸੀ। ਇਸ ਹਮਲੇ ਵਿੱਚ ਨਾ ਸਿਰਫ਼ ਰਿਹਾਇਸ਼ੀ ਇਮਾਰਤਾਂ ਤਬਾਹ ਹੋਈਆਂ ਹਨ ਅਤੇ ਘੱਟੋ-ਘੱਟ ਸੱਤ ਲੋਕਾਂ ਦੀ ਮੌਤ ਹੋ ਗਈ ਸੀ, ਸਗੋਂ ਦੋ ਪ੍ਰਮਾਣੂ ਪਾਵਰ ਪਲਾਂਟਾਂ (ਖਮੇਲਨਿਤਸਕੀ ਅਤੇ ਰਿਵਨੇ) ਨੂੰ ਬਿਜਲੀ ਪਹੁੰਚਾਉਣ ਵਾਲੇ ਸਬ-ਸਟੇਸ਼ਨਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ। ਯੂਕਰੇਨ ਨੇ ਇਸ ਨੂੰ ਜਾਣਬੁਝ ਕੇ ਯੂਰਪ ਦੀ ਪ੍ਰਮਾਣੂ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਵਾਲੀ ਕਾਰਵਾਈ ਕਿਹਾ ਹੈ। ਲੱਖਾਂ ਘਰਾਂ ਵਿੱਚ ਬਿਜਲੀ ਅਤੇ ਪਾਣੀ ਦੀ ਸਪਲਾਈ ਰੁਕ ਗਈ ਹੈ, ਜਿਸ ਨਾਲ ਸਥਿਤੀ ਬਹੁਤ ਗੰਭੀਰ ਹੋ ਗਈ ਹੈ। ਇਹ ਹਮਲਾ ਨਾ ਸਿਰਫ਼ ਯੂਕਰੇਨ ਨੂੰ ਬਲਕਿ ਪੂਰੇ ਯੂਰਪ ਨੂੰ ਡਰਾ ਰਿਹਾ ਹੈ, ਕਿਉਂਕਿ ਇਸ ਨਾਲ ਐਟਮੀ ਤਬਾਹੀ ਦਾ ਖਤਰਾ ਵਧ ਗਿਆ ਹੈ। ਕੀ ਇਹ ਤੀਜੇ ਵਿਸ਼ਵ ਯੁੱਧ ਦੀ ਸ਼ੁਰੂਆਤ ਹੈ? ਇਹ ਸਵਾਲ ਹੁਣ ਅੰਤਰਰਾਸ਼ਟਰੀ ਭਾਈਚਾਰੇ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ।

ਯੂਕਰੇਨ ਵਿੱਚ 'ਬਲੈਕਆਊਟ' ਦਾ ਵੱਡਾ ਸੰਕਟ ਪੈਦਾ ਹੋ ਗਿਆ ਹੈ। ਰੂਸ ਦੇ ਖਤਰਨਾਕ ਹਮਲਿਆਂ ਨੇ ਯੂਕਰੇਨ ਦੀ ਊਰਜਾ ਵਿਵਸਥਾ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਪ੍ਰਧਾਨ ਮੰਤਰੀ ਯੂਲੀਆ ਸਵਿਰੀਡੈਂਕੋ ਨੇ ਦੱਸਿਆ ਕਿ ਕੀਵ, ਪੋਲਟਾਵਾ ਅਤੇ ਖਾਰਕੀਵ ਖੇਤਰਾਂ ਵਿੱਚ ਬਿਜਲੀ ਪਲਾਂਟ ਅਤੇ ਗ੍ਰਿਡ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਹਜ਼ਾਰਾਂ ਘਰਾਂ ਵਿੱਚ ਬਿਜਲੀ ਅਤੇ ਪਾਣੀ ਦੀ ਸਪਲਾਈ ਠਪ ਹੋ ਗਈ ਹੈ, ਜਿਸ ਨਾਲ ਲੱਖਾਂ ਲੋਕ ਹਨੇਰੇ ਅਤੇ ਪਾਣੀ ਦੀ ਕਿੱਲਤ ਨਾਲ ਜੂਝ ਰਹੇ ਹਨ। ਸਰਕਾਰੀ ਊਰਜਾ ਕੰਪਨੀ ਤਸੇਂਟਰੇਨਰਗੋ ਨੇ ਇਸ ਨੂੰ ਫਰਵਰੀ 2022 ਵਿੱਚ ਯੁੱਧ ਸ਼ੁਰੂ ਹੋਣ ਤੋਂ ਬਾਅਦ ਦਾ ਸਭ ਤੋਂ ਵੱਡਾ ਹਮਲਾ ਕਿਹਾ ਹੈ, ਜਿਸ ਵਿੱਚ ਉਹਨਾਂ ਦੀਆਂ ਸਾਰੀਆਂ ਉਤਪਾਦਨ ਸਮਰੱਥਾਵਾਂ ਤਬਾਹ ਹੋ ਗਈਆਂ ਸਨ ਅਤੇ ਬਿਜਲੀ ਉਤਪਾਦਨ 'ਜ਼ੀਰੋ' ਹੋ ਗਿਆ ਸੀ। ਇਹ ਹਮਲਾ ਯੂਕਰੇਨ ਦੀ ਕੁੱਲ ਬਿਜਲੀ ਦਾ ਲਗਭਗ 8 ਫੀਸਦੀ ਉਤਪਾਦਨ ਕਰਨ ਵਾਲੀ ਕੰਪਨੀ ਉੱਤੇ ਹੋਇਆ ਹੈ, ਜਿਸ ਨਾਲ ਰਾਸ਼ਟਰੀ ਪਾਵਰ ਗ੍ਰਿਡ ਉੱਤੇ ਡੂੰਘਾ ਅਸਰ ਪਿਆ ਹੈ। ਯੂਕਰੇਨੀ ਵਾਇਰ ਫੋਰਸ ਨੇ ਦਾਅਵਾ ਕੀਤਾ ਹੈ ਕਿ ਰੂਸ ਨੇ ਇੱਕ ਰਾਤ ਵਿੱਚ 450 ਡਰੋਨ ਅਤੇ 45 ਮਿਸਾਈਲਾਂ ਚਲਾਈਆਂ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਰੋਕ ਲਿਆ ਗਿਆ, ਪਰ 25 ਥਾਵਾਂ ਉੱਤੇ ਹੋਏ ਹਮਲਿਆਂ ਨਾਲ ਇਹ ਸਾਫ਼ ਹੈ ਕਿ ਯੁੱਧ ਇੱਕ ਨਵੇਂ ਅਤੇ ਖਤਰਨਾਕ ਪੜਾਅ ਵਿੱਚ ਦਾਖਲ ਹੋ ਗਿਆ ਹੈ।

ਕੀਵ ਦੇ ਰਿਹਾਇਸ਼ੀ ਇਲਾਕਿਆਂ ਵਿੱਚ ਡਰੋਨਾਂ ਦੇ ਹਮਲਿਆਂ ਨਾਲ ਘੱਟੋ-ਘੱਟ ਚਾਰ ਲੋਕ ਮਾਰੇ ਗਏ ਅਤੇ ਦਰਜਨ ਜ਼ਖ਼ਮੀ ਹੋਏ ਸਨ। ਖਾਰਕੀਵ ਵਿੱਚ ਇੱਕ ਥਰਮਲ ਪਾਵਰ ਪਲਾਂਟ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਨਾਲ ਪੂਰਾ ਸ਼ਹਿਰ ਹਨੇਰੇ ਵਿੱਚ ਡੁੱਬ ਗਿਆ। ਪੋਲਟਾਵਾ ਓਬਲਾਸਟ ਵਿੱਚ ਰੂਸੀ ਹਮਲੇ ਨਾਲ ਬਿਜਲੀ ਅਤੇ ਪਾਣੀ ਦੀ ਸਪਲਾਈ ਰੁਕ ਗਈ, ਜਿਸ ਨਾਲ ਹਜ਼ਾਰਾਂ ਪਰਿਵਾਰ ਠੰਢ ਅਤੇ ਹਨੇਰੇ ਵਿੱਚ ਰਹਿਣ ਨੂੰ ਮਜਬੂਰ ਹੋ ਗਏ ਹਨ। ਯੂਕਰੇਨ ਦੇ ਊਰਜਾ ਮੰਤਰਾਲੇ ਅਨੁਸਾਰ, ਇਸ ਹਮਲੇ ਨਾਲ ਦੇਸ਼ ਦੇ 30 ਫੀਸਦੀ ਤੋਂ ਵੱਧ ਊਰਜਾ ਵਿਵਸਥਾ ਨੂੰ ਨੁਕਸਾਨ ਪਹੁੰਚਿਆ ਹੈ, ਜੋ ਕਿ ਸਰਦੀਆਂ ਦੇ ਸਮੇਂ ਵਿੱਚ ਬਹੁਤ ਖਤਰਨਾਕ ਹੈ। ਹਸਪਤਾਲਾਂ ਵਿੱਚ ਜਨਰੇਟਰ ਚੱਲ ਰਹੇ ਹਨ, ਪਰ ਬੱਚਿਆਂ ਅਤੇ ਬਜ਼ੁਰਗਾਂ ਲਈ ਇਹ ਸਥਿਤੀ ਜਾਨਲੇਵਾ ਬਣ ਸਕਦੀ ਹੈ। ਯੂਕਰੇਨੀ ਰਾਸ਼ਟਰਪਤੀ ਵਲੋਡੀਮੀਰ ਜ਼ੇਲੇਂਸਕੀ ਨੇ ਕਿਹਾ, "ਰੂਸ ਨੇ ਸਾਡੀ ਜ਼ਿੰਦਗੀ ਨੂੰ ਹਨੇਰੇ ਵਿੱਚ ਧੱਕ ਦਿੱਤਾ ਹੈ, ਪਰ ਅਸੀਂ ਹਾਰ ਨਹੀਂ ਮੰਨਾਂਗੇ।" ਉਹਨਾਂ ਨੇ ਅੰਤਰਰਾਸ਼ਟਰੀ ਭਾਈਚਾਰੇ ਤੋਂ ਰੂਸ ਦੇ ਊਰਜਾ ਖੇਤਰ ਉੱਤੇ ਵਧੇਰੇ ਸਖ਼ਤ ਪਾਬੰਦੀਆਂ ਲਗਾਉਣ ਦੀ ਅਪੀਲ ਕੀਤੀ ਹੈ।



ਸੂਤਰਾਂ ਅਨੁਸਾਰ ਰੂਸ ਨੇ ਜਾਣਬੁਝ ਕੇ ਖਮੇਲਨਿਤਸਕੀ ਅਤੇ ਰਿਵਨੇ ਪ੍ਰਮਾਣੂ ਪਲਾਂਟਾਂ ਨੂੰ ਬਿਜਲੀ ਪਹੁੰਚਾਉਣ ਵਾਲੇ ਸਬ-ਸਟੇਸ਼ਨਾਂ ਨੂੰ ਨਿਸ਼ਾਨਾ ਬਣਾਇਆ ਹੈ, ਜੋ ਕਿ ਯੂਰਪ ਦੇ ਸਭ ਤੋਂ ਵੱਡੇ ਐਟਮੀ ਪਲਾਂਟ ਜ਼ਾਪੋਰੀਜ਼ੀਆ ਨਾਲ ਵੀ ਜੁੜੇ ਹੋਏ ਹਨ। ਯੂਕਰੇਨ ਦੇ ਵਿਦੇਸ਼ ਮੰਤਰੀ ਆਂਦਰੀ ਸਿਬੀਹਾ ਨੇ ਇਸ ਨੂੰ 'ਐਟਮੀ ਬਲੈਕਮੇਲ' ਕਿਹਾ ਹੈ ਅਤੇ ਕਿਹਾ ਕਿ ਇਹ ਹਮਲੇ ਯਾਨੀ ਕੋਈ ਵੀ ਸਮੇਂ ਇੱਕ ਵਿਨਾਸ਼ਕਾਰੀ ਐਟਮੀ ਦੁਰਘਟਨਾ ਪੈਦਾ ਕਰ ਸਕਦੇ ਹਨ। ਉਹਨਾਂ ਨੇ ਅੰਤਰਰਾਸ਼ਟਰੀ ਪ੍ਰਮਾਣੂ ਊਰਜਾ ਏਜੰਸੀ ਦੇ ਬੋਰਡ ਆਫ਼ ਗਵਰਨਰਜ਼ ਦੀ ਤੁਰੰਤ ਬੈਠਕ ਬੁਲਾਉਣ ਦੀ ਮੰਗ ਕੀਤੀ ਹੈ। ਸਿਬੀਹਾ ਨੇ ਭਾਰਤ ਅਤੇ ਚੀਨ ਵਰਗੇ ਵੱਡੇ ਦੇਸ਼ਾਂ ਤੋਂ ਵੀ ਅਪੀਲ ਕੀਤੀ ਹੈ ਕਿ ਉਹ ਰੂਸ ਉੱਤੇ ਦਬਾਅ ਪਾਉਣ ਤਾਂ ਜੋ ਅਜਿਹੇ ਹਮਲੇ ਰੁਕ ਜਾਣ। ਇਹ ਅਪੀਲ ਜ਼ਾਪੋਰੀਜ਼ੀਆ ਪਲਾਂਟ ਨੇੜੇ ਹੋਈ ਪਿਛਲੀ ਗੋਲਾਬਾਰੀ ਦੀ ਯਾਦ ਤਾਜ਼ਾ ਕਰਦੀ ਹੈ, ਜਿਸ ਨਾਲ ਯੂਰਪ ਵਿੱਚ ਰੇਡੀਏਸ਼ਨ ਖਤਰੇ ਦੀ ਸਥਿਤੀ ਪੈਦਾ ਹੋ ਗਈ ਸੀ।

ਕੋਲੰਬੀਆ ਵਰਜੀਨੀਆ ਯੂਨੀਵਰਸਿਟੀ ਦੇ ਐਟਮੀ ਐਕਸਪਰਟ ਡਾ. ਐਲੀਨੋਰ ਰੀਡ ਨੇ ਕਿਹਾ, "ਇਹ ਹਮਲੇ ਸਿਰਫ਼ ਯੂਕਰੇਨ ਨੂੰ ਨਹੀਂ, ਪੂਰੇ ਯੂਰਪ ਨੂੰ ਖਤਰੇ ਵਿੱਚ ਪਾ ਰਹੇ ਹਨ। ਜੇਕਰ ਪਲਾਂਟਾਂ ਨੂੰ ਬਿਜਲੀ ਨਾ ਮਿਲੀ ਤਾਂ ਕੂਲਿੰਗ ਸਿਸਟਮ ਫੇਲ ਹੋ ਸਕਦੇ ਹਨ, ਜੋ ਚੇਰਨੋਬਿਲ ਵਰਗੀ ਤਬਾਹੀ ਨੂੰ ਦਰਸਾਉਂਦੇ ਹਨ।" 1986 ਵਿੱਚ ਚੇਰਨੋਬਿਲ ਹੋਈ ਐਟਮੀ ਦੁਰਘਟਨਾ ਨੇ ਯੂਰਪ ਦੇ ਵੱਡੇ ਹਿੱਸੇ ਨੂੰ ਪ੍ਰਭਾਵਿਤ ਕੀਤਾ ਸੀ ਅਤੇ ਲੱਖਾਂ ਲੋਕਾਂ ਨੂੰ ਕੈਂਸਰ ਅਤੇ ਹੋਰ ਬਿਮਾਰੀਆਂ ਨਾਲ ਪੀੜਿਤ ਹੋ ਗਏ ਸਨ। ਹੁਣ ਜ਼ਾਪੋਰੀਜ਼ੀਆ ਪਲਾਂਟ, ਜੋ ਯੂਰਪ ਦਾ ਸਭ ਤੋਂ ਵੱਡਾ ਐਟਮੀ ਪਲਾਂਟ ਹੈ, ਰੂਸੀ ਨਿਯੰਤਰਣ ਹੇਠ ਹੈ ਅਤੇ ਇਸ ਨੇੜੇ ਹੋਣ ਵਾਲੀਆਂ ਲੜਾਈਆਂ ਨਾਲ ਪਹਿਲਾਂ ਹੀ ਰੇਡੀਏਸ਼ਨ ਲੀਕ ਦਾ ਡਰ ਪੈਦਾ ਹੋ ਚੁੱਕਾ ਹੈ। ਆਈਏਈਏ ਨੇ ਪਹਿਲਾਂ ਵੀ ਚੇਤਾਵਨੀ ਜਾਰੀ ਕੀਤੀ ਸੀ ਕਿ ਯੁੱਧ ਨਾਲ ਐਟਮੀ ਸੁਰੱਖਿਆ ਨੂੰ ਖਤਰਾ ਹੈ, ਪਰ ਇਸ ਵਾਰ ਰੂਸ ਨੇ ਸਿੱਧੇ ਤੌਰ ਤੇ ਪਲਾਂਟਾਂ ਦੀ ਬਿਜਲੀ ਨੂੰ ਨਿਸ਼ਾਨਾ ਬਣਾਇਆ ਹੈ, ਜੋ ਇੱਕ ਲਾਲ ਰੇਖਾ ਨੂੰ ਪਾਰ ਕਰਨ ਵਾਲੀ ਕਾਰਵਾਈ ਹੈ।

ਯੂਰਪੀਅਨ ਯੂਨੀਅਨ ਅਤੇ ਨਾਟੋ ਨੇ ਇਸ ਹਮਲੇ ਨੂੰ 'ਅਸਵੀਕਾਰਯੋਗ' ਕਿਹਾ ਹੈ। ਜਰਮਨ ਲੈਫਟੀਨੈਂਟ ਜਨਰਲ ਅਲੈਕਸਾਂਡਰ ਸੋਲਫ੍ਰੈਂਕ ਨੇ ਚੇਤਾਵਨੀ ਦਿੱਤੀ ਹੈ ਕਿ ਰੂਸ ਕਿਸੇ ਵੀ ਸਮੇਂ ਨਾਟੋ ਖੇਤਰ ਉੱਤੇ ਸੀਮਿਤ ਹਮਲਾ ਕਰ ਸਕਦਾ ਹੈ, ਕਿਉਂਕਿ ਉਸ ਦੀ ਹਵਾਈ ਫੌਜ ਅਤੇ ਮਿਸਾਈਲ ਯੂਨਿਟਾਂ ਅਜੇ ਵੀ ਅਖੰਡ ਹਨ। ਯੂਰਪ ਵਿੱਚ ਐਟਮੀ ਐਲਰਟ ਲੈਵਲ ਵਧਾ ਦਿੱਤਾ ਗਿਆ ਹੈ ਅਤੇ ਪੋਲੈਂਡ, ਸਲੋਵਾਕੀਆ ਅਤੇ ਹੰਗਰੀ ਵਰਗੇ ਦੇਸ਼ਾਂ ਨੇ ਆਪਣੀਆਂ ਐਟਮੀ ਸੁਰੱਖਿਆ ਵਧਾ ਦਿੱਤੀ ਹੈ। ਫਰਾਂਸ ਅਤੇ ਜਰਮਨੀ ਵਰਗੇ ਦੇਸ਼ਾਂ ਵਿੱਚ ਰੂਸ ਵਿਰੁੱਧ ਪ੍ਰਦਰਸ਼ਨ ਹੋ ਰਹੇ ਹਨ। ਵਿਗਿਆਨੀਆਂ ਅਨੁਸਾਰ ਜੇਕਰ ਰਿਵਨੇ ਪਲਾਂਟ ਵਿੱਚ ਕੋਈ ਲੀਕ ਹੋ ਜਾਵੇ ਤਾਂ ਇਹ ਰੇਡੀਏਸ਼ਨ ਪੋਲੈਂਡ ਅਤੇ ਬੈਲਾਰੂਸ ਤੱਕ ਪਹੁੰਚ ਸਕਦਾ ਹੈ, ਜੋ ਯੂਰਪੀਅਨ ਖੇਤੀਬਾੜੀ ਅਤੇ ਪਾਣੀ ਨੂੰ ਬਰਬਾਦ ਕਰ ਦੇਵੇਗਾ।

ਰੂਸ ਨੇ ਇਨ੍ਹਾਂ ਹਮਲਿਆਂ ਨੂੰ ਯੂਕਰੇਨ ਵੱਲੋਂ ਰੂਸ ਦੇ ਅੰਦਰ ਕੀਤੇ ਡਰੋਨ ਹਮਲਿਆਂ ਦਾ 'ਜਵਾਬ' ਦੱਸਿਆ ਹੈ। ਰੂਸੀ ਰੱਖਿਆ ਮੰਤਰਾਲੇ ਨੇ ਦਾਅਵਾ ਕੀਤਾ ਹੈ ਕਿ ਉਹਨਾਂ ਨੇ ਹਥਿਆਰ ਉਤਪਾਦਨ ਇਕਾਈਆਂ, ਗੈਸ ਅਤੇ ਊਰਜਾ ਸਥਾਨਾਂ ਉੱਤੇ ਉੱਚ-ਸਹੀ ਹਥਿਆਰਾਂ ਨਾਲ ਹਮਲਾ ਕੀਤਾ ਹੈ। ਪਰ ਯੂਕਰੇਨ ਨੇ ਇਸ ਨੂੰ ਝੂਠਾ ਪ੍ਰਚਾਰ ਕਿਹਾ ਹੈ ਅਤੇ ਕਿਹਾ ਕਿ ਰੂਸ ਆਬਾਦੀ ਨੂੰ ਨਿਸ਼ਾਨਾ ਬਣਾ ਰਿਹਾ ਹੈ। ਇਸ ਵਿਚਕਾਰ, ਯੂਕਰੇਨ ਨੇ ਵੀ ਰੂਸ ਦੇ ਵੋਰੋਨੇਜ਼ ਵਿੱਚ ਇੱਕ ਥਰਮਲ ਪਾਵਰ ਪਲਾਂਟ ਉੱਤੇ ਹਮਲਾ ਕੀਤਾ, ਜਿਸ ਨਾਲ ਰੂਸ ਦੇ ਦੋ ਵੱਡੇ ਸ਼ਹਿਰਾਂ ਵਿੱਚ ਬਿਜਲੀ ਸਪਲਾਈ ਰੁਕ ਗਈ। ਇਹ ਖਤਰਨਾਕ ਹਮਲੇ ਯੁੱਧ ਨੂੰ ਹੋਰ ਗੰਭੀਰ ਬਣਾ ਰਹੇ ਹਨ।


ਅੰਤਰਰਾਸ਼ਟਰੀ ਵਿਸ਼ਲੇਸ਼ਕਾਂ ਅਨੁਸਾਰ, ਰੂਸ ਯੂਕਰੇਨ ਨੂੰ ਆਰਥਿਕ ਤਬਾਹੀ ਵਲ ਧੱਕਣਾ ਚਾਹੁੰਦਾ ਹੈ ਤਾਂ ਜੋ ਉਹ ਆਤਮ ਸਮਰਪਣ ਕਰ ਦੇਵੇ। ਪਰ ਇਹ ਰਣਨੀਤੀ ਉਲਟੀ ਪੈ ਰਹੀ ਹੈ, ਕਿਉਂਕਿ ਯੂਕਰੇਨ ਨੂੰ ਅਮਰੀਕਾ ਅਤੇ ਯੂਰਪ ਤੋਂ ਹਥਿਆਰਾਂ ਦੀ ਸਹਾਇਤਾ ਮਿਲ ਰਹੀ ਹੈ।

ਨਾਟੋ ਨੇ ਕਿਹਾ ਹੈ ਕਿ ਉਹ ਯੂਕਰੇਨ ਨੂੰ ਸਹਾਇਤਾ ਕਰੇਗਾ, ਪਰ ਸਿੱਧੇ ਤੌਰ ਤੇ ਯੁੱਧ ਵਿੱਚ ਨਹੀਂ ਉਤਰੇਗਾ। ਪਰ ਜੇਕਰ ਐਟਮੀ ਤਬਾਹੀ ਹੋ ਜਾਵੇ ਤਾਂ ਯੂਰਪੀਅਨ ਦੇਸ਼ ਰੂਸ ਵਿਰੁੱਧ ਐਕਸ਼ਨ ਲੈਣ ਲਈ ਮਜਬੂਰ ਹੋ ਜਾਣਗੇ। ਚੀਨ ਨੇ ਰੂਸ ਨੂੰ ਸਮਰਥਨ ਦਿੱਤਾ ਹੈ, ਜਦਕਿ ਭਾਰਤ ਨਿਰਪੱਖ ਹੈ।

ਅੰਤ ਵਿੱਚ, ਇਹ ਹਮਲਾ ਨਾ ਸਿਰਫ਼ ਯੂਕਰੇਨ ਦੇ ਲੋਕਾਂ ਲਈ ਤਬਾਹੀ ਹੈ, ਸਗੋਂ ਪੂਰੇ ਵਿਸ਼ਵ ਲਈ ਚੇਤਾਵਨੀ। ਯੂਰਪ ਦਾ ਡਰ ਜਾਇਜ਼ ਹੈ, ਕਿਉਂਕਿ ਐਟਮੀ ਯੁੱਧ ਦਾ ਖਤਰਾ ਅਸਲੀ ਹੈ। ਇਹ ਯੁਧ ਸਦਾ ਲਈ ਰੁਕਣਾ ਚਾਹੀਦਾ ਹੈ।

# ਸਿੱਖ ਲਹਿਰ ਦਾ ਵਿਰੋਧ ਹਿੰਦੂਤਵੀਆਂ ਅਤੇ ਮੁਗਲੀਆ ਸਰਕਾਰ ਨੇ ਬਰਾਬਰ ਦਾ ਕੀਤਾ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



**ਸਿੱਖ ਲਹਿਰ ਦੇ ਸੰਚਾਲਕਾਂ ਪੰਜਵੇਂ ਤੇ ਨੌਵੇਂ ਸਿੱਖ ਗੁਰੂਆਂ ਨੂੰ ਹੀ ਕਿਉਂ ਸ਼ਹਾਦਤਾਂ ਦੇਣੀਆਂ ਪਈਆਂ । ਆਉ ਹੁਣ ਸਿੱਖ ਲਹਿਰ ਬਾਰੇ ਵਿਚਾਰ ਚਰਚਾ ਕਰੀਏ । 1469 ਤੋਂ ਲੈ ਕੇ 1708 ਤੱਕ ਦਾ ਗੁਰ ਇਤਿਹਾਸ ਆਪਣੇ ਆਪ ਵਿੱਚ ਹੀ ਇਕ ਇਨਕਲਾਬੀ ਦੌਰ ਸੀ । "ਗੁਰੂ ਸਾਹਿਬਾਨ ਦੀਆਂ ਗੁਰਮਤਿ ਅਨੁਸਾਰੀ ਸਿੱਖਿਆਵਾਂ ਨੇ ਮਨੁੱਖ ਦੀ ਸੋਚ ਨੂੰ ਬਦਲ ਸੁੱਟਿਆ ਸੀ । ਇਸ ਨਾਲ ਮਾਨਵਵਾਦੀ ਅਧਿਕਾਰਾਂ ਬਾਰੇ ਨਵੀਂ ਚੇਤਨਤਾ ਪੈਦਾ ਹੋਈ ਅਤੇ ਇਸ ਚੇਤਨਤਾ ਵਿੱਚੋਂ ਨਵਾਂ ਵਿਅਕਤੀ (ਸਿੱਖ) ਨਵਾਂ ਸਮਾਜ (ਸਿੱਖ ਪੰਥ) ਨਵਾਂ ਫਲਸਫਾ ਅਤੇ ਨਵੇਂ ਸਿਧਾਂਤ ਪੈਦਾ ਹੋਏ, ਇਸ ਨੂੰ ਭਾਵੇਂ ਸਿੱਖ ਲਹਿਰ ਦਾ ਨਾਂਅ ਦੇ ਦਿੱਤਾ ਜਾਵੇ ਤੇ ਭਾਵੇਂ 'ਸਿੱਖ ਇਨਕਲਾਬ' ਦਾ ਦੋਵੇਂ ਹੀ ਠੀਕ ਹਨ । ਸਿੱਖ ਲਹਿਰ ਤੇ ਸਿੱਖ ਧਰਮ ਇਕ ਦੂਜੇ ਦੇ ਪੂਰਕ ਹਨ ।**

ਪੰਜਾਬ ਟਾਈਮਜ਼ ਦੇ ਅੰਕ 2877 ਦੇ ਸਫ਼ਾ 35 ਉੱਤੇ ਡਾ: ਸੁਜਿੰਦਰ ਸਿੰਘ ਸੰਘਾ ਜੀ ਦਾ ਲੇਖ, "ਨੌਵੇਂ ਗੁਰੂ ਸਾਹਿਬਾਨ ਦੇ ਜੀਵਨ ਅਤੇ ਕਾਰਨਾਮਿਆਂ ਤੋਂ ਮਿਲਦੇ ਅਜੋਕੇ ਸਮਿਆਂ ਲਈ ਸੰਦੇਸ਼ ਅਤੇ ਅਗਵਾਈ" ਦੇ ਸਿਰਲੇਖ ਹੇਠ ਛਪਿਆ ਸੀ। ਡਾ: ਸੁਜਿੰਦਰ ਸਿੰਘ ਸੰਘਾ ਜੀ ਪਹਿਲੇ ਪੈਰ੍ਹੇ ਵਿੱਚ ਹੀ ਲਿਖਦੇ ਨੇ, "ਸ੍ਰੀ ਗੁਰੂ ਤੇਗ ਬਹਾਦਰ ਦਾ ਗੁਰੂ-ਕਾਲ, ਮੁਗਲ ਬਾਦਸ਼ਾਹ ਔਰੰਗਜ਼ੇਬ ਵੇਲੇ ਦਾ ਹੀ ਹੈ। 1469-1708 ਈਸਵੀ 239 ਵਰ੍ਹਿਆਂ ਦਾ ਗੁਰੂ ਕਾਲ, ਬਹੁਤਾ ਮੁਗਲਾਂ ਵੇਲੇ ਦਾ ਹੈ। ਮੁਗਲ ਹਿੰਦੋਸਤਾਨ ਵਿੱਚ ਜਬਰੀ ਇਸਲਾਮੀਅਤ ਦਾ ਬੋਲ ਬਾਲਾ ਥੋਪਣਾ ਚਾਹੁੰਦੇ ਸਨ। ਸਿੱਖੀ ਸਿਧਾਂਤਾਂ ਅਤੇ ਗੁਰੂ ਸਾਹਿਬਾਨਾਂ ਲਈ ਇਹ ਇਕ ਵੱਡਾ ਚੈਲਿੰਜ ਬਣ ਗਿਆ ਸੀ। ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਤੱਕ ਸਿੱਖ ਲਹਿਰ ਸਰਬ-ਧਰਮ, ਅਜ਼ਾਦੀ ਅਤੇ ਬਰਾਬਰਤਾ ਵਾਲੇ ਮਨੁੱਖੀ ਅਧਿਕਾਰਾਂ ਲਈ ਪ੍ਰਚਾਰ ਅਤੇ ਸੰਘਰਸ਼ ਵਿੱਚ ਲੱਪਤ ਰਹੀ ਹੈ। ਹੋਰਨਾਂ ਬੇ-ਮਿਸਾਲ ਕੁਰਬਾਨੀਆਂ ਤੋਂ ਇਲਾਵਾ ਤਦੇ ਹੀ ਜਹਾਂਗੀਰ ਅਤੇ ਔਰੰਗਜ਼ੇਬ ਦੇ ਮੁਗਲੀਆ ਦਮਨ ਚੱਕਰਾਂ ਨੂੰ ਰੋਕਣ ਲਈ ਪੰਜਵੇਂ ਅਤੇ ਨੌਵੇਂ ਗੁਰੂਆਂ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹਾਦਤਾਂ ਦੇ ਜਾਮ ਪੀਣੇ ਪਏ ਸਨ।"

ਉਕਤ ਪੈਰ੍ਹੇ ਵਿੱਚ ਡਾ: ਸੁਜਿੰਦਰ ਸਿੰਘ ਸੰਘਾ ਜੀ ਨੇ ਨਿਰਸੰਦੇਹ ਸਿੱਖ ਲਹਿਰ ਦੇ ਗੁਰ-ਇਤਿਹਾਸ ਨੂੰ ਪੁੱਠਾ ਗੇੜਾ ਦਿੱਤਾ ਹੈ। ਹਥਲੇ ਲੇਖ ਵਿੱਚ ਗੁਰ-ਇਤਿਹਾਸ ਦੇ ਇਤਿਹਾਸਕ ਤਥਾਂ ਦੇ ਅਧਾਰ 'ਤੇ 'ਸੰਘਾ' ਜੀ ਦੇ ਲੇਖ ਦੀ ਪੜਚੋਲ ਕਰਾਂਗੇ, ਇਸ ਵਿੱਚ ਤਿੰਨ ਨੁਕਤੇ ਵਿਚਾਰਨ ਯੋਗ ਹਨ : (1) ਸਿੱਖ ਲਹਿਰ ਦੇ ਬਾਨੀ ਗੁਰੂ ਨਾਨਕ ਜੀ ਸਨ, ਜਿਨ੍ਹਾਂ ਨੇ ਸਿੱਖ ਲਹਿਰ ਚਲਾਉਣ ਲਈ ਹਿੰਦੂ ਮੁਸਲਮਾਨ ਤੋਂ ਅਲੱਗ 'ਤੀਸਰਾ ਪੰਥ' ਚਲਾਇਆ, ਭਾਵ "ਮਾਰਿਆ ਸਿਕਾ ਜਗਤ ਵਿੱਚ ਨਾਨਕ ਨਿਰਮਲ ਪੰਥ ਚਲਾਇਆ। ਥਾਪਿਆ ਲਹਿਣਾ ਜੀਵਦੇ ਗੁਰਆਈ ਸਿਰ ਛਤ੍ਰ ਫਿਰਾਇਆ"। ਸਿੱਖ ਲਹਿਰ ਬਾਰੇ ਜਰੂਰੀ ਨੁਕਤਾ ਸਮਝਣ ਵਾਲਾ ਇਹ ਵੀ ਹੈ ਕਿ ਗੈਰ-ਸਿੱਖਾਂ ਵਾਸਤੇ ਸਿੱਖ ਗੁਰੂਆਂ ਦੀ ਗਿਣਤੀ ਭਾਵੇਂ ਦਸ (10) ਹੈ, ਪਰ ਗੁਰਮਤਿ ਸਿਧਾਂਤ ਅਨੁਸਾਰ ਗੁਰੂ ਕੇਵਲ ਇਕ ਹੀ ਹੈ ਤੇ ਉਹ ਹੈ 'ਗੁਰੂ ਨਾਨਕ ਜੋਤਿ' ਜਿਸ ਇਲਾਹੀ ਜੋਤਿ ਦੀ ਇਕਸਾਰਤਾ ਤੇ ਏਕਤਾ ਗੁਰਬਾਣੀ ਸਪੱਸ਼ਟ ਕਰਦੀ ਹੈ, "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ" । (ਗੁ: ਗੰ: ਸਾ: ਪੰਨਾ 966)

ਦੂਸਰਾ ਨੁਕਤਾ ਹੈ ਕਿ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤੱਕ ਅਤੇ ਗੁਰੂ ਗੋਬਿੰਦ ਸਿੰਘ ਤੋਂ ਬੰਦਾ ਸਿੰਘ ਬਹਾਦਰ ਤੱਕ ਅਤੇ ਬੰਦਾ ਸਿੰਘ ਬਹਾਦਰ ਤੋਂ ਸਿੱਖ ਮਿਸਲਾਂ ਦੇ ਸਿੱਖ ਰਾਜ ਤੱਕ ਸਿੱਖ ਲਹਿਰ ਨੂੰ ਜਿੰਨੀ ਢਾਹ ਹਿੰਦੂਤਵੀਆਂ (ਕੱਟੜ ਹਿੰਦੂਆਂ) ਨੇ ਲਾਈ ਹੈ, ਉਨੀ ਹੋਰ ਕਿਸੇ ਨੇ ਨਹੀਂ ਲਾਈ, ਇਸ ਦੇ ਕਈ ਇਤਿਹਾਸਕ ਤੱਥ ਮੌਜੂਦ ਹਨ, ਇਨ੍ਹਾਂ ਵਿੱਚੋਂ ਕੁਝ ਹੇਠਾਂ ਲਿਖੇ ਵੀ ਜਾਣਗੇ ।

ਤੀਸਰਾ ਨੁਕਤਾ ਹੈ ਜਦੋਂ ਡਾ: ਸੁਜਿੰਦਰ ਸਿੰਘ ਸੰਘਾ ਜੀ ਲਿਖਦੇ ਹਨ ਕਿ ਮੁਗਲ ਹਿੰਦੋਸਤਾਨ ਵਿੱਚ ਜਬਰੀ ਇਸਲਾਮੀਅਤ ਦਾ ਬੋਲ ਬਾਲਾ ਥੋਪਣਾ ਚਾਹੁੰਦੇ ਸਨ ਤਾਂ ਹੁਣ ਇਥੇ ਸੁਆਲ ਪੈਦਾ ਹੁੰਦਾ ਹੈ ਕਿ ਜਦੋਂ ਮੁਗਲ ਹਿੰਦੋਸਤਾਨ ਵਿੱਚ ਜਬਰੀ ਇਸਲਾਮੀਅਤ ਦਾ ਬੋਲ ਬਾਲਾ ਥੋਪਣਾ ਚਾਹੁੰਦੇ ਸੀ ਤਾਂ ਉਦੋਂ ਜਬਰੀ ਇਸਲਾਮੀਅਤ ਦਾ ਬੋਲ ਬਾਲਾ ਰੋਕਣ ਲਈ ਸੂਰਜ ਵੰਸ਼ੀਏ ਤੇ ਚੰਦਰ ਵੰਸ਼ੀਆਂ ਦੇ ਹਿੰਦੂ ਰੂਹਾਨੀ ਆਗੂਆਂ ਨੇ ਕੁਰਬਾਨੀਆਂ ਕਿਉਂ ਨਾਂਹ ਦਿੱਤੀਆਂ ?

ਸਿੱਖ ਲਹਿਰ ਦੇ ਸੰਚਾਲਕਾਂ ਪੰਜਵੇਂ ਤੇ ਨੌਵੇਂ ਸਿੱਖ ਗੁਰੂਆਂ ਨੂੰ ਹੀ ਕਿਉਂ ਸ਼ਹਾਦਤਾਂ ਦੇਣੀਆਂ ਪਈਆਂ । ਆਉ ਹੁਣ ਸਿੱਖ ਲਹਿਰ ਬਾਰੇ ਵਿਚਾਰ ਚਰਚਾ ਕਰੀਏ । 1469 ਤੋਂ ਲੈ ਕੇ 1708 ਤੱਕ ਦਾ ਗੁਰ ਇਤਿਹਾਸ ਆਪਣੇ ਆਪ ਵਿੱਚ ਹੀ ਇਕ ਇਨਕਲਾਬੀ ਦੌਰ ਸੀ । "ਗੁਰੂ ਸਾਹਿਬਾਨ ਦੀਆਂ ਗੁਰਮਤਿ ਅਨੁਸਾਰੀ ਸਿੱਖਿਆਵਾਂ ਨੇ ਮਨੁੱਖ ਦੀ ਸੋਚ ਨੂੰ ਬਦਲ ਸੁੱਟਿਆ ਸੀ । ਇਸ ਨਾਲ ਮਾਨਵਵਾਦੀ ਅਧਿਕਾਰਾਂ ਬਾਰੇ ਨਵੀਂ ਚੇਤਨਤਾ ਪੈਦਾ ਹੋਈ ਅਤੇ ਇਸ ਚੇਤਨਤਾ ਵਿੱਚੋਂ ਨਵਾਂ ਵਿਅਕਤੀ (ਸਿੱਖ) ਨਵਾਂ ਸਮਾਜ (ਸਿੱਖ ਪੰਥ) ਨਵਾਂ ਫਲਸਫਾ ਅਤੇ ਨਵੇਂ ਸਿਧਾਂਤ ਪੈਦਾ ਹੋਏ, ਇਸ ਨੂੰ ਭਾਵੇਂ ਸਿੱਖ ਲਹਿਰ ਦਾ ਨਾਂਅ ਦੇ ਦਿੱਤਾ ਜਾਵੇ ਤੇ ਭਾਵੇਂ 'ਸਿੱਖ ਇਨਕਲਾਬ' ਦਾ ਦੋਵੇਂ ਹੀ ਠੀਕ ਹਨ । ਸਿੱਖ ਲਹਿਰ ਤੇ ਸਿੱਖ ਧਰਮ ਇਕ ਦੂਜੇ ਦੇ ਪੂਰਕ ਹਨ । ਸਿੱਖ ਲਹਿਰ ਦਾ ਆਦਰਸ਼ 'ਇਨਕਲਾਬੀ ਆਦਰਸ਼' ਸੀ। ਸਿੱਖ ਲਹਿਰ ਨਿਰੋਲ ਇਕ ਅਧਿਆਤਮਕ ਲਹਿਰ ਨਹੀਂ ਸੀ, ਸਗੋਂ ਇਹ ਆਦਿ ਅਰੰਭ ਤੋਂ ਹੀ ਭਗਤੀ ਸ਼ਕਤੀ ਨੂੰ ਇਕ ਦੂਜੇ ਦੀ ਪੂਰਕ ਮੰਨਦੀ ਸੀ ।

"ਸਿੱਖ ਲਹਿਰ ਦੇ ਵੱਧ ਰਹੇ ਪ੍ਰਭਾਵ ਨੇ ਮੁਸਲਿਮ ਅਤੇ ਹਿੰਦੂ ਦੋਹਾਂ ਹੀ ਵਰਗਾਂ ਦੇ ਕੱਟੜਪੰਥੀਆਂ ਨੂੰ ਭੈ ਭੀਤ ਕਰ ਦਿੱਤਾ ਸੀ" ਗੁਰੂ ਨਾਨਕ ਸਾਹਿਬ ਨੇ ਇਕ ਨਵੇਂ ਧਰਮ ਦਾ ਮੁੱਢ ਬੰਨਿਆ ਜਿਸ ਨੂੰ ਭਾਈ ਗੁਰਦਾਸ ਨੇ ਤੀਸਰਾ ਪੰਥ ਦਾ ਨਾਂਅ ਦਿੱਤਾ । ਇਹ 'ਤੀਸਰਾ ਪੰਥ' ਕਿਸੇ ਪਹਿਲੇ ਦੀ ਨਕਲ ਜਾਂ ਕਿਸੇ ਪੁਰਾਣੇ ਦਾ ਸੋਧਿਆ ਹੋਇਆ ਰੂਪ ਨਹੀਂ ਸੀ । ਨਾ ਹੀ ਪਹਿਲੇ ਧਰਮਾਂ ਦਾ ਮਿਸ਼ਰਣ ਜਾਂ ਉਨ੍ਹਾਂ ਦੇ ਚੰਗੇ ਤੱਤਾਂ ਦਾ ਅਰਕ ਸੀ । ਸਿੱਖ ਧਰਮ ਭਾਵ ਤੀਸਰਾ ਪੰਥ ਆਪਣੇ ਆਪ ਵਿੱਚ ਮੁਕੰਮਲ ਸੀ, ਇਕ ਦਮ ਅਸਲੀ, ਮੌਲਿਕ ਤੇ ਸੁਤੰਤਰ ।

ਗੁਰੂ ਨਾਨਕ ਸਾਹਿਬ ਨੇ ਆਪਣੇ ਇਨਕਲਾਬੀ ਮਿਸ਼ਨ ਦਾ ਪ੍ਰਚਾਰ 1497 ਈ: ਦੇ ਕਰੀਬ ਸ਼ੁਰੂ ਕੀਤਾ, 27 ਮਈ, 1710 ਨੂੰ ਗੁਰੂ ਗੋਬਿੰਦ ਸਿੰਘ ਵੱਲੋਂ ਥਾਪੇ ਗਏ ਸਿੱਖ ਜਰਨੈਲ ਬੰਦਾ ਸਿੰਘ ਬਹਾਦਰ ਨੇ, 'ਦਰਬ-ਾਰੇ-ਖਾਲਸਾ ਦੀ ਪਹਿਲੀ ਸੰਸਦ ਦੀ ਸਥਾਪਨਾ ਰਾਹੀਂ ਵਿਸ਼ਵ ਭਰ ਵਿੱਚ ਪਹਿਲੇ ਲੋਕਤੰਤਰੀ ਗਣਰਾਜ ਦੀ ਨੀਂਹ ਰੱਖੀ, ਗੁਰੂ ਨਾਨਕ, ਗੁਰੂ ਗੋਬਿੰਦ ਦੇ ਨਾਂਅ ਦੀ ਮੋਹਰ ਅਤੇ ਸਿੱਕਾ ਜਾਰੀ ਕੀਤਾ, 1764 ਵਿੱਚ ਮਿਸਲਾਂ ਕਾਇਮ ਹੋਈਆਂ । ਏਸ ਪੌਣੇ ਤਿੰਨ ਸੌ ਸਾਲ ਕਰੀਬ ਦੇ ਸਮੇਂ ਵਿੱਚ ਸਿੱਖ ਲਹਿਰ ਲਗਾਤਾਰ ਤਿੰਨ ਨਿਸ਼ਾਨੇ ਪੂਰੇ ਕਰਨ ਵਿੱਚ ਜੁਟੀ ਰਹੀ । ਪਹਿਲਾ ਨਿਸ਼ਾਨਾ ਸੀ ਮਨੁੱਖ ਜਾਤੀ ਦੀ ਮੁਕੰਮਲ ਅਜ਼ਾਦੀ ਤੇ ਬਰਾਬਰੀ ਦੇ ਆਦਰਸ਼ ਦਾ ਪ੍ਰਚਾਰ ।

ਦੂਸਰਾ ਨਿਸ਼ਾਨਾ ਸੀ ਇਸ ਆਦਰਸ਼ ਦੀਆਂ ਨੀਹਾਂ ਉੱਤੇ ਇਕ ਨਵਾਂ ਸਮਾਜ (ਤੀਸਰਾ ਪੰਥ) ਉਸਾਰਨਾ । ਤੀਸਰਾ ਨਿਸ਼ਾਨਾ ਸੀ ਇਸ ਤੀਸਰੇ ਪੰਥ ਨੂੰ ਰਾਜਸੀ ਇਨਕਲਾਬ ਲਿਆਉਣ ਦਾ ਵਸੀਲਾ ਬਣਾਉਣਾ । ਜਿਸ ਦ੍ਰਿੜਤਾ ਤੇ ਵਿਸ਼ਵਾਸ਼ ਨਾਲ ਬੜੇ ਲੰਮੇ ਅਰਸੇ ਤੱਕ ਤੀਸਰੇ ਪੰਥ ਨੇ ਇਸ ਉੱਤਮ, ਪਰ ਕਠਿਨ ਮਿਸ਼ਨ ਨੂੰ ਪੂਰਾ ਕਰਨ ਲਈ ਸਿੱਖ ਸੰਘਰਸ਼ ਕੀਤਾ, ਉਸ ਦੇ ਨਤੀਜੇ ਵਜੋਂ ਸਿੱਖ ਲਹਿਰ ਸਿੱਖ ਇਨਕਲ-ਾਬ ਹੋ ਨਿਬੜੀ । ਭਾਵ, ਇਤਿਹਾਸ ਨੇ ਸਿੱਖ ਆਦਰਸ਼ ਨਹੀਂ ਸਿਰਜੇ, ਸਿੱਖ ਆਦਰਸ਼ ਨੇ ਇਤਿਹਾਸ ਸਿਰਜਿਆ ਹੈ । ਸਿੱਖ ਲਹਿਰ ਦੇ ਇਤਿਹਾਸ ਦਾ ਪਤਰਾ ਪਤਰਾ ਗਵਾਹ ਹੈ ਕਿ ਕਿਵੇਂ ਨਿਰੰਤਰ ਯਤਨਾਂ ਨਾਲ ਗੁਰੂ ਸਾਿ-ਹਬਾਨ ਨੇ ਸਿੱਖਾਂ ਨੂੰ ਹਿੰਦੂ ਸਮਾਜ ਨਾਲੋਂ ਨਿਖੇੜ ਕੇ ਤੀਸਰਾ ਸਿੱਖ ਪੰਥ ਉਸਾਰਿਆ । ਜਿਨ੍ਹਾਂ ਕਾਰਨਾਂ ਕਰਕੇ ਸਿੱਖ ਪੰਥ ਨੂੰ ਹਿੰਦੂ ਸਮਾਜ ਨਾਲੋਂ ਨਿਖੇੜਨਾ ਜਰੂਰੀ ਹੋ ਗਿਆ ਸੀ, ਉਨ੍ਹਾਂ ਹੀ ਕਾਰਨਾਂ ਕਰਕੇ ਸਿੱਖ ਪੰਥ ਦਾ ਸਮਕਾਲੀ ਮੁਗਲ ਹਕੂਮਤ ਨਾਲ ਟਕਰਾਉ ਅਟਲ ਹੋ ਗਿਆ ਸੀ । ਹਰ ਸਮਾਜੀ ਸੰਗਠਨ ਦਾ ਢਾਂਚਾ ਕੁਝ ਨਿਸ਼ਚਿਤ ਸਿਧਾਂਤਾਂ ਤੇ ਕਦਰਾਂ ਕੀਮਤਾਂ ਦੀਆਂ ਬੁਨਿਆਦਾਂ 'ਤੇ ਖੜ੍ਹਾ ਹੁੰਦਾ ਹੈ । ਆਪਣੀ ਹਿਫਾਜ਼ਤ ਲਈ ਇਨ੍ਹਾਂ ਸਿਧਾਂਤਾਂ ਤੇ ਕਦਰਾਂ ਕੀਮਤਾਂ ਦੀ ਰੱਖਿਆ ਕਰਨੀ ਇਸ (ਢਾਂਚੇ) ਦੀ ਜਰੂਰੀ ਲੋੜ ਬਣ ਜਾਂਦੀ ਹੈ । ਜਿਸ ਤਰ੍ਹਾਂ ਜਾਤ-ਪਾਤੀ ਵਿਚਾਰਧਾਰਾ ਅਤੇ ਇਸ ਨਾਲ ਮੇਲਵੀਆਂ ਸਮਾਜੀ ਕਦਰਾਂ ਕੀਮਤਾਂ ਹਿੰਦੂ ਸਮਾਜੀ ਢਾਂਚੇ ਦੀ ਬੁਨਿਆਦ ਸਨ ਅਤੇ ਇਹ ਢਾਂਚਾ ਇਨ੍ਹਾਂ ਦੀ ਹਰ ਢੰਗ ਨਾਲ ਰੱਖਿਆ ਕਰਦਾ ਸੀ ।



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਉਸੇ ਤਰ੍ਹਾਂ ਹੀ ਮੁਗਲ ਹਕੂਮਤ (ਸਟੇਟ) ਦੀ ਸੰਸਥਾ ਵੀ ਇਕ ਖਾਸ ਵਿਚਾਰਧਾਰਾ (ਸ਼ਰੀਅਤ) ਅਤੇ ਆਰਥਿਕ-ਸਮਾਜੀ ਪ੍ਰਬੰਧ (ਜਗੀਰੂ ਪ੍ਰਣਾਲੀ) ਦੀਆਂ ਨੀਹਾਂ ਉੱਤੇ ਉਸਰੀ ਤੇ ਟਿਕੀ ਹੋਈ ਸੀ । ਇਥੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਿੱਖ ਧਰਮ ਦਾ ਹਰ ਬੁਨਿਆਦੀ ਸਿਧਾਂਤ ਉਪਰੋਕਤ ਦੋਨੋਂ ਸੰਸਥਾਵਾਂ, ਮੁਗਲ ਸਟੇਟ ਤੇ ਹਿੰਦੂ ਜਾਤ-ਪਾਤੀ ਪ੍ਰਬੰਧ ਦੀਆਂ ਬੁਨਿਆਦਾਂ ਉੱਤੇ ਚੋਟ ਕਰਦਾ ਸੀ । ਇਸ ਕਰਕੇ ਜਾਤ-ਪਾਤੀ ਪ੍ਰਬੰਧ ਤੇ ਜਗੀਰੂ ਪਾਲਕ ਸ਼ਕਤੀਆਂ ਵੱਲੋਂ ਸਿੱਖ ਧਰਮ ਦਾ ਤਿੱਖਾ ਤੇ ਹਿੰਸਕ ਵਿਰੋਧ ਹੋਣਾ ਅਟੱਲ ਸੀ । ਗੁਰੂ ਸਾਹਿਬਾਨ ਇਸ ਬਾਰੇ ਜਾਣੀ ਜਾਣ ਸਨ, ਉਨ੍ਹਾਂ ਨੂੰ ਮਾਮੂਲੀ ਜਿਹਾ ਵੀ ਕੋਈ ਭੁਲੇਖਾ ਨਹੀਂ ਸੀ । ਪੰਜਵੇਂ ਅਤੇ ਨੌਵੇਂ ਗੁਰੂ ਦੀ ਸ਼ਹਾਦਤ ਦੇ ਪਿੱਛੇ ਡੂੰਘੀ ਇਲਾਹੀ ਰਮਜ ਸੀ । ਪੰਜਵੇਂ ਅਤੇ ਨੌਵੇਂ ਗੁਰੂ ਨੂੰ ਆਪਣੀ ਆਪਣੀ ਸ਼ਹਾਦਤ ਦੇ ਅਰਥਾਂ ਦੀ ਗਹਿਰਾਈ ਦਾ ਪਤਾ ਸੀ ਅਤੇ ਇਸ ਦੇ ਸੰਭਾਵਿਤ ਨਤੀਜਿਆਂ ਅਤੇ ਪ੍ਰਤਿਕਰਮਾਂ ਦਾ ਪੂਰਾ ਗਿਆਨ ਸੀ । ਉਨ੍ਹਾਂ ਨੂੰ ਪਤਾ ਸੀ ਕਿ ਉਹ ਇਕ ਮਹਾਨ ਤੇ ਅਨੂਠੀ ਇਨਕਲਾਬੀ ਕਾਇਆ-ਪਲਟੀ ਕਰਨਗੇ, ਜਿਸ ਵਿੱਚ ਸਮਾਜੀ ਪ੍ਰਬੰਧਾਂ, ਇਨਸਾਨਾਂ ਤੇ ਇਨਸਾਨੀ ਰਿਸ਼ਤਿਆਂ ਨੇ ਇਸ ਧਰਤੀ ਉੱਤੇ ਪਹਿਲੀ ਵਾਰ ਕਾਦਰ ਅਤੇ ਉਸ ਦੀ ਕੁਦਰਤ ਦੇ ਨਿਯਮਾਂ ਤੇ ਰੰਗ ਵਿੱਚ ਪੂਰੀ ਤਰ੍ਹਾਂ ਰੰਗ ਦੇਣਗੇ, ਆਸ ਕਰਦਾ ਹਾਂ ਕਿ ਪਾਠਕ ਜਨ, ਪੰਜਵੇਂ ਤੇ ਨੌਵੇਂ ਗੁਰੂ ਦੀ ਸ਼ਹਾਦਤ ਦਾ ਰਹੱਸ ਸਮਝ ਜਾਣਗੇ । ਅਤੇ ਇਹ ਜਾਣ ਜਾਣਗੇ ਕਿ ਗੁਰੂ ਤੇਗ ਬਹਾਦਰ ਨੇ ਸ਼ਹਾਦਤ ਕੇਵਲ ਹਿੰਦੂ ਧਰਮ ਬਚਾਉਣ ਲਈ ਨਹੀਂ ਸੀ ਦਿੱਤੀ ਸਗੋਂ ਉਕਤ ਕਾਰਨਾਂ ਕਰਕੇ ਦਿੱਤੀ ਸੀ ।

ਬਾਕੀ ਹਿਸਾ ਸਫਾ 26 ਤੇ ਪੜੋ

## 25 ਸਫ਼ੇ ਦੀ ਬਾਕੀ

ਸਿੱਖ ਗੁਰੂਆਂ ਦਾ ਵਿਰੋਧ ਦੋਹਾਂ ਹੀ ਧਿਰਾਂ, ਹਿੰਦੂ ਸਨਾਤਨੀਆਂ ਤੇ ਮੁਸਲਿਮ ਕੱਟੜਪੰਥੀਆਂ ਵੱਲੋਂ ਬਰਾਬਰ ਮਾਤਰਾ ਵਿੱਚ ਹੋਇਆ । ਸਗੋਂ ਚੌਥੀ ਪਾਤਸ਼ਾਹੀ ਤੱਕ ਇਹ ਛੇੜ ਹਿੰਦੂ ਪੱਖ ਵੱਲੋਂ ਵੱਧ ਛਿੜਦੀ ਰਹੀ । ਦਿੱਲੀ ਦੇ ਇਕ ਹਿੰਦੂ ਖਤਰੀ ਨੇ ਸੁਲਤਾਨ ਕੋਲ ਸ਼ਿਕਾਇਤ ਕੀਤੀ ਕਿ ਗੁਰੂ ਨਾਨਕ ਨਾ ਵੇਦ ਨੂੰ ਮੰਨਦਾ ਹੈ ਤੇ ਨਾ ਕਹੇਬ ਨੂੰ । ਗੁਰੂ ਅਮਰਦਾਸ ਜੀ ਦੇ ਵੇਲੇ ਤੱਕ ਜਾ ਕੇ ਇਸ ਵਿਰੋਧ ਨੇ ਵੱਧ ਖਰ੍ਹਵਾ ਰੂਪ ਗ੍ਰਹਿਣ ਕਰ ਲਿਆ ਸੀ । ਖਤਰੀਆਂ ਤੇ ਬ੍ਰਾਹਮਣਾਂ ਨੇ ਗੋਂਦੇ ਮਰਵਾਹੇ ਦੇ ਪੁੱਤਰ ਦੀ ਰਾਹੀਂ ਲਾਹੌਰ ਦੇ ਹਾਕਮ ਜਾਫਰ ਬੇਗ ਅਤੇ ਫਿਰ ਉਸ ਦੇ ਪੁੱਤਰ ਤਾਹਰ ਬੇਗ ਪਾਸ ਗੁਰੂ ਸਾਹਿਬ ਵਿਰੁੱਧ ਕੰਨ ਭਰਨ ਦੀਆਂ ਕੋਸ਼ਿਸ਼ਾਂ ਕੀਤੀਆਂ। ਗੁਰੂ ਸਾਹਿਬਾਨ ਵਿਰੁੱਧ ਇਹ ਸਿਲਸਿਲਾ ਅਕਬਰ ਕੋਲ ਗੁਰੂ ਵਿਰੁੱਧ ਮੇਜਰਨਾਮਾ ਪੇਸ਼ ਕਰਨ, ਪੰਜਵੇਂ ਪਾਤਸ਼ਾਹ ਨੂੰ ਸ਼ਹੀਦ ਕਰਵਾਉਣ ਦੇ ਚੰਦੂ ਦੁਸ਼ਟ ਦੇ ਘੋਰ ਪਾਪ ਰਾਹੀਂ ਹੁੰਦਾ ਹੋਇਆ ਗੰਗੂ ਦੇ ਦਿਲ ਕੰਬਾਊ ਧ੍ਰੋਹ ਤੱਕ ਗੁਰੂ ਕਾਲ ਵਿੱਚ ਹੀ ਪਹੁੰਚ ਜਾਂਦਾ ਹੈ ।

ਸਿੱਖ ਲਹਿਰ ਦੇ ਪ੍ਰਸੰਗ ਵਿੱਚ ਹਿੰਦੂ ਵਰਗ ਦੀ ਭੂਮਿਕਾ ਪੂਰੀ ਤਰ੍ਹਾਂ ਸਿੱਖ ਸੰਘਰਸ਼ ਦੇ ਵਿਰੁੱਧ ਹੀ ਰਹੀ ਹੈ । ਭਾਵ ਹਿੰਦੂ ਵਰਗ ਦੁਆਰਾ ਸਿੱਖ ਸੰਘਰਸ਼ ਦਾ ਡੱਟਵਾਂ ਜਾਂ ਥਿੜਕਵਾਂ ਸਾਥ ਦੇਣ ਦੀ ਇਤਿਹਾਸ ਵਿੱਚ ਕੋਈ ਪੁਸ਼ਟੀ ਨਹੀਂ ਹੁੰਦੀ । ਤੇ ਨਾ ਹੀ ਹਿੰਦੂਆਂ ਨੂੰ ਸਿੱਖ ਸੰਘਰਸ਼ ਦਾ ਸਾਥ ਦੇਣ ਦੇ ਦੋਸ਼ ਬਦਲੇ ਮੁਗਲੀਆ ਹਕੂਮਤ ਦੇ ਕਹਿਰ ਦਾ ਨਿਸ਼ਾਨਾ ਬਣਨਾ ਪਿਆ, ਅਰਥਾਤ ਸਿੱਖਾਂ ਦੇ ਨਾਲ ਹਿੰਦੂਆਂ ਨੂੰ ਵੀ ਭਾਵੇਂ ਛੋਟੀ ਗਿਣਤੀ ਵਿੱਚ ਹੀ ਸਹੀ ਮੁਗਲ ਹਕੂਮਤ ਦੇ ਹੁਕਮਾਂ ਉੱਤੇ ਜਲਾਦਾਂ ਹੱਥੋਂ ਜਿਬ੍ਹਾ ਨਹੀਂ ਹੋਣਾ ਪਿਆ । ਲਾਹੌਰ ਦੇ ਨਖਾਸ ਚੌਂਕ ਵਿੱਚ ਕਦੇ ਸਿੱਖਾਂ ਦੇ ਨਾਲ ਹਿੰਦੂਆਂ ਦੀ ਵੀ ਭਾਵੇਂ ਥੋੜ੍ਹੀ ਮਾਤਰਾ ‘ਚ ਹੀ ਸਹੀ ਬਰਾਬਰ ਰਤ ਨੁਚੜੀ ਹੋਵੇ, ਇਤਿਹਾਸ ਦੀ ਕੋਈ ਪਰਤ ਫਰੋਲ ਲਉ ਇਨ੍ਹਾਂ ਸਾਰੇ ਸੁਆਲਾਂ ਦਾ ਜੁਆਬ ਨਾਂਹ ਵਿੱਚ ਮਿਲਦਾ ਹੈ । ਮੁਸਲਿਮ ਦੌਰ ਅੰਦਰ ਬ੍ਰਾਹਮਣ ਰਾਜਨੀਤਕ ਤੌਰ ‘ਤੇ ਗੁਲਾਮ ਸਨ, ਪਰ ਹਿੰਦੂ ਸਮਾਜ ਅੰਦਰ ਉਹ ਮਾਲਕ ਸਨ। ਉਨ੍ਹਾਂ ਨੇ ਮੁਸਲਿਮ ਹੁਕਮਰਾਨਾਂ ਨਾਲ ਭਾਈਵਾਲੀ ਗੰਢ ਲਈ ਅਤੇ ਸਿੱਖ ਲਹਿਰ ਨੂੰ ਕੁਚਲਣ ਲਈ ਪ੍ਰਸ਼ਾਸਨ ਵਿੱਚ ਮੁਗਲਾਂ ਦੀ ਮਦਦ ਕੀਤੀ । ਹੁਣ ਤੱਕ ਪਾਠਕ ਜਨ ਇਹ ਵੀ ਜਾਣ ਗਏ ਹੋਣਗੇ ਕਿ ਜਦੋਂ ਮੁਗਲ ਹਿੰਦੋਸਤਾਨ ਵਿੱਚ ਇਸਲਾਮੀਅਤ ਦਾ ਬੋਲ ਬਾਲਾ ਥੋਪਣਾ ਚਾਹੁੰਦੇ ਸੀ ਤਾਂ ਹਿੰਦੂਤਵੀਆਂ ਨੇ ਮੁਗਲਾਂ ਦੀ ਈਨ ਮੰਨ ਲਈ ਪਰ ਵਿਰੋਧ ਕਰਨ ਦੀ ਜੁਅਰਤ ਨਹੀਂ ਕੀਤੀ । ਹਿੰਦੋਸਤਾਨ ‘ਤੇ ਜਬਰੀ ਇਸਲਾਮੀਅਤ ਥੋਪਣ ਵਾਲਿਆਂ ਨਾਲੋਂ ਕਿਤੇ ਵੱਧ ਸਿੱਖ ਲਹਿਰ ਦਾ ਵਿਰੋਧ ਬ੍ਰਾਹਮਣਵਾਦ ਨੇ ਕੀਤਾ ਹੈ, ਹਿੰਦੂਵਾਦ, ਬ੍ਰਾਹਮਣਵਾਦ ਦਾ ਹੀ ਨਵੀਨ ਨਾਮ ਹੈ ।

ਹਵਾਲੇ : (1) ਸਿੱਖ ਇਨਕਲਾਬ, ਇਨਕਲਾਬੀ ਲਹਿਰਾਂ ਦੇ ਪ੍ਰਸੰਗ ਵਿੱਚ ਸਿੱਖ ਲਹਿਰ ਲੇਖਕ ਡਾ: ਜਗਜੀਤ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ - ਭਾਈ ਗੁਰਦਾਸ ਦੀਆਂ ਵਾਰਾਂ - ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇ-ਅਦਬੀ ਦਾ ਕੱਚਾ ਚਿੱਠਾ ਲੇਖਕ ਤੇ ਸੰਪਾਦਕ ਸ: ਗੁਰਤੇਜ ਸਿੰਘ ਤੇ ਜਸਪਾਲ ਸਿੰਘ ਸਿੱਧੂ ਪੱਤਰਕਾਰ - ਕਿਸ ਬਿਧ ਰੁਲੀ ਪਾਤਸ਼ਾਹੀ - ਲੇਖਕ ਸ: ਅਜਮੇਰ ਸਿੰਘ, ਹੁਕਮਨਾਮੇ, ਅਦੇਸ਼, ਸੰਦੇਸ਼ ਸ੍ਰੀ ਅਕਾਲ ਤਖ਼ਤ ਸਾਹਿਬ - ਲੇਖਕ ਰੂਪ ਸਿੰਘ।

**ਚਲਦਾ ... ਬਾਕੀ ਅਗਲੇ ਅੰਕ ਵਿੱਚ**

* * * * * * *

# ਸੰਸਦ ਵਿੱਚ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਨੇ ਸੁਰੱਖਿਆ ਦਾ ਮੁੱਦਾ ਉਠਾਇਆ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਸੰਸਦ ਵਿੱਚ ਰੱਖਿਆ ਬਾਰੇ ਚਰਚਾ ਦੌਰਾਨ, ਤਨਮਨਜੀਤ ਸਿੰਘ ਢੇਸੀ ਨੇ ਰੱਖਿਆ ਮੰਤਰੀ ਨੂੰ ਸਪੱਸ਼ਟ ਕੀਤਾ ਕਿ ਆਧੁਨਿਕ ਯੁੱਗ ਵਿੱਚ ਸੁਰੱਖਿਆ ਖਤਰਿਆਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਖ਼ਾਸ ਕਰਕੇ ਸਾਈਬਰ ਹਮਲੇ ਅਤੇ ਹੋਰ ਆਧੁਨਿਕ ਖਤਰਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ। ਢੇਸੀ ਨੇ ਪੁੱਛਿਆ ਕਿ ਸਰਕਾਰ ਇਸ ਖੇਤਰ ਵਿੱਚ ਹੋਰ ਤੇਜ਼ ਨਿਵੇਸ਼ ਕਰਨ ਲਈ ਕੀ ਯੋਜਨਾਵਾਂ ਬਣਾਉਂਦੀ ਹੈ। ਉਨ੍ਹਾਂ ਨੇ ਜਰਮਨੀ ਦੀ ਉਦਾਹਰਨ ਦਿੱਤੀ, ਜਿੱਥੇ ਰੱਖਿਆ ਵਿਭਾਗ ਲਈ ਵਿੱਤੀ ਨਿਯਮ ਢਿੱਲੇ ਕੀਤੇ ਗਏ ਹਨ, ਤਾਂ ਜੋ ਰੱਖਿਆ ਬਜਟ ਵਧਾਇਆ ਜਾ ਸਕੇ। ਢੇਸੀ ਨੇ ਮੰਤਰੀ ਤੋਂ ਇਹ ਵੀ ਪੁੱਛਿਆ ਕਿ ਕੀ ਚਾਂਸਲਰ ਨਾਲ ਇਸ ਸਬੰਧੀ ਕੋਈ ਗੱਲਬਾਤ ਹੋਈ।ਰੱਖਿਆ ਮੰਤਰੀ ਨੇ ਜਵਾਬ ਦਿੱਤਾ ਕਿ ਇਸ ਸਾਲ ਰੱਖਿਆ ਬਜਟ ਵਿੱਚ ਵਾਧਾ ਕੀਤਾ ਗਿਆ ਹੈ ਅਤੇ ਸੰਸਦ ਵਿੱਚ ਬਜਟ ਦੀ ਚਰਚਾ ਦੌਰਾਨ ਇਹ ਵਾਧਾ ਜਾਰੀ ਰਹੇਗਾ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਹੁਣ ਮੁੱਖ ਕੰਮ ਇਹ ਹੈ ਕਿ ਪੈਸਾ ਸਮਰੱਥਾ-ਪੂਰਨ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਵਰਤਿਆ ਜਾਵੇ, ਤਾਂ ਜੋ ਦੇਸ਼ ਦੀ ਸੁਰੱਖਿਆ ਮਜ਼ਬੂਤ ਹੋਵੇ ਅਤੇ ਆਰਥਿਕਤਾ ਨੂੰ ਵੀ ਲਾਭ ਮਿਲੇ।ਮੰਤਰੀ ਨੇ ਇਸ ਵਾਧੇ ਨਿਵੇਸ਼ ਦੇ ਤੌਰ ਤੇ ਰੱਖਿਆ ਮਕਾਨ ਯੋਜਨਾ ਸ਼ੁਰੂ ਕਰਨ ਦਾ ਐਲਾਨ ਕੀਤਾ। ਇਸ ਯੋਜਨਾ ਦਾ ਉਦੇਸ਼ ਰੱਖਿਆ ਸੇਵਕਾਂ ਲਈ ਸੁਵਿਧਾਵਾਂ ਵਿੱਚ ਸੁਧਾਰ ਕਰਨਾ, ਉਨ੍ਹਾਂ ਦੇ ਰਹਿਣ-ਸਹਿਣ ਦੇ ਮਿਆਰ ਨੂੰ ਉੱਚਾ ਕਰਨਾ ਅਤੇ ਰੱਖਿਆ ਸੇਵਾਵਾਂ ਨੂੰ ਆਕਰਸ਼ਕ ਬਣਾਉਣਾ ਹੈ।ਇਹਨਾ ਤੋਂ ਸਪੱਸ਼ਟ ਹੈ ਕਿ ਸਰਕਾਰ ਰੱਖਿਆ ਬਜਟ ਨੂੰ ਲਾਗੂ ਕਰਨ ਅਤੇ ਰੱਖਿਆ ਸੇਵਕਾਂ ਲਈ ਨਵੀਆਂ ਯੋਜਨਾਵਾਂ ਲਿਆਉਣ ਵਿੱਚ ਸਰਗਰਮ ਹੈ। ਇਹਨਾ ਅਨੁਸਾਰ, ਇਹ ਕਦਮ ਦੇਸ਼ ਦੀ ਸੁਰੱਖਿਆ ਅਤੇ ਆਧੁਨਿਕ ਖਤਰਿਆਂ ਨਾਲ ਨਿਪਟਣ ਲਈ ਜ਼ਰੂਰੀ ਹੈ।

# ਗਲਾਸਗੋ ਵਿਖੇ ਬ੍ਰਿਟਿਸ਼ ਭਾਰਤੀ ਫੌਜੀ ਸ਼ਹੀਦਾਂ ਲਈ ਸਕਾਟਲੈਂਡ ਦੇ ਪਹਿਲੇ ਯੁੱਧ ਸਮਾਰਕ ਦੀ ਉਸਾਰੀ ਸ਼ੁਰੂ



ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਭਾਰਤੀ ਫੌਜ ਦੇ 40 ਲੱਖ ਤੋਂ ਵੱਧ ਸੈਨਿਕਾਂ ਨੇ ਦੋਵੇਂ ਵਿਸ਼ਵ ਯੁੱਧਾਂ ਵਿੱਚ ਬਰਤਾਨੀਆ ਲਈ ਲੜਾਈ ਲੜੀ। ਬ੍ਰਿਟਿਸ਼ ਭਾਰਤੀ ਫੌਜ ਲਈ ਸਕਾਟਲੈਂਡ ਦੀ ਪਹਿਲੀ ਯਾਦਗਾਰ ਦੇ ਸਮਾਰਕ ਦੀ ਉਸਾਰੀ ਦੇ ਪਹਿਲੇ ਪੜਾਅ ਦਾ ਕੰਮ ਗਲਾਸਗੋ ਦੇ ਕੈਲਵਿੰਗਰੋਵ ਆਰਟ ਗੈਲਰੀ ਅਤੇ ਅਜਾਇਬ ਘਰ ਦੇ ਮੈਦਾਨ ਵਿੱਚ ਸ਼ੁਰੂ ਹੋ ਗਿਆ ਹੈ। ਇਸ ਵਿੱਚ ਥੰਮ੍ਹਾਂ ਉੱਤੇ ਇੱਕ ਗੁੰਬਦ ਵਰਗੀ ਬਣਤਰ ਹੋਵੇਗੀ ਜਿਸਦੇ ਆਲੇ-ਦੁਆਲੇ ਬੈਠਣ ਲਈ ਜਗ੍ਹਾ ਹੋਵੇਗੀ, ਜੋ ਕਿ ਕੈਲਵਿੰਗਰੋਵ ਆਰਟ ਗੈਲਰੀ ਦੀ ਇਮਾਰਤ ਵਾਂਗ ਲਾਲ ਪੱਥਰ ਦੇ ਰੰਗ ਦੀ ਹੋਵੇਗੀ। ਇਸ ਦਾ ਉਦੇਸ਼ ਸਕਾਟਲੈਂਡ ਵਿੱਚ ਦੱਖਣੀ ਏਸ਼ੀਆਈ ਵਿਰਾਸਤ ਨੂੰ ਸੁਰੱਖਿਅਤ ਰੱਖਣਾ ਹੈ, ਜਿਹਨਾਂ ਵਿੱਚ ਸਿੱਖ, ਮੁਸਲਮਾਨ, ਹਿੰਦੂ, ਗੋਰਖੇ ਆਦਿ ਫੌਜੀਆਂ ਦੀ ਯਾਦ ਨੂੰ ਸੰਭਾਲਣਾ ਹੈ ਜੋ ਕਿ ਦੁਨੀਆ ਵਿੱਚ ਬ੍ਰਿਟੇਨ ਲਈ ਲੜੇ ਸਨ। ਇਹ ਯਾਦਗਾਰ ਅਤੇ ਅਜਾਇਬ ਘਰ ਪ੍ਰਦਰਸ਼ਨੀ ਵਿੱਚ ਦੱਖਣੀ ਏਸ਼ੀਆਈ ਵਿਰਾਸਤ ਦੇ ਸੈਨਿਕਾਂ, ਜਿਵੇਂ ਕਿ ਨਾਇਕ ਗਿਆਨ ਸਿੰਘ, ਜੋ ਕਿ ਬਰਮਾ ਦੀ ਲੜਾਈ ਨੂੰ ਫ਼ਤਿਹ ਕਰਕੇ ਪਰਤੇ ਸਨ ਅਤੇ ਉਨ੍ਹਾਂ ਨੂੰ ਦੂਜੇ ਵਿਸ਼ਵ ਯੁੱਧ ਦੌਰਾਨ ਉਨ੍ਹਾਂ ਦੀ ਬਹਾਦਰੀ ਲਈ ਬਰਤਾਨੀਆ ਸਰਵਉੱਚ ਸਨਮਾਨ ਵਿਕਟੋਰੀਆ ਕਰਾਸ ਨਾਲ ਸਨਮਾਨਿਤ ਕੀਤਾ ਗਿਆ ਸੀ, ਉਨ੍ਹਾਂ ਦਾ ਮੈਡਲ ਵੀ ਅਜਾਇਬ ਘਰ ਵਿੱਚ ਸੈਲਾਨੀਆਂ ਦੇ ਦੇਖਣ ਲਈ ਰੱਖਿਆ ਗਿਆ ਹੈ। ਇਹ ਸਮਾਰਕ ਗਰਮੀਆਂ 2026 ਤੱਕ ਤਿਆਰ ਹੋ ਜਾਵੇਗਾ ।


## ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਨੌਟਿੰਘਮ ਵਿਖੇ ਗੁਰਸਿੱਖ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

**ਮੁੱਖ ਕੰਮ :- ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ, ਤਬਲਾ ਵਜਾਉਣਾ ਜਾਣਦਾ ਹੋਵੇ । ਸਥਾਨ :- ਨੌਟਿੰਘਮ ਵਿਖੇ**

**ਸਮਾਂ :- ਦੋ ਸਾਲਾਂ ਲਈ ਸਵੇਰੇ ਸ਼ਾਮ ਫੁੱਲ ਟਾਈਮ ਕੰਮ, ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ ਹੋਵੇਗੀ ।**

**ਸ਼ਰਤਾਂ :- ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ । ਪੰਜਾਬੀ ਅੰਗਰੇਜ਼ੀ ਵਿੱਚ ਚੰਗੀ ਮੁਹਾਰਤ ਹੋਵੇ, ਤੇ ਪੜ੍ਹ ਅਤੇ ਬੋਲ ਤੇ ਲਿਖ ਸਕਦਾ ਹੋਵੇ। ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ । ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਆਇਆ ਹੋਵੇ ਉਸ ਨੂੰ ਪਹਿਲ ਦਿੱਤੀ ਜਾ ਸਕਦੀ ਹੈ । ਯੂ ਕੇ ਵਿੱਚ ਕੰਮ ਕਰਨ ਦਾ ਅਧਿਕਾਰ ਹੋਣਾ ਜ਼ਰੂਰੀ ਹੈ।**

**ਬੰਦ ਹੋਣ ਦੀ ਤਾਰੀਕ :- ਗਿਆਨਵਾਨ ਅਤੇ ਤਜ਼ਰਬੇਕਾਰ ਬਿਨੈਕਾਰ ਹੇਠਾਂ ਦਿੱਤੇ ਪਤੇ ‘ਤੇ ਲਿਖਤੀ ਅਰਜ਼ੀਆਂ 13 ਦਸੰਬਰ 2025 ਤੋਂ ਪਹਿਲਾਂ ਭੇਜਣ ਦੀ ਕ੍ਰਿਪਾ ਕਰਨ ।**

## 1 Vacancy for (Tier - 5) Religious Worker

**Main Duties:** Performing Kirtan (Hymn Singing), Nitnem, Sukhmani Sahib Paath, Kirtan in Morning and Evening (full time work).
**Location:** Nottingham.
**Duration & Remuneration:** **2 years, attractive salary will be according to UK employment Law.**
**Requirements:** Should be able to perform Kirtan and carry out other religious activities as listed in main duties. Must have good understanding of Gurmukhi and English. Must have sufficient experience. Work reference required from previous employer. Must have right to work in U.K.
*Candidates with knowledge and experience Please apply with ‘cv’ to Sri Guru Singh Sabha Gurdwara on address given below or*
***via Email:a.mahil52@gmail.com / Email:ssgsecretary.rai@gmail.com***


**For more Information Please contact:**
**S. Amrik Singh Mahil : +44 (0) 7956 494 844 (or)**
**S. Harjinder Singh Rai: +44 (0) 7989 424 263**
**Closing Date: 13th December 2025**

**SRI GURU SINGH SABHA GURDWARA, NOTTINGHAM**
**26 NOTTINGHAM ROAD, NOTTINGHAM, NG7 7AE, (U.K.)**
**Please Contact for more information Tel: 01159 622 132**

– ਲੇਖਕ –
ਰਣਧੀਰ ਸਿੰਘ ਸੰਭਲ
ਯੂ ਕੇ
ਫੋਨ : 07417443300



# 13 ਨਵੰਬਰ ਸਲਾਨਾ ਬਰਸੀ 'ਤੇ ਵਿਸ਼ੇਸ਼
# ਸੇਵਾ ਦੇ ਪੁੰਜ ਬਾਬਾ ਜਵਾਲਾ ਸਿੰਘ ਹਰਖੋਵਾਲੀਏ




ਸੰਤ ਬਾਬਾ ਜਵਾਲਾ ਸਿੰਘ ਜੀ ਦਾ ਪਵਿੱਤਰ ਜਨਮ 21 ਵਿਸਾਖ ਸੰਮਤ 1946 ਬਿ: ਮੁਤਾਬਕ 3 ਮਈ ਸੰਨ 1889 ਈ: ਦਿਨ ਐਤਵਾਰ, ਅੰਮ੍ਰਿਤ ਵੇਲੇ 2 ਵਜੇ ਪੱਖ ਨਛੱਤਰ ਵਿੱਚ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸਤਿਕਾਰ ਯੋਗ ਬਾਬਾ ਨਰਾਇਣ ਸਿੰਘ ਜੀ ਅਤੇ ਮਾਤਾ ਦਾ ਨਾਮ ਬੀਬੀ ਰਾਜ ਕੌਰ ਸੀ। ਆਪ ਦਾ ਪਿੰਡ ਲੰਗੇਰੀ ਜੋ ਕਿ ਮਾਹਿਲਪੁਰ ਦੇ ਨਜ਼ਦੀਕ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਥਿਤ ਹੈ। ਮਹਾਂਪੁਰਖਾਂ ਦੇ ਜਨਮ ਸਮੇਂ ਦੈਵੀ ਅਲੌਕਿਕ ਪ੍ਰਕਾਸ਼ ਹੋਇਆ। ਦਿਨ ਚੜ੍ਹਿਆ ਤਾਂ ਲੰਗੇਰੀ ਪਿੰਡ ਦੇ ਲੋਕਾਂ ਨੇ ਆਣ ਵਧਾਈਆਂ ਦਿੱਤੀਆਂ। ਸਾਰੇ ਖੁਸ਼ੀਆਂ ਮਨਾਈਆਂ। ਮਾਤਾ ਪਿਤਾ ਤੇ ਭੈਣਾਂ ਨੂੰ ਵੀ ਬਹੁਤ ਖੁਸ਼ੀਆਂ ਹੋਈਆਂ ਤੇ ਸਭ ਦਾ ਮਨ ਪ੍ਰਸੰਨ ਹੋਇਆ। ਗਰੀਬਾਂ ਨੂੰ ਬਾਬਾ ਨਰਾਇਣ ਸਿੰਘ ਨੇ ਬਸਤਰ ਤੇ ਮਠਿਆਈ ਦੇ ਸਾਥ ਮਾਇਆ ਵੰਡੀ। ਸੰਤਾਂ ਦੇ ਜਨਮ ਦੀ ਖ਼ਬਰ ਸਾਰੇ ਇਲਾਕੇ ਵਿੱਚ ਫੈਲ ਗਈ।

ਭਾਈ ਕੁੰਮਾ ਸਿੰਘ ਲਾਂਗਰੀ ਨੇ ਦੇ ਜਨਮ ਨਗਰ ਲੰਗੇਰੀ ਦਾ ਪਿੰਡ ਵਸਾ ਕੇ ਦੱਸਵੇਂ ਪਾਤਸ਼ਾਹ ਜੀ ਨੂੰ ਸ੍ਰੀ ਦਮਦਮਾ ਸਾਹਿਬ ਜੀ ਪਹੁੰਚ ਕੇ ਸਾਰੀ ਖ਼ਬਰ ਦਿੱਤੀ ਤੇ ਦਸਮੇਸ਼ ਪਿਤਾ ਜੀ ਨੇ ਭਾਈ ਸਾਹਿਬ ਜੀ ਨੂੰ ਬਖ਼ਸ਼ਿਸ਼ ਕੀਤੀ ਕਿ ਤੇਰੀ ਵੰਸ਼ ਵਿੱਚ ਇਕ ਬ੍ਰਹਮ ਗਿਆਨੀ, ਸੂਰਬੀਰ, ਬਲੀ, ਗੁਰਸਿੱਖ, ਰਹਿਤ ਵਿੱਚ ਪਰਪੱਕ ਅਵਸਥਾ ਵਾਲਾ, ਸ਼੍ਰੋਮਣੀ ਮਹਾਂਪੁਰਖ ਪੈਦਾ ਹੋਵੇਗਾ ਜੋ ਕਿ ਹਿੰਦੋਸਤਾਨ ਦੇ ਕੋਨੇ ਕੋਨੇ ਅਤੇ ਬਾਹਰਲੇ ਦੇਸ਼ਾਂ ਵਿੱਚ ਆਪ ਵੱਲੋਂ ਵਸਾਏ ਨਗਰ ਨੂੰ ਪ੍ਰਸਿੱਧ ਕਰੇਗਾ ਅਤੇ ਗੁਰਮਤਿ ਦੇ ਪ੍ਰਚਾਰ ਦਾ ਭਾਰੀ ਪ੍ਰਵਾਹ ਚਲਾਏਗਾ।

ਜਦੋਂ ਆਪ ਜੀ ਦੀ ਆਯੂ 6 ਸਾਲ ਦੀ ਹੋਈ ਤਾਂ ਆਪ ਜੀ ਨੂੰ ਗੁਰਮੁਖੀ ਪੜ੍ਹਨ ਲਈ ਗੁਰਦੁਆਰੇ ਦੇ ਗ੍ਰੰਥੀ ਭਾਈ ਹਜ਼ੂਰਾ ਸਿੰਘ ਜੀ ਕੋਲ ਭੇਜਿਆ। ਪੰਜਾਬੀ ਸਿੱਖਣ ਉਪਰੰਤ ਪੰਜ ਜਮਾਤਾਂ ਪ੍ਰਾਇਮਰੀ ਸਕੂਲ ਮਾਹਿਲਪੁਰ ਵਿੱਚ ਪੜ੍ਹੀਆਂ। ਗੁਰਬਾਣੀ ਦਾ ਪਾਠ ਵੀ ਗ੍ਰੰਥੀ ਜੀ ਤੋਂ ਸਿੱਖਿਆ ਅਤੇ ਸੰਥਿਆ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕੀਤਾ। ਇਸ ਤੋਂ ਪਹਿਲਾਂ ਆਪ ਜੀ ਨੇ ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ ਤੇ ਗ੍ਰੰਥ ਸਭ ਪੜ੍ਹੇ। ਆਪ ਜੀ ਪੜ੍ਹਾਈ ਦੇ ਨਾਲ-ਨਾਲ ਆਪਣੇ ਪਿਤਾ ਜੀ ਨਾਲ ਖੇਤੀ ਦਾ ਕੰਮ ਵੀ ਕਰਾਉਂਦੇ ਰਹੇ।

ਸੰਤ ਬਾਬਾ ਜਵਾਲਾ ਸਿੰਘ ਜੀ ਮਾਤਾ ਜੀ ਦੀ ਆਗਿਆ ਲੈ ਕੇ 15 ਅਪ੍ਰੈਲ 1907 ਈਸਵੀ ਨੂੰ ਭਾਰਤੀ ਕਮਾਂਡਰ ਸਾਹਿਬ ਦੇ ਦਫ਼ਤਰ ਜਾ ਕੇ ਭਰਤੀ ਹੋ ਗਏ ਆਪ ਦਾ ਕੱਦ ਛੇ ਫੁੱਟ ਤੇ ਅੱਠ ਇੰਚ ਸੀ ਆਪ ਜੀ ਭਰਤੀ ਹੋ ਕੇ 34 ਨੰਬਰ ਸਿੱਖ ਰੈਜਮੈਂਟ ਵਿੱਚ ਚਲੇ ਗਏ। ਉਥੋਂ ਆਪ ਜੀ ਨੂੰ ਰਾਵਲਪਿੰਡੀ ਭੇਜਿਆ ਗਿਆ, ਜਿਥੇ ਕਿ ਕੇਂਦਰ ਅਤੇ ਫੋਰਸ ਹੈਲਥ ਕੁਆਰਟਰ ਰਿਹਾਇਸ਼ ਸਿਵਲੀਅਨ ਚੀਫ਼ ਕੋਰਟ ਆਦਿਕ ਸਨ। ਅੰਗ੍ਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰਕੇ ਸਿੱਖ ਪਲਟਣਾਂ ਦਾ ਨਾਮ ਬਦਲ ਕੇ ਸਿੱਖ ਰੈਜੀਮੈਂਟ ਗਰੁੱਪ ਰੱਖ ਦਿੱਤਾ ਸੀ। ਰਾਵਲਪਿੰਡੀ ਏਰੀਆ ਜਿੰਨਾ ਵੀ ਸੀ ਸਿੱਖ ਰੈਜੀਮੈਂਟ ਗਰੁੱਪਾਂ ਦਾ ਸੀ, ਇਹ ਸਾਰੇ ਸਿੱਖ ਫੌਜੀ ਹੋਤੀ ਮਰਦਾਨ ਡੇਰੇ ਦੇ ਮੁਖੀ ਸੰਤ ਕਰਮ ਸਿੰਘ ਜੀ ਨਾਲ ਬਹੁਤ ਪਿਆਰ ਤੇ ਸਤਿਕਾਰ ਕਰਦੇ ਸਨ, ਹਰ ਐਤਵਾਰ ਨੂੰ ਸਾਰੇ ਸਿਪਾਹੀ ਤੇ ਵੱਡੇ ਅਫ਼ਸਰ ਡੇਰੇ ਹੋਤੀ ਮਰਦਾਨ ਜ਼ਰੂਰ ਦਰਸ਼ਨ ਕਰਨ ਜਾਂਦੇ ਸਨ। ਸੰਤ ਬਾਬਾ ਜਵਾਲਾ ਸਿੰਘ ਜੀ ਹੋਤੀ ਮਰਦਾਨ ਡੇਰੇ ਪਹੁੰਚ ਕੇ ਮਹਾਂਪੁਰਖਾਂ ਦੀ ਸੇਵਾ ਵਿੱਚ ਜੁੱਟ ਗਏ। ਅੰਮ੍ਰਿਤ ਵੇਲੇ ਇਸ਼ਨਾਨ ਵਾਸਤੇ ਖੂਹੀ ਵਿੱਚੋਂ ਪਾਣੀ ਕੱਢ ਕੇ ਟੂਟੀਆਂ ਵਾਲੀ ਟੈਂਕੀ ਭਰਨੀ, ਰਾਤ ਨੂੰ ਨਦੀ ਕਿਨਾਰੇ ਬੈਠ ਕੇ ਸਿਮਰਨ ਕਰਨਾ, ਇਹ ਆਪ ਜੀ ਦਾ ਰੋਜ਼ ਦਾ ਨਿਯਮ ਸੀ। ਗੁਰਬਾਣੀ ਦਾ ਬਹੁਤ ਪ੍ਰਚਾਰ ਕੀਤਾ ਅਤੇ ਅੰਮ੍ਰਿਤ ਸੰਚਾਰ ਵੀ ਕਰਵਾਏ।

ਹੋਤੀ ਮਰਦਾਨ ਸੰਪ੍ਰਦਾਇ ਤੋਂ ਵਰੋਸਾਏ ਬ੍ਰਹਮ ਗਿਆਨੀ ਸੰਤ ਮਹਾਰਾਜ ਮਹਾਨ ਤਪੱਸਵੀ ਬਾਬਾ ਜਵਾਲਾ ਸਿੰਘ ਜੀ ਜਿਨ੍ਹਾਂ ਨੇ ਸੰਤ ਬਾਬਾ ਆਇਆ ਸਿੰਘ ਜੀ ਦੇ ਪਾਵਨ ਸੰਦੇਸ਼ ਨੂੰ ਮੀਰੀ ਪੀਰੀ ਦੇ ਸਿਧਾਂਤਾਂ ਅਨੁਸਾਰ ਸਾਰੇ ਸੰਸਾਰ ਵਿੱਚ ਪ੍ਰਚਾਰਿਆ ਅਤੇ ਬੇਅੰਤ ਜੀਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਿਆ। ਆਪ ਜੀ ਇਤਿਹਾਸਕ ਨਗਰ ਪਿੰਡ ਡੁਮੇਲੀ ਡੇਰਾ ਬਾਬਾ ਦਲੀਪ ਸਿੰਘ ਜੀ ਵਿਖੇ 13 ਨਵੰਬਰ, ਸੰਨ 1957 ਈ: ਦਿਨ ਬੁੱਧਵਾਰ ਨੂੰ ਪੰਚ ਭੂਤਕ ਸਰੀਰ ਤਿਆਗ ਕੇ ਪ੍ਰਭੂ ਚਰਨਾਂ ਵਿੱਚ ਅਭੇਦ ਹੋ ਗਏ।

*******

# ਮਾਤਾ ਖੀਵੀ ਜੀ ਸੁਸਾਇਟੀ ਵੱਲੋਂ ਐਡਵੋਕੇਟ ਧਾਮੀ ਨੂੰ ਪੰਜਵੀਂ ਵੇਰ ਮੁੜ ਪ੍ਰਧਾਨ ਨਿਯੁਕਤ ਕਰਨ 'ਤੇ ਖੁਸ਼ੀ ਦਾ ਪ੍ਰਗਟਾਵਾ


ਭਾਈ ਰਣਧੀਰ ਸਿੰਘ ਸੰਭਲ ਐਡਵੋਕੇਟ ਸ: ਹਰਜਿੰਦਰ ਸਿੰਘ ਧਾਮੀ ਨਾਲ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪੰਜਵੀਂ ਵੇਰ ਪ੍ਰਧਾਨ ਚੁਣੇ ਜਾਣ 'ਤੇ ਸਤਿਕਾਰ ਯੋਗ ਐਡਵੋਕੇਟ ਸ: ਹਰਜਿੰਦਰ ਸਿੰਘ ਧਾਮੀ ਦਾ ਪੰਥਕ ਸੰਸਥਾ ਮਾਤਾ ਖੀਵੀ ਜੀ ਸੁਸਾਇਟੀ ਵੱਲੋਂ ਹਾਰਦਿਕ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਸੁਸਾਇਟੀ ਦੇ ਪ੍ਰਧਾਨ ਅਤੇ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂ ਦੇ ਲਿਖਾਰੀ ਭਾਈ ਰਣਧੀਰ ਸਿੰਘ ਸੰਭਲ ਅਤੇ ਜਨਰਲ ਸਕੱਤਰ ਕੁਲਤਾਰਨ ਸਿੰਘ ਅਤੇ ਸਰਦੂਲ ਸਿੰਘ ਸੋਢੀ ਨੇ ਕਿਹਾ ਕਿ ਜਦੋਂ ਤੋਂ ਧਾਮੀ ਜੀ ਨੂੰ ਇਹ ਸਿੱਖ ਕੌਮ ਵੱਲੋਂ ਸੇਵਾ ਦਿੱਤੀ ਗਈ ਉਦੋਂ ਤੋਂ ਹੀ ਨਿਰੰਤਰ ਬਹੁਤ ਹੀ ਵਧੀਆ ਇਖ਼ਲਾਕੀ ਅਤੇ ਰੌਸ਼ਨ ਦਿਮਾਗ ਨਾਲ ਬੜੀ ਚੜ੍ਹਦੀ ਕਲਾ ਵਿੱਚ ਸੇਵਾਵਾਂ ਨਿਭਾਈਆਂ ਤੇ ਨਿਭਾਉਂਦੇ ਆ ਰਹੇ ਹਨ। ਸੰਭਲ ਜੀ ਨੇ ਦੱਸਿਆ ਕਿ ਪੰਥਕ ਕਾਰਜਾਂ ਲਈ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਕੰਮਾਂ ਵਿੱਚ ਵੀ ਸਰਦਾਰ ਹਰਜਿੰਦਰ ਸਿੰਘ ਜੀ ਧਾਮੀ ਵੱਲੋਂ ਹਰ ਸਮੇਂ ਸਹਿਯੋਗ ਦਿੱਤਾ ਜਾਂਦਾ ਹੈ। ਜਿੰਦਾ ਸ਼ਹੀਦ ਸੰਤ ਬਾਬਾ ਨਿਹਾਲ ਸਿੰਘ ਜੀ ਹਰੀਆਂ ਬੇਲਾਂ ਵਾਲਿਆਂ ਨੇ ਗੁਰ-ਦੁਆਰਾ ਹਰੀਆਂ ਬੇਲਾਂ ਵਿਖੇ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਅਤੇ ਪੰਥਕ ਵਿਦਵਾਨ ਸ: ਪਿਆਰਾ ਸਿੰਘ ਪਦਮ ਨੂੰ ਸੰਨ 1985 ਨੂੰ ਸਨਮਾਨਿਤ ਕਰਨ ਸਮੇਂ ਐਡਵੋਕੇਟ ਧਾਮੀ ਜੀ ਨੇ ਸਟੇਜ ਸੰਚਾਲਨ ਬੜੀ ਸੂਝ ਨਾਲ ਕੀਤਾ ਸੀ। ਉਸ ਸਮੇਂ ਤੋਂ ਹੀ ਸੁਸਾਇਟੀ ਨੂੰ ਆਪ ਜੀ ਵੱਲੋਂ ਆਦਰ ਮਾਣ ਦਿੱਤਾ ਜਾਂਦਾ ਹੈ। ਪੰਥ ਨੂੰ ਐਡਵੋਕੇਟ ਧਾਮੀ ਜੀ ਉਪਰ ਪੰਥਕ ਸੇਵਾਵਾਂ ਨਿਭਾਉਣ ਲਈ ਬਹੁਤ ਮਾਣ ਹੈ। ਇਸ ਮੌਕੇ ਗਿਆਨੀ ਸੁਖਚੈਨ ਸਿੰਘ, ਭਾਈ ਚਰਨਜੀਤ ਸਿੰਘ, ਗਿਆਨੀ ਕੀਰਤ ਸਿੰਘ ਦਿੱਲੀ ਵਾਲੇ ਅਤੇ ਪਤਵਿੰਦਰ ਸਿੰਘ ਵੀ ਹਾਜ਼ਰ ਸਨ।

# ਡੈਨਮਾਰਕ ਵਿੱਚ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਤੱਕ ਪਹੁੰਚ 'ਤੇ ਲੱਗੇਗੀ ਪਾਬੰਦੀ

15 ਡੈਨਮਾਰਕ ਦੀ ਸਰਕਾਰ ਨੇ 15 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਬੱਚੇ ਲਈ ਸੋਸ਼ਲ ਮੀਡੀਆ ਤੱਕ ਪਹੁੰਚ ਤੇ ਪਾਬੰਦੀ ਲਗਾਉਣ ਲਈ ਇੱਕ ਰਾਜਨੀਤਿਕ ਸਮਝੌਤਾ ਕਰਨ ਦਾ ਐਲਾਨ ਕੀਤਾ। ਡਿਜੀਟਲਾਈਜ਼ੇਸ਼ਨ ਮੰਤਰਾਲੇ ਦੀ ਅਗਵਾਈ ਹੇਠ ਇਹ ਕਦਮ ਸੋਸ਼ਲ ਮੀਡੀਆ ਤੱਕ ਪਹੁੰਚ ਲਈ ਉਮਰ ਸੀਮਾ ਨਿਰਧਾਰਤ ਕਰੇਗਾ। ਇਸ ਤਹਿਤ ਕੁਝ ਮਾਪਿਆਂ ਨੂੰ ਇੱਕ ਖਾਸ ਮੁਲਾਂਕਣ ਤੋਂ ਬਾਅਦ ਆਪਣੇ ਬੱਚਿਆਂ ਨੂੰ 13 ਸਾਲ ਦੀ ਉਮਰ ਤੋਂ ਸੋਸ਼ਲ ਮੀਡੀਆ ਤੱਕ ਪਹੁੰਚ ਕਰਨ ਲਈ ਸਹਿਮਤੀ ਦੇਣ ਦਾ ਅਧਿਕਾਰ ਹੋਵੇਗਾ।


## ਗੁਰੂ ਨਾਨਕ ਦਰਬਾਰ ਗੁਰਦੁਆਰਾ ਈਰਥ ਅਤੇ ਬੈਲਵੀਡੀਅਰ ਵਿਖੇ
## 2 ਰਾਗੀਆਂ ਦੀ ਜ਼ਰੂਰਤ ਹੈ

ਸਾਨੂੰ ਗੁਰੂ ਘਰ ਦੀਆਂ ਰੋਜ਼ਾਨਾ ਸੇਵਾਵਾਂ ਕਰਨ ਲਈ ਤਜ਼ਰਬੇਕਾਰ 2 ਰਾਗੀਆਂ ਦੀ ਜ਼ਰੂਰਤ ਹੈ। ਉਮੀਦਵਾਰਾਂ ਕੋਲ ਗੁਰਬਾਣੀ, ਕੀਰਤਨ ਅਤੇ ਧਾਰਮਿਕ ਸਿੱਖਿਆ ਦੇ ਖੇਤਰ 'ਚ ਸੇਵਾ ਨਿਭਾਉਣ ਦਾ ਗਿਆਨ ਹੋਣਾ ਜ਼ਰੂਰੀ ਹੈ। ਰਾਗੀ ਜੱਥੇ ਦੇ ਸੇਵਾਦਾਰ ਸਿੱਖ ਮਰਿਆਦਾ ਅਨੁਸਾਰ ਬਾਕੀ ਸਾਰੇ ਪ੍ਰੋਗਰਾਮਾਂ (ਵਿਆਹ, ਅੰਤਮ ਸੰਸਕਾਰ ਹੋਰ ਧਾਰਮਿਕ ਸੇਵਾਵਾਂ ਆਦਿ) ਵਿੱਚ ਮੁੱਖ ਗ੍ਰੰਥੀ (ਰਿਲੀਜਸ ਮਨਿਸਟਰ) ਦੇ ਸਹਾਇਕ ਹੋਣਗੇ। ਬੱਚਿਆਂ ਨੂੰ ਗੁਰਬਾਣੀ ਕੀਰਤਨ ਸਿਖਾਉਣ ਦੇ ਕਾਬਿਲ ਹੋਣ। ਇਹ ਯੋਗਤਾਵਾਂ ਰੱਖਣ ਵਾਲੇ ਨੂੰ 25 ਘੰਟੇ/ਹਫਤਾ ਯੂ ਕੇ ਦੇ ਕਾਨੂੰਨ ਮੁਤਾਬਕ (ਮਿਨੀਮਮ ਵੇਜ਼) ਤਨਖਾਹ ਦਿੱਤੀ ਜਾਵੇਗੀ। ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜ਼ਾਜ਼ਤ ਹੋਣੀ ਜ਼ਰੂਰੀ ਹੈ। ਰਿਹਾਇਸ਼ ਦਾ ਪ੍ਰਬੰਧ ਹੈ। ਉਮੀਦਵਾਰ ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਈਮੇਲ ਰਾਹੀਂ ਸੰਪਰਕ ਕਰ ਸਕਦੇ ਹਨ:
**ਅਰਜ਼ੀਆਂ ਦੇਣ ਦੀ ਆਖਰੀ ਤਰੀਕ 5 ਦਸੰਬਰ 2025**

## Vacancies for 2 Ragis at
## Guru Nanak Durbar Gurdwara Erith and Belvedere

We require experienced 2 Ragis to assist with everyday duties of the Sikh Temple. Must have excellent skills, knowledge, reading ability and understanding of Kirtan and Gurbani. They will also be assisting with all the ceremonies associated with the Sikh Faith (marriages, funerals and other religious functions) under the guidance of the religious minister.
The posts are for 25 Hours per week and (minimum wage) wages will be paid in accordance with UK employment law. Full boarding and lodging facilities included. You must have the right to work in the UK.

Closing date 5th December 2025
Please apply in writing or email with full experience and skill details to General Secretary of the Gurdwara Sahib.

**GURU NANAK DURBAR GURDWARA (SIKH TEMPLE)**
**31 Mitchell Close, Belvedere, DA17 6AA**
Email:gurunanak-erith@hotmail.com

ਗੁਰਮੀਤ ਸਿੰਘ ਪਲਾਹੀ
-9815802070

# ਵਿਸ਼ਵ ਰਾਜਨੀਤੀ -ਭਾਰਤੀ ਹਿੱਸੇਦਾਰੀ



ਜ਼ੋਹਰਾਨ ਮਮਦਾਨੀ ਵਾਂਗਰ ਦੁਨੀਆਂ ਭਰ ਦੇ 29 ਦੇਸ਼ਾਂ ਵਿੱਚ 260 ਤੋਂ ਜ਼ਿਆਦਾ ਭਾਰਤਵੰਸ਼ੀ ਜਨ ਪ੍ਰਤੀਨਿਧਤਾ ਨਿਭਾਅ ਚੁੱਕੇ ਹਨ ਜਾਂ ਨਿਭਾ ਰਹੇ ਹਨ। ਇਹਨਾਂ ਵਿੱਚ ਵਿਸ਼ੇਸ਼ ਤੌਰ 'ਤੇ ਬਰਤਾਨੀਆ, ਮਾਰੀਸ਼ਸ, ਫਰਾਂਸ, ਅਮਰੀਕਾ, ਕੈਨੇਡਾ ਆਦਿ ਮੁੱਖ ਤੌਰ 'ਤੇ ਜਾਣੇ ਜਾਂਦੇ ਹਨ ਅਤੇ ਲੋਕਤੰਤਰਿਕ ਪ੍ਰਕਿਰਿਆ ਵਿੱਚ ਇਹ ਭਾਰਤੀ ਸਿਖ਼ਰਾਂ 'ਤੇ ਪੁੱਜੇ ਨਜ਼ਰ ਆਉਂਦੇ ਹਨ। ਦੁਨੀਆਂ ਦੇ ਹੋਰ ਦੇਸ਼ਾਂ ਵਿੱਚ 3.43 ਕਰੋੜ ਤੋਂ ਵੱਧ ਭਾਰਤੀ ਰਹਿੰਦੇ ਹਨ। ਹੁਣੇ ਜਿਹੇ ਸਰਕਾਰ ਨੇ 29 ਦੇਸ਼ਾਂ ਦੀ ਸੂਚੀ ਦਿੱਤੀ ਹੈ, ਜਿਹਨਾਂ ਵਿੱਚ ਭਾਰਤੀ ਮੂਲ ਦੇ ਜਨ ਪ੍ਰਤੀਨਿਧੀਆਂ ਦੀ ਸੰਖਿਆ ਅਤੇ ਸੂਚੀ ਦਿੱਤੀ ਗਈ ਹੈ।




ਜਦੋਂ ਵਿਸ਼ਵ ਭਰ ਵਿੱਚ ਪ੍ਰਵਾਸੀਆਂ ਬਾਰੇ ਇੱਕ ਵੱਡੀ ਚਰਚਾ, ਛਿੜੀ ਹੋਈ ਹੈ, ਸੌੜੀ ਸੋਚ ਵਾਲੇ ਰਾਸ਼ਟਰਵਾਦੀ ਲੋਕ ਬ੍ਰਹਿਮੰਡੀ ਅਤੇ ਮਨੁੱਖੀ ਸਾਂਝੀਵਾਲਤਾ ਦੀ ਧਾਰਨਾ ਅਤੇ ਸੋਚ ਨਕਾਰ ਕੇ "ਆਪਣੇ ਲੋਕਾਂ" ਅਤੇ ਆਪੋ-ਆਪਣੇ ਹਿੱਤ ਸਾਧਣ ਦੇ ਰਾਹ ਤੁਰੇ ਹੋਏ ਹਨ। ਉਸ ਵੇਲੇ ਪ੍ਰਵਾਸੀ ਲੋਕਾਂ ਦੀਆਂ ਵੱਖੋ-ਵੱਖਰੇ ਦੇਸ਼ਾਂ 'ਚ ਜਾਕੇ ਕੀਤੀਆਂ ਪ੍ਰਾਪਤੀਆਂ ਬਾਰੇ ਵੱਡਾ ਜ਼ਿਕਰ ਕਰਨਾ ਬਣਦਾ ਹੈ।

ਇਸ ਦੇ ਨਾਲ-ਨਾਲ ਇਹ ਗੱਲ ਵੀ ਵਿਚਾਰੀ ਜਾਣੀ ਬਣਦੀ ਹੈ ਕਿ ਸੌੜੀ ਸੋਚ ਵਾਲੇ ਲੋਕ ਜਿਹੜੇ ਮਨੁੱਖ ਨੂੰ ਨਸਲ, ਦੇਸ਼, ਧਰਮ ਦੇ ਅਧਾਰ 'ਤੇ ਵੰਡਣਾ ਚਾਹੁੰਦੇ ਹਨ, ਆਮ ਲੋਕ, ਅਜਿਹੀ ਸੌੜੀ ਸੋਚ ਰੱਖਣ ਵਾਲੇ ਲੋਕਾਂ ਨੂੰ ਨਕਾਰ ਰਹੇ ਹਨ।

ਅਮਰੀਕਾ 'ਚ ਨਿਊਯਾਰਕ ਦੇ ਵੋਟਰਾਂ ਨੇ 34 ਵਰ੍ਹਿਆਂ ਦੇ ਜ਼ੋਹਰਾਨ ਮਮਦਾਨੀ ਨੂੰ 50 ਫ਼ੀਸਦੀ ਤੋਂ ਵੱਧ ਵੋਟਾਂ ਦੇ ਕੇ ਨਿਊਯਾਰਕ ਦਾ ਮੇਅਰ ਚੁਣ ਲਿਆ। ਜ਼ੋਹਰਾਨ ਮਮਦਾਨੀ 34 ਵਰ੍ਹਿਆਂ ਦਾ ਹੈ, ਉਸਦੀ ਮਾਂ ਮੀਰਾ ਨਾਇਰ ਭਾਰਤੀ ਹੈ, ਉਸਦਾ ਪਿਤਾ ਮਹਿਮੂਦ ਮਮਦਾਨੀ ਯੁਗਾਂਡਾ 'ਚ ਜਨਮਿਆ ਵਿਦਵਾਨ ਹੈ। ਮਮਦਾਨੀ ਲਗਭਗ 7 ਵਰ੍ਹੇ ਪਹਿਲਾਂ ਅਮਰੀਕਾ ਪੁੱਜਿਆ। ਉਸਨੇ ਥੋੜ੍ਹੇ ਸਮੇਂ 'ਚ ਹੀ ਆਪਣੀ ਮਜ਼ਬੂਤ ਸਥਿਤੀ ਦਰਜ਼ ਕੀਤੀ ਅਤੇ ਦੇਸ਼ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਉਮੀਦਵਾਰ ਨੂੰ ਹਰਾਕੇ ਇੱਕ ਡੈਮੋਕਰੇਟਿਕ ਉਮੀਦਵਾਰ ਦੇ ਤੌਰ 'ਤੇ ਮੇਅਰ ਦਾ ਅਹੁਦਾ ਹੀ ਪ੍ਰਾਪਤ ਨਹੀਂ ਕੀਤਾ ਸਗੋਂ ਟਰੰਪ ਦੀ ਰਾਸ਼ਟਰਵਾਦੀ ਸੋਚ ਨੂੰ ਚੈਲਿੰਜ ਕੀਤਾ ਅਤੇ ਇੱਕ ਨਵੇਂ ਰਾਸ਼ਟਰ ਦੇ ਪੁਨਰ ਜਨਮ ਦੀ ਗੱਲ ਕੀਤੀ।

ਜ਼ੋਹਰਾਨ ਮਮਦਾਨੀ ਵਾਂਗਰ ਦੁਨੀਆਂ ਭਰ ਦੇ 29 ਦੇਸ਼ਾਂ ਵਿੱਚ 260 ਤੋਂ ਜ਼ਿਆਦਾ ਭਾਰਤਵੰਸ਼ੀ ਜਨ ਪ੍ਰਤੀਨਿਧਤਾ ਨਿਭਾਅ ਚੁੱਕੇ ਹਨ ਜਾਂ ਨਿਭਾ ਰਹੇ ਹਨ। ਇਹਨਾਂ ਵਿੱਚ ਵਿਸ਼ੇਸ਼ ਤੌਰ 'ਤੇ ਬਰਤਾਨੀਆ, ਮਾਰੀਸ਼ਸ, ਫਰਾਂਸ, ਅਮਰੀਕਾ, ਕੈਨੇਡਾ ਆਦਿ ਮੁੱਖ ਤੌਰ 'ਤੇ ਜਾਣੇ ਜਾਂਦੇ ਹਨ ਅਤੇ ਲੋਕਤੰਤਰਿਕ ਪ੍ਰਕਿਰਿਆ ਵਿੱਚ ਇਹ ਭਾਰਤੀ ਸਿਖ਼ਰਾਂ 'ਤੇ ਪੁੱਜੇ ਨਜ਼ਰ ਆਉਂਦੇ ਹਨ। ਦੁਨੀਆਂ ਦੇ ਹੋਰ ਦੇਸ਼ਾਂ ਵਿੱਚ 3.43 ਕਰੋੜ ਤੋਂ ਵੱਧ ਭਾਰਤੀ ਰਹਿੰਦੇ ਹਨ। ਹੁਣੇ ਜਿਹੇ ਸਰਕਾਰ ਨੇ 29 ਦੇਸ਼ਾਂ ਦੀ ਸੂਚੀ ਦਿੱਤੀ ਹੈ, ਜਿਹਨਾਂ ਵਿੱਚ ਭਾਰਤੀ ਮੂਲ ਦੇ ਜਨ ਪ੍ਰਤੀਨਿਧੀਆਂ ਦੀ ਸੰਖਿਆ ਅਤੇ ਸੂਚੀ ਦਿੱਤੀ ਗਈ ਹੈ।

ਮਾਰੀਸ਼ਸ ਵਿੱਚ ਸਭ ਤੋਂ ਜ਼ਿਆਦਾ 45 ਭਾਰਤੀ ਮੂਲ ਦੇ ਲੋਕ, ਲੋਕ-ਪ੍ਰਤੀਨਿਧਾਂ ਵਜੋਂ ਚੁਣੇ ਗਏ। ਭਾਰਤੀ ਮੂਲ ਦੇ ਨਵੀਨ ਰਾਮ ਗੁਲਾਮ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਹਨ। ਇਸੇ ਤਰ੍ਹਾਂ ਗੁਆਨਾ ਵਿੱਚ ਭਾਰਤੀ ਮੂਲ ਦੇ 33 ਲੋਕ ਜਨ ਪ੍ਰਤੀਨਿਧ ਚੁਣੇ ਗਏ। ਬਰਤਾਨੀਆ ਵਿੱਚ 31, ਫਰਾਂਸ ਵਿੱਚ 24, ਸੂਰੀਨਾਮ ਵਿੱਚ 21, ਫਿਜ਼ੀ ਅਤੇ ਮਲੇਸ਼ੀਆ 'ਚ 17-17 ਹਨ। ਅਮਰੀਕਾ ਵਿੱਚ ਭਾਰਤੀ ਮੂਲ ਦੇ 6 ਲੋਕ ਉੱਚ ਅਹੁਦਿਆਂ 'ਤੇ ਜਨ ਪ੍ਰਤੀਨਿਧ ਹਨ।

ਕਮਲਾ ਸੁਸ਼ੀਲਾ ਪ੍ਰਸਾਦ ਵਿਸੇਸਰ ਭਾਰਤੀ ਮੂਲ ਦੀ ਪ੍ਰਤੀਨਿਧ ਤ੍ਰਿਨਿਦਾਦ ਅਤੇ ਟੋਬੈਗੋ 'ਚ ਪ੍ਰਧਾਨ ਮੰਤਰੀ 2010 ਤੋਂ 2015 ਤੱਕ ਚੁਣੀ ਗਈ। ਹੁਣ ਫਿਰ 2025 ਵਿੱਚ ਤ੍ਰਿਨਿਦਾਦ ਦੀ ਪ੍ਰਧਾਨ ਮੰਤਰੀ ਹੈ।

ਸਿੰਗਾਪੁਰ ਵਿੱਚ 2023 ਵਿੱਚ ਹੋਈਆਂ ਰਾਸ਼ਟਰਪਤੀ ਦੀਆਂ ਚੋਣਾਂ ਵਿੱਚ ਭਾਰਤੀ ਮੂਲ ਦੇ ਥਰਮਨ ਸ਼ਾਨਮੁਗਰਥਨਮ ਨੇ ਜਿੱਤ ਹਾਸਲ ਕੀਤੀ ਤੇ ਸਿੰਗਾਪੁਰ ਦੇ 9ਵੇਂ ਰਾਸ਼ਟਰਪਤੀ ਬਣੇ। ਇਸ ਚੋਣਾਂ 'ਚ ਉਹਨਾਂ ਨੇ 70.4 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ। ਭਾਰਤੀ ਥਰਮਨ ਦਾ ਜਨਮ 25 ਫਰਵਰੀ 1957 ਵਿੱਚ ਸਿੰਗਾਪੁਰ 'ਚ ਹੋਇਆ ਅਤੇ ਉਹਨਾ ਦੇ ਦਾਦਾ ਤਾਮਿਲਨਡੂ ਦੇ ਮੂਲ ਨਿਵਾਸੀ ਸਨ। ਪਿਤਾ ਵਿਗਿਆਨੀ ਸਨ। ਉਹਨਾਂ ਨੇ ਕੈਂਬਰਿਜ ਯੂਨੀਵਰਸਿਟੀ ਲੰਦਨ ਤੋਂ ਪੜ੍ਹਾਈ ਕੀਤੀ। ਇਸ ਤੋਂ ਪਹਿਲਾਂ ਵੀ ਭਾਰਤੀ ਮੂਲ ਦੇ ਦੇਵੇਨ ਨਾਗਰ ਅਤੇ ਐੱਸ. ਆਰ. ਨਾਥਨ ਸਿੰਘਾਪੁਰ ਦੇ ਰਾਸ਼ਟਰਪਤੀ ਰਹੇ।

42 ਦੇਸ਼ ਵਿਸ਼ਵ ਵਿੱਚ ਇਹੋ ਜਿਹੇ ਹਨ, ਜਿਥੇ ਸਰਕਾਰ ਵਿੱਚ ਜਾਂ ਵਿਰੋਧੀ ਧਿਰਾਂ 'ਚ ਭਾਰਤੀਵੰਸ਼ੀ ਲੋਕ ਪ੍ਰਤੀਨਿਧੀ ਬਣੇ ਹਨ। ਕੈਨੇਡਾ 'ਚ ਸਭ ਤੋਂ ਜ਼ਿਆਦਾ ਪਾਰਲੀਮੈਂਟ ਮੈਂਬਰ ਹਨ। ਇਹਨਾ ਵਿੱਚ ਤਿੰਨ ਕੈਬਨਿਟ ਮੰਤਰੀ ਭਾਰਤੀ ਮੂਲ ਦੇ ਹਨ। ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਭਾਰਤੀ ਮੂਲ ਦੀ ਸੀ। ਰਿਸ਼ੀ ਸੁਨਕ ਬਰਤਾਨੀਆ ਦੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਸਨ ਅਤੇ 200 ਸਾਲ ਵਿੱਚ ਸਭ ਤੋਂ ਘੱਟ ਉਮਰ ਦੇ ਪ੍ਰਧਾਨ ਮੰਤਰੀ ਬਣੇ ਸਨ।

ਇਸ ਵੇਲੇ ਗੁਆਨਾ ਦੇਸ਼ ਦੀ ਨੁਮਾਇੰਦਗੀ ਵੀ ਭਾਰਤੀ ਮੂਲ ਦੇ ਮੁਹੰਮਦ ਇਰਫਾਨ ਅਲੀ ਕੋਲ ਹੈ ਅਤੇ ਉਹ ਰਾਸ਼ਟਰਪਤੀ ਹਨ। ਭਾਰਤਵੰਸ਼ੀ ਰਾਜਨੇਤਾ ਪਰਵਿੰਦਰ ਕੁਮਾਰ 2017-18 ਤੋਂ 2024 ਤੱਕ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਰਹੇ। ਆਇਰਲੈਂਡ ਦੇ ਮੁੱਖੀ ਵੀ 2022 ਤੋਂ 2024 ਤੱਕ ਭਾਰਤੀ ਮੂਲ ਦੇ ਨੇਤਾ ਏਰਿਕ ਬਰਾਡਕਰ ਨੇ ਕੀਤਾ। ਪ੍ਰਿਥਵੀਰਾਜ ਸਿੰਘ 2019 ਤੋਂ 2024 ਤੱਕ ਮਾਰੀਸ਼ਸ ਦੇ ਸਤਵੇਂ ਰਾਸ਼ਟਰਪਤੀ ਰਹੇ। ਵਿਕਾਸਸ਼ੀਲ ਦੇਸ਼ਾਂ ਅਮਰੀਕਾ, ਕੈਨੇਡਾ ਬਰਤਾਨੀਆ, ਅਸਟਰੇਲੀਆ, ਨਿਊਜ਼ੀਲੈਂਡ ਸਮੇਤ 15 ਮੁਲਕਾਂ ਵਿੱਚ 200 ਤੋਂ ਜ਼ਿਆਦਾ ਭਾਰਤੀ ਮੂਲ ਦੇ 200 ਤੋਂ ਵੱਧ ਵਿਅਕਤੀ ਅਗਵਾਈ ਵਾਲੇ ਅਹੁਦਿਆਂ 'ਤੇ ਕਾਬਜ਼ ਹਨ। ਇਹ ਰਿਪੋਰਟ ਭਾਰਤੀ ਭਾਈਚਾਰੇ ਦਰਮਿਆਨ ਕੰਮ ਕਰ ਰਹੇ ਅਮਰੀਕੀ ਸੰਗਠਨ ਦੀ ਹੈ, ਜੋ ਪਹਿਲੀ ਵੇਰ ਛਾਪੀ ਗਈ ਹੈ। ਇਹਨਾਂ 100 ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਵਿੱਚੋਂ 60 ਵਿਅਕਤੀ ਕੈਬਨਿਟ ਰੈਂਕ ਦੇ ਅਹੁਦਿਆਂ ਉੱਤੇ ਬਿਰਾਜਮਾਨ ਹਨ। ਦੁਨੀਆਂ ਦੇ ਸਭ ਤੋਂ ਪੁਰਾਣੇ ਲੋਕਤੰਤਰ ਦੇ ਉਪ ਰਾਸ਼ਟਰਪਤੀ ਦੇ ਰੂਪ 'ਚ ਪਹਿਲੀ ਸ਼ਖ਼ਸੀਅਤ ਭਾਰਤੀ ਵਿਰਾਸਤ ਤੋਂ ਕਿਸੇ ਦਾ ਹੋਣਾ ਵੱਡੇ ਮਾਣ ਵਾਲੀ ਗੱਲ ਹੈ। ਕਮਲਾ ਹੈਰਿਸ ਇਸ ਵੇਲੇ ਅਮਰੀਕਾ ਦੀ ਉਪ ਰਾਸ਼ਟਰਪਤੀ ਹੈ। ਇਸੇ ਤਰ੍ਹਾਂ ਟਾਈਮ ਪੱਤ੍ਰਿਕਾ ਨੇ 100 ਉਭਰਦੀਆਂ ਸ਼ਕਤੀਸ਼ਾਲੀ ਨੇਤਾਵਾਂ ਦੀ ਸੂਚੀ ਜਾਰੀ ਕੀਤੀ ਹੈ, ਜਿਸ ਵਿੱਚ ਅਨੇਕਾਂ ਭਾਰਤੀ ਮੂਲ ਦੇ ਸਿਆਸਤਦਾਨ, ਕਾਰੋਬਾਰੀ ਟੈਕਨੋਕਰੇਟ ਹਨ।

ਇੱਥੇ ਹੀ ਬਸ ਨਹੀਂ ਅਮਰੀਕਾ ਵਿੱਚ ਭਾਰਤੀ ਮੂਲ ਦੇ ਲੋਕਾਂ ਦੀ ਸਰਕਾਰ ਵਿੱਚ ਪ੍ਰਤੀਨਿਧਤਾ ਵੱਧ ਰਹੀ ਹੈ। ਵਰਜੀਨੀਆ ਸਟੇਟ 'ਚ ਇਹਨੀ ਦਿਨੀਂ ਡੈਮੋਕਰੇਟ ਗ਼ਜ਼ਾਲਾ ਹਾਸ਼ਮੀ ਗਵਰਨਰ ਚੁਣੀ ਗਈ।

ਸਾਬਕਾ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਦੇ ਰਾਜ-ਭਾਗ ਵਿੱਚ 130 ਤੋਂ ਜ਼ਿਆਦਾ ਭਾਰਤੀ ਚੰਗੇ ਅਹੁਦਿਆਂ 'ਤੇ ਸਨ ਅਤੇ ਟਰੰਪ ਦੀ ਪ੍ਰਧਾਨਗੀ ਵਿੱਚ 80 ਤੋਂ ਵੱਧ ਲੋਕ ਚੰਗੇ ਰਾਜਨੀਤਿਕ ਪ੍ਰਬੰਧਕੀ ਅਹੁਦਿਆਂ 'ਤੇ ਕੰਮ ਕਰ ਰਹੇ ਸਨ।

ਬਰਤਾਨੀਆ 'ਚ ਰਿਸ਼ੀ ਸੁਨਕ ਤੋਂ ਬਿਨ੍ਹਾਂ ਪ੍ਰੀਤੀ ਪਟੇਲ, ਗਗਨ ਮਹਿੰਦਰਾ, ਸੀਮਾ ਮਲਹੋਤਰਾ, ਤਨਮਨਜੀਤ ਸਿੰਘ ਢੇਸੀ, ਵਰਿੰਦਰ ਸ਼ਰਮਾ, ਸੋਜਨ ਜੋਸੇਫ ਲੋਕ-ਪ੍ਰਤੀਨਿਧੀ ਵਜੋਂ ਸੇਵਾ ਨਿਭਾ ਰਹੇ ਹਨ।

ਭਾਰਤ ਵਿੱਚੋਂ ਪ੍ਰਵਾਸ 18-19ਵੀਂ ਸਦੀ 'ਚ ਵਿਸ਼ੇਸ਼ ਤੌਰ 'ਤੇ ਗਿਣਿਆ ਜਾਂਦਾ ਹੈ, ਜਦੋਂ ਭਾਰਤੀ ਲੋਕ ਆਪਣਾ ਚੰਗੇਰੇ ਭਵਿੱਖ ਲਈ ਦੇਸ਼ ਛੱਡਕੇ ਵਿਦੇਸ਼ ਗਏ। ਇਹਨਾਂ ਪ੍ਰਵਾਸੀਆਂ ਨੇ ਮਿਹਨਤ ਕਰਕੇ ਓਪਰੇ ਸੱਭਿਆਚਾਰ ਵਿੱਚ ਆਪਣੀ ਥਾਂ ਬਣਾਈ ਅਤੇ ਫਿਰ ਮੋਹਰੀ ਬਣਕੇ ਨਾਮਣਾ ਖੱਟਿਆ। ਖੇਤਰ ਭਾਵੇਂ ਖੇਤੀਬਾੜੀ ਦਾ ਸੀ ਜਾਂ ਇੰਜੀਨੀਅਰਿੰਗ ਦਾ, ਲੇਖਣੀ ਦਾ ਸੀ, ਜਾਂ ਪੱਤਰਕਾਰੀ ਦਾ, ਕਾਰੋਬਾਰ ਦਾ ਸੀ ਜਾਂ ਸਿਆਸਤ ਦਾ, ਪ੍ਰਵਾਸੀਆਂ ਨੇ ਨਵੀਆਂ ਪੈੜਾਂ ਪਾਈਆਂ ਅਤੇ ਹੋਰ ਲੋਕਾਂ ਲਈ ਰਾਹ ਦਸੇਰਾ ਬਣੇ। ਅੱਜ ਵੀ ਜਦੋਂ ਪੂਰਾ ਬ੍ਰਹਿਮੰਡ, ਇੱਕ ਪਿੰਡ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ, ਭਾਰਤੀ ਪ੍ਰਭਾਵਸ਼ਾਲੀ ਲੋਕ ਇਸ ਵਿਸ਼ਵ ਪਿੰਡ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੇ ਹਨ।

ਪਰਵਾਸ ਹੰਢਾ ਰਹੇ ਭਾਰਤੀਆਂ ਦਾ ਇਤਿਹਾਸ ਪੁਰਾਣਾ ਹੈ। ਅਮਰੀਕਾ, ਕੈਨੇਡਾ, ਬਰਤਾਨੀਆ ਵਰਗੇ ਮੁਲਕਾਂ 'ਚ ਵਸੇ ਪਰਵਾਸੀਆਂ ਦੀਆਂ ਪਹਿਲੀਆਂ ਪੀੜ੍ਹੀਆਂ ਆਮ ਤੌਰ 'ਤੇ ਅਨਪੜ੍ਹ ਜਾਂ ਬਹੁਤੀਆਂ ਪੜ੍ਹੀਆਂ-ਲਿਖੀਆਂ ਨਹੀਂ ਸਨ, ਪਰ ਇਹਨਾਂ ਪਰਵਾਸੀ ਭਾਰਤੀਆਂ ਨੇ ਵੱਡੀ ਮਿਹਨਤ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਾਇਆ ਅਤੇ ਉੱਥੋਂ ਦੀ ਸਭਿਅਤਾ ਵਿੱਚ ਵਿਚਰਨ ਦਾ ਮੌਕਾ ਦਿੱਤਾ।

ਬਿਨ੍ਹਾਂ ਸ਼ੱਕ ਅੱਜ ਪ੍ਰਵਾਸੀਆਂ ਦੇ ਵਿਰੋਧ ਵਿੱਚ ਅਮਰੀਕਾ, ਕੈਨੇਡਾ, ਬਰਤਾਨੀਆ 'ਚ ਉੱਥੋਂ ਦੇ ਕੁਝ ਨਾਗਰਿਕਾਂ ਵੱਲੋਂ ਪ੍ਰਦਰਸ਼ਨ ਹੋ ਰਹੇ ਹਨ, ਪ੍ਰਵਾਸੀਆਂ ਨੂੰ ਦੇਸ਼ੋਂ ਕੱਢਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਨਸਲੀ ਟਿੱਪਣੀਆਂ ਵੀ ਹੋ ਰਹੀਆਂ ਹਨ, ਉਹਨਾਂ ਖ਼ਿਲਾਫ਼ ਵੱਡੇ ਗਰੁੱਪ ਬਣ ਰਹੇ ਹਨ।

ਅਮਰੀਕਾ, ਕੈਨੇਡਾ, ਯੂ.ਕੇ. ਪ੍ਰਸ਼ਾਸ਼ਨ ਵੱਲੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉੱਥੋਂ ਕੱਢਿਆ ਵੀ ਜਾ ਰਿਹਾ ਹੈ ਅਤੇ ਇਸ ਵਰਤਾਰੇ ਨਾਲ ਪ੍ਰਵਾਸੀਆਂ ਵਿੱਚ ਡਰ ਦੀ ਭਾਵਨਾ ਬਣੀ ਹੋਈ ਹੈ। ਖ਼ਾਸ ਤੌਰ 'ਤੇ ਉਹਨਾਂ ਪ੍ਰਵਾਸੀਆਂ ਲਈ ਜਿਹੜੇ ਵਿੰਗੇ-ਟੇਡੇ ਢੰਗ ਨਾਲ, ਜਾਂ ਸਿਆਸੀ ਸ਼ਰਨ ਲੈਕੇ ਉੱਥੇ ਪੁੱਜੇ। ਗ਼ਲਤ ਬਿਆਨੀ ਕਰਕੇ ਉੱਥੇ ਦੇ ਕਾਨੂੰਨੀ ਦਸਤਾਵੇਜ ਹਾਸਲ ਕੀਤੇ।

ਪਰ ਵੇਖਣਾ ਹੋਏਗਾ ਕਿ ਪ੍ਰਵਾਸੀਆਂ ਤੋਂ ਬਿਨ੍ਹਾਂ ਇਹ ਦੇਸ਼ ਤਰੱਕੀ ਕਰਨ ਦੇ ਸਮਰੱਥ ਰਹਿਣ-ਗੇ? ਸਵਾਲ ਉੱਠਦਾ ਹੈ ਕਿ ਵਪਾਰ ਨੂੰ ਸਭਨਾਂ ਮੁਲਕਾਂ ਤੱਕ ਪਹੁੰਚਾਉਣ ਦੀ ਤਰਜੀਹ ਦੇਣਾ ਪਰ ਉੱਥੋਂ ਦੀ ਮਨੁੱਖੀ ਸ਼ਕਤੀ ਨੂੰ ਨਕਾਰਨਾ ਕਿੱਥੋਂ ਤੱਕ ਸਹੀ ਹੈ।

ਅਸਲ 'ਚ ਸਮੇਂ-ਸਮੇਂ ਰੂੜੀਵਾਦੀ ਸੋਚ ਵਾਲੇ ਲੋਕ ਮਨੁੱਖੀ ਅਧਿਕਾਰਾਂ ਦਾ ਹਨਨ ਕਰਦਿਆਂ, ਕੁਝ ਇਹੋ ਜਿਹੇ ਕਾਰਜ ਕਰਦੇ ਹਨ, ਜਿਹੜੇ ਕਿਸੇ ਵੀ ਹਾਲਤ ਵਿੱਚ ਲੋਕ-ਹਿਤੈਸ਼ੀ ਨਹੀਂ ਹੁੰਦੇ। ਦੌਰ ਭਾਵੇਂ ਡਿਕਟੇਟਰਾਨ ਸੋਚ ਵਾਲੇ ਲੋਕਾਂ ਦਾ ਕਦੇ ਉਭਰਦਾ ਰਿਹਾ ਹੋਵੇ, ਪਰ ਅੰਤ ਜਿੱਤ ਹੱਥੀਂ ਕੰਮ ਕਰਨ ਵਾਲਿਆਂ, ਸੂਝਵਾਨ ਲੋਕਾਂ ਦੀ ਹੁੰਦੀ ਹੈ, ਜੋ ਧਰਮ, ਨਸਲ, ਜਾਤ, ਦੇਸ਼ ਦੇ ਪਾੜ ਨੂੰ ਨਕਾਰਦੇ ਹਨ।

ਭਾਰਤੀ ਪ੍ਰਵਾਸੀਆਂ ਦੀ ਤੂਤੀ ਦੇਸ਼-ਵਿਦੇਸ਼ ਵਿੱਚ ਇਸ ਕਰਕੇ ਬੋਲਦੀ ਹੈ, ਕਿਉਂਕਿ ਉਹ ਲੋਕ-ਭਲਾਈ ਹਿੱਤ ਕਾਰਜ ਕਰਨ ਨੂੰ ਸਦਾ ਤਰਜੀਹ ਦਿੰਦੇ ਰਹੇ ਹਨ ਅਤੇ ਜਿੱਥੇ-ਜਿੱਥੇ ਵੀ ਜਾਕੇ ਉਹ ਵਸੇ, ਉਹਨਾਂ ਉੱਥੋਂ ਦੇ ਲੋਕਾਂ ਨਾਲ ਡੂੰਘੀ ਸਾਂਝ ਪਾਕੇ ਉਸ ਖਿੱਤੇ ਦੀ ਤਰੱਕੀ ਲਈ ਜੀਉਣਾ-ਮਰਨਾ ਆਪਣਾ ਫ਼ਰਜ਼ ਸਮਝਿਆ। ਇਹ ਗੱਲ ਵੀ ਵਰਨਣਯੋਗ ਹੈ ਕਿ ਵਿਸ਼ਵ ਰਾਜਨੀਤੀ ਵਿੱਚ ਕਈ ਥਾਵਾਂ ਉੱਥੇ ਭਾਰਤਵੰਸ਼ੀ ਸਿਆਸਤਦਾਨਾਂ ਨੇ ਉੱਥੋਂ ਦੇ ਸਿਆਸੀ ਮਾਹੌਲ ਨੂੰ ਹੀ ਬਦਲਕੇ ਰੱਖ ਦਿੱਤਾ ਅਤੇ ਉੱਥੋਂ ਦੇ ਰਾਸ਼ਟਰ ਦੇ ਨਿਰਮਾਣ ਜਾਂ ਪੁਨਰ ਗੱਠਨ ਵਿੱਚ ਬਣਦਾ ਯੋਗਦਾਨ ਪਾਇਆ।

* * * * * * *

# (15 ਨਵੰਬਰ ਨੂੰ ਸ਼ਹੀਦੀ ਦਿਹਾੜਾ 'ਤੇ ਵਿਸ਼ੇਸ਼)

# ਲਾਸਾਨੀ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਸ਼ਹੀਦ

**ਪ੍ਰੋ: ਸਰਚਾਂਦ ਸਿੰਘ ਖਿਆਲਾ**
ਫ਼ੋਨ : 9781355522)



ਧਰਮਾਂ ਦੇ ਇਤਿਹਾਸ ਅਤੇ ਸ਼ਹੀਦੀ ਪਰੰਪਰਾ ਵਿਚ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਵਿਲੱਖਣ ਸਥਾਨ ਹੈ। ਯੁੱਧ ਦੇ ਮੈਦਾਨ 'ਚ ਸੀਸ ਨੂੰ ਤਲੀ 'ਤੇ ਰੱਖ ਕੇ ਦੁਸ਼ਮਣ ਦੇ ਆਹੂ ਲਾਹ ਸੁੱਟਣ ਵਾਲੇ ਇਸ ਮਹਾਂਬਲੀ ਯੋਧੇ ਦਾ ਜਨਮ 26 ਜਨਵਰੀ, 1682 ਈ: (14 ਮਾਘ) ਨੂੰ ਪਿੰਡ ਪਹੁਵਿੰਡ, ਜ਼ਿਲ੍ਹਾ ਤਰਨ ਤਾਰਨ ਵਿਖੇ ਪਿਤਾ ਬਾਬਾ ਭਗਤਾ ਜੀ ਦੇ ਗ੍ਰਹਿ ਵਿਖੇ ਮਾਤਾ ਜਿਉਣੀ ਜੀ ਦੀ ਕੁੱਖੋਂ ਹੋਇਆ। ਬਚਪਨ 'ਚ ਹੀ ਆਪ ਜੀ ਮਾਤਾ ਪਿਤਾ ਨਾਲ ਸ੍ਰੀ ਅਨੰਦਪੁਰ ਸਾਹਿਬ ਚਲੇ ਗਏ। ਜਿੱਥੇ ਉਨ੍ਹਾਂ ਧੰਨ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਹੱਥੋਂ ਅੰਮ੍ਰਿਤਪਾਨ ਕੀਤਾ। ਭਜਨ ਬੰਦਗੀ ਵਿਚ ਲੀਨ ਰਹਿਣ ਤੋਂ ਇਲਾਵਾ ਜੰਗ, ਯੁੱਧ ਅਤੇ ਹਥਿਆਰ ਚਲਾਉਣ ਦੀ ਮੁਹਾਰਤ ਹਾਸਲ ਕਰਦਿਆਂ, ਇੱਥੇ ਹੀ ਭਾਈ ਮਨੀ ਸਿੰਘ ਜੀ ਤੋਂ ਗੁਰਮੁਖੀ ਲਿਖਣ ਤੇ ਪੜ੍ਹਨ ਦੀ ਸਿੱਖਿਆ ਪ੍ਰਾਪਤ ਕੀਤੀ।

1703 ਵਿਚ ਆਪ ਜੀ ਦੇ ਮਾਤਾ ਪਿਤਾ ਜੀ ਵੱਲੋਂ ਆਪ ਜੀ ਨੂੰ ਪਿੰਡ ਲਿਜਾਣ ਦੀ ਗੁਰੂ ਸਾਹਿਬ ਤੋਂ ਆਗਿਆ ਲਈ। ਇਸੇ ਸਮੇਂ ਦੌਰਾਨ ਹੀ ਸ੍ਰੀ ਅਨੰਦਪੁਰ ਸਾਹਿਬ 'ਤੇ ਪਹਾੜੀ ਰਾਜਿਆਂ ਅਤੇ ਮੁਗ਼ਲ ਹਕੂਮਤ ਵੱਲੋਂ ਹਮਲਾ ਕਰ ਦਿੱਤਾ ਗਿਆ ਤੇ ਗੁਰੂ ਸਾਹਿਬ ਦਾ ਪਰਿਵਾਰ ਅਤੇ ਗੁਰਸਿੱਖਾਂ ਨੂੰ ਅਨੰਦਪੁਰ ਸਾਹਿਬ ਛੱਡਣਾ ਪਿਆ।

1704 ਈ: 'ਚ ਮੁਕਤਸਰ ਦੀ ਜੰਗ ਅਤੇ ਭਾਈ ਮਹਾਂ ਸਿੰਘ ਦੀ ਬੇਨਤੀ 'ਤੇ 40 ਸਿੰਘਾਂ ਦੀ ਟੁੱਟੀ ਗੰਢਣ ਤੋਂ ਉਪਰੰਤ ਸ੍ਰੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਪਹੁੰਚੇ। ਗੁਰੂ ਸਾਹਿਬ ਦੇ ਬੁਲਾਵੇ 'ਤੇ ਬਾਬਾ ਦੀਪ ਸਿੰਘ ਜੀ ਹਾਜ਼ਰ ਹੋਏ।

ਦਮਦਮਾ ਸਾਹਿਬ ਵਿਖੇ ਮਹਾਰਾਜ ਸਾਹਿਬ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੰਘਾਂ ਨਾਲ ਕੀਤੇ ਵਾਅਦੇ ਮੁਤਾਬਿਕ ਗੁਰਬਾਣੀ ਦੇ ਅਰਥ ਪੜ੍ਹਾਉਣ ਅਤੇ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਤੋਂ ਅੰਮ੍ਰਿਤਸਰ ਸਾਹਿਬ ਵਿਖੇ ਲਿਖਵਾਏ ਗੁਰੂ ਗ੍ਰੰਥ ਸਾਹਿਬ ਜੀ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਦਰਜ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਹੀ ਸਰੂਪ ਧੀਰ ਮੱਲ ਤੋਂ ਲਿਆਉਣ ਲਈ ਸਿੰਘਾਂ ਨੂੰ ਕਰਤਾਰਪੁਰ ਭੇਜਿਆ। ਧੀਰ ਮਲੀਆਂ ਨੇ ਅੱਗੋਂ ਤਰਕ ਪੈਦਾ ਕਰ ਦਿੱਤੀ, ਕਹਿਣ ਲੱਗੇ ਕਿ ਜੇ ਤੁਸੀਂ ਧੰਨ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਨਾਨਕ ਦੇਵ ਗੁਰੂ ਅਰਜਨ ਦੇਵ ਜੀ ਦੀ ਜੋਤ ਸਮਝਦੇ ਹੋ ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪ ਗੁਰੂ ਅਰਜਨ ਦੇਵ ਜੀ ਵਾਂਗ ਕਿਉਂ ਨਹੀਂ ਸਾਰੀ ਬਾਣੀ ਆਪਣੇ ਕੰਠ 'ਚੋਂ ਉਚਾਰਨ ਕਰ ਲੈਂਦੇ। ਧੀਰ ਮਲੀਆਂ ਵੱਲੋਂ ਸਰੂਪ ਦੇਣ ਤੋਂ ਨਾਂਹ ਹੋਣ 'ਤੇ ਸਤਿਗੁਰੂ ਜੀ ਨੇ ਕਿਹਾ ਕਿ ਸਾਨੂੰ ਪਤਾ ਸੀ ਉਨ੍ਹਾਂ ਆਦਿ ਬੀੜ ਨਹੀਂ ਦੇਣੀ, ਪਰ ਆਪ ਸਭ ਦੀ ਸ਼ੰਕਾ ਦੂਰ ਕਰਨੀ ਵੀ ਜ਼ਰੂਰੀ ਸੀ। ਕਿ ਸ਼ਾਇਦ ਗੁਰੂ ਜੋਤੀ ਵਿਚ ਫ਼ਰਕ ਹੈ।

ਗੁਰੂ ਸਾਹਿਬ ਜੀ ਨੇ ਆਪ ਗੁਰਬਾਣੀ ਉਚਾਰਨ ਕਰਦਿਆਂ ਭਾਈ ਮਨੀ ਸਿੰਘ ਜੀ ਨੂੰ ਲਿਖਣ ਅਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਸੇਵਾ ਲਿਖਣ ਦਾ ਸਾਮਾਨ ਕਲਮਾਂ, ਸਿਆਹੀ ਅਤੇ ਕਾਗ਼ਜ਼ ਦਾ ਪ੍ਰਬੰਧ ਕਰਨ ਦੀ ਲਾਈ ਗਈ। ਗੁਰੂ ਸਾਹਿਬ ਜਦ ਬਾਣੀ ਲਿਖਵਾਉਣੀ ਆਰੰਭ ਕੀਤੀ। ਤਦ ਭਾਈ ਮਨੀ ਸਿੰਘ ਜੀ ਨੇ ਬਾਣੀ ਲਿਖਣ ਪ੍ਰਤੀ ਅਸਮਰਥਾ ਜਤਾਈ ਤਾਂ ਗੁਰੂ ਸਾਹਿਬ ਨੇ ਕਿਹਾ ਭਾਈ ਮਨੀ ਸਿੰਘਾਂ ਤੂ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦਾ ਧਿਆਨ ਧਰ ਕੇ ਅੰਗਾਂ 'ਤੇ ਕਲਮ ਰੱਖ ਤੇਰੀ ਕਮਲ ਅਗਾਮੀ ਚੱਲੇਗੀ। ਇੰਝ ਹੀ ਹੋਇਆ। ਸੋ ਗੁਰੂ ਸਾਹਿਬ ਜੀ ਨਿਤਾ ਪ੍ਰਤੀ ਤੰਬੂ ਵਿਚ ਬੈਠ ਕੇ ਗੁਰਬਾਣੀ ਉਚਾਰਦੇ, ਭਾਈ ਮਨੀ ਸਿੰਘ ਜੀ ਗੁਰਬਾਣੀ ਲਿਖਣ ਦੀ ਸੇਵੀ ਨਿਭਾਉਂਦੇ, ਤੇ ਸ਼ਾਮ ਨੂੰ ਗੁਰੂ ਸਾਹਿਬ ਉਚਾਰੀ ਹੋਈ ਬਾਣੀ ਦੇ ਅਰਥ ਸਾਰੇ ਸਿੰਘਾਂ ਨੂੰ ਸੁਣਾਉਂਦੇ। ਇਸ ਪ੍ਰਕਾਰ 9 ਮਹੀਨੇ 9 ਦਿਨ 9 ਘੜੀਆਂ 9 ਪਲਾਂ ਵਿਚ ਸੰਨ 1706ਈ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸਰੂਪ ਸੰਪੂਰਨ ਹੋਇਆ। ਇਸੇ ਵਕਤ ਹੀ ਅਰਥਾਂ ਦੀ ਟਕਸਾਲ ਆਰੰਭ ਹੋਈ। ਇੱਥੇ ਹੀ ਸਤਿਗੁਰਾਂ ਨੇ ਬਾਬਾ ਦੀਪ ਸਿੰਘ ਜੀ ਨੂੰ ਟਕਸਾਲ ਦਾ ਮੁਖੀ ਥਾਪਦਿਆਂ ਸੰਗਤ ਨੂੰ ਗੁਰਬਾਣੀ ਦਾ ਸ਼ੁੱਧ ਉਚਾਰਨ ਸਰਵਣ ਕਰਾਉਣ ਅਤੇ ਅਰਥ ਪੜ੍ਹਾਉਣ ਦੀ ਸੇਵਾ ਸੌਂਪੀ । ਗੁਰੂ ਸਾਹਿਬ ਨੇ ਫ਼ਰਮਾਇਆ ਕਿ ਭਾਈ ਦੀਪ ਸਿੰਘ ਜੀ ਜੇ ਧਰਮ ਦੀ ਰੱਖਿਆ ਕਰਦਿਆਂ ਤੁਹਾਡਾ ਸੀਸ ਧਰ ਨਾਲੋਂ ਅਲਹਿਦਾ ਵੀ ਹੋ ਗਿਆ, ਤੁਹਾਡੇ ਅਨੰਦ 'ਚ ਫ਼ਰਕ ਨਹੀਂ ਪਵੇਗਾ। ਜੋ ਅੱਗੇ ਚੱਲ ਕੇ ਸੱਚ ਸਾਬਤ ਹੋਇਆ। ਇੰਝ ਹੀ ਸਤਿਗੁਰੂ ਨੇ ਭਾਈ ਮਨੀ ਸਿੰਘ ਜੀ ਨੂੰ ਵੀ ਰਹਿਮਤਾਂ ਨਾਲ ਨਿਵਾਜਿਆ।

ਇਹ ਪਾਵਨ ਬੀੜ ਦਮਦਮਾ ਸਾਹਿਬ ਤਿਆਰ ਹੋਣ ਕਰਕੇ 'ਦਮਦਮੀ ਬੀੜ ਦੇ ਨਾਮ ਨਾਲ ਪ੍ਰਸਿੱਧ ਹੈ। ਇਸ ਮਹਾਨ ਕਾਰਜ ਨੂੰ ਨੇਪਰੇ ਚਾੜ੍ਹ ਕੇ ਦਸਮੇਸ਼ ਪਿਤਾ ਜੀ ਜਦੋਂ ਦੱਖਣ 'ਚ ਸ੍ਰੀ ਹਜ਼ੂਰ ਸਾਹਿਬ ਗਏ ਤਾਂ ਬਾਬਾ ਦੀਪ ਸਿੰਘ ਜੀ ਸ਼ਹੀਦ ਉਸ ਸਮੇਂ ਗੁਰੂ ਸਾਹਿਬ ਜੀ ਦੇ ਨਾਲ ਹੀ ਗਏ। ਜਿਸ ਸਮੇਂ ਗੁਰੂ ਸਾਹਿਬ ਜੀ ਨੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ 'ਤੇ ਸੁਸ਼ੋਭਿਤ ਕੀਤਾ, ਉਸ ਸਮੇਂ ਭਾਈ ਮਨੀ ਸਿੰਘ ਜੀ ਨੇ ਤਾਬਿਆ ਚੌਰ ਸਾਹਿਬ ਜੀ ਦੀ ਸੇਵਾ ਕੀਤੀ ਅਤੇ ਬਾਬਾ ਦੀਪ ਸਿੰਘ ਜੀ, ਪਿਆਰੇ ਧਰਮ ਸਿੰਘ ਜੀ, ਭਾਈ ਹਰਿ ਸਿੰਘ ਜੀ, ਭਾਈ ਸੰਤੋਖ ਸਿੰਘ ਜੀ, ਭਾਈ ਗੁਰਬਖ਼ਸ਼ ਸਿੰਘ ਸ਼ਹੀਦ ਜੀ ਨੂੰ ਦਸਮੇਸ਼ ਪਿਤਾ ਜੀ ਨੇ ਪੰਜਾਂ ਪਿਆਰਿਆਂ ਦੇ ਰੂਪ ਵਿਚ ਆਪਣੇ ਪਾਸ ਖੜ੍ਹੇ ਕਰਕੇ ਗੁਰਤਾ ਗੱਦੀ ਦਾ ਅਰਦਾਸਾ ਸੋਧਿਆ। ਬਾਬਾ ਜੀ ਉਸ ਵੇਲੇ ਪੰਜਾਂ ਪਿਆਰਿਆਂ ਵਿਚ ਵੀ ਸ਼ਾਮਿਲ ਸਨ। ਬਾਅਦ ਵਿਚ ਬਾਬਾ ਦੀਪ ਸਿੰਘ ਜੀ ਨੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਆਗਿਆ ਪਾ ਕੇ ਦਮਦਮਾ ਸਾਹਿਬ ਵਿਖੇ ਗੁਰਬਾਣੀ ਦਾ ਸ਼ੁੱਧ ਪਾਠ, ਗੁਰਬਾਣੀ ਦੀ ਵਿਆਖਿਆ, ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕੰਮ ਆਰੰਭ ਕਰ ਦਿੱਤਾ। ਸਵੇਰੇ ਸ਼ਾਮ ਗੁਰੂ ਕਾ ਲੰਗਰ ਅਤੁੱਟ ਵਰਤਦਾ, ਰਾਤ ਨੂੰ ਢਾਡੀ ਵਾਰਾਂ ਗਾਉਂਦੇ, ਸੰਗਤਾਂ ਵਿਚ ਬੀਰ ਰਸ ਦਾ ਉਤਸ਼ਾਹ ਭਰਿਆ ਜਾਂਦਾ। ਜਦੋਂ ਵੀ ਸਮਾਂ ਮਿਲਦਾ ਬਾਬਾ ਜੀ ਗੁਰਬਾਣੀ ਦੀਆਂ ਪੋਥੀਆਂ ਲਿਖ ਕੇ ਵੱਖ-ਵੱਖ ਸਥਾਨਾਂ ਤੇ ਭੇਜਦੇ। ਬਾਬਾ ਜੀ ਨੇ ਥੋੜ੍ਹੇ ਜਿਹੇ ਹੀ ਸਮੇਂ ਵਿਚ ਗੁਰਮਤਿ ਦਾ ਬੜਾ ਭਾਰੀ ਪ੍ਰਚਾਰ ਕੀਤਾ। ਗੁਰਦੁਆਰਾ ਸਾਹਿਬ ਵਿਖੇ ਇਕ ਖੂਹ ਲਗਵਾਇਆ, ਗੁਰਦੁਆਰਾ ਸਾਹਿਬ ਨੂੰ ਵੱਡਾ ਅਤੇ ਪੱਕਾ ਕਰਵਾ ਭਾਰੀ ਸੇਵਾ ਕੀਤੀ।

ਬਾਬਾ ਜੀ ਨੇ ਸੰਨ 1708 ਤੋਂ 1715 ਤਕ ਭਾਈ ਗੁਰਬਖ਼ਸ਼ ਸਿੰਘ ਜਿਸ ਨੂੰ ਅਸੀਂ ਸਾਰੇ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਮ ਨਾਲ ਜਾਣਦੇ ਹਾਂ ਦੀ ਹਰ ਯੁੱਧ ਅਤੇ ਹਰ ਮੁਹਿੰਮ ਵਿਚ ਸਹਾਇਤਾ ਕੀਤੀ। ਸਰਹੰਦ ਨੂੰ ਫ਼ਤਿਹ ਕਰਨ ਸਮੇਂ ਦਿਖਾਏ ਜੌਹਰ ਕਾਰਨ ਬਾਬਾ ਦੀਪ ਸਿੰਘ ਜੀ ਨੂੰ ਸ਼ਹੀਦ ਦਾ ਖ਼ਿਤਾਬ ਮਿਲਿਆ। ਜਦ ਬੰਦਾ ਸਿੰਘ ਬਹਾਦਰ ਅਨੰਦਪੁਰ ਸਾਹਿਬ ਆਏ ਤਾਂ ਬਾਬਾ ਜੀ ਵੀ ਉਨ੍ਹਾਂ ਨਾਲ ਤਿੰਨ ਮਹੀਨੇ ਰਹੇ। ਦੋਨੋਂ ਵਕਤ ਦੀਵਾਨ ਸਜਾਉਂਦੇ ਰਹੇ। ਬਾਬਾ ਬੰਦਾ ਸਿੰਘ ਬਹਾਦਰ ਬਾਬਾ ਜੀ ਦਾ ਬਹੁਤ ਸਤਿਕਾਰ ਕਰਿਆ ਕਰਦੇ ਸਨ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ 1716 ਈ: ਤੋਂ ਬਾਅਦ ਜਦ ਬੰਦਈ ਖ਼ਾਲਸਾ ਅਤੇ ਤੱਤ ਖ਼ਾਲਸੇ ਦਾ ਝਗੜਾ ਬਹੁਤ ਵਧ ਗਿਆ ਤਾਂ ਬਾਬਾ ਦੀਪ ਸਿੰਘ ਜੀ ਅਤੇ ਭਾਈ ਮਨੀ ਸਿੰਘ ਜੀ ਨੇ ਕਿਹਾ ਫ਼ੈਸਲਾ ਗੁਰੂ 'ਤੇ ਛੱਡ ਦਿਓ। ਦੋਹਾਂ ਧਿਰਾਂ ਨੇ ਤਜਵੀਜ਼ ਮੰਨ ਲਈ ਤੇ ਇਕ ਪਰਚੀ 'ਤੇ ਵਾਹਿਗੁਰੂ ਜੀ ਕਾ ਖ਼ੋਸਾ ਵਾਹਿਗੁਰੂ ਜੀ ਕੀ ਫ਼ਤਿਹ ਅਤੇ ਦੂਜੀ 'ਤੇ ਫ਼ਤਿਹ ਦਰਸ਼ਨ ਲਿਖ ਗੁਰੂ ਅੱਗੇ ਅਰਦਾਸ ਕਰਦਿਆਂ ਅੰਮ੍ਰਿਤ ਸਰੋਵਰ 'ਚ ਪਰਚੀਆਂ ਪਾ ਕੇ ਝਗੜਾ ਨਿਬੇੜਿਆ। ਇਸ ਸਮੇਂ ਦੇ 11 ਸਾਲਾਂ ਦੌਰਾਨ ਬਾਬਾ ਦੀਪ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਬੀੜਾਂ ਦਾ ਆਪਣੇ ਹੱਥੀਂ ਉਤਾਰਾ ਕੀਤਾ ਅਤੇ ਤਖ਼ਤ ਸਾਹਿਬਾਨਾਂ 'ਤੇ ਸੁਸ਼ੋਭਿਤ ਕਰਾਏ। ਆਪ ਜੀ ਅਰਬੀ ਫ਼ਾਰਸੀ ਦੇ ਵੀ ਵਿਦਵਾਨ ਸਨ ਸੋ ਆਪ ਜੀ ਨੇ ਅਰਬੀ ਭਾਸ਼ਾ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਉਤਾਰਾ ਕਰ ਕੇ ਅਰਬ ਦੇਸ਼ 'ਚ ਭਿਜਵਾਇਆ। ਅਰਬ ਦੇਸ਼ ਦੇ ਲੋਕ ਉਸ ਬੀੜ ਦਾ ਬਹੁਤ ਸਤਿਕਾਰ ਕਰਿਆ ਕਰਦੇ ਹਨ।

ਜਦ 1733 'ਚ ਜ਼ਕਰੀਆ ਖ਼ਾਨ ਵੱਲੋਂ ਦਿਲੀ ਦੇ ਬਾਦਸ਼ਾਹ ਦੀ ਮਨਜ਼ੂਰੀ ਨਾਲ ਸਿੰਘਾਂ ਨਾਲ ਸੁਲਾਹ ਕਰਨ ਲਈ ਭਾਈ ਸੁਬੇਗ ਸਿੰਘ ਰਾਹੀਂ ਨਵਾਬੀ ਦੀ ਖਿੱਲਤ (ਪੁਸ਼ਾਕ) ਅੰਮ੍ਰਿਤਸਰ ਭੇਜਿਆ ਗਿਆ, ਤਾਂ ਪੰਥ ਨੇ ਫ਼ੈਸਲਾ ਲੈ ਕੇ ਉਸ ਵਕਤ ਸੰਗਤਾਂ ਨੂੰ ਪੱਖਾ ਝੱਲ ਰਹੇ ਪੰਥ ਦੇ ਮਹਾਨ ਸੇਵਾਦਾਰ ਨਵਾਬ ਕਪੂਰ ਸਿੰਘ ਫੈਜ਼ਲਪੁਰੀਆ ਜੋ ਖ਼ਾਲਸੇ ਦੇ ਘੋੜਿਆਂ ਸੇਵਾ ਕਰਿਆ ਕਰਦੇ ਸਨ, ਨੂੰ ਨਵਾਬੀ ਦਿੱਤੀ ਗਈ, ਉਨ੍ਹਾਂ ਦੀ ਸ਼ਰਤ ਮੁਤਾਬਿਕ ਨਵਾਬੀ ਭੇਟਾ ਨੂੰ ਜਿਨ੍ਹਾਂ ਪੰਜ ਪਿਆਰਿਆਂ ਦੇ ਚਰਨਾਂ ਨਾਲ ਛੁਹਾਇਆ ਗਿਆ ਉਨ੍ਹਾਂ 'ਚ ਬਾਬਾ ਦੀਪ ਸਿੰਘ ਜੀ ਤੋਂ ਇਲਾਵਾ ਭਾਈ ਕਰਮ ਸਿੰਘ ਕਰਤਾਰ-ਪੁਰ ਵਾਲੇ, ਭਾਈ ਹੀਰਾ ਸਿੰਘ ਹਜ਼ੂਰੀਆ, ਭਾਈ ਬੁੱਧ ਸਿੰਘ ਸੁਕਰਚੱਕੀਆ (ਮਹਾਰਾਜਾ ਰਣਜੀਤ ਸਿੰਘ ਦਾ ਪੜਦਾਦਾ) ਤੇ ਭਾਈ ਜੱਸਾ ਸਿੰਘ ਰਾਮਗੜ੍ਹੀਆ ਵੀ ਸ਼ਾਮਿਲ ਸਨ। ਇਹ ਸਮਝੌਤਾ 1735 ਤਕ ਰਿਹਾ। ਉਪਰੰਤ ਸਿੰਘਾਂ ਨੂੰ ਅੰਮ੍ਰਿਤਸਰ ਛੱਡਣਾ ਪਿਆ। ਇਸੇ ਦੌਰਾਨ ਭਾਈ ਮਨੀ ਸਿੰਘ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ।

ਜਥੇਦਾਰ ਦੀਵਾਨ ਦਰਬਾਰਾ ਸਿੰਘ ਜੀ ਦੇ ਸੱਚਖੰਡ ਪਿਆਨੇ ਤੋਂ ਬਾਅਦ 1734 ਈ: 'ਚ ਸਮੇਂ ਦੀ ਲੋੜ ਮੁਤਾਬਿਕ ਤਰਨਾ ਦਲ ਅਤੇ ਬੁੱਢਾ ਦਲ ਦੇ ਰੂਪ 'ਚ ਜਥੇ ਬਣਾਏ ਗਏ। ਤਰਨਾ ਦਲ ਪੰਚ ਹਿੱਸਿਆਂ 'ਚ ਵੰਡਿਆ ਗਿਆ। ਇਕ ਜਥੇ



ਦਾ ਜਥੇਦਾਰ ਬਾਬਾ ਦੀਪ ਸਿੰਘ ਜੀ ਨੂੰ ਬਣਾਇਆ ਗਿਆ ਜਿਸ ਦੇ ਜਥੇ 'ਚ 2 ਹਜ਼ਾਰ ਘੋੜ ਸਵਾਰ ਹਰ ਸਮੇਂ ਤਿਆਰ ਬਰ ਤਿਆਰ ਰਹਿੰਦੇ ਸਨ।

ਜਦ 1740 'ਚ ਮਸੇ ਰੰਘੜ ਵੱਲੋਂ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ ਗਈ ਤਾਂ ਬਾਬਾ ਜੀ ਦੇ ਜਥੇ ਦੇ ਜਥੇਦਾਰ ਬਾਬਾ ਬੁੱਢਾ ਸਿੰਘ ਦੇ ਜਥੇ ਦੇ ਸਿੰਘ ਭਾਈ ਸੁਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਹੀ ਮਸੇ ਦਾ ਸਿਰ ਵੱਢ ਕੇ ਬਾਬਾ ਜੀ ਅੱਗੇ ਲਿਆ ਪੇਸ਼ ਕੀਤਾ।

1748 'ਚ ਅੰਮ੍ਰਿਤਸਰ ਵਿਖੇ ਸਰਬੱਤ ਖ਼ਾਲਸਾ ਵਿਚ ਸਿੱਖਾਂ ਦੇ ਵੱਖ ਵੱਖ 65 ਵੱਡੇ ਛੋਟੇ ਜਥਿਆਂ ਨੂੰ 12 ਵੱਡੇ ਜਥਿਆਂ - ਮਿਸਲਾਂ ਵਿਚ ਸੰਗਠਿਤ ਕਰ ਦਿੱਤਾ ਗਿਆ ਤੇ ਰਾਖੀ ਪ੍ਰਣਾਲੀ ਲਾਗੂ ਕਰ ਦਿੱਤੀ ਗਈ। ਜਿਸ ਤਹਿਤ ਸਿੰਘਾਂ ਦੇ ਜਥੇ ਰਾਖੀ ਵਾਲੇ ਪਿੰਡਾਂ ਦੀ ਜਾਨ ਮਾਲ ਦੀ ਰਾਖੀ ਕਰਿਆ ਕਰਦੇ ਸਨ। ਮਿਸਲ ਸ਼ਹੀਦਾਂ ਦੇ ਪ੍ਰਥਮ ਮੁਖੀ ਬਾਬਾ ਦੀਪ ਸਿੰਘ ਜੀ ਨੂੰ ਬਣਾਇਆ ਗਿਆ।

18 ਵੀਂ ਸਦੀ ਦੌਰਾਨ ਵਿਦੇਸ਼ੀ ਹਮਲਾਵਰ ਅਫ਼ਗ਼ਾਨ ਧਾੜਵੀਆਂ ਨੇ ਭਾਰਤ ਨੂੰ ਖ਼ੂਬ ਲੁੱਟਿਆ । ਉਸ ਸਮੇਂ ਸਿੱਖ ਹੀ ਸਨ ਜਿਨ੍ਹਾਂ ਨੇ ਇਨ੍ਹਾਂ ਅਫ਼ਗ਼ਾਨ ਧਾੜਵੀਆਂ ਦਾ ਮੁਕਾਬਲਾ ਕਰਦਿਆਂ ਭਾਰਤ ਦਾ ਲੁੱਟਿਆ ਬਹੁ-ਕੀਮਤੀ ਮਾਲ-ਅਸਬਾਬ ਹੀ ਨਾ ਕੇਵਲ ਵਾਪਸ ਖੋਹ ਲਿਆ ਜਾਂਦਾ ਰਿਹਾ । ਸਗੋਂ ਗ਼ਜ਼ਨੀ ਦੇ ਬਜ਼ਾਰਾਂ 'ਚ ਮੁੱਲ ਵੱਟਣ ਲਈ ਲੈ ਜਾਈਆਂ ਜਾ ਰਹੀਆਂ ਹਿੰਦ ਦੀਆਂ ਬਹੂ ਬੇਟੀਆਂ ਨੂੰ ਅਫ਼ਗ਼ਾਨੀਆਂ ਤੋਂ ਛੁਡਵਾ ਕੇ ਘਰੋ-ਘਰੀਂ ਭੇਜੀਆਂ ਜਾਂਦੀਆਂ ਰਹੀਆਂ।

1757 ਵਿਚ ਜਦੋਂ ਅਹਿਮਦ ਸ਼ਾਹ ਅਬਦਾਲੀ ਦਿੱਲੀ, ਆਗਰਾ, ਮਥੁਰਾ ਤੋਂ ਲੁੱਟ-ਮਾਰ ਦੀ ਧਨ ਦੌਲਤ ਅਤੇ ਬੇਕਸੂਰ ਨੌਜਵਾਨ ਲੜਕੀਆਂ ਨੂੰ ਬੰਦੀ ਬਣਾ ਕੇ ਅਫ਼ਗ਼ਾਨਿਸਤਾਨ ਲਿਜਾ ਰਿਹਾ ਸੀ ਤਾਂ ਬਾਬਾ ਦੀਪ ਸਿੰਘ ਜੀ ਦੇ ਜਥੇ ਨੇ ਹਮਲਾ ਬੋਲ ਕੇ ਲੁੱਟਿਆ ਹੋਇਆ ਖ਼ਜ਼ਾਨਾ ਅਤੇ ਲੜਕੀਆਂ ਨੂੰ ਛਡਾ ਲਿਆ। ਜਿਸ ਕਰਕੇ ਅਬਦਾਲੀ ਹੋਰ ਗ਼ੁੱਸੇ ਵਿਚ ਆ ਗਿਆ ਤੇ ਸਿਖਾ ਦਾ ਸਖ਼ਤ ਵਿਰੋਧੀ ਬਣ ਗਿਆ ਅਤੇ ਸਿੱਖਾਂ ਨੂੰ ਖ਼ਤਮ ਕਰਨ 'ਤੇ ਤੁੱਲ ਗਿਆ। ਉਸ ਨੇ ਬੇਟਾ ਤੈਮੂਰ ਨੂੰ ਲਾਹੌਰ ਦਾ ਗਵਰਨਰ ਬਣਾ ਦਿੱਤਾ ਅਤੇ ਜਨਰਲ ਜਹਾਨ ਖ਼ਾਨ ਅਧੀਨ 10000 ਫ਼ੌਜ ਛੱਡ ਕੇ ਆਪ ਵਾਪਸ ਕਾਬਲ ਚਲਾ ਗਿਆ ਅਤੇ ਫ਼ਰਮਾਨ ਜਾਰੀ ਕਰ ਦਿੱਤਾ ਕਿ ਅੰਮ੍ਰਿਤਸਰ ਸ਼ਹਿਰ ਤੇ ਦਰਬਾਰ ਸਾਹਿਬ ਦੋਹਾਂ ਨੂੰ ਤਹਿਸ-ਨਹਿਸ ਕਰ ਦਿੱਤਾ ਜਾਵੇ। ਹੁਕਮ ਦੀ ਤਾਮੀਲ ਹੁੰਦਿਆਂ ਹੀ ਹਰਮਿੰਦਰ ਸਾਹਿਬ ਦੀ ਬੇਅਦਬੀ ਸ਼ੁਰੂ ਹੋ ਗਈ। ਖ਼ਬਰ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਨਿਵਾਸ ਕਰ ਰਹੇ ਬਾਬਾ ਦੀਪ ਸਿੰਘ ਜੀ ਨੂੰ ਮਿਲੀ ਤਾਂ ਉਹ ਕਰੋਧ ਵਿਚ ਆ ਗਏ। *(ਬਾਕੀ ਹਿਸਾ ਅਗਲੇ ਹਫਤੇ ਪੜ੍ਹੋ)*

22 ਨਵੰਬਰ ਨੂੰ ਬਰਸੀ 'ਤੇ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

# ਸੰਘਰਸ਼ਸ਼ੀਲ ਆਗੂ ਸਨ ਮਾਸਟਰ ਤਾਰਾ ਸਿੰਘ

20ਵੀਂ ਸਦੀ ਦੇ ਉਘੇ ਸਿੱਖ ਆਗੂਆਂ ਵਿੱਚੋਂ ਇਕ ਸਨ, ਮਾਸਟਰ ਤਾਰਾ ਸਿੰਘ। ਜਿਨ੍ਹਾਂ ਸਮੁੱਚਾ ਜੀਵਨ ਸ਼੍ਰੋਮਣੀ ਅਕਾਲੀ ਦਲ ਅਤੇ ਦੇਸ਼ ਵਿਚ ਵੱਸਦੇ ਸਮੁੱਚੇ ਸਿੱਖ-ਹਿੱਤਾਂ ਦੇ ਵੱਡੇ ਹਿੱਤਾਂ ਲਈ ਸੰਘਰਸ਼ ਕੀਤਾ। ਮਾਸਟਰ ਜੀ ਦਾ ਜਨਮ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਜ਼ਿਲ੍ਹਾ ਰਾਵਲਪਿੰਡੀ ਦੇ ਹਰਿਆਲ ਪਿੰਡ ਵਿਚ ਪਿਤਾ ਬਖ਼ਸ਼ੀ ਮੂਲ ਚੰਦ ਮਲਹੋਤਰਾ (ਜੋ ਕਿੱਤੇ ਵਜੋਂ ਪਟਵਾਰੀ ਸਨ) ਅਤੇ ਮਾਤਾ ਮੂਲਾਂ ਦੇਵੀ ਦੇ ਗ੍ਰਹਿ 24 ਜੂਨ, 1885 ਈ: ਨੂੰ ਹੋਇਆ। ਮਾਸਟਰ ਜੀ ਦਾ ਪਹਿਲਾ ਨਾਂਅ ਨਾਨਕ ਚੰਦ ਸੀ, ਪਰ ਸਿੰਘ ਸਭਾ ਲਹਿਰ ਅਤੇ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਦੇ ਪ੍ਰਭਾਵ ਵਿੱਚ 1902 ਈ: ਵਿੱਚ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਹੁਣ ਆਪ ਨਾਨਕ ਚੰਦ ਤੋਂ ਤਾਰਾ ਸਿੰਘ ਬਣ ਗਏ। ਮੁੱਢਲੀ ਸਿੱਖਿਆ ਉਨ੍ਹਾਂ ਪਿੰਡ ਦੇ ਮਦਰੱਸੇ ਤੋਂ ਪ੍ਰਾਪਤ ਕੀਤੀ। ਮਾਸਟਰ ਜੀ ਨੇ ਉਚ ਸਿੱਖਿਆ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਇਥੋਂ ਗੈਜੂਏਸ਼ਨ ਕਰਨ ਤੋਂ ਪਿੱਛੋਂ ਲਾਹੌਰ ਤੋਂ ਬੀ.ਟੀ. ਪਾਸ ਕੀਤੀ। ਟੀਚਰ ਟ੍ਰੇਨਿੰਗ ਲਈ ਬੈਚੂਲਰ ਦੀ ਡਿਗਰੀ ਪ੍ਰਾਪਤ ਹੋਣ ਤੋਂ ਬਾਅਦ ਮਾਸਟਰ ਤਾਰਾ ਸਿੰਘ ਖ਼ਾਲਸਾ ਹਾਈ ਸਕੂਲ ਦੇ ਹੈਡਮਾਸਟਰ ਵਜੋਂ ਨਿਯੁਕਤ ਹੋਏ।

ਗੁਰਦੁਆਰਾ ਸੁਧਾਰ ਲਹਿਰ ਅਜਿਹੀ ਲਹਿਰ ਸੀ, ਜਿਸ ਦਾ ਅਸਰ ਹਰ ਸਿੱਖ ਨੌਜਵਾਨ ਨੇ ਕਬੂਲ ਕੀਤਾ। ਮਾਸਟਰ ਜੀ ਵੀ ਇਸ ਲਹਿਰ ਵਿੱਚ ਕੁੱਦ ਪਏ। ਛੇਤੀ ਹੀ ਅੰਗ੍ਰੇਜ਼ ਹਕੂਮਤ ਨੇ ਬਾਕੀ ਅਕਾਲੀ ਆਗੂਆਂ ਵਾਂਗ ਮਾਸਟਰ ਜੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਜਦੋਂ ਬਾਕੀ ਲੀਡਰਾਂ ਨਾਲ ਮਾਸਟਰ ਜੀ ਜੇਲ੍ਹ ਤੋਂ ਬਾਹਰ ਆਏ, ਉਸ ਸਮੇਂ ਅੰਗ੍ਰੇਜ਼ ਸਰਕਾਰ ਵੱਲੋਂ ਗੁਰਦੁਆਰਾ ਐਕਟ-1925 ਈ: ਵਿੱਚ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਲਈ ਲਾਗੂ ਕੀਤਾ। ਅਕਾਲੀ ਦਲ ਨੂੰ ਇਸੇ ਐਕਟ ਨੇ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਮਾਸਟਰ ਜੀ ਦੂਜੇ ਧੜੇ ਨਾਲ ਜੁੜ ਗਏ। ਜਿਹੜਾ ਧੜਾ ਇਸ ਐਕਟ ਨੂੰ ਮੰਨਣ ਤੋਂ ਇਨਕਾਰੀ ਸੀ। ਜਦੋਂ 1926 ਈ: ਵਿੱਚ ਦੂਜੇ ਧੜੇ ਦੇ ਆਗੂ ਜੇਲ੍ਹ ਵਿੱਚੋਂ ਬਾਹਰ ਆਏ ਤਾਂ ਆਪ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣਾਇਆ ਗਿਆ। ਇਸ ਤੋਂ ਪਿੱਛੋਂ ਸਮੇਂ-ਸਮੇਂ ਮਾਸਟਰ ਜੀ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਆਪਣੇ ਫਰਜ਼ ਨਿਭਾਉਂਦੇ ਰਹੇ।

ਦੇਸ਼ ਦੀ ਵੰਡ ਤੋਂ ਬਾਅਦ ਫ਼ਰਵਰੀ, 1949 ਈ: ਵਿੱਚ ਜਦੋਂ ਦਿੱਲੀ ਵਿੱਚ ਆਪ ਅਕਾਲੀ ਕਾਨਫਰੰਸ ਵਿੱਚ ਹਿੱਸਾ ਲੈਣ ਜਾ ਰਹੇ ਸਨ ਤਾਂ ਅਜ਼ਾਦ ਦੇਸ਼ ਵਿੱਚ ਦਿੱਲੀ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਨਰੇਲਾ ਸਟੇਸ਼ਨ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਰਿਹਾਈ ਤੋਂ ਪਿੱਛੋਂ ਆਪ ਨੇ ਭਾਸ਼ਾ 'ਤੇ ਆਧਾਰਿਤ ਪੰਜਾਬੀ ਸੂਬੇ ਲਈ ਸੰਘਰਸ਼ ਦਾ ਐਲਾਨ ਕਰ ਦਿੱਤਾ। 1960 ਈ: ਵਿੱਚ ਹੋਈਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਮਾਸਟਰ ਜੀ ਦੀ ਅਗਵਾਈ ਵਿੱਚ ਅਕਾਲੀ ਦਲ ਨੇ 140 ਸੀਟਾਂ ਵਿੱਚੋਂ 136 ਸੀਟਾਂ ਅਕਾਲੀ ਦਲ ਲਈ ਜਿੱਤੀਆਂ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। ਛੇਤੀ ਹੀ ਪ੍ਰਧਾਨਗੀ ਛੱਡ ਕੇ ਪੰਜਾਬੀ ਸੂਬੇ ਦੇ ਅੰਦੋਲਨ ਨੂੰ ਸ਼ੁਰੂ ਕਰ ਦਿੱਤਾ।

ਅੰਮ੍ਰਿਤਸਰ ਵਿੱਚ ਪੰਜਾਬੀ ਸੂਬਾ ਕਨਵੈਨਸ਼ਨ ਵਿੱਚ ਪੰਜਾਬੀ ਸੂਬਾ ਬਣਾਉਣ ਲਈ ਮਤਾ ਪਾਸ ਕਰਵਾਇਆ। ਦਿੱਲੀ ਵਿੱਚ ਪ੍ਰਭਾਵਸ਼ਾਲੀ ਜਲੂਸ ਕੱਢਣ ਦਾ ਐਲਾਨ ਕੀਤਾ। ਇਸ ਜਲੂਸ ਵਿੱਚ ਸ਼ਾਮਿਲ ਹੋਣ ਤੋਂ ਪਹਿਲਾਂ ਮਾਸਟਰ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਰ ਗ੍ਰਿਫ਼ਤਾਰੀ ਪਿੱਛੋਂ ਸਿੱਖਾਂ ਨੇ ਪੰਜਾਬੀ ਸੂਬੇ ਦੀ ਮੰਗ ਲਈ ਸ਼ਾਨਦਾਰ ਜਲੂਸ ਕੱਢਿਆ। 4 ਜਨਵਰੀ, 1961 ਈ: ਨੂੰ ਰਿਹਾਅ ਹੋ ਕੇ ਸੰਤ ਬਾਬਾ ਫਤਹਿ ਸਿੰਘ ਵੱਲੋਂ ਸ਼ੁਰੂ ਕੀਤਾ ਮਰਨ ਵਰਤ ਖੁੱਲ੍ਹਵਾਇਆ।

ਮਾਸਟਰ ਜੀ ਵੱਲੋਂ ਸੱਚਾ ਢੰਡੋਰਾ ਅਤੇ ਪ੍ਰਦੇਸੀ ਖ਼ਾਲਸਾ ਸਪਤਾਹਿਕ ਮੈਗਜ਼ੀਨ ਵੀ ਸ਼ੁਰੂ ਕੀਤੇ ਗਏ, ਜੋ ਪਿੱਛੋਂ ਜਾ ਕੇ ਅਕਾਲੀ



ਮਾਸਟਰ ਤਾਰਾ ਸਿੰਘ

ਅਖ਼ਬਾਰ ਦੇ ਰੂਪ ਵਿੱਚ ਬਦਲ ਗਏ। 1961 ਈ: ਵਿੱਚ ਜਥੇਦਾਰ ਅਖ਼ਬਾਰ ਛੱਪਣਾ ਸ਼ੁਰੂ ਹੋਇਆ। ਉਰਦੂ ਵਿੱਚ ਪੰਥਕ ਹਿੱਤਾਂ ਲਈ ਅਤੇ ਮਹਾਸ਼ਾ ਪ੍ਰੈਸ ਦੇ ਜਵਾਬ ਲਈ ਪ੍ਰਭਾਤ ਅਖ਼ਬਾਰ ਵੀ ਕੱਢਿਆ। 1946 ਈ: ਵਿੱਚ ਆਪ ਜੀ ਵੱਲੋਂ ਸ਼ੁਰੂ ਕੀਤਾ ਗਿਆ ਸੰਤ ਸਿਪਾਹੀ ਮਾਸਿਕ ਪੱਤਰ ਹੁਣ ਤੱਕ ਛੱਪ ਰਿਹਾ ਹੈ। ਮਾਸਟਰ ਤਾਰਾ ਸਿੰਘ ਅਜਿਹੀ ਸ਼ਖ਼ਸੀਅਤ ਸਨ, ਜਿਨ੍ਹਾਂ ਦਾ ਪੂਰਾ ਜੀਵਨ ਸਿੱਖ ਹਿੱਤਾਂ ਲਈ ਸੰਘਰਸ਼ ਕਰਦਿਆਂ ਬੀਤਿਆ। ਮਾਸਟਰ ਜੀ ਆਪਣੇ ਲੱਖਾਂ ਸਨੇਹੀਆਂ ਤੇ ਪਿਆਰਿਆਂ ਨੂੰ 22 ਨਵੰਬਰ, 1967 ਈ: ਨੂੰ ਸਦੀਵੀ ਵਿਛੋੜਾ ਦੇ ਗਏ। ਅੱਜ ਕੇਵਲ ਉਨ੍ਹਾਂ ਦੀ ਯਾਦ ਹੀ ਬਾਕੀ ਹੈ।

# ਵਿਨੀਪੈਗ ਵਿਚ ਗੁਰਦੁਆਰੇ ਦੀ ਗੋਲਕ 'ਚੋਂ 20 ਲੱਖ ਡਾਲਰ ਦੀ ਲੁੱਟ




ਵਿਨੀਪੈਗ: ਵਿਨੀਪੈਗ ਦੇ ਗੁਰਦੁਆਰਾ ਕਲਗੀਧਰ ਦਰਬਾਰ ਵਿਚ 2011 ਤੋਂ 2024 ਤਕ ਗ੍ਰੰਥੀ ਸਿੰਘ ਵਜੋਂ ਸੇਵਾਵਾਂ ਨਿਭਾਉਣ ਵਾਲੇ ਸੁਖਵਿੰਦਰ ਸਿੰਘ ਨੇ ਇਕ ਹਜ਼ਾਰ ਡਾਲਰ ਪ੍ਰਤੀ ਮਹੀਨਾ ਤਨਖ਼ਾਹ ਹੋਣ ਦੇ ਬਾਵਜੂਦ 3.32 ਲੱਖ ਡਾਲਰ ਮੁੱਲ ਵਾਲਾ ਘਰ ਬਗ਼ੈਰ ਕਰਜ਼ੇ ਤੋਂ ਖਰੀਦ ਲਿਆ। ਗੁਰਦੁਆਰਾ ਸਾਹਿਬ ਵਿਚ ਉਸ ਦੀ ਰਿਹਾਇਸ਼ ਵਾਲੇ ਕਮਰੇ ਵਿਚੋਂ 4.10 ਲੱਖ ਡਾਲਰ ਤੋਂ ਵਧ ਰਕਮ ਵੱਖਰੇ ਤੌਰ ਤੇ ਬਰਾਮਦ ਕੀਤੀ ਗਈ। ਇਸ ਗ੍ਰੰਥੀ ਸਿੰਘ ਵਲੋਂ ਗੁਰਦੁਆਰਾ ਸਾਹਿਬ ਦੀ ਗੋਲਕ ਵਿਚੋਂ 20 ਲੱਖ ਡਾਲਰ ਲੁੱਟਣ ਦਾ ਕਥਿਤ ਮਾਮਲਾ ਸਾਹ-ਮਣੇ ਆਇਆ ਹੈ ਅਤੇ ਅਦਾਲਤ ਵਲੋਂ ਬੇਹਿਸਾਬੀ ਜਾਇਦਾਦ ਦਾ ਹਿਸਾਬ-ਕਿਤਾਬ ਪੇਸ਼ ਕਰਨ ਦੇ ਹੁਕਮ ਦਿਤੇ ਗਏ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਸਿਆ ਕਿ ਫ਼ਰਵਰੀ 2024 ਵਿਚ ਸੁਖਵਿੰਦਰ ਸਿੰਘ ਦੀ ਤਨਖ਼ਾਹ ਇਕ ਹਜ਼ਾਰ ਡਾਲਰ ਪ੍ਰਤੀ ਮਹੀਨਾ ਤੋਂ ਵਧਾ ਕੇ 1500 ਡਾਲਰ ਮਹੀਨਾ ਕੀਤੀ ਗਈ। ਸੀਮਤ ਤਨਖਾਹ ਦੇ ਬਾਵਜੂਦ ਲੱਖਾਂ ਡਾਲਰ ਦੀ ਬਰਾਮਦਗੀ ਬਾਰੇ ਅਦਾਲਤ ਨੇ ਸਪਸ਼ਟੀਕਰਨ ਮੰਗਿਆ ਤਾਂ ਸੁਖਵਿੰਦਰ ਸਿੰਘ ਦੇ ਵਕੀਲ ਸਟੀਵਨ ਬਰੇਨ ਵਲੋਂ ਮੋਹਲਤ ਦੀ ਮੰਗ ਕੀਤੀ ਗਈ ਪਰ ਰਾਹਤ ਨਾ ਮਿਲ ਸਕੀ।

## ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ ਧਾਰਮਿਕ ਸੇਵਾਦਾਰ ਦੀ ਲੋੜ ਹੈ

ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਡਰਬੀ ਵਿਖੇ ਇਕ ਗਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਲੋੜ ਹੈ ਜੋ ਇਸ ਸੇਵਾ ਦੇ ਨਾਲ ਹੇਠ ਲਿਖੀਆਂ ਸੇਵਾਵਾਂ ਕਰ ਸਕਦਾ ਹੋਵੇ ।

## Job Advertisement Sikh Religious Worker

**Position:** Sikh Religious Worker
**Location:** Guru Arjan Dev Ji Gurdwara, Derby, UK
**Type:** Full-time
**Salary:** National Minimum Wage
**Start Date:** ASAP

**The successful candidate will assist the current Priest/Minister of Religion with their duties in:**

- Daily Prayers such as Nitnem and Asa Di Vaar.
- Doing Chaur Sahib and setting Rumala Sahibs.
- Amritvela and Sandhiya Vela Divaans.
- Preparing and distributing Degh (Karah Parshad) in accordance with Sikh Maryada.
- Conducting religious ceremonies such as Akhand Path, Anand Karaj and Antim Sanskaar.
- Delivering Katha and Kirtan during Divaans and ceremonies.
- Working closely with the Gurdwara Management Committee and Sevadaars to promote community engagement, seva, and participation in religious programmes.

**Essential Requirements:**

- Amritdhari and uphold Sikh Rehat Maryada in both personal and professional life.
- Fluency in Punjabi (Gurmukhi).
- Previous experience as a Sikh Religious Worker. Applicants must be able to provide references.
- Must be willing to work flexible hours, including evenings and weekends.

**Desirable Qualities :**– Ability to deliver Katha in English.

**Please apply with your CV'S and full details to :**
**Email:info@gadgderby.co.uk**
**Closing Date: 24 November 2025**

**GURU ARJAN DEV GURDWARA SAHIB**
**STANHOPE STREET, DERBY, DE23 6QJ, U.K.**

# ਗੁਰੂ ਬੈਠਾ ਅਮਰੁ ਸਰੂਪ ਹੋਇ

– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



## ਕਿਸ਼ਤ–15

ਇਸ ਘਟਨਾ ਬਾਬਤ ਗੁਰੂ ਰਾਮਦਾਸ ਸਾਹਿਬ ਜੀ ਦਾ ਬਚਨ ਹੋਇਆ:

ਸਤਿਗੁਰ ਕੀ ਸਤਿਗੁਰਿ ਦਿਤੀ
ਧੁਰਹੁ ਹੁਕਮੁ ਨੀਸਾਣੁ॥
ਪੁਤੀ ਜਵਾਈ ਸਕੀ ਅਗਹੁ
ਪਿਛਹੁ ਟੋਲਿ ਡਿਠਹੁ ਲਾਹਿਓ
ਸਭਨਾ ਕੈ ਮਨਹੁ ਗੁਮਾਣੁ॥
ਗੁ.ਗ੍ਰੰ.ਸਾ. ਪੰਨਾ 853

ਭਾਈ ਨੰਦ ਲਾਲ ਗੋਯਾ ਜੀ ਦਾ ਬਚਨ ਹੈ:
ਸਦ ਕਾਰ ਕਰਦਾ ਈਂ ਕਿ ਨਿਆਇਦ ਬਕਾਰ-ਇ ਤੋ (ਤੂੰ ਸੈਂਕੜੇ ਕੰਮ ਕਰਦਾ ਹੈਂ ਜੋ ਤੇਰੇ ਕਿਸੇ ਕੰਮ ਨਹੀਂ ਆਉਂਦੇ) 'ਗੋਯਾ' ਬ ਕੁਨ ਕਿ ਬਾਜ਼ ਆਇਦ ਬ ਕਾਰ-ਇ ਉਮਰ।(ਗੋਇਆ! ਤੂੰ ਐਸੇ ਕੰਮ ਕਰ ਜੋ ਫਿਰ ਵੀ, ਤੇਰੀ ਉਮਰ ਦੇ ਕੰਮ ਆਉਣ) ਗ਼ਜ਼ਲ 37 ਦੀਵਾਨ-ਇ ਗੋਯਾ

### ਭਾਈ ਬੁੱਢਾ ਜੀ ਆਉਣਾ

ਦਾਤੂ ਜਾ ਚੁੱਕੇ ਸਨ ਜਦੋਂ ਸਾਹਿਬ ਜੀ ਦੀ ਘੋੜੀ ਵਾਪਸ ਪਰਤੀ। ਵੇਖ ਕੇ ਸੰਗਤ ਨੂੰ ਕੁਝ ਸਮਝ ਤਾਂ ਆਈ ਕਿ ਪਾਤਸ਼ਾਹ ਘੋੜੀ 'ਤੇ ਸਵਾਰ ਹੋ ਕੇ ਕਿਧਰੇ ਦੂਰ ਚਲੇ ਗਏ ਹਨ ਜਿਥੋਂ ਘੋੜੀ ਨੂੰ ਮੁੜਦਿਆਂ ਰਾਤ ਪੈ ਗਈ ਹੈ ਪਰ, ਦੂਰ ਕਿਥੇ? ਘੋੜੀ ਕੋਲੋਂ ਕਿਵੇਂ ਪੁੱਛਿਆ ਜਾਏ? ਪ੍ਰੇਸ਼ਾਨ ਹੋਏ ਬੈਠਿਆਂ ਨੂੰ ਕੁਝ ਸੁੱਝ ਨਹੀਂ ਰਿਹਾ ਸੀ ਤਾਂ ਇਹ ਵਿਚਾਰ ਆਇਆ ਕਿ ਗੁਰੂ ਨਾਨਕ ਸਾਹਿਬ ਦੇ ਨਿਵਾਜ਼ੇ ਭਾਈ ਬੁੱਢਾ ਜੀ ਨੂੰ ਸਵੇਰੇ ਖ਼ਬਰ ਕੀਤੀ ਜਾਵੇ, ਤਾਂ ਜੁ ਰਲ ਕੇ ਕੋਈ ਰਾਹ ਕੱਢਿਆ ਜਾਵੇ। ਗੁਰੂ ਅਮਰਦਾਸ ਪਾਤਸ਼ਾਹ ਜੀ ਦੇ ਨਿਜੀ ਸੇਵਾਦਾਰ ਭਾਈ ਬੱਲੂ ਜੀ ਨੇ ਇਸ ਕੰਮ ਲਈ ਭਾਈ ਪਾਰੋ ਨੂੰ ਆਖਿਆ ਅਰ ਉਹ 'ਸਤਿ ਬਚਨ' ਕਹਿ ਸਵੇਰੇ ਮੂੰਹ-ਨ੍ਹੇਰੇ ਭਾਈ ਬੁੱਢਾ ਜੀ ਦੇ ਪਿੰਡ ਕੱਥੂਨੰਗਲ ਨੂੰ ਰਵਾਨਾ ਹੋ ਗਏ। ਘੋੜੀ 'ਤੇ ਸਵਾਰ ਹੋਏ, 65 ਕਿਲੋਮੀਟਰ ਦਾ ਸਫ਼ਰ ਕਰ ਕੇ ਭਾਈ ਪਾਰੋ ਚੰਗੇ ਹਨ੍ਹੇਰੇ ਭਾਈ ਸਾਹਿਬ ਜੀ ਨੂੰ ਜਾ ਮਿਲੇ। ਹੋਏ ਬਖੇੜੇ ਦੀ ਸਾਰੀ ਖ਼ਬਰ ਸਾਂਝੀ ਕਰ ਕੇ ਸੰਗਤਾਂ ਦੇ ਫ਼ਿਕਰ ਤੋਂ ਵੀ ਜਾਣੂੰ ਕਰਵਾਇਆ ਕਿ ਸੰਗਤਾਂ ਦੀ ਇੱਛਾ ਹੈ ਕਿ ਆਪ ਜੀ ਜਲਦੀ ਗੋਇੰਦਵਾਲ ਪਹੁੰਚੋ ਤਾਂ ਕਿ ਗੁਰੂ ਸਾਹਿਬ ਦਾ ਪਤਾ ਲਾਇਆ ਜਾ ਸੱਕੇ। ਇਹ ਬਚਨ ਸੁਣ ਕੇ ਭਾਈ ਬੁੱਢਾ ਜੀ ਨੇ ਸੰਮਤੀ ਪ੍ਰਗਟ ਕਰਦਿਆਂ ਆਖਿਆ,

'ਤੁਸੀਂ ਸਫ਼ਰ ਤੋਂ ਆਏ ਹੋ, ਹੁਣ ਭੋਜਨ ਛਕ ਕੇ ਆਰਾਮ ਕਰੋ, ਆਪਾਂ ਸਵੇਰੇ ਗੋਇੰਦਵਾਲ ਸਾਹਿਬ ਚਲਾਂਗੇ'।

ਅਗਲੀ ਰਾਤ ਨੂੰ ਇਹ ਦੋਵੇਂ ਸਿਦਕੀ ਸਿੱਖ ਗੋਇੰਦਵਾਲ ਆ ਪਹੁੰਚੇ। ਸਾਰੇ ਸਿੱਖ ਫਿਰ ਜੁੜ ਬੈਠੇ ਅਰ ਲੱਗੇ ਤਰਕੀਬਾਂ ਵਿਚਾਰਨ। ਭਾਈ ਬੁੱਢਾ ਜੀ ਨੇ ਆਖਿਆ,

'ਹਜ਼ੂਰ ਦੀ ਘੋੜੀ ਬੜਾ ਸਿਆਣਾ ਜਾਨਵਰ ਹੈ, ਕਿਉਂ ਨ ਆਪਾਂ ਸਵੇਰੇ ਅਰਦਾਸ ਕਰ ਕੇ ਘੋੜੀ ਨੂੰ ਅੱਗੇ ਲਾ ਕੇ ਸਾਰੇ ਪਿੱਛੇ ਚੱਲੀਏ? ਮੇਰਾ ਭਰੋਸਾ ਹੈ ਕਿ ਇਹ ਜ਼ਰੂਰ ਸਾਨੂੰ ਆਪਣੇ ਸਵਾਰ ਗੁਰੂ ਪਾਤਸ਼ਾਹ ਤੱਕ ਲੈ ਜਾਵੇਗੀ'।

ਹੋਰ ਕੋਈ ਹੱਲ ਨਾ ਹੁੰਦਾ ਜਾਣ ਕੇ ਸਾਰਿਆਂ ਨੇ ਇਸ ਤਰਕੀਬ ਨੂੰ ਪ੍ਰਵਾਨ ਕਰ ਲਿਆ। ਅਗਲੀ ਭਲਕ ਘੋੜੀ ਨੂੰ ਇਸ਼ਨਾਨ ਕਰਵਾਇਆ ਅਰ ਸਾਜ਼-ਬਾਜ਼ ਨਾਲ ਪੂਰਾ ਤਿਆਰ ਕਰ ਲੈਣ ਉਪਰੰਤ ਸਾਰੇ ਤਿਆਰ ਹੋ ਕੇ ਗੁਰੂ ਸਾਹਿਬ ਜੀ ਦੇ ਚੁਬਾਰੇ ਵਿਚ ਆਏ ਜਿਥੇ ਭਾਈ ਸਾਹਿਬ ਜੀ ਦੀ ਅਗਵਾਈ ਵਿਚ ਸਾਰਿਆਂ ਨੇ ਹਜ਼ੂਰ ਦੇ ਚਰਨਾਂ ਵਿਚ ਬੜੀ ਆਜਿਜ਼ੀ ਨਾਲ ਅਰਦਾਸ ਕੀਤੀ। ਘੋੜੀ ਨੂੰ ਖੋਲ੍ਹ ਕੇ ਅਗੇ ਤੋਰ ਲਿਆ ਅਰ ਆਪ ਸਾਰੇ ਪਿੱਛੇ-ਪਿੱਛੇ ਰਲ ਕੇ ਸ਼ਬਦ ਪੜ੍ਹਦੇ ਤੁਰਨ ਲਗੇ।

ਸਾਡੀ ਜਾਚੇ, ਕਾਰਜ ਤਾਂ ਪ੍ਰਭੂ-ਪਾਤਸ਼ਾਹ ਆਪ ਹੀ ਸਭ ਕੁਝ ਕਰਨ ਵਾਲੇ ਹਨ, ਮਨੁੱਖਾਂ ਦੀ ਕੀ ਬਾਤ ਹੈ ਪਰ, ਸਤਿਗੁਰਾਂ ਹੀ ਸਾਨੂੰ ਇਸ ਰਾਹ ਤੋਰਿਆ ਹੈ ਕਿ ਜਦੋਂ ਕੋਈ ਅਜੇਹਾ ਸਮਾਂ ਆ ਬਣੇ ਤਾਂ ਸੰਗਤੀ ਅਰਦਾਸ ਕੀਤੀ ਜਾਵੇ। ਬਾਬਾ ਬੁੱਢਾ, ਭਾਈ ਪਾਰੋ, ਭਾਈ ਬੱਲੂ ਅਰ ਭਾਈ ਜੇਠਾ ਜੀ ਆਦਿ ਸਭ ਗੁਰੂ ਕੀਆਂ ਬਖ਼ਸ਼ਿਸ਼ਾਂ ਪ੍ਰਾਪਤ ਸ਼ਖ਼ਸੀਅਤਾਂ ਸਨ ਜੋ ਪੰਚਮ ਪਾਤਸ਼ਾਹ ਜੀ ਦੇ ਬਚਨ 'ਜੋ ਹੋਆ ਹੋਵਤ ਸੋ ਜਾਨੈ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ'॥ ਦੀ ਅਵਸਥਾ ਪ੍ਰਾਪਤ ਮੰਨੀਆਂ ਜਾਂਦੀਆਂ ਹਨ ਪਰ, ਇਹ ਸਭ ਕਰਤਾਰੀ ਰਜ਼ਾ ਦੀ ਸੇਧ ਵਿਚ ਰਹਿ ਕੇ ਚਲਣ ਵਾਲੀਆਂ ਸਨ। ਸੰਗਤ ਵਿਚ ਗੁਰੂ-ਪਰਮੇਸ਼ੁਰ ਦਾ ਨਿਵਾਸ ਹੈ ਅਰ ਸੰਗਤੀ ਅਰਦਾਸ ਉਪਰੰਤ ਫਿਰ ਜਿਸ ਪਾਸੇ ਚੱਲਿਆ ਜਾਂਦਾ ਹੈ, ਸਤਿਗੁਰੂ ਆਪ ਹੀ ਸਫ਼ਲਤਾ ਬਖ਼ਸ਼ਦੇ ਹਨ।

### ਗੁ. ਸੰਨ੍ਹ ਸਾਹਿਬ

ਘੋੜੀ ਸਹਜ ਚਾਲ ਚਲਦੀ ਬਾਸਰ ਕੇ ਕੋਠੜੀ ਕੋਲ ਆਣ ਪਹੁੰਚੀ ਅਰ, ਨਾਲ ਹੀ ਸੰਗਤ ਵੀ। ਸਾਰਿਆਂ ਬੰਦ ਕੋਠੜੀ ਦੁਆਲੇ ਘੁੰਮ ਕੇ ਵੇਖਿਆ ਤਾਂ ਬੰਦ ਦਰਵਾਜ਼ੇ 'ਤੇ ਲਿਖਿਆ ਨਜ਼ਰ ਪਿਆ -ਜੋ ਦਰਵਾਜ਼ਾ ਖੋਲ੍ਹੇਗਾ ਸਾਡਾ ਸਿੱਖ ਨਹੀਂ-। ਸਾਰੇ ਠਠੰਬਰ ਗਏ। ਹੱਥ-ਲਿਖਤ ਤੋਂ ਇਹ ਤਾਂ ਜਾਣ ਲਿਆ ਕਿ ਗੁਰਦੇਵ ਜੀ ਇਥੇ ਹਨ ਪਰ ਇਸ ਆਗਿਆ ਦਾ ਉਲੰਘਣ ਕਿਵੇਂ ਸੰਭਵ ਹੈ? ਵਿਚਾਰਣ ਉਪਰੰਤ ਭਾਈ ਬੁੱਢਾ ਸਾਹਿਬ ਨੇ ਆਖਿਆ,

'ਹੈ ਤਾਂ ਉਲੰਘਣ ਹੀ, ਪਰ ਗੁਰੂ ਸਾਹਿਬ ਬਖ਼ਸ਼ਿੰਦ ਨੇ। ਉਨ੍ਹਾਂ ਦਰਵਾਜ਼ਾ ਨਾ ਖੋਲ੍ਹਣ ਦਾ ਹੁਕਮ ਦਿੱਤਾ ਹੈ ਜੋ ਅਸੀਂ ਨਹੀਂ ਖੋਲ੍ਹਦੇ ਪਰ ਸੰਗਤ ਦਰਸ਼ਨਾਂ ਲਈ ਪਿਛਲੇ ਪਾਸਿਓਂ ਸੰਨ੍ਹ ਤਾਂ ਲਾ ਸਕਦੀ ਏ? ਸਾਨੂੰ ਸਾਹਿਬ ਜੀ ਦੇ ਦਰਸ਼ਨ ਹੋ ਜਾਣ, ਜੇ ਇਸ ਲਈ ਸਾਡੇ ਨਾਲ ਨਾਰਾਜ਼ ਵੀ ਹੋਏ ਤਾਂ ਗੁਰੂ ਕੀ ਨਾਰਾਜ਼ਗੀ ਮੈਂ ਆਪਣੇ ਸਿਰ ਲੈ ਲਵਾਂਗਾ'।

ਇਹ ਸੁਣ ਕੇ ਸੰਗਤ ਨੇ ਸਹਿਮਤੀ ਵਿਚ ਸਿਰ ਨਿਵਾਇਆ।ਭਾਈ ਸਾਹਿਬ ਨੇ ਬਾਸਰ ਕੇ ਤੋਂ ਲੋਹੇ ਦਾ ਕੱਦਾਲ (ਤਿੱਖੀ ਨੋਕ ਵਾਲਾ) ਮੰਗਵਾਇਆ ਅਰ ਇਕ ਦੋ ਸਿੱਖਾਂ ਨੂੰ ਨਾਲ ਲੈ ਕੇ ਕੋਠੜੀ ਦੇ ਪਿਛਲੇ ਪਾਸੇ ਜਾ ਕੇ ਜ਼ਮੀਨ ਤੋਂ ਥੋੜਾ ਜਿਹਾ ਉੱਚਾ ਕੰਧ ਨੂੰ ਪਾੜਿਆ। ਤਕਰੀਬਨ ਡੇਢ-ਦੋ ਫੁਟ ਲੰਬਾ ਚੌੜਾ ਸੰਨ੍ਹ ਬਣਾ ਕੇ ਭਾਈ ਬੁੱਢਾ ਜੀ ਅੰਦਰ ਦਾਖ਼ਲ ਹੋਏ ਤਾਂ ਸਾਹਿਬ ਜੀ ਦੇ ਦਰਸ਼ਨ ਹੋਏ। ਉਨ੍ਹਾਂ ਦੇਖ ਕੇ ਕਿਹਾ,

'ਬੁੱਢਿਆ! ਜਦ ਵਰਜਿਆ ਸੀ ਤਾਂ ਇਹ ਕਿਉਂ ਕੀਤਾ'? ਭਾਈ ਸਾਹਿਬ ਹੱਥ ਜੋੜ ਕੇ ਕਹਿਣ ਲੱਗੇ,

'ਸੰਗਤ ਵਾਸਤੇ ਜੋ ਬਾਹਰ ਖੜੀ ਆਪ ਜੀ ਦੇ ਦਰਸ਼ਨਾਂ ਨੂੰ ਤਰਸ ਰਹੀ ਏ, ਖਿਮਾ ਕਰੋ ਗੁਰਦੇਵ!!! ਆਪ ਦੇ ਹੁਕਮ ਅਨੁਸਾਰ ਕਿਸੇ ਸਿੱਖ ਦਰਵਾਜ਼ਾ ਨਹੀਂ ਖੋਲ੍ਹਿਆ'। ਭਾਈ ਸਾਹਿਬ ਦੀ ਇਹ ਜੁਗਤਿ ਸੁਣ ਕੇ ਪਾਤਸ਼ਾਹ ਮੁਸਕਰਾ ਪਏ, ਫ਼ੁਰਮਾਇਆ,

'ਚੰਗਾ ਹੁਣ ਦਰਵਾਜ਼ਾ ਖੋਲ੍ਹੋ ਅਰ ਸਾਰਿਆਂ ਨੂੰ ਸੱਦ ਲਵੋ, ਗੁਰੂ ਕੀਆਂ ਖ਼ੁਸ਼ੀਆਂ'!

ਹੁਕਮ ਅਨੁਸਾਰ ਦਰਵਾਜ਼ਾ ਖੋਲ੍ਹ ਦਿੱਤਾ ਗਿਆ। ਸੰਗਤਾਂ ਜਦੋਂ ਅੰਦਰ ਆ ਕੇ ਦਰਸ਼ਨ ਕਰ ਕੇ ਬੈਠ ਗਈਆਂ ਤਾਂ ਪਾਤਸ਼ਾਹ ਜੀ ਨੇ ਕਿਹਾ,

'ਭਾਈ! ਅਸੀਂ ਗੁਰੂ ਪਾਤਸ਼ਾਹ ਜੀ ਦੇ ਹੁਕਮ ਨਾਲ ਸੇਵਾ ਨਿਭਾਅ ਰਹੇ ਸਾਂ ਪਰ, ਗੁਰੂ ਕੇ ਸਾਹਿਬਜ਼ਾਦਾ ਜੀ ਨੂੰ ਚੰਗਾ ਨਹੀਂ ਲੱਗਾ ਅਰ ਹੁਣ ਸਿੰਘਾਸਣ 'ਤੇ ਆ ਬੈਠੇ ਹਨ। ਅਸੀਂ ਆਪਸ ਵਿਚ ਝਗੜਾ ਨਹੀਂ ਕਰਨਾ, ਇਸ ਲਈ ਸਾਨੂੰ ਇਥੇ ਇਕਾਂਤ ਵਿਚ ਬੈਠੇ ਰਹਿਣ ਦਿਉ'। ਇਹ ਸੁਣ ਕੇ ਭਾਈ ਪਾਰੋ ਜੀ ਨੇ ਕਿਹਾ,

'ਗੁਰਦੇਵ ਜੀ! ਇਸ ਸਿੰਘਾਸਣ 'ਤੇ ਆਪ ਜੀ ਨੂੰ ਦੂਜੇ ਪਾਤਸ਼ਾਹ ਜੀ ਨੇ ਬੈਠਾਇਆ ਹੈ ਅਰ ਆਪ ਹੀ ਬੈਠੋਗੇ। ਗੁਰੂ-ਬਾਬਾ ਜੀ ਦੇ ਬਚਨ -ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ-। ਜੇ ਦੂਜੇ ਪਾਤਸ਼ਾਹ ਜੀ ਦੀ ਦ੍ਰਿਸ਼ਟੀ ਵਿਚ ਆਪ ਜੀ ਤੋਂ ਵਧੇਰੇ ਕੋਈ ਹੋਰ ਲਾਇਕ ਹੁੰਦਾ ਤਾਂ ਓਦੋਂ ਹੀ ਉਹ ਉਸ ਨੂੰ ਸੇਵਾ ਬਖ਼ਸ਼ ਦੇਂਦੇ। ਇਸ ਸੇਵਾ ਉੱਪਰ ਕਿਸੇ ਦਾਅਵਾ ਨਹੀਂ''। ਭਾਈ ਬੱਲੂ ਬੋਲੇ,

'ਪਾਤਸ਼ਾਹ ਜੀ! ਸੰਗਤ ਨੇ ਆਪ-ਹੁਦਰੇ ਦਾਤੂ ਨੂੰ ਮੂੰਹ ਨਹੀਂ ਲਾਇਆ ਜਿਸ ਕਰ ਕੇ ਉਹ ਦੋ ਦਿਨ ਪਹਿਲਾਂ ਚਲਾ ਗਿਆ ਸੀ, ਸਾਰੀ ਸੰਗਤ ਆਪ ਜੀ ਦੀ ਭਾਲ ਵਿਚ ਫ਼ਿਕਰਮੰਦ ਹੈ, ਦਰਸ਼ਨ ਬਖ਼ਸ਼ ਕੇ ਆਪਣੀ ਸੰਗਤ ਨੂੰ ਨਿਹਾਲ ਕਰੋ। ਭਾਈ ਬੁੱਢੇ ਦਾ ਬੜਾ ਉਪਕਾਰ ਹੈ ਜਿਨਾਂ ਆਸਰੇ ਸੰਗਤ ਨੇ ਆਪ ਜੀ ਨੂੰ ਲੱਭਿਆ ਹੈ'। ਆਈ ਸੰਗਤ ਨੇ ਭਾਈ ਪਾਰੋ ਅਰ ਭਾਈ ਬੱਲੂ ਜੀ ਹੋਰਾਂ ਦੇ ਆਖੇ ਦੀ ਪ੍ਰੋੜਤਾ ਕੀਤੀ। ਸਤਿਗੁਰਾਂ ਨੇ ਪਿਆਰ ਸਹਿਤ ਸਭਨਾਂ ਵੱਲ ਤੱਕਿਆ ਅਰ ਮਹਾਂ-ਕਵੀ ਜੀ ਅਨੁਸਾਰ ਭਾਈ ਬੁੱਢਾ ਜੀ ਬਾਰੇ ਬਚਨ ਕੀਤਾ:

ਇਹ ਸੰਗਤ ਕੋ ਬੋਹਿਥ ਭਾਰਾ (ਇਹ ਸੰਗਤ ਲਈ ਗੁਰੂ ਕਾ ਜਹਾਜ਼ ਜਾਣੋ)।
ਭਉਜਲ ਤੇ ਕਰਿ ਹੈ ਨਿਸਤਾਰਾ (ਜੋ ਗੁਰੂ ਨਾਲ ਮਿਲਾ ਕੇ ਪਾਰ-ਉਤਾਰੇ ਦਾ ਵਸੀਲਾ ਹੈ)।
ਸਿੱਖੀ ਅਵਧਿ, ਨ ਇਸ ਤੇ ਪਰੈ (ਇਹ ਮਹਾਨ ਗੁਰਸਿਖ ਹੈ)।
ਨਾਮ ਲਿਏ ਗਨ ਬਿਘਨ ਸੁ ਹਿਰੈ (ਇਸ ਨੂੰ ਯਾਦ ਕਰਦਿਆਂ ਹੀ ਔਕੜ ਦੂਰ ਹੋ ਜਾਂਦੀ ਹੈ)।42॥


ਗੁਰੂ ਅਮਰਦਾਸ ਪਾਤਸ਼ਾਹ ਜੀ

ਇੰਨੇ ਬਚਨ ਕਰਦੇ ਆਪ ਜੀ ਉੱਠ ਖੜੇ ਹੋਏ। ਨਾਲ ਲਿਆਂਦੀ ਗੁਰੂ ਸਾਹਿਬ ਦੀ ਘੋੜੀ, ਤਿਆਰ ਖੜੀ ਸੀ, ਹਜ਼ੂਰ ਉਸ 'ਤੇ ਸੁਆਰ ਹੋਏ ਅਰ ਸਾਰੀ ਸੰਗਤ ਨਾਲ ਰਲ ਕੇ ਹਨ੍ਹੇਰਾ ਪੈਂਦੇ ਗੋਇੰਦਵਾਲ ਸਾਹਿਬ ਆ ਪਹੁੰਚੇ। ਭਾਈ ਜੇਠਾ ਜੀ, ਪ੍ਰਵਾਰ ਅਤੇ ਹੋਰ ਸੰਗਤਾਂ ਨੇ ਆ ਨਮਸ਼ਕਾਰ ਕੀਤੀ। ਉਸ ਰਾਤ ਚਾਅ ਨਾਲ ਸੰਗਤਾਂ ਨੇ ਘਿਉ ਦੇ ਦੀਵੇ ਬਾਲ ਕੇ ਖ਼ੁਸ਼ੀ ਮਨਾਈ।

ਹੋਰ ਇਤਿਹਾਸਕ ਹਵਾਲੇ:
ਚਲਿ ਆਏ ਇਮਿ ਗੋਇੰਦਵਾਲ
(ਇਉਂ ਗੋਇੰਦਵਾਲ ਸਾਹਿਬ ਪਹੁੰਚੇ)।
ਸਭ ਨੇ ਉਤਸ਼ਵ ਕੀਨਿ ਬਿਸਾਲ
(ਸਾਰਿਆਂ ਨੇ ਬਹੁਤ ਚਾਅ ਕੀਤਾ)।
ਦੀਪਮਾਲ ਸਗਲੇ ਪੁਰਿ ਹੋਈ
(ਸਾਰੇ ਨਗਰ ਵਾਸੀਆਂ ਦੀਵੇ ਜਗਾਏ)।
ਦਰਸ਼ਨ ਕਹੁ ਆਏ ਸਭ ਕੋਈ (ਅਰ ਸਾਰੇ ਦਰਸ਼ਨਾਂ ਲਈ ਆਏ)।47॥36॥ ਰਾਸ 1

ਓਹੋ ਸਾਮਾਨ ਵਾਹਿਗੁਰੂ ਦੇ ਕੀਰਤਨ ਦੇ ਤੇ ਨਾਮ ਉਚਾਰ ਦੇ ਮੰਗਲ ਫੇਰ ਗੋਇੰਦਵਾਲ ਵਿਚ ਹੋਣ ਲਗ ਪਏ। ਭਾਈ ਬੁੱਢਾ ਜੀ ਕੁਝ ਦਿਨ ਰਹਿ ਕੇ ਆਗਿਆ ਲੈ ਕੇ ਆਪਣੇ ਘਰ ਗਏ। ਸੰਗਤਾਂ ਦੂਰੋਂ ਦੂਰੋਂ ਦਰਸ਼ਨਾਂ ਨੂੰ ਆਉਣ ਲਗ ਪਈਆਂ। ਦਾਤੂ ਜੀ ਆਪਣੀ ਬੇਅਦਬੀ ਤੇ ਪ੍ਰਯੋਜਨ ਦੀ ਅਸਫ਼ਲਤਾ ਤੋਂ ਘਰੇ ਹੀ ਟਿਕੇ ਰਹੇ ਤੇ ਲਾਜ ਨੇ ਫੇਰ ਨਹੀਂ ਕੁਝ ਕਰਨ ਦਿਤਾ। ਜੇ ਕਦੇ ਫੁਰਨਾ ਜਾ ਕੇ ਬਖ਼ਸ਼ਾਉਣ ਦਾ ਹੁੰਦਾ ਬੀ ਤਾਂ ਲੋਕ ਲਾਜ ਰੋਕ ਲੈਂਦੀ। ਗੁ.ਚ. ਭਾਈ ਵੀਰ ਸਿੰਘ

ਬਾਸਰ ਕੇ ਦੇ ਨੇੜੇ ਜਿਸ ਕੋਠੜੀ ਵਿਚ ਗੁਰੂ ਅਮਰਦਾਸ ਜੀ ਆ ਕੇ ਠਹਿਰੇ ਸਨ ਸਮਾਂ ਪਾ ਕੇ ਸੰਗਤ ਨੇ ਓਥੇ ਸ਼ਾਨਦਾਰ ਸਥਾਨ ਤਿਆਰ ਕਰ ਦਿੱਤਾ ਜਿਸ ਦਾ ਸ਼ੁਭ ਨਾਮ ਗੁਰਦੁਆਰਾ ਸੰਨ੍ਹ ਸਾਹਿਬ ਹੈ। ਸੰਗਤਾਂ ਆ ਕੇ ਦਰਸ਼ਨ ਕਰਦੀਆਂ ਹਨ।

ਚਲਦਾ...

**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**
ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।
01332 372 851
07966 388 388

**ਲੜੀਵਾਰ ਨਾਵਲ**



**ਸ਼ਿਵਚਰਨ ਜੱਗੀ (ਕੁੱਸਾ)**

**ਫੋਨ : 07853 317 891**

Email: jaggikussa@yahoo.de

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ 49**

# ਇੱਕ ਮੇਰੀ ਅੱਖ ਕਾਸ਼ਣੀ...

**ਉਹ ਧੀ ਵੱਲ ਦੇਖ ਕੇ ਅਥਾਹ ਦੁਖੀ ਹੋ ਗਿਆ। ਉਸ ਦੀ ਚੁਲਬੁਲੀ ਧੀ ਦੋ ਹਫ਼ਤਿਆਂ ਵਿੱਚ ਹੀ ਸੁੱਬੀ 'ਚ ਬੰਨ੍ਹਣ ਵਾਲ਼ੀ ਹੋ ਗਈ ਸੀ। ਬਾਪ ਸੀ, ਧੀ ਨਾਲ਼ ਖੁੱਲ੍ਹ ਕੇ ਕੋਈ ਗੱਲ ਨਹੀਂ ਕਰ ਸਕਦਾ ਸੀ। ਪਰ ਪੁੱਛਣਾ ਉਹ ਬਹੁਤ ਕੁਛ ਚਾਹੁੰਦਾ ਸੀ। ਪਰ ਭਾਰਤੀ ਸੱਭਿਆਚਾਰ ਉਸ ਦੇ ਹੱਥ ਅਤੇ ਮੂੰਹ ਬੰਨ੍ਹੀਂ ਬੈਠਾ ਸੀ। ਇਸ ਤੋਂ ਇਲਾਵਾ ਧੀ-ਬਾਪ ਦੇ ਰਿਸ਼ਤੇ ਦਾ ਬੰਧਨ ਵੀ ਉਸ ਦੀ ਜ਼ੁਬਾਨ ਨੂੰ ਕੁੰਡਾ ਮਾਰੀ ਬੈਠਾ ਸੀ। ਸਭ ਦੇ ਜ਼ੁਬਾਨਾਂ ਲੱਗੀਆਂ ਹੋਣ ਦੇ ਬਾਵਜੂਦ ਵੀ ਸਾਰੇ ਗੂੰਗੇ-ਬੋਲ਼ੇ ਬਣੇ ਬੈਠੇ ਸਨ। ਜਿਵੇਂ ਸਾਰੇ ਇੱਕ ਦੂਜੇ ਨਾਲ਼ ਗੁੱਸੇ ਸਨ। ਜਿਵੇਂ ਸਾਰੇ ਇੱਕ ਦੂਜੇ ਨਾਲ਼ ਰੁੱਸੇ ਹੋਏ ਸਨ। ਘਰ ਦੇ ਮਾਹੌਲ ਨੂੰ ਜਿਵੇਂ ਸਕਤਾ ਮਾਰ ਗਿਆ ਸੀ।**

## ਕਾਂਡ 22

-"ਉਹ ਬਹੂ ਰਾਣੀ ਦੇ ਕੈਨੇਡਾ ਦੇ ਪੇਪਰ ਬਗੈਰਾ ਬਣਾਉਣ ਵਿੱਚ ਭੱਜਿਆ ਫਿਰਦੈ...। ਆਜੂ ਆਥਣ ਤੱਕ ਵਾਪਸ..!" ਆਖ ਕੇ ਬਘੇਲ ਸਿਉਂ ਨੇ ਕੋਕੇ ਜੜ ਦਿੱਤੇ ਅਤੇ ਸਭ ਦੀ ਤਸੱਲੀ ਕਰਵਾ ਦਿੱਤੀ।

-"ਚੱਲੀਏ ਰਾਠੌਰ ਸਾਅਬ...?" ਖਹਿਰਾ ਬੋਲਿਆ।

-"ਬੇਟੀ ਨੂੰ ਮਿਲ ਲਈਏ...?"

-"ਅਜੇ ਬੇਟੀ ਨੂੰ ਸੁਡੇਸ਼ਨ ਬਗੈਰਾ ਦਿੱਤੇ ਨੇ..। ਇੱਕ ਦੋ ਦਿਨ ਉਡੀਕ ਕਰ ਲਓ, ਪਰਸੋਂ ਤੱਕ ਬਿਲਕੁਲ ਨੌਂ-ਬਰ-ਨੌਂ ਹੋ ਜਾਊਗੀ, ਆ ਕੇ ਮਿਲ ਲੈਣਾ, ਮੇਰੀ ਰਿਕੁਐਸਟ ਐ...! ਜਿੰਨਾਂ ਬੇਟੀ ਨੂੰ ਆਰਾਮ ਮਿਲੇਗਾ, ਉਤਨੀ ਜਲਦੀ ਰਿਕਵਰੀ ਹੋਵੇਗੀ..। ਪਲੀਜ਼..!"

ਖਹਿਰੇ ਹੋਰੀਂ ਵਿਦਾਅ ਹੋ ਗਏ।

ਬਘੇਲ ਸਿਉਂ ਤਾੜੀ ਮਾਰ ਕੇ ਹੱਸਿਆ।

-"ਮੈਂ ਜਿਉਂਦੇ ਨਾਗ ਦੇ ਸਿਰ 'ਚੋਂ ਮਣੀ ਕੱਢਲਾਂ, ਇਹ ਅਫ਼ਸਰ ਜੇ ਕਿਹੜੇ ਬਾਗ ਦੀ ਮੂਲ਼ੀ ਐ..? ਮੇਰੇ ਸਾਹਮਣੇ ਸਭ ਫੇਲ੍ਹ..। ਔਰ ਹਮ ਤੋ ਹਮ ਹੈਂ...! ਹਮ ਕੋਈ ਨਹੀਂ ਬਣ ਸਕਦਾ..!" ਉਹ ਫ਼ਿਰ ਤਾੜੀ ਮਾਰ ਕੇ ਹੱਸਿਆ ਅਤੇ ਬਾਹਰ ਨਿਕਲ ਗਿਆ।

-"ਮੇਰੀ ਬੇਬੇ ਕਹਿੰਦੀ ਹੁੰਦੀ ਸੀ; ਪੁੱਤ, ਰੋਟੀ ਖਾਈਏ ਸ਼ੱਕਰ ਨਾਲ਼, ਤੇ ਦੁਨੀਆਂ ਲੁੱਟੀਏ ਮੱਕਰ ਨਾਲ਼...। ਮੇਰੇ ਨਾਲ਼ੋਂ ਵੱਧ ਮੱਕਰ ਕਿਸ ਨੂੰ ਆਉਂਦੇ ਆ...? ਜੇ ਮੱਕਰਾਂ ਵਾਸਤੇ ਕੋਈ ਮੈਡਲ਼ ਬਣਿਆਂ ਹੁੰਦਾ, ਮੈਨੂੰ ਤਾਂ ਸਾਲ਼ਾ ਗੋਲਡ ਮੈਡਲ਼ ਮਿਲਣਾ ਸੀ...! ਓਏ ਵਾਹ ਓਏ ਤੇਰੇ ਬਘੇਲ ਸਿਆਂ...! ਪਹਿਲਾਂ ਤੂੰ ਕਬੂਤਰਬਾਜ਼ੀ 'ਚੋਂ ਹੱਥ ਰੰਗੇ, ਤੇ ਫ਼ੇਰ ਤੂੰ ਅਮਰੀਕਾ ਨੂੰ ਚੱਲਦੇ ਨੇ ਡਰੱਗ ਢੋਹੀ ਤੇ ਅੰਨ੍ਹਾਂ ਨਾਅਵਾਂ ਕਮਾਇਆ, ਫ਼ੇਰ ਟਰੱਕ ਮਾਲਕਾਂ ਦੀ ਅਹੀ-ਤਹੀ ਫੇਰੀ ਤੇ ਵਗਦੀ ਗੰਗਾ 'ਚ ਹੱਥ ਧੋਤੇ...। ਡਾਲਰਾਂ 'ਚ ਕਰੋੜਾਂਪਤੀ ਬਣਿਆਂ ਬੈਠੈਂ, ਟੁੰਕ ਨੂੰ 'ਚੁੰਚ' ਤੇ ਰੱਬ ਨੂੰ 'ਟੱਬ' ਦੱਸੀਦੈ...!" ਉਹ ਆਪਣੇ ਆਪ ਨਾਲ਼ ਗੱਲਾਂ ਕਰਦਾ ਮੁੜ ਉਚੀ-ਉਚੀ ਹੱਸਿਆ। ਉਸ ਦਾ 'ਸੇਵਾਦਾਰ' ਮੱਖਣ ਆ ਗਿਆ।

-"ਤੂੰ ਕਿੱਧਰ ਰੇਵੀਏ ਪੈ ਗਿਆ ਸੀ ਓਏ ਨਲ਼ੀਚੋਚਲ਼ਾ...?"

-"ਮੈਂ ਜੀ ਆਬਦੇ ਕੱਪੜੇ ਚੱਕਣ ਚਲਿਆ ਗਿਆ ਸੀ, ਬਾਹਲ਼ੇ ਗੰਦੇ ਹੋਏ ਪਏ ਸੀ..।"

-"ਕੱਪੜਿਆਂ ਨੂੰ ਸਾਲ਼ਿਆ ਤੂੰ ਮੁਕਲਾਵੇ ਜਾਣਾ ਸੀ...? ਕੱਪੜੇ ਤਾਂ ਤੇਰਾ ਬਹਾਨੈ, ਸਰਦਾ ਤੇਰਾ ਤੇਰੀ ਘਰਆਲ਼ੀ ਬਿਨਾ ਨੀ..! ਬੰਦਾ ਬਣਜਾ, ਲੋਕ ਤਾਂ ਸੱਤਾਂ ਪੱਤਣਾਂ ਦੇ ਤਾਰੂ ਹੁੰਦੇ ਐ, ਤੇ ਮੈਂ ਸੱਤਰਾਂ ਪੱਤਣਾਂ ਦਾ ਤਾਰੂ ਐਂ...! ਜਾਹ ਚਾਹ ਫੜ ਕੇ ਲਿਆ...!"

-"ਲਿਆਇਆ ਜੀ...!" ਡਰਦਾ ਉਹ ਪੱਤੇ ਤੋੜ ਗਿਆ। ਜਾਂਦਾ-ਜਾਂਦਾ ਮੱਖਣ ਸੋਚੀਂ ਪਿਆ ਹੋਇਆ ਸੀ..। ... ਇਹਦਾ ਮੁੰਡਾ ਤਾਂ ਸਾਲਾਂ ਪੀ ਕੇ ਘੋਗੜ ਬਣਿਆਂ ਪਿਆ ਸੀ, ਫੇਰ ਬਹੂ ਨੂੰ ਕੀਹਨੇ ਫੱਟੜ ਕਰਤਾ...? ਓਸ ਰਾਤ ਇਹਨੇ ਬੋਕ ਨੇ ਉਹਨੂੰ ਪੀਣ ਵਾਸਤੇ ਕੋਕ ਦੀ ਬੋਤਲ ਭੇਜੀ ਸੀ, ਕਿਤੇ ਉਸ ਬੋਤਲ ਵਿੱਚ ਤਾਂ ਨੀ ਕੋਈ 'ਕਾਣ' ਸੀ...? ਦੁੱਧ ਧੋਤਾ ਮੈਨੂੰ ਇਹ ਵੀ ਨੀ ਲੱਗਦਾ...। ਪੂਰਾ ਕੁੱਤੇ ਦਾ ਸਾਲ਼ੈ...। ਅੱਖ ਸਾਲ਼ੇ ਦੀ ਇੱਲ੍ਹ ਅਰਗੀ ਐ...। ਸੌ ਨੌਸਰਬਾਜ਼ ਮਰੇ, ਤਾਂ ਇਹਦੇ ਅਰਗਾ ਇੱਕ ਜੰਮਦੈ...। ਮੈਨੂੰ ਲੱਗਦੈ ਦਾਲ਼ 'ਚ ਕੁਛ ਕਾਲ਼ੈ ਮੱਖਣ ਸਿਆਂ...! ਊਠ ਦੇ ਢਿੱਡ 'ਚ ਸਾਰੀਆਂ ਦਾਤਣਾਂ ਹੁੰਦੀਐਂ, ਮੈਨੂੰ ਲੱਗਦੈ ਸਾਰਾ ਕਾਂਡ ਇਸ ਬੋਕ ਦਾ ਕੀਤਾ ਵਿਐ, ਤੇ ਹੁਣ ਬਣਿਆਂ ਬੈਠੈ ਮਹਾਤਮਾਂ ਬੁੱਧ ਭੈਣ ਦੀ ਚਰਖੀ ਦੇਣਾ...।

ਸੋਚਾਂ ਵਿੱਚ ਉਲਝਿਆ ਉਹ ਚਾਹ ਵਾਲ਼ੇ ਹੋਟਲ 'ਤੇ ਪਹੁੰਚ ਗਿਆ।

-"ਇੱਕ ਕੱਪ ਚਾਹ ਬਾਈ...!"

-"ਤੇਰੇ ਬੌਸ ਵਾਸਤੇ...?" ਹੋਟਲ ਵਾਲ਼ੇ ਨੇ ਵਿਅੰਗ ਨਾਲ਼ ਪੁੱਛਿਆ।

-"ਹਾਂ...!"

-"ਬਿਨਾ ਮਿੱਠੇ ਤੋਂ...?"

-"ਹਾਂ, ਬਿਨਾ ਮਿੱਠੇ ਤੋਂ...।"

-"ਮੈਨੂੰ ਇੱਕ ਗੱਲ ਦੀ ਸਮਝ ਨੀ ਆਈ ਜੁਆਨਾਂ...!"

-"ਕਿਹੜੀ ਦੀ...?"

-"ਤੇਰਾ ਬੌਸ ਚਾਹ ਤਾਂ ਬਿਨਾਂ ਮਿੱਠੇ ਤੋਂ ਪੀਂਦੈ, ਪਰ ਦਾਰੂ ਦਾ ਆਥਣੇ ਕੈਨ ਪੀ ਜਾਂਦੈ, ਉਹਦੇ 'ਚ ਖੰਡ ਹੈਨ੍ਹੀ...?"

-"........!" ਮੱਖਣ ਫਿੱਕਾ ਜਿਹਾ ਹੱਸ ਪਿਆ।

-"ਚੱਕ ਬਈ ਚਾਹ...!"

-"ਪੈਸੇ ਆਥਣੇ ਬੌਸ ਈ ਦਿਊਗਾ...!" ਉਹ ਚਾਹ ਦਾ ਗਿਲਾਸ ਚੁੱਕ ਕੇ ਰੇਵੀਏ ਪੈ ਗਿਆ। ਪਰ ਹੋਟਲ ਵਾਲ਼ਾ ਨਾ ਬੋਲਿਆ।

ਚਾਹ ਲਿਆ ਕੇ ਉਸ ਨੇ ਬਘੇਲ ਸਿਉਂ ਨੂੰ ਫੜਾ ਦਿੱਤੀ।

-"ਬਿਨਾ ਮਿੱਠੇ ਤੋਂ ਈ ਐ ਨ੍ਹਾਂ...?"

-"ਹਾਂ ਜੀ, ਬਿਨਾ ਮਿੱਠੇ ਤੋਂ...!" ਮੱਖਣ ਨੂੰ ਹੋਟਲ ਵਾਲ਼ੇ ਦੀ ਗੱਲ ਯਾਦ ਆ ਗਈ। ਉਸ ਦੇ ਮੂੰਹ 'ਤੇ ਹਾਸਾ ਆਇਆ। ਪਰ ਉਹ ਚੁੱਪ ਵੱਟ ਗਿਆ। ਉਸ ਨੂੰ ਪਤਾ ਸੀ ਕਿ ਬਘੇਲ ਸਿਉਂ "ਕੋਰੜਾ ਛੰਦ" ਹੀ ਸੁਣਾਊ।

-"ਕੀ ਗੱਲ ਦੰਦੀਆਂ ਜੀਆਂ ਕੱਢੀ ਜਾਨੈ...?"

-"ਇਹਨੂੰ ਮੇਰੇ ਸਾਲ਼ੇ ਨੂੰ ਕਿੱਥੋਂ ਦਿਸ ਪਿਆ...?" ਉਸ ਦਾ ਮਨ ਬੋਲਿਆ, "ਅੱਖ ਮੇਰੇ ਸਾਲ਼ੇ ਦੀ ਨਾਗ ਅਰਗੀ ਐ..!"

-"ਬੋਲਦਾ ਨੀ ਓਏ...?"

-"ਨਹੀਂ ਜੀ, ਕੋਈ ਹੋਰ ਗੱਲ ਯਾਦ ਆਗੀ ਸੀ...।"

-"ਕੋਈ ਲੁੱਚੀ ਗੱਲ ਈ ਯਾਦ ਆਈ ਹੋਊ, ਹੋਰ ਤੈਨੂੰ ਕਿਤੇ ਕਿਸੇ ਸੱਤਸੰਗ ਦੀ ਯਾਦ ਥੋੜ੍ਹੋ ਆਉਣੀ ਐਂ...?"

ਦੁਪਿਹਰੋਂ ਬਾਅਦ ਹੈਰੀ ਆ ਵੱਜਿਆ।

-"ਤੂੰ ਕਿਹੜੇ ਹਰਨਾਂ ਦੇ ਸਿੰਗੀਂ ਚੜ੍ਹ ਗਿਆ ਸੀ ਓਏ ਮਾਂ ਦਿਆ ਲੱਕੜਾ..?" ਉਸ ਨੇ ਹੈਰੀ ਨੂੰ 'ਖੰਡ' ਪਾਈ।

-"ਡੈਡ, ਕਦੇ ਸਿੱਧਾ ਵੀ ਬੋਲ ਪਿਆ ਕਰ, ਗਾਲ਼ਾਂ ਈ ਕੱਢਦਾ ਰਹਿੰਨੈ...?" ਉਹ ਅੱਕਿਆ ਪਿਆ ਸੀ।

-"ਤੂੰ ਕਾਗਜ਼ ਪੱਤਰਾਂ ਬਾਰੇ ਪਤਾ ਕੀਤਾ ਕਿ ਨਹੀਂ...? ਆਪਣੇ ਗੋਰੇ ਵਕੀਲ ਦੀ ਭਾਸ਼ਾ ਮੈਨੂੰ ਬਹੁਤੀ ਸਮਝ ਨੀ ਆਉਂਦੀ, ਨਹੀਂ ਮੈਂ ਤਾਂ ਹੁਣ ਨੂੰ ਲਾ ਦਿੰਦਾ ਅਸਮਾਨ ਨੂੰ ਟਾਕੀ...!"

-"ਉਹ ਬੈਂਕ ਸਟੇਟਮੈਂਟਾਂ ਲੈ ਕੇ ਕਾਗਜ਼ ਕੋਰੀਅਰ ਕਰ ਦਿਊਗਾ..। ਹਫ਼ਤੇ ਦੇ ਵਿੱਚ ਵਿੱਚ ਆ ਜਾਣਗੇ..।"


## ਕਾਂਡ 23

ਪੂਰੇ ਦਸਾਂ ਦਿਨਾਂ ਬਾਅਦ ਮਾਣੋਂ ਨੂੰ ਹਸਪਤਾਲ਼ ਵਿੱਚੋਂ ਛੁੱਟੀ ਮਿਲ਼ ਗਈ। ਉਹ ਆਪਣੇ ਸਹੁਰੇ ਨਹੀਂ, ਪੇਕੇ ਪਿੰਡ ਜਾਣਾ ਚਾਹੁੰਦੀ ਸੀ। ਕਿਸੇ ਨੇ ਕੋਈ ਵਿਰੋਧ ਨਾ ਕੀਤਾ ਅਤੇ ਹੈਰੀ ਉਸ ਨੂੰ ਉਸ ਦੇ ਪੇਕੀਂ ਛੱਡਣ ਆ ਗਿਆ।

ਕੋਈ ਵੀ ਹੈਰੀ ਤੋਂ ਖ਼ੁਸ਼ ਨਹੀਂ ਸੀ।

ਕਿਸੇ ਨੇ ਵੀ ਹੈਰੀ ਦੀ ਉਤਨੀ "ਆਓ ਭਗਤ" ਨਾ ਕੀਤੀ, ਜਿਤਨੀ ਇੱਕ ਜੁਆਈ ਦੀ ਪਹਿਲੀ ਵਾਰ ਸਹੁਰੀਂ ਆਉਣ 'ਤੇ ਕੀਤੀ ਜਾਂਦੀ ਹੈ। ਉਹ ਪਹਿਲਾਂ ਡਰਾਇੰਗ ਰੂਮ ਅਤੇ ਫ਼ਿਰ ਗੈਸਟ ਰੂਮ ਵਿੱਚ ਜਾ ਕੇ ਟੀ.ਵੀ. ਦੇਖਣ ਲੱਗ ਪਿਆ। ਝੁੱਡੂ ਜਿਹੇ ਹੈਰੀ ਨੂੰ ਵੀ ਕੋਈ ਪ੍ਰਵਾਹ ਨਹੀਂ ਸੀ। ਉਹ ਟੀ.ਵੀ. ਵਿੱਚ ਹੀ ਪਰਚਿਆ ਰਿਹਾ।

ਮਾਣੋਂ ਆਪਣੀ ਮਾਂ ਕੋਲ਼ ਬੇਹੱਦ ਉਦਾਸ ਬੈਠੀ ਸੀ। ਉਸ ਦੇ ਪੈਰਾਂ ਕੋਲ਼ ਪਾਰੋ ਰੋਣਹਾਕੀ ਹੋਈ ਚੁੱਪ-ਗੜੁੱਪ ਬੈਠੀ ਸੀ। ਨਾ ਤਾਂ ਪਾਰੋ ਕੁਛ ਬੋਲੀ ਅਤੇ ਨਾ ਹੀ ਮਾਣੋਂ ਨੇ ਕੁਛ ਕਿਹਾ। ਬੱਸ ਇੱਕ




ਚੁੱਪ ਸਭ ਦਾ ਦਿਲ ਦੁਖੀ ਕਰੀ ਜਾ ਰਹੀ ਸੀ।

-"ਹੈਰੀ ਨੂੰ ਚਾਹ ਬਗੈਰਾ ਪਿਆਤੀ...?" ਮਾਂ ਨੇ ਪਾਰੋ ਨੂੰ ਪੁੱਛਿਆ।

-"ਹਾਂ ਜੀ ਬੀਬੀ ਜੀ, ਗਣੇਸ਼ ਫੜਾ ਆਇਆ ਸੀ...।" ਪਾਰੋ ਨੇ ਵੀ ਸੰਖੇਪ ਉੱਤਰ ਮੋੜਿਆ।

ਆਥਣ ਹੋ ਗਿਆ।

ਰਾਠੌਰ ਸਾਹਿਬ ਵੀ ਡਿਊਟੀ ਤੋਂ ਆਪਣੇ ਘਰ ਆ ਗਏ।

ਉਸ ਨੇ ਹੈਰੀ ਨਾਲ਼ 'ਰਵਾਇਤੀ ਜਿਹੀ' ਗੱਲ-ਬਾਤ ਕੀਤੀ ਅਤੇ ਕੱਪੜੇ ਬਦਲਣ ਚਲਿਆ ਗਿਆ।

ਕੱਪੜੇ ਬਦਲ ਕੇ ਉਹ ਮਾਣੋਂ ਹੋਰਾਂ ਕੋਲ਼ ਆ ਗਿਆ।

ਉਹ ਧੀ ਵੱਲ ਦੇਖ ਕੇ ਅਥਾਹ ਦੁਖੀ ਹੋ ਗਿਆ। ਉਸ ਦੀ ਚੁਲਬੁਲੀ ਧੀ ਦੋ ਹਫ਼ਤਿਆਂ ਵਿੱਚ ਹੀ ਸੁੱਬੀ 'ਚ ਬੰਨ੍ਹਣ ਵਾਲ਼ੀ ਹੋ ਗਈ ਸੀ। ਬਾਪ ਸੀ, ਧੀ ਨਾਲ਼ ਖੁੱਲ੍ਹ ਕੇ ਕੋਈ ਗੱਲ ਨਹੀਂ ਕਰ ਸਕਦਾ ਸੀ। ਪਰ ਪੁੱਛਣਾ ਉਹ ਬਹੁਤ ਕੁਛ ਚਾਹੁੰਦਾ ਸੀ। ਪਰ ਭਾਰਤੀ ਸੱਭਿਆਚਾਰ ਉਸ ਦੇ ਹੱਥ ਅਤੇ ਮੂੰਹ ਬੰਨ੍ਹੀਂ ਬੈਠਾ ਸੀ। ਇਸ ਤੋਂ ਇਲਾਵਾ ਧੀ-ਬਾਪ ਦੇ ਰਿਸ਼ਤੇ ਦਾ ਬੰਧਨ ਵੀ ਉਸ ਦੀ ਜ਼ੁਬਾਨ ਨੂੰ ਕੁੰਡਾ ਮਾਰੀ ਬੈਠਾ ਸੀ। ਸਭ ਦੇ ਜ਼ੁਬਾਨਾਂ ਲੱਗੀਆਂ ਹੋਣ ਦੇ ਬਾਵਜੂਦ ਵੀ ਸਾਰੇ ਗੂੰਗੇ-ਬੋਲ਼ੇ ਬਣੇ ਬੈਠੇ ਸਨ। ਜਿਵੇਂ ਸਾਰੇ ਇੱਕ ਦੂਜੇ ਨਾਲ਼ ਗੁੱਸੇ ਸਨ। ਜਿਵੇਂ ਸਾਰੇ ਇੱਕ ਦੂਜੇ ਨਾਲ਼ ਰੁੱਸੇ ਹੋਏ ਸਨ। ਘਰ ਦੇ ਮਾਹੌਲ ਨੂੰ ਜਿਵੇਂ ਸਕਤਾ ਮਾਰ ਗਿਆ ਸੀ।

-"ਮਾਣੋਂ ਨੂੰ ਖਾਣ ਪੀਣ ਵਾਸਤੇ ਦਿੱਤਾ ਕੁਛ...?" ਰਾਠੌਰ ਸਾਹਿਬ ਨੇ ਆਪਣੀ ਪਤਨੀ ਗੁੰਨੀ ਨੂੰ ਪੁੱਛਿਆ।

-"ਕੁਛ ਨੀ ਖਾਂਦੀ ਪੀਂਦੀ..। ਜਦੋਂ ਪੁੱਛੀਦੈ, ਬੱਸ ਸਿਰ ਫ਼ੇਰ ਦਿੰਦੀ ਐ..।" ਉਸ ਦੀ ਮਾਂ ਨੇ ਹਾਉਕਾ ਭਰਿਆ।

-"ਮਾਣੋਂ ਪੁੱਤ...! ਇਹ ਸਰੀਰ ਭੱਠੀ ਵਰਗਾ ਹੁੰਦੈ, ਜੇ ਇਹਦੇ ਵਿੱਚ ਬਾਲਣ ਨਾ ਪਾਵਾਂਗੇ, ਇਹ ਮਘੂ ਕਿਵੇਂ...? ਪਾਰੋ..!"

-"ਜੀ...?"

-"ਤੈਨੂੰ ਪਤੈ ਨਾ ਆਪਣੀ ਮਾਣੋਂ ਕੀ ਖਾਂਦੀ ਹੁੰਦੀ ਐ...?"

-"ਭਿੰਡੀਆਂ, ਜਾਂ ਕਰੇਲੇ...!"

-"ਬਣਾ ਸ਼ੇਰਾ ਫ਼ੇਰ...।"

ਪਾਰੋ ਉਠ ਕੇ ਤੁਰ ਗਈ।

ਉਹ ਮਾਣੋਂ ਨੂੰ ਸੱਚੇ ਦਿਲੋਂ ਮੁਹੱਬਤ ਕਰਦੀ ਸੀ। ਉਸ ਨੂੰ ਆਪਣੀ ਸਹੇਲੀ ਸਮਝਦੀ ਨਹੀਂ, ਮੰਨਦੀ ਸੀ।

(ਚਲਦਾ)....

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**629. ਆਪ ਕੌਣ ਡੁੱਬਦੇ ਹਨ ਤੇ ਆਪਣੀਆਂ ਕੁਲਾਂ ਨੂੰ ਵੀ ਡੋਬ ਦਿੰਦੇ ਹਨ?**

ਕਈ ਜੀਵ ਐਸੇ ਹਨ ਜੋ ਸਦਾ ਸਾਥ ਦੇਣ ਵਾਲ਼ੀ ਮਾਇਆ ਦੇ ਨਾਲ ਹੀ ਲੱਗੇ ਰਹਿੰਦੇ ਹਨ, ਉਹ ਫਲ ਭੀ ਕੂੜਾ (ਨਾ ਨਾਲ ਜਾਣ ਵਾਲ਼ਾ) ਪ੍ਰਾਪਤ ਕਰਦੇ ਹਨ । ਮਾਇਆ ਦੇ ਮੋਹ ਵਿਚ ਉਹ ਆਪਣਾ ਮਨੁੱਖਾ ਜਨਮ ਵਿਅਰਥ ਗਵਾ ਲੈਂਦੇ ਹਨ । ਉਹ ਆਪ ਸੰਸਾਰ ਸਮੁੰਦਰ ਵਿਚ ਡੁੱਬ ਜਾਂਦੇ ਹਨ ਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਵੀ ਡੋਬ ਦਿੰਦੇ ਹਨ, ਉਹ ਝੂਠ ਬੋਲ ਕੇ ਮਾਇਆ ਰੁਪੀ ਜ਼ਹਿਰ ਨੂੰ ਖਾਂਦੇ ਰਹਿੰਦੇ ਹਨ । "ਇਕਿ ਕੂੜਿ ਕੂੜਿ ਲਾਗੇ ਕੂੜੇ ਫਲ ਪਾਏ॥ ਦੂਜੈ ਭਾਇ ਬਿਰਥਾ ਜਨਮੁ ਗਵਾਏ॥ ਆਪਿ ਡੁਬੇ ਸਗਲੇ ਕੁਲ ਡੋਬੇ ਕੂੜੁ ਬੋਲਿ ਬਿਖੁ ਖਾਵਣਿਆ ॥6॥ ਅੰਗ 124" ਜਿਹੜੇ ਮਨੁੱਖ ਭੈੜੇ ਬੰਦਿਆਂ ਨਾਲ ਮਿੱਤ੍ਰਤਾ ਰੱਖਣ ਅਤੇ ਸੰਤਾਂ ਨਾਲ਼ ਵੈਰ ਕਰਨ, ਉਹ ਆਪ ਪਰਵਾਰ ਸਮੇਤ (ਸੰਸਾਰ-ਸਮੁੰਦਰ ਵਿਚ) ਡੁੱਬ ਜਾਂਦੇ ਹਨ ਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਭੀ ਡੋਬ ਦਿੰਦੇ ਹਨ । "ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥ ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥5॥ ਅੰਗ 755" । ਜਿਨ੍ਹਾਂ ਮਨੁੱਖਾਂ ਦਾ ਗੁਰੂ ਅਗਿਆਨੀ ਅੰਨ੍ਹਾ ਹੈ ਉਹ ਸਿੱਖ ਭੀ ਅੰਨ੍ਹੇ ਕੰਮ ਹੀ ਕਰਦੇ ਹਨ । ਉਹ ਆਪਣੀ ਮਨ ਮਰਜ਼ੀ ਕਰਦੇ ਹਨ ਤੇ ਨਿਰਾ ਝੂਠ ਹੀ ਬੋਲਦੇ ਹਨ । ਉਹ ਝੂਠ ਤੇ ਠੱਗੀ ਦੀ ਕਮਾਈ ਕਰਦੇ ਹਨ ਤੇ ਸਦਾ ਦੂਜਿਆਂ ਦੀ ਨਿੰਦਿਆ ਕਰਦੇ ਹਨ । ਉਹ ਪਰਾਈ ਨਿੰਦਾ ਕਰਨ ਵਾਲ਼ੇ ਮਨੁੱਖ ਆਪ ਪਰਵਾਰ ਸਮੇਤ ਡੁੱਬਦੇ ਹਨ ਤੇ ਆਪਣੀਆਂ ਸਾਰੀਆਂ ਕੁਲਾਂ ਭੀ ਡੋਬ ਲੈਂਦੇ ਹਨ । "ਮਃ 3 ॥ ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥ ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥ ਕੂੜੁ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ॥ ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ ॥ ਅੰਗ 951" ।

**630. ਕਿਹਦੀ ਕੁਲ ਨੂੰ ਗਾਲ਼ ਨਹੀਂ ਲੱਗਦੀ?**

ਪਰਮਾਤਮਾ ਦਾ ਨਾਮ ਖ਼ਰਚ ਆਪਣੇ ਪੱਲੇ ਬੰਨ੍ਹ ਲੈ, ਤਾਂ ਕਿ ਤੇਰੀ ਕੁਲ ਨੂੰ ਕੋਈ ਗਾਲ਼ ਨਾ ਲੱਗੇ; ਭਾਵ ਕੋਈ ਬੁਰਾ ਨਾ ਕਹੇ । "ਤੋਸਾ ਹਰਿ ਕਾ ਨਾਮੁ ਲੈ ਤੇਰੇ ਕੁਲਹਿ ਨ ਲਾਗੈ ਗਾਲਿ ਜੀਉ ॥1॥ ਅੰਗ 132" ।

**631. ਕਿਹਦਾ ਪਿਤਾ, ਕੁਲ ਤੇ ਮਾਤਾ ਸਾਰੇ ਹੀ ਧੰਨ ਹਨ?**

ਹੇ ਮੇਰੀ ਮਾਂ ਧੰਨ ਧੰਨ ਹੈ ਪਿਤਾ ਧੰਨ ਧੰਨ ਹੈ ਕੁਲ ਤੇ ਧੰਨ ਧੰਨ ਹੈ ਮਾਤਾ ਜਿਸਨੇ ਗੁਰੂ ਨੂ ਜਨਮ ਦਿੱਤਾ! "ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥ ਅੰਗ 310" ।

**632. ਕੌਣ ਆਪਣੀ ਸਾਰੀ ਸੰਗਤ ਨੂੰ ਜਾਂ ਸਾਰੇ ਸੰਸਾਰ ਨੂੰ ਤਾਰ ਦਿੰਦਾ ਹੈ?**

ਜੋ ਸਤਿਗੁਰੂ ਦੀ ਸੇਵਾ ਰਾਹੀਂ ਤੱਤ (ਬ੍ਰਹਮ) ਦੀ ਵਿਚਾਰ (ਭਾਵ ਸਿਮਰਨ) ਕਰਦਾ ਹੈ, ਉਹ ਆਪ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ ਤੇ ਆਪਣੀ ਸਾਰੀ ਸੰਗਤ ਨੂੰ ਤਾਰ ਦਿੰਦਾ ਹੈ । "ਆਪਿ ਤਰੈ ਸੰਗਤਿ ਕੁਲ ਤਾਰੈ ॥ ਸਤਿਗੁਰੁ ਸੇਵਿ ਤਤੁ ਵੀਚਾਰੈ ॥3॥ ਅੰਗ 353" ।

ਭਗਤ ਸਾਰੇ ਸੰਸਾਰ ਨੂੰ ਤਾਰ ਦਿੰਦੇ ਹਨ! ਕਲਿਜੁਗ ਵਿਚ ਨਾਮ ਦਾ ਖਜ਼ਾਨਾ ਭਗਤਾਂ ਨੇ ਖੱਟਿਆ ਤੇ ਪ੍ਰਭੂ ਤੁੱਲ ਉੱਤਮ ਪਦ ਪਾ ਲਿਆ । ਸਤਿਗੁਰੂ ਦੀ ਸੇਵਾ ਕਰਕੇ ਉਹਨਾਂ ਨੇ ਨਾਮ ਨੂੰ ਮਨ ਵਿਚ ਵਸਾ ਲਿਆ ਤੇ ਰਾਤ ਦਿਨ ਨਾਮ ਸਿਮਰਨ ਕੀਤਾ । ਗੁਰੂ ਦੇ ਬਚਨਾਂ ਰਾਹੀਂ ਹਉਮੈ ਤੇ ਮੋਹ ਨੂੰ ਸਾੜ ਕੇ ਘਰ ਵਿਚ ਹੀ (ਸੰਸਾਰ ਤੋਂ) ਨਿਰਲੇਪ ਰਹੇ। ਉਹ ਆਪ ਸੰਸਾਰ ਸਮੁੰਦਰ ਤੋਂ ਤਰ ਗਏ ਤੇ ਸਾਰੇ ਸੰਸਾਰ ਨੂੰ ਤਾਰ ਲਿਆ; ਧਨ ਹੈ ਉਹਨਾਂ ਨੂੰ ਜਨਣ ਵਾਲ਼ੀ ਮਾਂ! "ਕਲਿਜੁਗ ਮਹਿ ਨਾਮੁ ਨਿਧਾਨੁ ਭਗਤੀ ਖਟਿਆ ਹਰਿ ਉਤਮ ਪਦੁ ਪਾਇਆ ॥ ਸਤਿਗੁਰ ਸੇਵਿ ਹਰਿ ਨਾਮੁ ਮਨਿ ਵਸਾਇਆ ਅਨਦਿਨੁ ਨਾਮੁ ਧਿਆਇਆ ॥ ਵਿਚੇ ਗ੍ਰਿਹ ਗੁਰਬਚਨਿ ਉਦਾਸੀ ਹਉਮੈ ਮੋਹੁ ਜਲਾਇਆ ॥ ਆਪਿ ਤਰਿਆ ਕੁਲ ਜਗਤੁ ਤਰਾਇਆ ਧੰਨੁ ਜਣੇਦੀ ਮਾਇਆ ॥ ਅੰਗ 513" ।

**633. ਕੀ ਕਲਿਜੁਗ ਵਿਚ ਪ੍ਰਭੂ ਦੇ ਨਾਮ ਤੋਂ ਬਿਨਾ ਮੁਕਤੀ ਹੋ ਸਕਦੀ ਹੈ?**

ਜੀ ਨਹੀਂ! ਇਸ ਕਲਿਜੁਗ ਵਿਚ ਪਰਮਾਰਥ ਦਾ ਕੋਈ ਕੰਮ ਨਹੀਂ ਹੁੰਦਾ । ਕਲਿਜੁਗ ਦਾ ਜਨਮ ਚੰਡਾਲ (ਕੁੱਤੇ ਮਾਰ ਕੇ ਖਾਣ ਵਾਲਿਆਂ) ਦੇ ਘਰ 'ਚ ਹੋਇਆ ਹੈ । ਸਤਿਗੁਰੂ ਜੀ ਸਾਨੂੰ ਗਿਆਨ ਦਿੰਦੇ ਹਨ ਕਿ ਕਲਿਜੁਗ ਵਿਚ ਨਾਮ ਬਿਨਾ ਕੋਈ ਮੁਕਤ ਨਹੀਂ ਹੁੰਦਾ । "ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥ ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥4॥10॥30॥ ਅੰਗ 160" ।

**634. ਮੁਕਤੀ ਦਾ ਦੁਆਰ ਕਿੱਦਾਂ ਪ੍ਰਾਪਤ ਹੁੰਦਾ ਹੈ?**

ਸਤਿਗੁਰੂ ਜੀ ਸੱਚੀ ਵਿਚਾਰ ਦੱਸਦੇ ਹਨ ਕਿ ਪ੍ਰਭੂ ਦੇ ਨਾਮ ਨੂੰ ਹਿਰਦੇ ਵਿਚ ਸੰਭਾਲ ਕੇ ਰੱਖੋ; ਪ੍ਰਭੂ ਦੀ ਭਗਤੀ ਵਿਚ ਰੰਗਿਆਂ ਮੁਕਤੀ ਦੇ ਦੁਆਰ ਦੀ ਪ੍ਰਾਪਤੀ ਹੁੰਦੀ ਹੈ । "ਨਾਨਕੁ ਸਾਚੁ ਕਹੈ ਵੀਚਾਰੁ ॥ ਹਰਿ ਕਾ ਨਾਮੁ ਰਖਹੁ ਉਰਿ ਧਾਰਿ ॥ ਹਰਿ ਭਗਤੀ ਰਾਤੇ ਮੋਖ ਦੁਆਰੁ ॥8॥2॥24॥ ਅੰਗ 423" ।

**635. ਰਾਤ ਦਿਨ ਅਨੰਦ ਵਿਚ ਕੌਣ ਰਹਿੰਦੇ ਹਨ?**

ਜਿਹੜੇ ਰਾਤ ਦਿਨ ਪ੍ਰਭੂ ਦਾ ਸਿਮਰਨ ਕਰਦੇ ਹਨ । "ਦਿਨਸੁ ਰੈਣਿ ਅਨੰਦ ਅਨਦਿਨੁ ਸਿਮਰੰਤ ਨਾਨਕ ਹਰਿ ਹਰੇ ॥4॥6॥9॥ ਅੰਗ 459" ।

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਗਲਾਸਗੋ ਦੇ ਗੁਰਦੁਆਰਾ ਸਾਹਿਬ ਵਿੱਚ ਧਾਰਮਿਕ ਕਵੀ ਦਰਬਾਰ ਕਰਵਾਇਆ ਗਿਆ



ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) – ਸੈਂਟਰਲ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਗਲਾਸਗੋ ਅਤੇ ਪੰਜਾਬੀ ਸਾਹਿਤ ਸਭਾ ਗਲਾਸਗੋ ਦੇ ਸਹਿਯੋਗ ਨਾਲ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਸ਼ਰਧਾ ਤੇ ਸਤਿਕਾਰ ਸਹਿਤ ਧਾਰਮਿਕ ਕਵੀ ਦਰਬਾਰ ਕਰਵਾਇਆ ਗਿਆ । ਗੁਰਦੁਆਰਾ ਸਾਹਿਬ ਦੇ ਦਰਬਾਰ ਸਾਹਿਬ ਵਿੱਚ ਸਮਾਗਮ ਦੀ ਸ਼ੁਰੂਆਤ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਸੇਵਾਦਾਰ ਸੁਰਜੀਤ ਸਿੰਘ ਚੌਧਰੀ ਜੀ ਨੇ ਆਏ ਹੋਏ ਕਵੀਆਂ ਅਤੇ ਸੰਗਤ ਨੂੰ ਜੀ ਆਇਆਂ ਆਖਦਿਆਂ ਕੀਤੀ। ਕਵੀ ਦਰਬਾਰ ਦੀ ਅਗਵਾਈ ਸਾਹਿਤ ਸਭਾ ਦੇ ਜਨਰਲ ਸਕੱਤਰ ਅਮਨਦੀਪ ਸਿੰਘ ਨੇ ਕਰਦਿਆਂ ਕਿਹਾ ਕਿ ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋਂ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਸਹਿਯੋਗ ਨਾਲ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਗਲਾਸਗੋ ਦੇ ਗੁਰਦੁਆਰਾ ਸਾਹਿਬ ਵਿੱਚ ਪਹਿਲੀ ਵਾਰ ਕਵੀ ਦਰਬਾਰ ਕਰਵਾਇਆ ਗਿਆ ਹੈ । ਪੰਜਾਬੀ ਸਾਹਿਤ ਸਭਾ ਗਲਾਸਗੋ ਦੇ ਪ੍ਰਧਾਨ ਦਿਲਜੀਤ ਸਿੰਘ ਦਿਲਬਰ ਨੇ ਆਪਣੀ ਕਵਿਤਾ ਵਿੱਚ ਅੱਜ ਦੇ ਦੌਰ ਵਿੱਚ ਸਿੱਖੀ ਤੋਂ ਬੇਮੁੱਖ ਹੋਣ ਦੇ ਕਾਰਨਾਂ ਤੇ ਚੋਟ ਕਰਦਿਆਂ ਕਿਹਾ ਕਿ ਪਿਛਲੇ ਚਾਲੀ ਕੁ ਸਾਲਾਂ ਤੋਂ ਗੁਰਦੁਆਰਾ ਸਾਹਿਬ ਦੀਆਂ ਸਟੇਜਾਂ ਤੋਂ ਕਵੀ ਦਰਬਾਰ ਨਾ ਮਾਤਰ ਹੀ ਹੋ ਰਹੇ ਹਨ । ਸਾਨੂੰ ਇਸ ਪਾਸੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਇਸ ਤੋਂ ਬਾਅਦ ਇੰਗਲੈਂਡ ਤੋਂ ਚੱਲ ਕੇ ਆਏ ਕਵੀ ਕੁਲਵੰਤ ਸਿੰਘ ਢੇਸੀ ਨੇ ਗੁਰੂ ਨਾਨਕ ਸਾਹਿਬ ਜੀ ਦੀ ਸਿਫਤ ਸਲਾਹ ਕਰਦਿਆਂ ਕਵਿਤਾਵਾਂ ਪੜ੍ਹੀਆਂ। ਉਪਰੰਤ ਇੰਗਲੈਂਡ ਦੇ ਹੀ ਕਵੀ ਗੁਰਮੀਤ ਸਿੰਘ ਸੰਧੂ ਨੇ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਨਾਲ ਸਬੰਧਤ ਕਵਿਤਾਵਾਂ ਸੰਗਤ ਨਾਲ ਸਾਂਝੀਆਂ ਕੀਤੀਆਂ। ਮੁਸਲਿਮ ਕਵੀ ਸਲੀਮ ਰਜ਼ਾ ਨੇ ਗੁਰੂ ਨਾਨਕ ਦੇਵ ਜੀ ਦੀ ਉਸਤਤ ਵਿੱਚ 'ਨਾਨਕ ਜੀ ਸੱਭ ਧਰਮਾਂ ਦਾ' ਕਵਿਤਾ ਪੜ ਕੇ ਹਾਜ਼ਰੀ ਲਗਵਾਈ । ਸਟੇਜ ਸਕੱਤਰ ਦੇ ਫਰਜ਼ ਨਿਭਾਉਂਦੇ ਹੋਏ ਅਮਨਦੀਪ ਸਿੰਘ ਅਮਨ ਨੇ ਆਏ ਹੋਏ ਕਵੀਆਂ ਅਤੇ ਸੰਗਤ ਦਾ ਦਿਲ ਖੋਲ੍ਹ ਕੇ ਕਵੀਆਂ ਦੀ ਹੌਸਲਾ ਅਫ਼ਜਾਈ ਲਈ ਧੰਨਵਾਦ ਕੀਤਾ। ਗੁਰਦੁਆਰਾ ਸਾਹਿਬ ਦੇ ਸੇਵਾਦਾਰ ਸੁਰਜੀਤ ਸਿੰਘ ਚੌਧਰੀ ਨੇ ਸਟੇਜ ਤੋਂ ਸਾਹਿਤ ਸਭਾ ਨੂੰ ਬੇਨਤੀ ਕਰਦਿਆਂ ਕਿਹਾ ਕਿ ਆਉਣ ਵਾਲੀ ਵਿਸਾਖੀ 'ਤੇ ਵੀ ਕਵੀ ਦਰਬਾਰ ਦਾ ਪ੍ਰਬੰਧ ਕੀਤਾ ਜਾਵੇ। ਗੁਰਦੁਆਰਾ ਸਾਹਿਬ ਦੇ ਦਰਬਾਰ ਸਾਹਿਬ ਵਿੱਚ ਕੀਤਾ ਗਿਆ ਇਹ ਧਾਰਮਿਕ ਕਵੀ ਦਰਬਾਰ ਸੰਗਤ ਦੇ ਦਿਲਾਂ 'ਤੇ ਆਪਣੀ ਗਹਿਰੀ ਛਾਪ ਛੱਡ ਗਿਆ।


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.................................................................
ADDRESS.............................................................
.................................POST CODE.................................
TEL...................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to: SUBSCRIPTION*

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*

# ਪੰਜਾਬ ਨੂੰ ਖੋਰੇ ਤੇ ਖੋਰਾ ਕਿਉਂ ?

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445



ਪੰਜਾਬ ਯੂਨੀਵਰਸਿਟੀ ਵਿਵਾਦ ਦੇ ਨੋਟੀਫਿਕੇਸ਼ਨ ਪੋਸਟਪੋਨ ਨਾਲ ਵੀ ਪੰਜਾਬੀ ਅਜੇ ਠਗੇ ਮਹਿਸੂਸ ਕਰਦੇ ਹਨ। "ਭਾਰਤ ਹੈ ਵਾਂਗ ਮੁੰਦਰੀ ਵਿੱਚ ਨਗ ਪੰਜਾਬ ਦਾ" ਕਵਿਤਾ ਨੇ ਭਾਰਤ ਮਾਤਾ ਅਤੇ ਪੰਜਾਬ ਨੂੰ ਇੱਕ ਦੂਜੇ ਪ੍ਰਤੀ ਕੀਮਤੀ ਕਿਹਾ ਸੀ। ਭਾਰਤ ਮਾਤਾ ਦਾ ਕਾਬਲੇ ਤਾਰੀਫ਼ ਸਪੁੱਤਰ ਪੰਜਾਬ ਬਹੁਤੀ ਵਾਰੀ ਆਪਣੇ ਅਤੀਤ ਨੂੰ ਝੁਰਦਾ ਰਹਿੰਦਾ ਹੈ। ਹੁਣ ਪੰਜਾਬ ਦਿਵਸ ਤੇ ਪੰਜਾਬ ਯੂਨੀਵਰਸਿਟੀ ਦਾ ਸੱਪ ਕੱਢ ਲਿਆ ਗਿਆ। ਪੰਜਾਬ ਦੀ ਰੂਹ-ਏ-ਰਵਾਂ ਪੰਜਾਬ ਯੂਨੀਵਰਸਿਟੀ ਪੰਜਾਬ ਦਾ ਧੜਕਦਾ ਦਿਲ ਵੀ ਹੈ। 18 ਨਵੰਬਰ1882 ਲਾਹੌਰ ਵਿੱਚ ਇਸ ਦਾ ਉਦਘਾਟਨ ਸਰਪ੍ਰਸਤ ਲਾਰਡ ਰਿਪਨ ਦੀ ਹਾਜ਼ਰੀ ਚ ਹੋਇਆ ਸੀ। 1889 ਵਿੱਚ ਪੰਜਾਬ ਯੂਨੀਵਰਸਿਟੀ ਦੀ ਹੋਂਦ ਨੂੰ ਮਾਨਤਾ ਮਿਲੀ ਸੀ। ਇਸ ਤੋਂ ਇਲਾਵਾ 1896 ਵਿੱਚ ਕੈਂਬਰਿਜ ਯੂਨੀਵਰਸਿਟੀ ਵਲੋਂ ਵੀ ਪੰਜਾਬ ਯੂਨੀਵਰਸਿਟੀ ਨੂੰ ਮਾਨਤਾ ਮਿਲੀ ਸੀ। 59 ਸਾਲ ਤੋਂ ਲੋਕਤੰਤਰਿਕ ਢੰਗ ਨਾਲ ਚਲਦੀ ਪੰਜਾਬ ਯੂਨੀਵਰਸਿਟੀ ਗਵਰਨਿੰਗ ਬਾਡੀ, ਸੈਨੇਟਰ ਅਤੇ ਸਿੰਡੀਕੇਟ ਨੂੰ ਕਿਨਾਰੇ ਕਰਕੇ 28 ਅਕਤੂਬਰ2 025 ਨੂੰ ਨਵੇਂ ਨੋਟੀਫਿਕੇਸ਼ਨ ਅਨੁਸਾਰ ਦੋਵੇਂ ਬਾਡੀਆਂ ਦੀ ਗਿਣਤੀ ਘਟਾ ਦਿੱਤੀ ਗਈ ਹੈ ਅਤੇ ਮੈਂਬਰ ਕੇਂਦਰ ਨਾਮਜਾਦ ਕਰੇਗਾ। ਇਸ ਨਾਲ ਪੰਜਾਬ ਨੂੰ ਖੋਰਾ ਲੱਗੇਗਾ।

ਪੰਜਾਬ ਨੇ ਕਿਹਾ ਕਿ "ਇਹ ਗੈਰਸੰਵਿਧਾਨਕ ਹੈ, ਪੰਜਾਬ ਰੀ-ਆਰਗੇਨਾਈਜੇਸਨ ਐਕਟ 1966 ਦੀ ਸਬ ਸੈਕਸ਼ਨ 3 ਦੇ ਮੁਤਾਬਿਕ ਪੰਜਾਬ ਯੂਨੀਵਰਸਿਟੀ ਐਕਟ 1947 ਵਿੱਚ ਪਾਸ ਹੋਇਆ ਸੀ, ਜੋ ਐਕਟ ਵਿਧਾਨ ਸਭਾ ਚ ਬਣਿਆ ਹੋਵੇ ਉਸਨੂੰ ਕੇਂਦਰ ਰੱਦ ਨਹੀਂ ਕਰ ਸਕਦਾ" 1951 ਵਿੱਚ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਬਣਾਉਣ ਦੇ ਨਾਲ ਯੂਨੀਵਰਸਿਟੀ ਵੀ ਬਣਾਈ ਗਈ। ਇਸੇ ਕਰਕੇ ਪੰਜਾਬ ਦਾ ਦਾਅਵਾ ਸੱਚਾ ਅਤੇ ਢੁਕਵਾਂ ਹੈ। ਇਸ ਹੱਕ ਨੂੰ ਗੁਆਉਣ ਤੋਂ ਪਹਿਲਾਂ ਹੀ ਪੰਜਾਬੀ ਸੱਭਿਆਚਾਰ ਅਤੇ ਸੱਭਿਅਤਾ ਨੂੰ ਹਰ ਪੱਖੋਂ ਗ੍ਰਹਿਣ ਲੱਗ ਚੁੱਕਾ ਹੈ। ਹੁਣ ਭਾਵੇਂ ਯੂ ਟਰਨ ਲਿਆ ਹੈ, ਨੋਟੀਫਿਕੇਸ਼ਨ ਪੋਸਟਪੋਨ ਕੀਤਾ ਹੈ।ਪਰ ਨੀਅਤ ਤੇ ਸ਼ੱਕ ਹੈ। ਪਤਾ ਨਹੀਂ ਪੰਜਾਬ ਨੂੰ ਖੋਰੇ ਤੇ ਖੋਰਾ ਲਾਉਣ ਦੀ ਕੋਸ਼ਿਸ਼ ਕਿਉਂ ਕੀਤੀ ਜਾਂਦੀ ਹੈ ?

ਰਸੂਲ ਹਮਜ਼ਾਤੋਵ ਦੀ ਕਿਤਾਬ ਪੜ੍ਹਦਿਆਂ ਪੰਜਾਬ ਯੂਨੀਵਰਸਿਟੀ ਦੇ ਨਾਲ਼ ਨਾਲ ਗਿਰੇਬਾਨ ਵਿੱਚ ਝਾਤੀ ਮਾਰੀਏ ਤਾਂ ਪੰਜਾਬੀ ਮਾਂ ਬੋਲੀ ਬਾਰੇ ਗਹਿਰੀ ਚਿੰਤਾ ਲੱਗ ਜਾਂਦੀ ਹੈ। ਕਿਤਾਬ ਵਿੱਚ ਅੰਕਿਤ ਹੈ "ਜੋ ਲੋਕ ਆਪਣੀ ਭਾਸ਼ਾ ਵਿਸਾਰ ਦਿੰਦੇ ਹਨ ਉਹ ਰੂਹ ਵੀ ਗੁਆ ਬਹਿੰਦੇ ਹਨ" ਇਹਨਾਂ ਸਤਰਾਂ ਨਾਲ ਮੇਰਾ ਧਿਆਨ ਸਰਕਾਰੀ ਕਾਲਜ ਰੂਪਨਗਰ ਦੇ ਮੇਰੇ ਅਧਿਆਪਕ ਭੂਸ਼ਨ ਧਿਆਨਪੁਰੀ ਵੱਲ ਗਿਆ। ਇਕ ਵਾਰ ਆਪਣੇ ਅੰਦਾਜ਼ ਵਿੱਚ ਉਹਨਾਂ ਕਿਹਾ ਸੀ "ਜਦੋਂ ਵੀ ਕੋਈ ਪੰਜਾਬੀ ਹਿੰਦੀ ਬੋਲਦਾ ਹੈ ਤਾਂ ਪਹਿਲੀ ਝੱਲਕੇ ਇਉਂ ਲੱਗਦਾ ਹੈ ਕਿ ਝੂਠ ਬੋਲਦਾ ਹੈ"। ਹੌਲੀ -ਹੌਲੀ ਰੋਜ਼ਮਰਾ ਬੀਤਦੀ ਜ਼ਿੰਦਗੀ ਨਾਲ ਹੁਣ ਇਹ ਤੱਥ ਅਸਰਦਾਰ ਵੀ ਲੱਗਦਾ ਹੈ। ਥਾਮਸ ਮਾਨ ਦਾਰਸ਼ਨਿਕ ਨੇ ਕਿਹਾ ਸੀ "ਕਿ ਭਾਸ਼ਾ ਖ਼ੁਦ ਸਭਿੱਅਤ ਹੈ" ਇਸੇ ਤਰਜ਼ ਤੇ ਦੇਖੀਏ ਤਾਂ ਮਾਂ ਬੋਲੀ ਹੀ ਸੱਭਿਅਕ ਮਨੁੱਖ ਦਾ ਨਿਰਮਾਣ ਕਰਦੀ ਹੈ। ਸਾਡੀ ਭਾਸ਼ਾ ਹੀ ਸੰਪਰਕ ਦਾ ਸਾਧਨ ਬਣਦਾ ਹੈ, ਜੇ ਇੱਕੋ ਖਿੱਤੇ ਦੇ ਲੋਕ ਦਿਖਾਵੇ ਲਈ ਇੱਕ ਪੰਜਾਬੀ ਬੋਲੇ ਦੂਜਾ ਕੋਈ ਹੋਰ ਭਾਸ਼ਾ ਬੋਲੇ ਤਾਂ ਇੱਕ-ਦੂਜੇ ਨਾਲੋਂ ਓਪਰੇ ਜਿਹੇ ਲੱਗਦਾ ਹੈ। ਵੱਖਰਾ ਦਿਖਾਉਣ ਲਈ ਖੁਦ ਝੂਠਾ ਲੱਗਦਾ ਹੈ। ਗੂੜ੍ਹ ਪੰਜਾਬੀਆਂ ਲਈ ਪੰਜਾਬੀ ਬੋਲੀ ਦੀ ਮਿਠਾਸ ਅੱਗੇ ਬਾਕੀ ਬੋਲੀਆਂ ਫਿੱਕੀਆਂ ਪੈ ਜਾਂਦੀਆਂ ਹਨ। ਭਾਵੇਂ ਹਰ ਇੱਕ ਨੂੰ ਆਪਣੀ ਭਾਸ਼ਾ ਪਿਆਰ ਹੁੰਦੀ ਹੈ। ਇੱਥੋਂ ਤੱਕ ਕਿ ਜੀਵ ਜੰਤੂ ਵੀ ਆਪਣੀ ਬੋਲੀ ਬੋਲਦੇ ਹਨ ਇਹ ਉਹਨਾਂ ਨੂੰ ਪਿਆਰੀ ਲੱਗਦੀ ਹੈ। ਤਿੱਤਰ ਬਾਰੇ ਇਕ ਦੰਦ ਕਥਾ ਆਉਂਦੀ ਹੈ ਕਿ ਇੱਕ ਤਿੱਤਰ ਤੋਂ ਬਾਅਦ ਦੂਜਾ ਤਿੱਤਰ ਬੋਲਦਾ ਹੈ। ਪਹਿਲਾ ਤਿੱਤਰ ਕਹਿੰਦਾ ਹੈ "ਪਿਦਰਮ ਸੁਲਤਾਨ ਬੂਦ" ਇਸ ਦਾ ਮਤਲਬ ਹੈ ਕਿ ਮੇਰਾ ਪਿਤਾ ਬਾਦਸ਼ਾਹ ਸੁਲਤਾਨ ਹੈ।

ਦੂਜਾ ਤਿੱਤਰ ਝੱਟ ਉੱਤਰ ਦਿੰਦਾ ਹੈ "ਤੁਰਾਚ ਤੁਰਾ ਚਿਹ" ਇਸ ਦਾ ਮਤਲਬ ਹੈ ਤੂੰ ਕਿਆ ਹੈ ? ਚੱਲੋ ਖੈਰ ਗੱਲ ਕਰਦੇ ਹਾਂ ਆਪਣੀ ਮਾਂ ਬੋਲੀ ਪੰਜਾਬੀ ਦੀ ਜਿਸ ਨੂੰ ਚੁਫੇਰਿਓਂ ਗ੍ਰਹਿਣ ਲੱਗਦਾ ਜਾਂਦਾ ਹੈ। ਕੁੱਝ ਸਕੂਲ ਪੰਜਾਬੀ ਬਾਰੇ ਵਿਰੋਧ ਵਿੱਚ ਰਹਿੰਦੇ ਹਨ। ਬੱਚਿਆਂ ਨੂੰ ਪੰਜਾਬੀ ਨਾਲ ਤੋਂ ਤੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ।

ਪੰਜਾਬੀ ਬੋਲੀ ਸੱਭਿਆਚਾਰ, ਸੰਸਕ੍ਰਿਤੀ ਅਤੇ ਸੱਭਿਅਤਾ ਦੀ ਤਿਰਵੈਣੀ ਹੈ। ਇਸ ਤੋਂ ਬਿਨ੍ਹਾਂ ਉਕਤ ਝੂਠ ਬੋਲਣ ਵਾਲਾ ਸੁਭਾਅ ਵੀ ਪੰਜਾਬੀ ਚੁੱਕੀ ਫਿਰਦੇ ਹਨ। ਪੰਜਾਬੀਆਂ ਦੀ ਇੱਕ ਗੱਲ ਅਜੀਬ ਹੈ ਇਹ ਬਿਨ੍ਹਾਂ ਸੋਚੇ ਸਮਝੇ ਮਗਰ ਲੱਗ ਜਾਂਦੇ ਹਨ ਜੇ ਕੋਈ ਅੰਗਰੇਜ਼ੀ ਹਿੰਦੀ ਬੋਲਦਾ ਹੈ ਤਾਂ ਉਸ ਦੀ ਰੀਸ ਕਰਦੇ ਹਨ ਉਸ ਨੂੰ ਆਪਣੇ ਤੋਂ ਮਹਾਨ ਸਮਝਦੇ ਹਨ। ਇਹ ਭੁੱਲ ਜਾਂਦੇ ਹਨ ਕਿ ਇਹ ਉਹਨਾਂ ਦੀ ਮਾਂ ਬੋਲੀ ਪੰਜਾਬੀ ਭਾਸ਼ਾ ਹੈ। ਮਾਂ ਬੋਲੀ ਮਾਂ ਦੀ ਗੋਦ ਵਿੱਚ ਸਿੱਖੀ ਭਾਸ਼ਾ ਹੁੰਦੀ ਹੈ। ਇਸ ਨੂੰ ਗੁਆ ਕੇ ਰੂਹ ਬੇਜਾਨ ਹੁੰਦੀ ਹੈ। ਇਸ ਨੂੰ ਵਿਸਾਰਨ ਨਾਲ ਮਾਂ ਵਿਸਰ ਜਾਂਦੀ ਹੈ। ਪੰਜਾਬੀ ਅੱਗੇ ਹਿੰਦੀ ਭਾਸ਼ਾ ਬੋਲੀਏ ਤਾਂ ਸਾਹਮਣੇ ਵਾਲੇ ਦੀ ਪ੍ਰਤੀਕ੍ਰਿਆ ਅਤੇ ਚਿਹਰਾ ਦੱਸ ਦਿੰਦਾ ਹੈ। ਖੁਰਾਸਾਨੀ ਦੁਲੱਤੇ ਮਾਰਨ ਵਾਲੇ ਬਹੁਤੇ ਪੰਜਾਬੀ ਸ਼ਹਿਰੀਕਰਨ ਕਰਕੇ ਵੀ ਪੰਜਾਬੀ ਬੋਲਣ ਨੂੰ ਹੀਣਤਾ ਸਮਝਣ ਲੱਗੇ ਹਨ। ਇਸ ਸਰਕਾਰ ਨੇ ਪੰਜਾਬੀ ਬੋਰਡ ਲਾਉਣਾ ਦਾ ਫੈਸਲਾ ਜ਼ਰੂਰ ਕੀਤਾ ਪਰ ਅੱਧਵਾਟੇ ਹੀ ਮੁੱਕ ਗਿਆ। ਰਾਜਨੀਤਿਕ ਸੱਭਿਆਚਾਰ ਵਿੱਚ ਹਮੇਸ਼ਾ ਖੇਤਰੀ ਪਾਰਟੀਆਂ ਨੇ ਆਪਣੀ ਮਾਂ ਬੋਲੀ ਲਈ ਕੁੱਝ ਕਰਨ ਦਾ ਯਤਨ ਕੀਤਾ ਹੈ। ਇਸ ਯਤਨ ਪਿੱਛੇ ਸ਼ਾਇਦ ਉਹਨਾਂ ਦੀ ਰੁਚੀ ਘੱਟ ਬਲਕਿ ਮਜਬੂਰੀ ਵੱਧ ਹੁੰਦੀ ਹੈ। ਇਹਨਾਂ ਦੇ ਬੱਚਿਆਂ ਨੇ ਸਿੱਖਿਆ ਕਿੱਥੋਂ ਲਈ ? ਇਸ ਜਵਾਬ ਵਿੱਚ ਸਭ ਕੁੱਝ ਨੰਗਾ ਹੋ ਜਾਵੇਗਾ। ਅੱਜ ਪੰਜਾਬੀਆਂ ਨੇ 6-7 ਬੈਂਡ ਲੈਣ ਦੇ ਚੱਕਰ ਵਿੱਚ ਪੰਜਾਬੀ ਨੂੰ ਹੋਰ ਦੁਰਕਾਰਿਆ ਉਹਨਾਂ ਦੀ ਮਜਬੂਰੀ ਹੈ ਕਿ ਰਿਜ਼ਕ ਨਾਲ ਭਾਸ਼ਾ ਦਾ ਸੰਬੰਧ ਹੁੰਦਾ ਹੈ।

ਵੰਡ ਨੇ ਪੰਜਾਬੀ ਮਾਂ ਬੋਲੀ ਨੂੰ ਉਧੇੜਿਆਂ। ਪੰਜਾਬੀ ਦਾ ਹਾਲ ਉੱਧਰਲੇ ਪੰਜਾਬ ਅਤੇ ਇੱਧਰਲੇ ਪੰਜਾਬ ਵਿੱਚ ਇਕੋ ਜਿਹਾ ਹੈ। ਉੱਥੇ ਉਰਦੂ ਠੋਸਣ ਦੇ ਯਤਨ ਹੁੰਦੇ ਹਨ ਇੱਧਰ ਹਿੰਦੀ ਠੋਸਣ ਦੇ ਯਤਨ ਹੁੰਦੇ ਹਨ। ਮਾਂ ਬੋਲੀ ਪੰਜਾਬੀ ਭਾਸ਼ਾ ਹੀ ਰਹਿੰਦੀ ਹੈ। ਮਾਸੀ ਉਰਦੂ ਹਿੰਦੀ ਕੋਈ ਵੀ ਹੋ ਸਕਦੀ ਹੈ। ਸਤਿਕਾਰ ਬਰਾਬਰ ਹੁੰਦਾ ਹੈ। ਇੱਕ ਵਾਰ ਮੇਰੇ ਸਮਾਜਿਕ ਖੇਮੇ ਵਿੱਚ ਇੱਕ ਫੌਜੀ ਜਵਾਨ ਛੁੱਟੀ ਆਇਆ ਆ ਕੇ ਹਿੰਦੀ ਬੋਲਣ ਲੱਗਿਆ ਨਾਲ ਹੀ ਇੱਕ ਹੋਰ ਚੰਦਨ ਬ੍ਰਾਹਮਣਾਂ ਦਾ ਮੁੰਡਾ ਛੁੱਟੀ ਆਇਆ ਹੋਇਆ ਸੀ ਉਸ ਨੇ ਹਿੰਦੀ ਬੋਲਣ ਵਾਲੇ ਨੂੰ ਟੋਕ ਕੇ ਕਿਹਾ "ਬਸ ਰਹਿਣ ਦੇ ਯਾਰ ਸਾਨੂੰ ਪੰਜਾਬੀ ਆਉਂਦੀ ਹੈ" ਇੱਥੇ ਪੰਜਾਬੀ ਬੋਲੀ ਨਾ ਬੋਲਣਾ ਸਪੱਸ਼ਟ ਖੁਰਾਸਾਨੀ ਦੁਲੱਤਾ ਸੀ। ਕਈ ਪੰਜਾਬੀ ਇਸ ਤਰ੍ਹਾਂ ਵੀ ਕਹਿੰਦੇ ਹਨ "ਮੇਰੇ ਸਾਥ ਪੰਜਾਬੀ ਮੇਂ ਬਾਤ ਕਰੋ" ਲਾਹਣਤੀ ਕਿਤੇ ਦੇ। ਹਿੰਦੀ ਰਾਸ਼ਟਰੀ ਭਾਸ਼ਾ ਦਾ ਮਾਣ ਤਾਂ ਨਹੀਂ ਬਣ ਸਕੀ। ਪਰ 1948 ਵਿੱਚ ਪੰਜਾਬੀ ਦੇ ਦੀਵਾਨੇ ਇੱਧਰਲੇ ਪੰਜਾਬ ਵਿੱਚ ਜ਼ਰੂਰ ਜਾਗੇ ਸਨ। 1948 ਵਿੱਚ ਭਾਸ਼ਾਈ ਕਮਿਸ਼ਨ ਦੀ ਰਿਪੋਰਟ ਵਿੱਚ ਪੰਜਾਬੀ ਸਭ ਤੋਂ ਵੱਡੀ ਭਾਸ਼ਾ ਸੀ। ਜਨਵਰੀ 1968 ਤੋਂ ਪੰਜਾਬੀ ਭਾਸ਼ਾ ਦੀ ਵਰਤੋਂ ਲਈ ਅਧਿਸੂਚਨਾ ਜਾਰੀ ਹੋਈ। 1998 ਤੱਕ 10.40 ਕਰੋੜ ਪੰਜਾਬੀ ਬੋਲਦੇ ਸਨ। 1967 ਵਿੱਚ ਪੰਜਾਬੀ ਰਾਜ ਭਾਸ਼ਾ ਐਕਟ ਬਣਨ ਨਾਲ ਪੰਜਾਬੀ ਰਾਜ ਭਾਸ਼ਾ ਬਣੀ। ਪਰ ਪੰਜਾਬੀ ਜਾਏ ਹੋਰ ਪਾਸੇ ਮੂੰਹ ਮਾਰਨ ਵਿੱਚ ਯਕੀਨ ਰੱਖਣ ਲੱਗੇ:-

"ਇੱਕੋਂ ਗੱਲ ਮਾੜੀ ਇਹਦੇ ਛੈਲ ਬਾਂਕੇ, ਬੋਲੀ ਆਪਣੀ ਮੰਨੋ ਭੁਲਾਈ ਜਾਂਦੇ, ਪਿੱਛੇ ਸਿੱਪੀਆਂ ਦੇ ਖਾਂਦੇ ਗੋਤੇ, ਪੰਜ ਆਬ ਦੇ ਮੋਤੀ ਰੁਲਾਈ ਜਾਂਦੇ"।

ਸਕੂਲਾਂ ਵਿੱਚ ਆਮ ਤੌਰ ਤੇ ਹਿੰਦੀ ਦੀ ਪੰਜਾਬੀ ਤੋਂ ਵੱਧ ਪ੍ਰਫੁੱਲਤਾ ਦਾ ਰੌਲਾ ਪੰਜਾਬੀ ਪਾਉਂਦੇ ਰਹਿੰਦੇ ਹਨ, ਕਿਉਂਕ "ਵਿੱਦਿਅਕ ਅਦਾਰੇ ਚਾਨਣ ਮੁਨਾਰਿਆਂ ਵਾਂਗ ਹੁੰਦੇ ਹਨ"। ਇਸ ਲਈ ਜ਼ਰੂਰੀ ਵੀ ਹੈ।

ਹਾਂ ਇੱਕ ਗੱਲ ਜ਼ਰੂਰ ਹੈ ਕਿ ਸੱਭਿਆਚਾਰ ਨੇ ਪੰਜਾਬੀ ਜੀਉਂਦੀ ਅਤੇ ਮਾਨਮੱਤੀ ਰੱਖੀ ਹੋਈ ਹੈ। ਪੰਜਾਬੀ ਗੀਤ, ਸੰਗੀਤ ਦੇ ਟੱਪੇ ਉੱਤੇ ਹਰ ਕਿਸੇ ਦਾ ਪੈਰ ਉੱਠਦਾ ਹੈ। ਭੰਗੜਾ, ਗਿੱਧਾ, ਬੋਲੀਆਂ, ਸਿੱਠਣੀਆਂ ਅਤੇ ਟੱਪੇ ਪੰਜਾਬੀ ਬੋਲੀ ਨਾਲ ਹੀ ਸੋਂਹਦੇ ਹਨ। ਇਹ ਪੰਜਾਬੀ ਬੋਲੀ ਤੋਂ ਬਿਨਾਂ ਰੂਹ ਤੋਂ ਸੱਖਣੇ ਲੱਗਦੇ ਹਨ। ਬੁੱਲ੍ਹਾ, ਵਾਰਿਸ, ਪਾਤਰ, ਅੰਮ੍ਰਿਤਾ ਅਤੇ ਪ੍ਰੋ ਮੋਹਨ ਸਿੰਘ ਵਗੈਰਾ ਨੇ ਸ਼ਿੰਗਾਰੀ ਪੰਜਾਬੀ ਬੋਲੀ ਵਿੱਚ ਬਲਵਾਨ ਵਿਰਸਾ ਪੰਜਾਬ ਵਿੱਚ ਜਾਨ ਪਾਈ ਰੱਖਦਾ ਹੈ। ਕਿਸਾਨੀ ਅੰਦੋਲਨ ਵਿੱਚ ਗੀਤਾਂ ਗਾਇਕਾਂ ਨੇ ਹੱਲਾ ਹੁਲਾਰਾ ਮਾਰ ਕੇ ਮਾਂ ਬੋਲੀ ਦੇ ਸਿਰ ਤੇ ਹੀ ਬਾਜ਼ੀ ਜਿੱਤੀ ਸੀ।ਇਹ ਅਜੋਕੇ ਜ਼ਮਾਨੇ ਦਾ ਸੁਨੇਹਾ ਹੈ। ਬਾਹਰ ਜਾ ਕੇ ਪੰਜਾਬੀ ਹੋਣ ਦਾ ਮਾਣ ਦੱਸਦੇ ਹੋਏ ਇੱਥੇ ਬੱਚਿਆਂ ਲਈ ਅੰਗਰੇਜ਼ੀ ਹਿੰਦੀ ਨੂੰ ਪਹਿਲ ਦਿੰਦੇ ਹਨ। ਪੰਜਾਬੀ ਕਵੀਆਂ ਨੇ ਵੱਖ ਵੱਖ ਰੁੱਚੀਆਂ ਤਰੁੱਟੀਆਂ ਨੂੰ ਅੰਦਾਜ਼ ਵਿੱਚ ਕਰਕੇ ਵਾਰਿਸ ਨੇ ਹੀਰ ਲਿਖ ਕੇ ਨਾਰੀਵਾਦ ਨੂੰ ਉਤਸ਼ਾਹਿਤ ਕੀਤਾ, ਸ਼ਿਵ ਕੁਮਾਰ ਨੇ ਇਸ਼ਕ ਆਸ਼ਿਕੀ ਅਤੇ ਸੰਤ ਰਾਮ ਉਦਾਸੀ ਨੇ ਗੁਰੂਆਂ ਦਾ ਫ਼ਲਸਫ਼ਾ ਅੱਗੇ ਤੌਰ ਕੇ ਜਾਤ ਪਾਤੀ ਤੇ ਕਰਾਰੀ ਚੋਟ ਮਾਰੀ।

ਸਮਾਜ ਵਿੱਚ ਪੀੜ੍ਹੀ ਦਾ ਪਾੜਾ ਵੀ ਮਾਂ ਬੋਲੀ ਨੂੰ ਪਿੱਛੇ ਛੱਡ ਰਿਹਾ ਹੈ। ਇਸ ਪਿੱਛੇ ਵਿਚਾਰਧਾਰਾ ਵਾਲੇ ਕਾਰਕ ਹਨ। ਇਹਨਾਂ ਦੀ ਪਰਖ ਪੜਚੋਲ ਹਰ ਜਾਗਰੂਕ ਪੰਜਾਬੀ ਨੂੰ ਕਰਨੀ ਚਾਹੀਦੀ ਹੈ। ਬਹੁਤੇ ਕਵੀਆਂ ਨੇ ਪਹਿਲਾਂ ਹੀ ਮਾਂ ਬੋਲੀ ਨੂੰ ਹਿਰਦੇ ਵਿੱਚ ਵਸਾਉਣ ਲਈ ਹੋਕਾ ਦਿੱਤਾ ਹੈ ਉਹਨਾਂ ਨੂੰ ਨੀਤੀਆਂ ਦਾ ਅਤਾ ਪਤਾ ਹੋਣ ਕਰਕੇ ਕਲਮ ਚੁੱਕਣ ਲਈ ਮਜਬੂਰ ਹੋਣਾ ਪਿਆ ਸੀ। 1954 ਵਿੱਚ ਹੀ ਫ਼ਿਰੋਜ਼ਦੀਨ ਸ਼ਰਫ਼ ਨੇ ਜਾਗਰੂਕ ਕਰਨ ਦਾ ਹੋਕਾ ਦਿੱਤਾ ਸੀ:-

ਮੁੱਠਾਂ ਮੀਟ ਕੇ ਨੁੱਕਰੇ ਰਹਾਂ ਬੈਠੀ,
ਟੁੱਟੀ ਹੋਈ ਸਤਾਰ ਰਬਾਬੀਆਂ ਦੀ,
ਪੁੱਛੀ ਜਿਹਨਾਂ ਨੇ ਸਾਰ ਨਾ ਸ਼ਰਫ਼ ਮੇਰੀ,
ਵੇਖ ਮੈਂ ਬੋਲੀ ਹਾਂ ਉਹਨਾਂ ਪੰਜਾਬੀਆਂ ਦੀ

ਅੱਜ ਇਸ ਚਿੰਤਾਜਨਕ ਵਰਤਾਰੇ ਵਿੱਚੋਂ ਮਾਂ ਬੋਲੀ ਦੇ ਕਮਲ ਬਣਕੇ ਉਪਜੀਏ। ਮਾਂ ਬੋਲੀ ਬੋਲਣ ਨਾਲ ਹੀ ਮਾਂ ਨੂੰ ਸਿੱਜਦਾ ਅਤੇ ਸ਼ਰਧਾਂਜਲੀ ਹੁੰਦੀ ਹੈ। ਪੰਜਾਬੀਆਂ ਅਤੇ ਪੰਜਾਬ ਦੀ ਊਰਜਾ ਮਾਂ ਬੋਲੀ ਪੰਜਾਬੀ ਹੀ ਹੈ। ਪੰਜਾਬੀਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਭਾਸ਼ਾ ਹੀ ਮਨੁੱਖ ਦੇ ਅਸਲੀ ਰੂਪ ਨੂੰ ਦਰਸਾਉਂਦੀ ਹੈ। ਪੰਜਾਬੀ ਭਾਸ਼ਾ ਤੋਂ ਬਿਨਾਂ ਪੰਜਾਬੀ ਅਖਵਾਉਣ ਦਾ ਹੱਕ ਹੀ ਨਹੀਂ ਹੈ। ਹੁਣ ਦਲਜੀਤ ਨੇ ਲਲਕਾਰ ਮਾਰੀ ਹੈ "ਪੰਜਾਬੀ ਆ ਗਏ ਓਏ" ਪੰਜਾਬੀਆਂ ਦਾ ਰਿਸ਼ਤਾ ਪੰਜਾਬ ਨਾਲ ਚੱਲਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਪੰਜਾਬੀਆਂ ਦਾ ਮਾਂ ਬੋਲੀ ਪੰਜਾਬੀ ਨਾਲ ਜਿਸਮ ਰੂਹ ਵਾਲਾ ਸੁਮੇਲ ਹੈ। ਜਿਵੇਂ ਰੂਹ ਤੋਂ ਬਿਨਾਂ ਜਿਸਮ ਮਿੱਟੀ ਹੁੰਦੀ ਹੈ ਠੀਕ ਉਸੇ ਤਰ੍ਹਾਂ ਮਾਂ ਬੋਲੀ ਪੰਜਾਬੀ ਤੋਂ ਬਿਨਾਂ ਪੰਜਾਬੀ ਅਧੂਰੇ ਲਗਦੇ ਹਨ। ਪੰਜਾਬ ਦਾ ਇਤਿਹਾਸ ਭੂਗੋਲਿਕ ਸਥਿੱਤੀ ਮੰਗ ਕਰਦੀ ਹੈ ਕਿ ਪੰਜਾਬੀ ਹੋਰ ਵੀ ਪ੍ਰਫੁੱਲਤ ਹੋਵੇ। ਰਾਜਨੀਤਿਕ ਅਤੇ ਸਮਾਜਿਕ ਖੇਮਿਆਂ ਵਿੱਚੋਂ ਇਹੀ ਬਚਨ ਮੰਗਦੀ ਹੈ। ਇਹ ਗੱਲ ਜ਼ਾਹਰ ਹੈ ਕਿ ਪੰਜਾਬੀ ਬੋਲੀ ਕਰਕੇ ਹੀ ਪੰਜਾਬ ਦਬਦਾ ਨਹੀਂ। ਸਾਡੀ ਬੋਲੀ ਸਾਡੀ ਊਰਜਾ ਹੈ। ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਦਾ ਵਰਕਾ ਫਰੋਲਦਿਆਂ ਪੰਜਾਬ ਨੂੰ ਚੁਫੇਰਿਓਂ ਲੱਗਦੇ ਖੋਰੇ ਨੂੰ ਬਚਾਉਣ ਲਈ ਹਰ ਪੰਜਾਬੀ ਅੱਗੇ ਆਵੇ। ਪੰਜਾਬ ਯੂਨੀਵਰਸਿਟੀ ਦਾ ਨੋਟੀਫਿਕੇਸ਼ਨ ਕੇਂਦਰ ਨੂੰ ਵਾਪਿਸ ਲੈਣਾ ਪੰਜਾਬ ਦੀ ਸਰਬਸੰਮਤੀ ਵਾਲੀ ਮੰਗ ਬਣ ਚੁੱਕੀ ਹੈ। ਆਪਣੇ ਅੰਦਰ ਝਾਤੀ ਮਾਰਨ ਦੇ ਨਾਲ ਨਾਲ ਫਰਜ਼ ਅਤੇ ਹੱਕ ਪਹਿਚਾਣਨੇ ਚਾਹੀਦੇ ਹਨ। ਇਸ ਕਰਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਜ਼ਿੰਦਾਬਾਦ ਰਹੇਗੀ। ਪੰਜਾਬੀਆਂ ਨੂੰ ਦੱਬਦਾ ਕਿੱਥੇ ਹੈ ? ਦਾ ਸਬਕ ਪੱਲੇ ਬੰਨ੍ਹਣਾ ਚਾਹੀਦਾ ਹੈ।

* * * * * * * *

# ਦੇਸ਼ ਦੀ ਅਜੋਕੀ ਸਥਿਤੀ ਵਿਚ ਖੱਬੇ-ਪੱਖੀ ਪਾਰਟੀਆਂ ਦੀ ਅਹਿਮੀਅਤ

**ਸਤਨਾਮ ਸਿੰਘ ਮਾਣਕ**



ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਅਤੇ ਆਜ਼ਾਦੀ ਤੋਂ ਬਾਅਦ ਦੀ ਦੇਸ਼ ਦੀ ਰਾਜਨੀਤੀ ਵਿਚ ਖੱਬੇ-ਪੱਖੀ ਪਾਰਟੀਆਂ ਦਾ ਮਹੱਤਵਪੂਰਨ ਰੋਲ ਰਿਹਾ ਹੈ। ਭਾਵੇਂ ਇਨ੍ਹਾਂ ਪਾਰਟੀਆਂ ਦੀਆਂ ਸਰਕਾਰਾਂ ਸਿਰਫ਼ ਪੱਛਮੀ ਬੰਗਾਲ, ਕੇਰਲ ਤੇ ਤ੍ਰਿਪੁਰਾ ਵਿਚ ਹੀ ਬਣਦੀਆਂ ਰਹੀਆਂ ਹਨ ਪਰ ਖੱਬੀਆਂ ਪਾਰਟੀਆਂ ਆਪਣੇ ਪਾਰਟੀ ਸੰਗਠਨਾਂ ਅਤੇ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਸੰਗਠਨਾਂ ਰਾਹੀਂ ਕੌਮੀ ਰਾਜਨੀਤੀ ਨੂੰ ਵੀ ਪ੍ਰਭਾਵਿਤ ਕਰਦੀਆਂ ਰਹੀਆਂ ਹਨ। ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਹੱਕਾਂ ਅਤੇ ਅਧਿਕਾਰਾਂ ਦੀ ਰਾਖੀ ਲਈ ਖੱਬੀਆਂ ਪਾਰਟੀਆਂ ਦੇ ਸੰਗਠਨ ਹਮੇਸ਼ਾ ਸੰਘਰਸ਼ਸ਼ੀਲ ਰਹੇ ਹਨ ਅਤੇ ਉਨ੍ਹਾਂ ਨੇ ਉਪਰੋਕਤ ਵਰਗਾਂ ਲਈ ਵੱਡੀਆਂ ਪ੍ਰਾਪਤੀਆਂ ਵੀ ਹਾਸਿਲ ਕੀਤੀਆਂ ਹਨ। ਸਿਧਾਂਤਕ ਤੌਰ 'ਤੇ ਕੌਮੀ ਰਾਜਨੀਤੀ ਵਿਚ ਖੱਬੀਆਂ ਪਾਰਟੀਆਂ ਦਾ ਰੋਲ ਕੇਂਦਰੀ ਸਰਕਾਰਾਂ 'ਤੇ ਰਾਜਨੀਤਕ ਦਬਾਅ ਪਾ ਕੇ ਉਨ੍ਹਾਂ ਨੂੰ ਲੋਕ-ਪੱਖੀ ਆਰਥਿਕ ਤੇ ਰਾਜਨੀਤਕ ਨੀਤੀਆਂ ਲਾਗੂ ਕਰਨ ਲਈ ਪ੍ਰੇਰਤ ਕਰਨ ਦਾ ਰਿਹਾ ਹੈ। ਇਸ ਤੋਂ ਇਲਾਵਾ ਖੱਬੇ-ਪੱਖੀ ਪਾਰਟੀਆਂ ਦੇ ਪ੍ਰਭਾਵ ਕਾਰਨ ਪਿਛਲੇ ਦਹਾਕਿਆਂ ਵਿਚ ਫਿਰਕਾਪ੍ਰਸਤ ਅਤੇ ਕੱਟੜਪੰਥੀ ਸ਼ਕਤੀਆਂ ਵੀ ਕੰਟਰੋਲ ਵਿਚ ਰਹੀਆਂ ਹਨ ਅਤੇ ਦੇਸ਼ ਵਿਚ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਘੀ ਢਾਂਚੇ ਦੇ ਹੱਕ ਵਿਚ ਰਾਜਨੀਤਕ ਮਾਹੌਲ ਬਣਿਆ ਰਿਹਾ ਹੈ।

ਸਾਂਝੇ ਪ੍ਰਗਤੀਸ਼ੀਲ ਗੱਠਜੋੜ ਦੀ 2004 ਵਿਚ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿਚ ਬਣੀ ਸਰਕਾਰ ਨੂੰ ਸੀ.ਪੀ.ਆਈ. ਸਰਕਾਰ ਵਿਚ ਸ਼ਾਮਿਲ ਹੋ ਕੇ ਅਤੇ ਖੱਬੇ-ਪੱਖੀ ਪਾਰਟੀਆਂ ਬਾਹਰ ਤੋਂ ਸਮਰਥਨ ਦਿੰਦੀਆਂ ਰਹੀਆਂ ਹਨ। ਉਸ ਸਮੇਂ ਲੋਕ ਸਭਾ ਵਿਚ 53 ਅਤੇ ਰਾਜ ਸਭਾ ਵਿਚ 6 ਖੱਬੇ-ਪੱਖੀ ਸੰਸਦ ਮੈਂਬਰ ਸਨ। ਡਾ. ਮਨਮੋਹਨ ਸਿੰਘ ਦੀ ਸਰਕਾਰ ਦੀ ਖੱਬੇ-ਪੱਖੀ ਪਾਰਟੀਆਂ 'ਤੇ ਨਿਰਭਰਤਾ ਹੋਣ ਕਾਰਨ ਉਸ ਸਮੇਂ ਸਿੱਖਿਆ ਦਾ ਅਧਿਕਾਰ, ਭੋਜਨ ਦਾ ਅਧਿਕਾਰ, ਮਗਨਰੇਗਾ ਅਤੇ ਜਾਣਕਾਰੀ ਹਾਸਿਲ ਕਰਨ ਸੰਬੰਧੀ ਕਾਨੂੰਨ ਪਾਸ ਹੋਏ ਜਿਸ ਦਾ ਦੇਸ਼ ਵਿਚ ਮਿਹਨਤਕਸ਼ ਲੋਕਾਂ ਨੂੰ ਵੱਖ-ਵੱਖ ਰੂਪਾਂ ਵਿਚ ਚੋਖਾ ਲਾਭ ਮਿਲਿਆ। ਅੱਜ ਭਾਵੇਂ ਲੋਕਤੰਤਰਿਕ ਗੱਠਜੋੜ ਦੀ ਸਰਕਾਰ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇਸ਼ ਦੇ 80 ਕਰੋੜ ਲੋੜਵੰਦ ਲੋਕਾਂ ਨੂੰ ਮੁਫ਼ਤ ਅਨਾਜ ਦੇਣ ਦਾ ਸਿਹਰਾ ਆਪਣੇ ਸਿਰ ਬੰਨ੍ਹਦੇ ਹਨ, ਪਰ ਇਸ ਗੱਲ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਇਸ ਸੰਬੰਧੀ ਕਾਨੂੰਨ ਡਾ. ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ ਹੀ ਪਾਸ ਹੋਇਆ ਸੀ।

ਪੰਜਾਬ ਦੀ ਰਾਜਨੀਤੀ ਵਿਚ ਵੀ ਖੱਬੇ-ਪੱਖੀ ਪਾਰਟੀਆਂ ਸਮੇਂ-ਸਮੇਂ ਅਹਿਮ ਰੋਲ ਨਿਭਾਉਂਦੀਆਂ ਰਹੀਆਂ ਹਨ। 1966 ਵਿਚ ਪੰਜਾਬੀ ਸੂਬਾ ਬਣਨ ਤੋਂ ਬਾਅਦ ਜਸਟਿਸ ਗੁਰਨਾਮ ਸਿੰਘ ਦੀ ਗੱਠਜੋੜ ਸਰਕਾਰ ਵਿਚ ਵੀ ਖੱਬੇ-ਪੱਖੀ ਪਾਰਟੀਆਂ ਸ਼ਾਮਿਲ ਹੋਈਆਂ ਸਨ। ਇਸ ਤੋਂ ਬਾਅਦ ਵੀ ਖੱਬੇ-ਪੱਖੀ ਪਾਰਟੀਆਂ ਵਿਧਾਨ ਸਭਾ ਦੀਆਂ ਕਈ ਵਾਰ ਸੀਟਾਂ ਜਿੱਤਦੀਆਂ ਰਹੀਆਂ ਹਨ। ਰਾਜ ਵਿਚ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਸੰਘਰਸ਼ ਵੀ ਖੱਬੇ-ਪੱਖੀ ਸੰਗਠਨਾਂ ਦੀ ਅਗਵਾਈ ਵਿਚ ਚਲਦੇ ਰਹੇ ਹਨ। ਕਿਸਾਨਾਂ ਵਿਚ ਵਿਸ਼ੇਸ਼ ਤੌਰ 'ਤੇ ਖੱਬੇ-ਪੱਖੀ ਸੰਗਠਨਾਂ ਦਾ ਵੱਡਾ ਪ੍ਰਭਾਵ ਰਿਹਾ ਹੈ। ਰਾਜ ਦੇ ਲੋਕਾਂ ਵਿਚ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਕਾਮਰੇਡ ਸਤਪਾਲ ਡਾਂਗ, ਅਵਤਾਰ ਸਿੰਘ ਮਲਹੋਤਰਾ, ਜਗਜੀਤ ਸਿੰਘ ਲਾਇਲਪੁਰੀ, ਕਾਮਰੇਡ ਚੈਨ ਸਿੰਘ ਚੈਨ, ਗੁਰਚਰਨ ਸਿੰਘ ਰੰਧਾਵਾ, ਰਜਿੰਦਰ ਸਿੰਘ ਸਰੀਂਹ, ਸਤਵੰਤ ਸਿੰਘ, ਪੰਡਿਤ ਕਿਸ਼ੋਰੀ ਲਾਲ, ਭਗਤ ਸਿੰਘ ਬਿਲਗਾ, ਗੰਧਰਭ ਸੈਨ ਤੇ ਕਾਮਰੇਡ ਬੂਝਾ ਸਿੰਘ ਆਦਿ ਆਗੂਆਂ ਦਾ ਵਿਸ਼ੇਸ਼ ਸਤਿਕਾਰ ਰਿਹਾ ਹੈ। ਪੰਜਾਬ ਵਿਚ ਸਰਕਾਰਾਂ ਭਾਵੇਂ ਅਕਾਲੀ ਦਲ ਆਧਾਰਤ ਗੱਠਜੋੜ ਦੀਆਂ ਜਾਂ ਨਿਰੋਲ ਕਾਂਗਰਸ ਦੀਆਂ ਬਣਦੀਆਂ ਰਹੀਆਂ, ਉਨ੍ਹਾਂ ਨੂੰ ਆਪਣੀਆਂ ਨੀਤੀਆਂ ਲੋਕ-ਪੱਖੀ ਅਤੇ ਮਿਹਨਤਕਸ਼ ਲੋਕਾਂ ਦੇ ਹੱਕ ਵਿਚ ਰੱਖਣ ਲਈ ਖੱਬੇ ਪੱਖੀ ਪਾਰਟੀਆਂ ਨਿਰੰਤਰ ਪ੍ਰਭਾਵਿਤ ਕਰਦੀਆਂ ਰਹੀਆਂ ਹਨ।

ਪਰ 1991 ਵਿਚ ਸੋਵੀਅਤ ਯੂਨੀਅਨ ਦੇ ਟੁੱਟਣ ਅਤੇ ਸਮਾਜਵਾਦੀ ਬਲਾਕ ਦੇ ਖਿੱਲਰ ਜਾਣ ਤੋਂ ਬਾਅਦ ਜਿਥੇ ਕੌਮਾਂਤਰੀ ਪੱਧਰ 'ਤੇ ਖੱਬੇ-ਪੱਖੀ ਲਹਿਰ ਕਮਜ਼ੋਰ ਹੋ ਗਈ, ਉਥੇ ਦੇਸ਼ ਵਿਚ ਵੀ ਹੌਲੀ-ਹੌਲੀ ਵੱਖ-ਵੱਖ ਕਾਰਨਾਂ ਕਰਕੇ ਇਹ ਲਹਿਰ ਕਮਜ਼ੋਰ ਹੁੰਦੀ ਗਈ। ਖੱਬੇ ਪੱਖੀ ਪਾਰਟੀਆਂ ਵਲੋਂ ਆਪਣੇ ਸੰਗਠਨਾਂ ਨੂੰ ਮਜ਼ਬੂਤੀ ਨਾ ਦੇ ਸਕਣਾ ਅਤੇ ਇਨ੍ਹਾਂ ਵਿਚਕਾਰ ਸਿਧਾਂਤਕ ਮਤਭੇਦਾਂ ਦਾ ਵਧਦੇ ਜਾਣਾ, ਇਸ ਲਹਿਰ ਲਈ ਕਾਫੀ ਨੁਕਸਾਨਦੇਹ ਸਾਬਿਤ ਹੋਇਆ। ਬਹੁਤ ਮਤਭੇਦਾਂ ਕਾਰਨ ਪਹਿਲਾਂ ਸੀ. ਪੀ. ਆਈ. ਵਿਚੋਂ ਸੀ.ਪੀ.ਆਈ. (ਐੱਮ.) ਬਣੀ ਤੇ ਫਿਰ ਸੀ.ਪੀ.ਆਈ. (ਐੱਮ) ਵਿਚੋਂ ਵੱਖ ਹੋ ਕੇ ਕਈ ਹੋਰ ਨਕਸਲੀ ਧੜੇ ਹੋਂਦ ਵਿਚ ਆ ਗਏ। ਪਰ ਦੂਜੇ ਪਾਸੇ ਬਹੁਤ ਸਾਰੀਆਂ ਦੂਜੀਆਂ ਕੌਮੀ ਅਤੇ ਖੇਤਰੀ ਪਾਰਟੀਆਂ ਤਾਂ ਨਿਰੰਤਰ ਆਪਣਾ ਵਿਸਥਾਰ ਕਰਦੀਆਂ ਰਹੀਆਂ ਪਰ ਖੱਬੇ-ਪੱਖੀ ਪਾਰਟੀਆਂ ਪੱਛਮੀ ਬੰਗਾਲ, ਕੇਰਲਾ ਅਤੇ ਤ੍ਰਿਪੁਰਾ ਤੋਂ ਬਾਹਰ ਹੋਰ ਭਾਰਤੀ ਸੂਬਿਆਂ ਵਿਚ ਆਪਣਾ ਬਹੁਤਾ ਆਧਾਰ ਨਾ ਬਣਾ ਸਕੀਆਂ। ਇਨ੍ਹਾਂ ਰਾਜਾਂ ਤੋਂ ਬਾਅਦ ਖੱਬੇ-ਪੱਖੀ ਪਾਰਟੀਆਂ ਦਾ ਥੋੜ੍ਹਾ-ਬਹੁਤ ਉੱਪਰ ਪ੍ਰਭਾਵ ਪੰਜਾਬ ਤੋਂ ਇਲਾਵਾ ਰਾਜਸਥਾਨ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਬਿਹਾਰ ਤੱਕ ਹੀ ਸੀਮਤ ਰਿਹਾ। ਪਰ ਅੱਜ ਦੀ ਸਥਿਤੀ ਵਿਚ ਖੱਬੇ-ਪੱਖੀ ਪਾਰਟੀਆਂ ਦਾ ਵਧੇਰੇ ਪ੍ਰਭਾਵ ਕੇਰਲ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ। ਦੂਜੇ ਪਾਸੇ, ਜਿਥੇ ਦੇਸ਼ ਵਿਚ ਕਾਂਗਰਸ ਵੀ ਲਗਾਤਾਰ ਕਮਜ਼ੋਰ ਹੁੰਦੀ ਗਈ, ਉਥੇ ਆਰ.ਐਸ.ਐਸ. ਤੇ ਭਾਜਪਾ ਦਾ ਵੱਡਾ ਰਾਜਨੀਤਕ ਉਭਾਰ ਸਾਹਮਣੇ ਆ ਗਿਆ ਹੈ। ਫਿਰਕੂ ਧਰੁਵੀਕਰਨ ਅੱਜ ਦੀ ਰਾਜਨੀਤੀ ਦਾ ਅਹਿਮ ਪਹਿਲੂ ਹੈ।



ਭਾਰਤੀ ਕਮਿਊਨਿਸਟ ਪਾਰਟੀ ਦੀ 25ਵੀਂ ਪਾਰਟੀ ਕਾਂਗਰਸ ਨੂੰ ਸਮਰਪਿਤ ਸੈਮੀਨਾਰ ਆਯੋਜਿਤ

ਇਸ ਤਰ੍ਹਾਂ ਦੀਆਂ ਸਥਿਤੀਆਂ ਵਿਚ ਭਾਰਤੀ ਕਮਿਊਨਿਸਟ ਪਾਰਟੀ (ਸੀ. ਪੀ. ਆਈ.) ਦੀ 25ਵੀਂ ਪਾਰਟੀ ਕਾਂਗਰਸ ਚੰਡੀਗੜ੍ਹ ਵਿਚ ਹੋ ਰਹੀ ਹੈ, ਜਿਸ ਵਿਚ ਪਾਰਟੀ ਦੇ ਦੇਸ਼ ਭਰ ਤੋਂ ਚੁਣੇ ਹੋਏ ਡੈਲੀਗੇਟ ਸ਼ਿਰਕਤ ਕਰ ਰਹੇ ਹਨ। ਇਸ ਤੋਂ ਇਲਾਵਾ ਭਾਰਤੀ ਕਮਿਊਨਿਸਟ ਪਾਰਟੀ ਦੀਆਂ ਭਰਾਤਰੀ ਪਾਰਟੀਆਂ ਸੀ.ਪੀ.ਆਈ. (ਐਮ.) ਦੇ ਜਨਰਲ ਸਕੱਤਰ ਐਮ.ਏ. ਬੇਬੀ, ਸੀ. ਪੀ. ਆਈ. (ਐਮ) ਲਿਬਰੇਸ਼ਨ ਦੇ ਦੀਪਾਂਕਰ ਭੱਟਾਚਾਰੀਆ, ਆਲ ਇੰਡੀਆ ਫਾਰਵਰਡ ਬਲਾਕ ਦੇ ਆਗੂ ਜੀ. ਦੇਵਰਾਜਨ ਅਤੇ ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ ਦੇ ਜਨਰਲ ਸਕੱਤਰ ਮਨੋਜ ਭੱਟਾਚਾਰੀਆ ਨੇ ਵੀ ਇਸ ਵਿਚ ਸ਼ਿਰਕਤ ਕੀਤੀ ਹੈ। ਪਾਰਟੀ ਕਾਂਗਰਸ ਵਿਚ ਜੁੜੇ ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਡੀ. ਰਾਜਾ ਨੇ ਜਿਥੇ ਭਰਾਤਰੀ ਕਮਿਊਨਿਸਟ ਪਾਰਟੀਆਂ ਦੇ ਆਗੂਆਂ ਦਾ ਪਾਰਟੀ ਕਾਂਗਰਸ ਵਿਚ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ ਹੈ, ਉਥੇ ਦੇਸ਼ ਦੀਆਂ ਅਜੋਕੀਆਂ ਰਾਜਨੀਤਕ ਸਥਿਤੀਆਂ ਨੂੰ ਮੁੱਖ ਰੱਖਦਿਆਂ ਖੱਬੇ-ਪੱਖੀ ਪਾਰਟੀਆਂ ਦਰਮਿਆਨ ਦੀ ਏਕਤਾ 'ਤੇ ਵੀ ਜ਼ੋਰ ਦਿੱਤਾ ਹੈ। ਇਸ ਤੋਂ ਇਲਾਵਾ ਡੀ. ਰਾਜਾ ਨੇ ਵਿਸਥਾਰ ਵਿਚ ਦੇਸ਼ ਦੀ ਰਾਜਨੀਤਕ ਸਥਿਤੀ ਦੀ ਚਰਚਾ ਕਰਦਿਆਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਮੌਜੂਦਾ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਜਿਥੇ ਕਿਸਾਨਾਂ, ਮਜ਼ਦੂਰਾਂ ਮੁਲਾਜ਼ਮਾਂ, ਛੋਟੇ ਸਨਅਤਕਾਰਾਂ ਅਤੇ ਕਾਰੋਬਾਰੀਆਂ ਦੇ ਹਿਤਾਂ ਨੂੰ ਨੁਕਸਾਨ ਪਹੁੰਚਾ ਰਹੀ, ਉਥੇ ਦੇਸ਼ ਦੀਆਂ ਧਰਮ ਨਿਰਪੱਖ, ਜਮਹੂਰੀ ਅਤੇ ਸੰਘੀ ਸੰਵਿਧਾਨਕ ਵਿਵਸਥਾਵਾਂ ਨੂੰ ਵੀ ਨਿਰੰਤਰ ਕਮਜ਼ੋਰ ਕਰ ਰਹੀਆਂ ਹਨ। ਸਰਕਾਰ ਫਿਰਕੂ ਧਰੁਵੀਕਰਨ ਦੀਆਂ ਨੀਤੀਆਂ ਨੂੰ ਅੱਗੇ ਵਧਾਉਂਦਿਆਂ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਵਾਲੇ ਪਾਸੇ ਧੱਕਣ ਦਾ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਦੇਸ਼ ਨੂੰ ਵੱਡੇ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਦੇਸ਼ ਨੂੰ ਧਰਮ ਨਿਰਪੱਖ ਅਤੇ ਜਮਹੂਰੀ ਬਣਾਈ ਰੱਖਣ ਲਈ ਅਤੇ ਮਿਹਨਤਸ਼ ਲੋਕਾਂ ਦੇ ਹੱਕਾਂ ਹਿੱਤਾਂ ਦੀ ਰਾਖੀ ਲਈ ਨਾ ਕੇਵਲ ਕਮਿਊਨਿਸਟ ਪਾਰਟੀਆਂ ਨੂੰ ਏਕਤਾ ਕਰਨੀ ਚਾਹੀਦੀ ਹੈ, ਸਗੋਂ ਦੇਸ਼ ਦੀਆਂ ਹੋਰ ਧਰਮ ਨਿਰਪੱਖ ਤੇ ਜਮਹੂਰੀ ਤਾਕਤਾਂ ਨੂੰ ਨਾਲ ਲੈ ਕੇ ਇਕ ਸਾਂਝਾ ਮੋਰਚਾ ਬਣਾਉਣ ਲਈ ਵੀ ਯਤਨਸ਼ੀਲ ਹੋਣਾ ਚਾਹੀਦਾ ਹੈ, ਤਾਂ ਜੋ ਫਿਰਕੂ ਅਤੇ ਫਾਸ਼ੀਵਾਦੀ ਤਾਕਤਾਂ ਨੂੰ ਹਰਾਇਆ ਜਾ ਸਕੇ। ਉਨ੍ਹਾਂ ਦੇ ਇਸ ਵਿਚਾਰ ਦਾ ਸੀ.ਪੀ.ਆਈ. ਐਮ. ਦੇ ਜਨਰਲ ਸਕੱਤਰ ਐਮ.ਏ.ਬੇਬੀ ਅਤੇ ਸੀ.ਪੀ.ਆਈ. (ਐਮ.ਐਲ.) ਦੇ ਸਕੱਤਰ ਦਿਪਾਂਕਰ ਭੱਟਾਚਾਰੀਆ ਵਲੋਂ ਵੀ ਸਮਰਥਨ ਕੀਤਾ ਗਿਆ। ਇਥੇ ਇਹ ਵੀ ਵਰਣਨਯੋਗ ਹੈ ਕਿ ਕੁਝ ਮਹੀਨੇ ਪਹਿਲਾਂ ਤਾਮਿਲਨਾਡੂ ਵਿਚ ਸੀ. ਪੀ. ਆਈ. (ਐਮ.) ਦੀ ਹੋਈ ਪਾਰਟੀ ਕਾਂਗਰਸ ਵਿਚ ਵੀ ਖੱਬੇ ਪੱਖੀ ਪਾਰਟੀਆਂ ਵਿਚਕਾਰ ਏਕਤਾ ਜਾਂ ਸਾਂਝੇ ਸੰਘਰਸ਼ ਕਰਨ ਦਾ ਮੁੱਦਾ ਬੜੇ ਜ਼ੋਰ-ਸ਼ੋਰ ਨਾਲ ਉੱਭਰਿਆ ਸੀ। ਸਮੁੱਚੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਦੇਸ਼ ਦੀਆਂ ਖੱਬੀਆਂ ਪਾਰਟੀਆਂ ਵਿਚ ਭਾਵੇਂ ਕਈ ਤਰ੍ਹਾਂ ਦੇ ਸਿਧਾਂਤਕ ਮਤਭੇਦ ਅਜੇ ਵੀ ਮੌਜੂਦ ਹਨ, ਪਰ ਕੇਂਦਰੀ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਦਾ ਵਿਰੋਧ ਕਰਨ ਅਤੇ ਦੇਸ਼ ਨੂੰ ਧਰਮ ਨਿਰਪੱਖ ਅਤੇ ਜਮਹੂਰੀ ਬਣਾਈ ਰੱਖਣ ਲਈ ਮਿਲ ਕੇ ਕੰਮ ਕਰਨ ਸੰਬੰਧੀ ਉਨ੍ਹਾਂ ਵਿਚ ਹੁਣ ਕੋਈ ਮਤਭੇਦ ਨਹੀਂ ਹਨ। ਪਰ ਇਸ ਦੇ ਬਾਵਜੂਦ ਅਜੇ ਤੱਕ ਕੌਮੀ ਪੱਧਰ 'ਤੇ ਖੱਬੇ ਪੱਖੀ ਪਾਰਟੀਆਂ ਆਪਣੇ ਉਪਰੋਕਤ ਏਜੰਡੇ ਦੀ ਪੂਰਤੀ ਲਈ ਨਾ ਤਾਂ ਕੋਈ ਸਾਂਝੀ ਤਾਲਮੇਲ ਕਮੇਟੀ ਬਣਾ ਸਕੀਆਂ ਹਨ ਅਤੇ ਨਾ ਹੀ ਸੰਘਰਸ਼ ਲਈ ਕੋਈ ਸਾਂਝਾ ਪ੍ਰੋਗਰਾਮ ਬਣਾ ਸਕੀਆਂ ਹਨ। ਇਸ ਕਾਰਨ ਦੇਸ਼ ਵਿਚ ਖੱਬੇ ਪੱਖੀ ਪਾਰਟੀਆਂ ਦੇ ਵਰਕਰਾਂ ਅਤੇ ਸਮਰਥਕਾਂ ਵਿਚ ਉਹੋ ਜਿਹਾ ਉਤਸ਼ਾਹ ਅਤੇ ਉਭਾਰ ਨਜ਼ਰ ਨਹੀਂ ਆਉਂਦਾ, ਜਿਸ ਤਰ੍ਹਾਂ ਦਾ ਉਤਸ਼ਾਹ ਕੁਝ ਦਹਾਕੇ ਪਹਿਲਾਂ ਖੱਬੇ ਪੱਖੀ ਪਾਰਟੀਆਂ ਦੇ ਆਗੂਆਂ ਤੇ ਸਮਰਥਕਾਂ ਵਿਚ ਨਜ਼ਰ ਆਉਂਦਾ ਸੀ।

ਦੇਸ਼ ਦੀਆਂ ਰਾਜਨੀਤਕ ਅਤੇ ਆਰਥਿਕ ਸਥਿਤੀਆਂ ਇਹ ਮੰਗ ਕਰਦੀਆਂ ਹਨ ਕਿ ਖੱਬੇ ਪੱਖੀ ਪਾਰਟੀਆਂ ਹੁਣ ਆਪਣੇ ਆਪ ਨੂੰ ਸਿਧਾਂਤਕ ਵਿਚਾਰ ਵਟਾਂਦਰਿਆਂ ਤੱਕ ਸੀਮਿਤ ਨਾ ਰੱਖਣ, ਸਗੋਂ ਅਮਲੀ ਰੂਪ ਵਿਚ ਰਾਜਨੀਤੀ ਦੇ ਮੈਦਾਨ ਵਿਚ ਉਤਰਨ ਅਤੇ ਦੇਸ਼ ਦੀਆਂ ਰਾਜਨੀਤਕ ਤੇ ਆਰਥਿਕ ਨੀਤੀਆਂ ਨੂੰ ਆਪਣੀ ਸੋਚ ਮੁਤਾਬਕ ਮੋੜਾ ਦੇਣ ਲਈ ਅਤੇ ਖ਼ਾਸ ਕਰਕੇ ਦੇਸ਼ ਵਿਚ ਧਰਮ ਨਿਰਪੱਖਤਾ, ਜਮਹੂਰੀਅਤ ਅਤੇ ਸੰਘੀ ਢਾਂਚੇ ਨੂੰ ਮੁੜ ਤੋਂ ਮਜ਼ਬੂਤ ਬਣਾਉਣ ਲਈ ਸੰਘਰਸ਼ਸ਼ੀਲ ਹੋਣ। ਜੇਕਰ ਮੁਢਲੇ ਤੌਰ 'ਤੇ ਖੱਬੇ ਪੱਖੀ ਪਾਰਟੀਆਂ ਘੱਟੋ-ਘੱਟ ਆਮ ਸਹਿਮਤੀ ਵਾਲਾ ਪ੍ਰੋਗਰਾਮ ਬਣਾ ਕੇ ਸੰਘਰਸ਼ ਵਿਚ ਉੱਤਰਦੀਆਂ ਹਨ ਤਾਂ ਇਸ ਨਾਲ ਕਾਂਗਰਸ ਸਮੇਤ ਦੇਸ਼ ਦੀਆਂ ਹੋਰ ਜਮਹੂਰੀ ਤੇ ਧਰਮ ਨਿਰਪੱਖ ਸਿਆਸੀ ਪਾਰਟੀਆਂ ਨਾਲ ਵੀ ਉਨ੍ਹਾਂ ਦਾ ਤਾਲਮੇਲ ਵਧ ਸਕਦਾ ਹੈ।

ਹੁਣ ਇਹ ਦੇਖਣਾ ਬਣਦਾ ਹੈ ਕਿ ਚੰਡੀਗੜ੍ਹ ਵਿਚ ਭਾਰਤੀ ਕਮਿਊਨਿਸਟ ਪਾਰਟੀ ਦੀ ਹੋਈ 25ਵੀਂ ਪਾਰਟੀ ਕਾਂਗਰਸ ਤੋਂ ਬਾਅਦ ਖੱਬੇ ਪੱਖੀ ਪਾਰਟੀਆਂ ਦੇਸ਼ ਵਿਚ ਕਿੰਨੇ ਕੁ ਉਤਸ਼ਾਹ ਅਤੇ ਦ੍ਰਿੜਤਾ ਨਾਲ ਆਉਣ ਵਾਲੇ ਸਮੇਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਆਪਣੇ ਆਪ ਨੂੰ ਕਿਵੇਂ ਤਿਆਰ ਕਰਦੀਆਂ ਹਨ।

# ਪਾਠਕਾਂ ਦੇ ਪੱਤਰ

TO, H. S. Mander
Editor, Panjab Times,
24 Cotton Brook Road,
Derby DE23 8YJ. UK.

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ । ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ । ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ । ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ । –ਡਾਇਰੈਕਟਰ, ਪੰਜਾਬ ਟਾਈਮਜ਼

## ਪੰਜਾਬ ਦੀਆਂ ਜਿਲ੍ਹਾ ਅਦਾਲਤਾਂ ਵਿਚ ਬਹੁਤਾ ਕੰਮ-ਕਾਜ ਅੰਗਰੇਜ਼ੀ ਭਾਸ਼ਾ ਵਿਚ ਹੀ ਕੀਤਾ ਜਾਂਦਾ ਹੈ ਜਿਸ ਨੂੰ ਆਮ ਲੋਕ ਨਹੀਂ ਸਮਝ ਸਕਦੇ

ਮੁੱਖ ਮੰਤਰੀ ਪੰਜਾਬ
ਸ਼੍ਰੀਮਾਨ ਭਗਵੰਤ ਸਿੰਘ ਮਾਨ ਜੀਉ।

ਇਸ ਪੱਤਰ ਰਾਹੀਂ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਦੀਆਂ ਜਿਲ੍ਹਾ ਅਦਾਲਤਾਂ ਵਿਚ ਬਹੁਤਾ ਕੰਮ-ਕਾਜ ਅੰਗਰੇਜ਼ੀ ਭਾਸ਼ਾ ਵਿਚ ਹੀ ਕੀਤਾ ਜਾਂਦਾ ਹੈ ਜਿਸ ਨੂੰ ਆਮ ਲੋਕ ਨਹੀਂ ਸਮਝ ਸਕਦੇ। ਪਿਛਲੇ ਕਈ ਸਾਲਾਂ ਤੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਸਮੇਂ ਸਮੇਂ ਪੰਜਾਬ ਦੀਆਂ ਸਰਕਾਰਾਂ ਨੂੰ ਆਦੇਸ਼ ਦੇ ਚੁੱਕੀ ਹੈ ਕਿ ਦੁਭਾਸ਼ੀਏ ਭਰਤੀ ਕੀਤੇ ਜਾਣ ਤਾਂ ਕਿ ਅਦਾਲਤਾਂ ਦੇ ਫ਼ੈਸਲਿਆਂ ਤੇ ਹੋਰ ਕੰਮ-ਕਾਰ ਨੂੰ ਲੋਕਾਂ ਦੀ ਭਾਸ਼ਾ 'ਚ ਉਲਥਾਇਆ ਜਾ ਸਕੇ ਤਾਂ ਕਿ ਲੋਕ ਆਪਣੀ ਭਾਸ਼ਾ 'ਚ ਸਮਝ ਸਕਣ, ਪਰ ਕਿਸੇ ਵੀ ਸਰਕਾਰ ਨੇ ਹਾਈ ਕੋਰਟ ਦੇ ਇਨ੍ਹਾਂ ਆਦੇਸ਼ਾਂ ਦੀ ਪਰਵਾਹ ਨਹੀਂ ਕੀਤੀ।

ਹੁਣੇ ਹੀ ਦੇਸ਼ ਦੇ ਪ੍ਰਧਾਨ ਮੰਤਰੀ ਨੇ ਬਿਆਨ ਦਿਤਾ ਹੈ ਕਿ ਕਾਨੂੰਨ ਦੀ ਭਾਸ਼ਾ ਸਰਲ ਅਤੇ ਸਥਾਨਕ ਹੋਣੀ ਚਾਹੀਦੀ ਹੈ। ਕੁਝ ਸਮਾਂ ਪਹਿਲਾਂ ਅਜਿਹਾ ਹੀ ਬਿਆਨ ਭਾਰਤ ਦੇ ਗ੍ਰਹਿ ਮੰਤਰੀ ਵੀ ਦੇ ਚੁੱਕੇ ਹਨ। ਭਾਰਤ ਦੇ ਦੂਜੇ ਕਈ ਸੂਬਿਆਂ 'ਚ ਅਦਾਲਤਾਂ ਦਾ ਸਾਰਾ ਕੰਮ-ਕਾਜ ਉਥੋਂ ਦੀਆਂ ਸਥਾਨਕ ਭਾਸ਼ਾਵਾਂ 'ਚ ਹੁੰਦਾ ਹੈ। ਆਪ ਜੀ ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੀਆਂ ਗੱਲਾਂ ਕਰ ਕੇ ਵਾਹਵਾ ਤਾਂ ਖੱਟ ਰਹੇ ਹੋ ਪਰ ਕੀ ਕਦੇ ਇਸ ਪਾਸੇ ਆਪ ਜੀ ਦਾ ਧਿਆਨ ਨਹੀਂ ਗਿਆ? ਜੇ ਨਹੀਂ ਗਿਆ ਤਾਂ ਦਾਸ ਇਸ ਪੱਤਰ ਰਾਹੀਂ ਆਪ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹੈ ਜਲਦੀ ਤੋਂ ਜਲਦੀ ਦੁਭਾਸ਼ੀਏ ਭਰਤੀ ਕਰ ਕੇ ਨੌਜਵਾਨ ਬੱਚੇ, ਬੱਚੀਆਂ ਨੂੰ ਨੌਕਰੀਆਂ ਦਿਉ ਤਾਂ ਕਿ ਸਾਧਾਰਨ ਜੰਨਤਾ ਕਾਨੂੰਨ ਨੂੰ ਆਪਣੀ ਭਾਸ਼ਾ 'ਚ ਪੜ੍ਹ, ਸਮਝ ਕੇ ਲਾਭ ਉਠਾ ਸਕੇ। ਧੰਨਵਾਦ ਸਹਿਤ



ਨਿਰਮਲ ਸਿੰਘ ਕੰਧਾਲਵੀ ਕਨਵੀਨਰ,
ਪੰਜਾਬੀ ਭਾਸ਼ਾ ਪਸਾਰ ਭਾਈਚਾਰਾ
(ਵਿਦੇਸ਼) ਯੂ. ਕੇ.

## ਤਾਲਾਬੰਦੀ ਸੰਕਟ ਹੋਰ ਡੂੰਘਾ ਨਾ ਹੋਣ ਦੇਣ ਸਬੰਧੀ ਦੋਨਾਂ ਧਿਰਾਂ ਵਿਚਾਲੇ ਬਣੀ ਸਹਿਮਤੀ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-30 ਜਨਵਰੀ ਤੱਕ ਸਰਕਾਰ ਨੂੰ ਫੰਡ ਦੇਣ ਤੇ ਇਸ ਤੋਂ ਪਹਿਲਾਂ ਦਸੰਬਰ ਵਿੱਚ 'ਅਫੋਰਡੇਬਲ ਕੇਅਰ ਐਕਟ ਬਿੱਲ' ਉਪਰ ਵੋਟਾਂ ਪਵਾਉਣ ਲਈ ਸਹਿਮਤੀ ਬਣਨ ਤੋਂ ਬਾਅਦ ਤਾਲਾਬੰਦੀ ਖਤਮ ਹੋਣ ਦੇ ਆਸਾਰ ਬਣ ਗਏ ਹਨ। ਇਹ ਪ੍ਰਗਟਾਵਾ ਮੁੱਦੇ ਨਾਲ ਜੁੜੇ ਇਕ ਪ੍ਰਮੁੱਖ ਸੂਤਰ ਨੇ ਕੀਤਾ ਹੈ। ਦੋ ਧਿਰੀ ਸਮਝਤੇ ਅਨੁਸਾਰ ਟਰੰਪ ਦੁਆਰਾ ਸੰਘੀ ਵਰਕਰਾਂ ਦੀ ਛਾਂਟੀ ਨੂੰ ਵਾਪਿਸ ਲਿਆ ਜਾਵੇਗਾ ਤੇ ਭਵਿੱਖ ਵਿੱਚ ਅਜਿਹੀ ਕਿਸੇ ਵੀ ਕਾਰਵਾਈ ਨੂੰ ਰੋਕਣ ਦਾ ਪੱਕਾ ਇੰਤਜਾਮ ਕੀਤਾ ਜਾਵੇਗਾ।**

ਵਿੱਤੀ ਸਾਲ 2026 ਲਈ ਖੁਰਾਕ ਸਹਾਇਤਾ ਨੂੰ ਯਕੀਨੀ ਬਣਾਇਆ ਜਾਵੇਗਾ। ਸਰਕਾਰ ਨਾਲ ਹੋਏ ਇਸ ਸਮਝੌਤੇ ਵਾਸਤੇ ਡੈਮੋਕਰੈਟਸ ਦੀ ਤਰਫੋ ਸੈਨੇਟਰ ਅੰਗੁਸ ਕਿੰਗ, ਜੀਨੇ ਸ਼ਾਹੀਨ ਤੇ ਮੈਗੀ ਹਸਨ ਨੇ ਗੱਲਬਾਤ ਵਿੱਚ ਹਿੱਸਾ ਲਿਆ। ਵਿਆਪਕ ਕਾਨੂੰਨ ਤਹਿਤ 3 ਸਾਲ ਲਈ ਖਰਚਾ ਬਿੱਲ ਦੀ ਵਿਵਸਥਾ ਕੀਤੀ ਜਾਵੇਗੀ ਤਾਂ ਜੋ ਮਿਲਟਰੀ ਉਸਾਰੀ , ਫੌਜ ਦੇ ਮਾਮਲਿਆਂ ਅਤੇ ਖੇਤੀਬਾੜੀ ਵਿਭਾਗ ਲਈ ਫੰਡ ਮੁਹੱਈਆ ਕਰਵਾਇਆ ਜਾ ਸਕੇ। ਇਸ ਸਮਝੌਤੇ ਵਿੱਚ ਖਤਮ ਹੋ ਰਹੇ 'ਇਨਹਾਂਸਡ ਅਫੋਰਡੇਬਲ ਕੇਅਰ ਐਕਟ ਸਬਸਿਡੀਜ' ਨੂੰ ਵਧਾਉਣ ਦਾ ਕੋਈ ਜਿਕਰ ਨਹੀਂ ਹੈ ਜੋ ਕਿ ਡੈਮੋਕਰੈਟਸ ਦੀ ਪ੍ਰਮੁੱਖ ਮੰਗ ਹੈ। ਇਸ ਉਪਰ ਬਾਅਦ ਵਿੱਚ ਸੈਨੇਟ ਵਿੱਚ ਵੋਟਾਂ ਪਵਾਉਣ ਦੀ ਗਰੰਟੀ ਦਿੱਤੀ ਗਈ ਹੈ। ਸੂਤਰ ਨੇ ਕਿਹਾ ਹੈ ਕਿ ਤਾਲਾਬੰਦੀ ਖੋਲਣ ਤੋਂ ਪਹਿਲਾਂ ਅਜੇ ਕੁਝ ਅਹਿਮ ਮੁੱਦੇ ਰਹਿੰਦੇ ਹਨ ਜਿਨਾਂ ਨੂੰ ਹੱਲ ਕਰਨ ਦੀ ਲੋੜ ਹੈ ਪਰੰਤੂ ਤਾਲਾਬੰਦੀ ਸੰਕਟ ਹੋਰ ਡੂੰਘਾ ਨਾ ਹੋਵੇ ਇਸ ਵਾਸਤੇ ਦੋਵੇਂ ਧਿਰਾਂ ਸਹਿਮਤ ਹੋਈਆਂ ਹਨ। ਪਰੰਤੂ ਤਾਲਾਬੰਦੀ ਖਤਮ ਹੋਣ ਲਈ ਅਜੇ ਕੁਝ ਦਿਨ ਹੋਰ ਲੱਗ ਸਕਦੇ ਹਨ।

## ਪਹਿਲਾਂ ਸਰਕਾਰਾਂ ਖੁਦ ਸੁਧਰਨ, ਫਿਰ ਜਨਤਾ ਸੁਧਰੇਗੀ

ਕਿਹੜੇ ਕਿਹੜੇ ਡਿਪਾਰਟਮੈਂਟ ਵਿੱਚ ਸੁਧਾਰ ਕਰ ਲਵੋਗੇ। ਸਾਰੇ ਇਕੋ ਜਿਹੇ ਹਨ, ਸੁਧਾਰ ਕਰਕੇ ਕੀ ਹਾਲਤ ਠੀਕ ਹੋ ਜਾਵੇਗੀ, ਵਕਤ ਦੱਸੇਗਾ। ਪਹਿਲਾਂ ਪੰਜਾਬ ਯੂਨੀਵਰਸਿਟੀ ਬਾਰੇ ਲਿਖਾਂ 1947 ਦੇ ਕਾਨੂੰਨ ਮੁਤਾਬਕ ਪੰਜਾਬ ਯੂਨੀਵਰਸਿਟੀ 'ਤੇ ਪੰਜਾਬ ਦਾ ਅਧਿਕਾਰ ਪ੍ਰਾਪਤ ਸੀ ਲੰਮਾ ਚੌੜਾ ਨਾ ਲਿਖਾਂ ਕੀ ਹੋਇਆ ਜੋ ਲਾਅ ਮੁਤਾਬਕ ਹੋ ਹੀ ਨਹੀਂ ਸਕਦਾ, ਪਰ ਕੀ ਕਰੋ ਕੋਈ ਜੋਰ ਵਾਲਾ ਕੁਝ ਭੀ ਕਰ ਸਕਦਾ ਹੈ। ਗੱਲ ਕਰੀਏ ਜੰਗਲਾਤ ਮਹਿਕਮੇ ਦੀ, ਪੀ.ਟੀ.ਸੀ. 'ਤੇ ਦੇਖਿਆ ਹੋਵੇਗਾ ਕੀ ਹੋਇਆ ਜੰਗਲਾਤ ਦੇ ਮਹਿਕਮੇ ਦੀ ਜਿਤਨੀ ਜਾਇਦਾਦ ਹੈ ਉਸ ਵਿੱਚ ਨਾ ਤਾਂ ਕੋਈ ਦਰੱਖਤ ਕੱਟ ਸਕਦਾ ਹੈ ਇਜਾਜ਼ਤ ਬਗੈਰ, ਨਾ ਨਵਾਂ ਲਾ ਸਕਦਾ ਹੈ ਉਸ ਜ਼ਮੀਨ 'ਤੇ ਕੋਈ ਛੇੜਛਾੜ ਨਹੀਂ ਹੋ ਸਕਦੀ, ਸੜਕ ਜਾਂ ਬਿਲਡਿੰਗ ਬਗੈਰ ਇਜਾਜ਼ਤ ਬਣਾਉਣੀ ਤਾਂ ਇਕ ਪਾਸੇ ਰਹੀ ਕਿਸੇ ਭੀ ਕਿਸਮ ਦਾ ਇਕ ਪਸ਼ੂ ਬੰਨਣ ਲਈ ਥਾਂ ਨਹੀਂ ਬਣ ਸਕਦਾ, ਰੋਪੜ ਜ਼ਿਲ੍ਹੇ ਵਿੱਚ ਜੋ ਹਿਮਾਚਲ ਨਾਲ ਇਲਾਕਾ ਲੱਗਦਾ ਹੈ ਬਹੁਤ ਹੀ ਖ਼ੂਬਸੂਰਤ ਹੈ ਵੈਸੇ ਜੰਗਲ ਦਾ ਇਲਾਕਾ ਸਾਰਾ ਹੀ ਖ਼ੂਬਸੂਰਤ ਹੈ ਤਰ੍ਹਾਂ ਤਰ੍ਹਾਂ ਦੇ ਬੂਟੇ ਵੇਲਾਂ ਘਾਹ ਹਰਿਆਵਲ ਹੁੰਦੀ ਹੈ। ਉਥੇ ਦੇਖੋ ਕਿਤਨੇ ਸਾਲ ਇਕ ਪਿੰਡ ਦੀ ਜ਼ਮੀਨ ਜੋ ਕੌਡੀਆਂ ਦੇ ਭਾਅ ਇਕ ਵੱਡੀ ਕੰਪਨੀ ਜੋ ਵੱਡੇ ਨਾਮ ਵਾਲੀ ਹੈ, ਖਰੀਦ ਕੇ ਸੜਕ ਬਣਾ ਕੇ ਕਿਵੇਂ ਇਕੱਲੇ ਇਕੱਲੇ ਵੱਡੇ ਪੱਧਰ 'ਤੇ ਪਲਾਟ ਬਣਾ ਲਏ ਫਿਰ ਕੋਠੀਆਂ ਉਸਾਰ ਦਿੱਤੀਆਂ, ਅੱਗੋਂ ਕਰੋੜਾਂ ਦੇ ਹਿਸਾਬ ਵੱਡੇ ਤਾਕਤਵਰ ਪਰਿਵਾਰਾਂ ਨੂੰ ਵੇਚ ਦਿੱਤੀਆਂ, ਸ਼ਾਇਦ ਤਰੀਕ 2003 ਤੋਂ ਦੱਸੀ ਹੈ ਲਗਪਗ ਸਹੀ ਇਤਨੇ ਸਾਲਾਂ ਵਿੱਚ ਪੰਜਾਬ ਵਿੱਚ ਕਿਤਨੀਆਂ ਸਰਕਾਰਾਂ ਆਈਆਂ, ਕੀ ਉਨ੍ਹਾਂ ਦਾ ਧਿਆਨ ਕਦੀ ਇਸ ਪਾਸੇ ਨਾ ਗਿਆ ਹੋਵੇਗਾ। ਸਾਰੀਆਂ ਸਰਕਾਰਾਂ ਨੂੰ ਪਤਾ ਜਰੂਰ ਹੈ ਹੁਣ ਜਦੋਂ ਪੀ.ਟੀ.ਸੀ. 'ਤੇ ਸਾਰੀ ਖ਼ਬਰ ਦਿੱਤੀ ਫਿਰ ਸਰਕਾਰ ਜਾਗੀ, ਉਨ੍ਹਾਂ ਨੇ ਕਾਰਵਾਈ ਕੀਤੀ, ਕਿਤਨੀ ਵੱਡੀਆਂ ਕੋਠੀਆਂ ਢਾਹ ਦਿੱਤੀਆਂ ਗਈਆਂ। ਦੱਸੋ ਡਿਪਾਰਟਮੈਂਟ ਵਿੱਚ ਸੋਧ ਭੀ ਹੋ ਜਾਵੇ ਤਾਂ ਇਹੋ ਜਿਹੇ ਕੰਮਾਂ ਨੂੰ ਕੌਣ ਰੋਕ ਸਕਦਾ ਹੈ। ਜੰਗਲਾਤ ਵਿੱਚ ਇਸ ਤਰ੍ਹਾਂ ਹੋ ਸਕਦਾ ਹੈ ਬਾਕੀ ਸਾਰੇ ਮਹਿਕਮੇ ਹਨ ਜਿਥੇ ਅਣਹੋਣੀਆਂ ਗੱਲਾਂ ਹੁੰਦੀਆਂ ਹਨ, ਇਹ ਸਿਰਫ਼ ਸੱਚੇ ਪਾਤਸ਼ਾਹ ਹੀ ਠੀਕ ਕਰ ਸਕਦਾ। ਲੋਕਾਂ ਦੇ ਦਿਲਾਂ ਵਿੱਚ ਭੀ ਕੰਮ ਕਰਨ ਤੋਂ ਪਹਿਲਾਂ ਸਹੀ ਸੋਚ ਉਨ੍ਹਾਂ ਦੇ ਦਿਮਾਗ ਵਿੱਚ ਪਾਵੇ ਕਿ ਇਸ ਦਾ ਨਫ਼ਾ ਨੁਕਸਾਨ ਕੀ ਹੋ ਸਕਦਾ ਹੈ, ਫਿਰ ਕਦੀ ਭੀ ਕੋਈ ਭੀ ਅਜਿਹਾ ਕੰਮ ਨਹੀਂ ਕਰ ਸਕਦਾ, ਨਹੀਂ ਤਾਂ ਹੁਣ ਵਾਂਗਰ ਚੱਲਦਾ ਰਹੇਗਾ।



ਉਪਰੋਕਤ ਗਲਤੀ ਮੁਆਫ਼
ਕੁਲਤਾਰ ਸਿੰਘ ਜੋਗੀ

## ਟਰੰਪ ਵੱਲੋਂ ਵਿਵੇਕ ਰਾਮਾਸਵਾਮੀ ਨੂੰ ਓਹਾਈਓ ਦਾ ਗਵਰਨਰ ਬਣਾਉਣ ਦੀ ਪੁਸ਼ਟੀ, ਰਾਸ਼ਟਰਪਤੀ ਦੇ ਸਮਰਥਕ ਨਰਾਜ਼



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨ-ਾਲਡ ਟਰੰਪ ਨੇ ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਨੂੰ ਓਹਾਈਓ ਦਾ ਗਵਰਨਰ ਬਣਾਏ ਜਾਣ ਦੀ ਪੁਸ਼ਟੀ ਕੀਤੀ ਹੈ ਪਰੰਤੂ ਇਸ ਨਾਲ ਟਰੰਪ ਦੇ ਚੋਣ ਮੁਹਿੰਮਕਾਰਾਂ 'ਮੇਕ ਅਮੈਰਿਕਾ ਗਰੇਟ ਅਗੇਨ' ਵਿੱਚ ਗੰਭੀਰ ਮੱਤਭੇਦ ਪੈਦਾ ਹੋ ਗਏ ਹਨ। ਕਈਆਂ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਕਿ ਉਹ ਸਵਾਮੀ ਨੂੰ ਕਦੀ ਵੀ ਗਵਰਨਰ ਦੇ ਰੂਪ ਵਿੱਚ ਸਵਿਕ-ਾਰ ਨਹੀਂ ਕਰਨਗੇ ਕਿਉਂਕਿ ਉਹ ਉਨਾਂ ਵਿਚੋਂ ਨਹੀਂ ਹੈ। ਟਰੰਪ ਨੇ ਐਲਾਨ ਕੀਤਾ ਹੈ ਕਿ 'ਉਹ ਮੁਕੰਮਲ ਰੂਪ ਵਿੱਚ ਰਾਮਾਸਵਾਮੀ ਦੇ ਨਾਂ ਦੀ ਗਵਰਨਰ ਵਜੋ ਪੁਸ਼ਟੀ ਕਰਦੇ ਹਨ। ਉਹ ਇਕ ਮਹਾਨ ਗਵਰਨਰ ਸਾਬਤ ਹੋਵੇਗਾ। ਰਾਮਾਸਵਾਮੀ ਦਾ ਪਿਛੋਕੜ ਕਾਰੋਬਾਰੀ ਹੈ, ਉਹ ਅਰਥਵਿਵਸਥਾ ਦਾ ਵਿਕਾਸ ਕਰਨਗੇ, ਟੈਕਸਾਂ ਵਿੱਚ ਕਟੌਤੀ ਕਰਨਗੇ ਤੇ ਦੂਸਰੀ ਸੋਧ ਦੀ ਰਾਖੀ ਕਰਨਗੇ।' ਰਾਮਾਸਵਾਮੀ ਜੋ 20224 ਵਿੱਚ ਜੀ ਓ ਪੀ ਪ੍ਰਾਇਮਰੀ ਵਿੱਚ ਟਰੰਪ ਵਿਰੁੱਧ ਖੜੇ ਹੋਏ ਸਨ ਤੇ ਬਾਅਦ ਵਿੱਚ ਆਪਣਾ ਨਾਂ ਵਾਪਿਸ ਲੈ ਲਿਆ ਸੀ,ਨੇ ਪੁਸ਼ਟੀ ਲਈ ਰਾਸ਼ਟਰਪਤੀ ਦਾ ਧੰਨਵਾਦ ਕੀਤਾ ਹੈ। ਰਾਮਾਸਵਾਮੀ ਦੇ ਨਾਂ ਦੀ ਪੁਸ਼ਟੀ ਇੱਕ ਹਫਤਾ ਪਹਿਲਾਂ ਰਿਪਬਲਕਨਾਂ ਨੂੰ ਨਿਊਜਰਸੀ, ਵਿਰਜੀਨੀਆ ਤੇ ਨਿਊਯਾਰਕ ਵਿੱਚ ਡੈਮੋਕਰੈਟਸ ਦੀ ਹੋਈ ਜਿੱਤ ਤੋਂ ਬਾਅਦ ਦਿੱਤੀ ਉਸ ਚਿਤਾਵਨੀ ਤੋਂ ਬਾਅਦ ਹੋਈ ਹੈ ਜਿਸ ਵਿੱਚ ਉਨਾਂ ਕਿਹਾ ਸੀ ਕਿ ਪਾਰਟੀ ਲੋਕਾਂ ਤੋ ਦੂਰ ਹੋ ਰਹੀ ਹੈ। ਇਸ ਲਈ ਸੌੜੀ ਰਾਜਨੀਤੀ ਛੱਡਣੀ ਪਵੇਗੀ ਤੇ ਧਿਆਨ ਵਿਕਾਸ ਵੱਲ ਲਾਉਣਾ ਪਵੇਗਾ।

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ:
07806945964



# ਮਾਮਲਾ ਪੰਜਾਬ ਯੂਨੀਵਰਸਿਟੀ ਦਾ
# ਪੰਜਾਬੀਆਂ ਨੂੰ ਆਪਣੇ ਹਿਤਾਂ ਪ੍ਰਤੀ ਵਧੇਰੇ ਸੁਚੇਤ ਰਹਿਣ ਦੀ ਲੋੜ ਹੈ

ਪੰਜਾਬ ਹਮੇਸ਼ਾ ਹੀ ਧਾੜਵੀਆਂ ਦੇ ਨਿਸ਼ਾਨੇ ਉੱਤੇ ਰਿਹਾ ਹੈ, ਇਥੋਂ ਦੇ ਲੋਕ ਵਾਰ ਵਾਰ ਲੁੱਟ ਤੇ ਕੁੱਟ ਦਾ ਸ਼ਿਕਾਰ ਹੁੰਦੇ ਰਹੇ ਹਨ ਤੇ ਧਾੜਵੀਆਂ ਦਾ ਡਟਕੇ ਮੁਕਾਬਲਾ ਵੀ ਕਰਦੇ ਰਹੇ ਹਨ । ਇਸ ਖਿੱਤੇ ਦੇ ਲੋਕਾਂ ਦੀ ਖਾਸ ਗੱਲ ਇਹ ਰਹੀ ਹੈ ਵਾਰ ਵਾਰ ਹੱਲਿਆਂ ਦਾ ਸ਼ਿਕਾਰ ਹੋਣ ਦੇ ਬਾਵਜੂਦ ਵੀ, ਇਹ ਲੋਕ ਕਦੇ ਜਿੰਦਗੀ ਤੋਂ ਨਿਰਾਸ ਨਹੀਂ ਹੋਏ ਬਲਕਿ ਜਿੰਦਗੀ ਜੀਊਣ ਦੀ ਚਾਹ ਇਹਨਾਂ ਲੋਕਾਂ ਅੰਦਰ ਹਮੇਸ਼ਾ ਦੁਗਣੀ ਚੌਗੁਣੀ ਹੁੰਦੀ ਰਹੀ ਹੈ,

ਜਿਸ ਵਿਚੋਂ ਇਹ ਅਖਾਣ ਨਿਕਲਿਆ ਕਿ "ਖਾਧਾ ਪੀਤਾ ਲਾਹੇ ਦਾ ਤੇ ਰਹਿੰਦਾ ਅਹਿਮਦ ਸ਼ਾਹੇ ਦਾ "

ਪੰਜਾਬ ਦੀ ਇਹ ਲੁੱਟ ਅਜੇ ਬੰਦ ਨਹੀਂ ਹੋਈ, ਫਰਕ ਸਿਰਫ ਏਨਾ ਕੁ ਪਿਆ ਹੈ ਕਿ 1947 ਤੋਂ ਪਹਿਲਾਂ ਲੁੱਟਣ ਤੇ ਕੁੱਟਣ ਵਾਲੇ ਵਿਦੇਸ਼ੀ ਸਨ ਤੇ ਹੁਣ ਦੇਸੀ ਹਨ ।

ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦਾ ਮਾਮਲਾ ਇਹਨੀਂ ਦਿਨੀਂ ਮੀਡੀਏ ਦੀਆਂ ਸੁਰਖੀਆਂ ਦਾ ਖਾਸ ਵਿਸ਼ਾ ਬਣਿਆ ਹੋਇਆ ਹੈ । ਇਸ ਬਾਰੇ ਗੱਲ ਕਰਨ ਤੋਂ ਪਹਿਲਾਂ ਜੇਕਰ ਇਕ ਸਰਸਰੀ ਜਿਹੀ ਨਜਰ ਮਾਰੀਏ ਤਾਂ ਇਹ ਗੱਲ ਬਿਲਕੁਲ ਸ਼ਪੱਸ਼ਟ ਹੋ ਜਾਂਦੀ ਹੈ ਕਿ ਜੋ ਪੰਜਾਬ ਜੋ ਕਿਸੇ ਸਮੇਂ ਦੇਸ਼ ਦੀ ਖੜਗ ਭੁਜਾ ਹੋਇਆ ਕਰਦਾ ਸੀ, ਅੱਜ ਓਹੀ ਪੰਜਾਬ ਦੇਸ਼ ਦੀ ਕੇਂਦਰ ਸਰਕਾਰ ਦੀਆਂ ਅੱਖਾਂ ਚ ਰੜਕਦਾ ਹੈ । ਇਸ ਸੂਬੇ ਨੂੰ ਵਾਰ ਵਾਰ ਛਾਂਗਿਆ ਜਾ ਰਿਹਾ ਹੈ । 1947 ਵੇਲੇ ਤਿੰਨ ਹਿੱਸੇ ਪੰਜਾਬ ਪਾਕਿਸਤਾਨ ਦੇ ਹਿੱਸੇ ਆਇਆ ਤੇ ਇਕ ਹਿੱਸਾ ਭਾਰਤ ਦੇ ।

ਭਾਰਤੀ ਪੰਜਾਬ ਨੂੰ 1966 ਵਿਚ ਫਿਰ ਛਾਂਗਿਆ ਤੇ ਹਰਿਆਣਾ, ਹਿਮਾਚਲ ਵੱਖ ਕਰ ਦਿੱਤੇ ਗਏ, ਚੰਡੀਗੜ੍ਹ ਨੂੰ ਖਰੜ ਤਹਿਸੀਲ ਦੇ 28 ਪਿੰਡ ਉਜਾੜ ਕੇ ਪੰਜਾਬ ਦੀ ਰਾਜਧਾਨੀ ਵਜੋਂ ਉਸਾਰਿਆ ਗਿਆ ਤੇ ਕੇਂਦਰੀ ਸ਼ਾਸਿਤ ਪਰਦੇਸ ਬਣਾ ਦੇ ਕੇਂਦਰ ਸਰਕਾਰ ਨੇ ਭਾਰਤੀ ਪੰਜਾਬ ਦਾ ਸਿਰ ਵੱਢਕੇ ਧੜ ਤੋਂ ਅਲੱਗ ਕਰ ਦਿੱਤਾ । ਦਹਿਆਈ ਪਾਣੀਆਂ ਦਾ ਪਰਬੰਧ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਬਣਾ ਕੇ ਕੇਂਦਰ ਨੇ ਆਪਣੇ ਹੱਥਾਂ ਚ ਲੈ ਲਿਆ ਤੇ ਪਾਣੀ ਤੇ ਬਿਜਲੀ ਮੁਫਤ ਦੇ ਭਾਅ ਹਰਿਆਣਾ, ਰਾਜਸਥਾਨ ਤੇ ਦਿੱਲੀ ਨੂੰ ਦਿੱਤੇ ਗਏ, ਸਤਲੁਜ ਯਮਨਾ ਲਿੰਕ ਨਹਿਰ ਦਾ ਰੇੜਕਾ ਅਜੇ ਬਰਕਰਾਰ ਹੈ । ਪਾਣੀ ਨੂੰ ਵਾਟਰ ਬੰਬ ਵਜੋਂ ਵਰਤਕੇ ਪੰਜਾਬ ਨੂੰ ਰੜਾਂ ਦੇ ਨਾਮ 'ਤੇ ਤਬਾਹ ਕਰਨਾ ਪਿਛਲੇ ਕਈ ਦਹਾਕਿਆਂ ਤੋਂ ਬਦਸਤੂਰ ਜਾਰੀ ਹੈ । ਪੰਜਾਬ ਦਾ ਜੀਰੋ ਵਿਕਾਸ ਹੈ, ਨੌਜਵਾਨੀ ਬੇਰੁਜਗਾਰ ਹੈ, ਆਪਣੇ ਚੰਗੇ ਭਵਿੱਖ ਲਈ ਪੜ੍ਹਨ ਬਹਾਨੇ ਵਿਦੇਸ਼ਾਂ ਵੱਲ ਪਲਾਇਨ ਕਰ ਰਹੀ ਹੈ, ਕਹਿਣ ਤੋਂ ਭਾਵ ਪੰਜਾਬ ਇਸ ਵਕਤ ਬਰੇਨ ਡਰੇਨ ਦਾ ਵੀ ਬਹੁਤ ਬੁਰੀ ਤਰਾਂ ਸ਼ਿਕਾਰ ਹੈ।




ਇਸ ਵੇਲੇ ਪੰਜਾਬ ਯੂਨੀਵਰਸਿਟੀ ਦੀ 91 ਮੈਂਬਰੀ ਸੈਨੇਟ ਨੂੰ ਭੰਗ ਕਰਕੇ ਸੈਂਟਰ ਸਰਕਾਰ ਆਪਣੇ ਕਬਜੇ ਵਿਚ ਕਰਨ ਦੀ ਕੋਝੀ ਕੋਸ਼ਿਸ਼ ਕਰ ਰਹੀ ਹੈ । ਕੇਂਦਰ ਸਰਕਾਰ ਦੀ ਸਾਜ਼ਿਸ਼ ਕਾਫੀ ਲੰਮੇ ਸਮੇ ਤੋਂ ਚੱਲ ਰਹੀ ਹੈ । ਇਸ ਤੋਂ ਪਹਿਲਾਂ 91 ਮੈਂਬਰੀ ਸੈਨੇਟ ਨੂੰ 31 ਮੈਂਬਰੀ ਕੀਤਾ ਗਿਆ, ਫਿਰ ਇਸ ਵਿਚੋਂ ਯੂਨੀਵਰਸਿਟੀ ਮੈਂਬਰ ਕੱਢਕੇ ਸਿਆਸੀ ਮੈਂਬਰਾਂ ਦੀ ਭਰਤੀ ਕੀਤੀ ਗਈ, ਇਹ ਸਭ ਚੋਰੀ ਚੋਰੀ ਕੀਤਾ ਗਿਆ, ਪਰ ਜਦ ਪਿਛਲੇ ਦਿਨੀ ਯੂਨੀਵਰਸਿਟੀ ਸੈਨੇਟ ਨੂੰ ਭੰਗ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਤਾਂ ਬਿੱਲੀ ਥੈਲੇ 'ਚੋਂ ਬਾਹਰ ਆ ਗਈ ਤੇ ਪੂਰੇ ਪੰਜਾਬ ਵਿਚ ਸ਼ੋਸ਼ਲ ਮੀਡੀਏ ਰਾਹੀਂ ਲਾਲਾ ਲਾਲਾ ਮਚ ਗਈ, ਬਹੁਤ ਸਾਰੀਆਂ ਜਥੇਬੰਦੀਆਂ ਨੇ ਡਟਵਾਂ ਵਿਰੋਧ ਕੀਤਾ ਜਿਸ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੇ ਨੋਟੀਫਿਕੇਸ਼ਨ ਵਾਪਸ ਤਾਂ ਨਹੀਂ ਲਿਆ ਪਰ ਉਸ ਨੂੰ ਕਿਸੇ ਢੁਕਵੇਂ ਸਮੇਂ ਦੀ ਇੰਤਜਾਰ ਵਿਚ ਲਾਗੂ ਕਰਨ ਵਾਸਤੇ ਇਸ ਵਕਤ ਹੋਲਡ ਕਰ ਲਿਆ ਗਿਆ ਹੈ । ਇਸ ਨੋਟਿਸ਼ ਨੂੰ ਰੱਦ ਕਰਨ ਦੀ ਮੰਗ ਨੂੰ ਲੈ ਕੇ ਸੰਘਰਸ਼ ਹੋਰ ਤਿੱਖਾ ਹੋ ਗਿਆ ਹੈ, ਜੋ ਕਿ ਆਉਣ ਵਾਲੇ ਦਿਨਾਂ ਵਿੱਚ ਕੀ ਕਰਵਟ ਲੈਂਦਾ ਹੈ, ਇਹ ਤਾਂ ਕੇਂਦਰ ਸਰਕਾਰ ਦੇ ਰਵੱਈਏ ਉੱਤੇ ਹੀ ਮੁਨੱਸਰ ਕਰਦਾ ਹੈ, ਹਾਂ ! ਇਥੇ ਯੂਨੀਵਰਸਿਟੀ ਦੀ ਸੈਨੇਟ ਨੂੰ ਤੋੜੇ ਜਾਣ ਦੇ ਕੇਂਦਰ ਸਰਕਾਰ ਦੇ ਮਨਸ਼ੇ ਬਾਰੇ ਸੰਖੇਪ ਜਾਣਕਾਰੀ ਜਰੂਰ ਦੇਣੀ ਚਾਹੁੰਦਾ ਹਾਂ ਤਾਂ ਕਿ ਪਾਠਕਾਂ ਨੂੰ ਚਾਨਣ ਹੋ ਸਕੇ ਕਿ ਅਸਲ ਵਿਚ ਇਹ ਮੁੱਦਾ ਹੈ ਕੀ ?

ਪੰਜਾਬ ਯੂਨੀਵਰਸਿਟੀ 1882 ਵਿਚ ਹੋਂਦ ਵਿਚ ਆਈ ਸੀ । ਇਸ ਦੀ ਸਥਾਪਨਾ ਲਾਹੌਰ ਵਿਚ ਕੀਤੀ ਗਈ ਸੀ ਤੇ ਮੂਲ ਰੂਪ ਵਿਚ ਅਜ ਵੀ ਲਾਹੌਰ ਚ ਮੌਜੂਦ ਹੈ ਤੇ ਇਸ ਦਾ ਨਾਮ ਦੁਨੀਆ ਦੀਆ ਨਾਮੀ ਯੂਨੀਵਰਸਿਟੀਆਂ ਚ ਸ਼ੁਮਾਰ ਹੈ । 1947 ਦੀ ਵੰਡ ਤੋਂ ਬਾਅਦ ਇਸ ਦੀ ਸਥਾਪਨਾ ਚੰਡੀਗੜ੍ਹ ਵਿਚ ਪੰਜਾਬ ਦੀ ਯੂਨੀਵਰਸਿਟੀ ਵਜੋਂ ਕੀਤੀ ਗਈ, ਪਰ ਵਾਈਸ ਚਾਂਸਲਰ ਹਮੇਸ਼ਾ ਹੀ ਪੰਜਾਬੋਂ ਬਾਹਰਲੇ ਲਗਾਏ ਜਾਂਦੇ ਰਹੇ । ਕੁੱਝ ਕੁ ਸਾਲ ਇਹ ਯੂਨੀਵਰਸਿਟੀ ਆਪਣਾ ਕੰਮ ਕਾਜ ਵਧੀਆ ਕਰਦੀ ਰਹੀ ਤੇ ਹੌਲੀ ਹੌਲੀ ਇਸ ਯੂਨੀਵਰਸਿਟੀ ਵਿਚ ਪੰਜਾਬ ਵਿਰੋਧੀ ਲਾਬੀ ਭਾਰੂ ਹੋਣ ਲੱਗ ਪਈ ਜਿਸ ਦੇ ਫਲਸਰੂਪ ਪੰਜਾਬ ਵਿਰੋਧੀ ਨੀਤੀਆਂ ਲਾਗੂ ਕੀਤੀ ਜਾਣ ਲੱਗ ਪਈਆਂ, ਸਮੇ ਸਮੇ ਵੱਖ ਵੱਖ ਕੋਰਸਾਂ ਦੇ ਸਿਲੇਬਸਾਂ ਤੇ ਕਦੇ ਪੰਜਾਬੀ ਭਾਸ਼ਾ ਨੂੰ ਲੈ ਕੇ ਵਿਖੇੜਾ ਖੜ੍ਹਾ ਹੁੰਦਾ ਰਿਹਾ, ਕਹਿਣ ਦਾ ਭਾਵ ਇਹ ਯੂਨੀਵਰਸਿਟੀ ਆਪਣੀਆਂ ਪੰਜਾਬੀ ਵਿਰੋਧੀ ਨੀਤੀਆਂ ਕਾਰਨ ਸਮੇਂ ਸਮੇਂ ਵਿਵਾਦਾਂ ਵਿਚ ਘਿਰਦੀ ਰਹੀ ।

ਹੁਣ ਇਹ ਯੂਨੀਵਰਸਿਟੀ, ਇਸ ਦੀ 91 ਮੈਂਬਰੀ ਸੈਨੇਟ ਨੂੰ ਤੋੜਨ ਤੇ ਉਸ ਦਾ ਸਿਆਸੀ ਕਰਨ ਦੇ ਕਾਰਨ ਵਿਵਾਦਾਂ ਦੇ ਘੇਰੇ ਚ ਹੈ । ਸੈਨੇਟ ਦੀਆਂ 91ਸੀਟਾਂ ਹੁੰਦੀਆਂ ਸਨ ਜਿਹਨਾਂ ਵਿਚੋਂ 60 ਤੋਂ 65 ਸੀਟਾਂ ਦੀ ਚੋਣ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀਆਂ (Aluimin) ਦੀਆਂ ਵੋਟਾਂ ਨਾਲ ਹੁੰਦੀ ਸੀ ਤੇ ਬਾਕੀ ਸੈਨੇਟ ਮੈਂਬਰ ਸੈਂਟਰ ਤੇ ਪੰਜਾਬ ਸਰਕਾਰ ਵਲੋਂ ਨੌਮੀਨੇਟ ਕੀਤੇ ਜਾਂਦੇ ਸਨ । ਹੌਲੀ ਹੌਲੀ ਤੇ ਲੁਕੇ ਛਿਪੇ ਢੰਗ ਨਾਲ ਯੂਨੀਵਰਸਿਟੀ ਵਿਚ ਸਿਆਸੀ ਦਖਲ ਵਧਦਾ ਗਿਆ ਤੇ ਵਿਦਿਆਰਥੀਆਂ, ਸਾਬਕਾ ਵਿਦਿਆਰਥੀਆਂ ਤੇ ਅਧਿਆਪਕਾਂ ਦੁਆਰਾ ਚੁਣੇ ਜਾਣ ਵਾਲੇ ਸੈਨੇਟ ਮੈਂਬਰਾਂ ਦਾ ਹਿੱਸਾ ਕੱਢ ਦਿੱਤਾ ਗਿਆ, ਜਿਸ ਕਾਰਨ ਸੈਨੇਟ ਵਿਚ ਮੈਂਬਰਾਂ ਦੀ ਕੁੱਲ ਗਿਣਤੀ ਸਿਰਫ ਉਹਨਾਂ 31 ਨੌਮੀਨੇਟਡ ਮੈਂਬਰਾਂ ਦੀ ਰਹਿ ਗਈ ਜਿਹਨਾਂ ਨੂੰ ਸਿਆਸੀ ਤੌਰ 'ਤੇ ਕੇਂਦਰ ਸਰਕਾਰ ਜਾਂ ਪੰਜਾਬ ਸਰਕਾਰ ਨੌਮੀਨੇਟ ਕਰਦੀ ਹੈ ।

ਕਹਿਣ ਦਾ ਭਾਵ ਇਹ ਕਿ ਯੂਨੀਵਰਸਿਟੀ ਵਿਚੋਂ ਲੋਕਾਂ ਦਾ ਹੱਕ ਮਾਰਕੇ ਕੇਂਦਰ ਸਰਕਾਰ ਨੇ ਇਸ ਯੂਨੀਵਰਸਿਟੀ ਨੂੰ ਸਿੱਧੇ ਤੌਰ 'ਤੇ ਆਪਣੇ ਕਬਜੇ ਚ ਕਰਨ ਦਾ ਰਾਹ ਪੱਧਰਾ ਕਰ ਲਿਆ ।ਹੁਣ ਅਗਲਾ ਸਵਾਲ ਇਹ ਹੈ ਕਿ ਕੇਂਦਰ ਵਲੋਂ ਇਸ ਤਰਾਂ ਕਰਨ ਦਾ ਪੰਜਾਬ ਨੂੰ ਕੀ ਨੁਕਸਾਨ ਹੋ ਸਕਦਾ ਹੈ?

ਇਸ ਸਵਾਲ ਦਾ ਉੱਤਰ ਬਹੁਪਰਤੀ ਹੈ, ਨੰਬਰ ਇਕ, ਪੰਜਾਬ ਦਾ ਚੰਡੀਗੜ੍ਹ ਉਤੇ ਦਾਅਵਾ ਹੋਰ ਕਮਜੋਰ ਹੋ ਜਾਂਦਾ ਹੈ ।ਨੰਬਰ ਦੋ, ਯੂਨੀਵਰਸਿਟੀ ਦੇ ਵੱਖ ਵੱਖ ਕੋਰਸਾਂ ਦੇ ਸਿਲੇਬਸ ਸੈਨੇਟ ਦੀ ਪਰਵਾਨਗੀ ਨਾਲ ਤਿਆਰ ਕੀਤੇ ਜਾਂਦੇ ਤੇ ਲਾਗੂ ਹੁੰਦੇ ਹਨ, ਸੋ ਆਪਣੀ ਸਿਆਸੀ ਸਹੂਲਤ ਮੁਤਾਬਿਕ ਨੌਮੀਨੇਟਡ ਮੈਂਬਰ ਕੋਰਸ ਤਿਆਰ ਤੇ ਲਾਗੂ ਕਰਵਾ ਸਕਦੇ ਹਨ । ਨੰਬਰ ਤਿੰਨ - ਇਸ ਯੂਨੀਵਰਸਿਟੀ ਨਾਲ ਪੰਜਾਬ ਦੇ ਕਈ ਜਿਲ੍ਹਿਆਂ ਵਿਚ ਚਲਦੇ ਸਰਕਾਰੀ ਤੇ ਗੈਰ ਸਰਕਾਰੀ ਕਾਲੇਜ ਮਾਨਤਾ ਪਰਾਪਤ ਹਨ ਤੇ ਜ਼ਾਹਿਰ ਹੈ ਕਿ ਨਵੀਂ ਸਿਆਸੀ ਸੈਨੇਟ ਦੁਆਰਾ ਤਿਆਰ ਕਰਵਾਏ ਤੇ ਲਾਗੂ ਕੀਤੇ ਗਏ ਕੋਰਸ ਉਹਨਾਂ ਕਾਲੇਜਾਂ ਵਿਚ ਵੀ ਲਾਗੂ ਹੋਣਗੇ ਜਿਸ ਕਾਰਨ ਪੰਜਾਬ ਦੀ ਨਵੀਂ ਪੀੜ੍ਹੀ ਨੂੰ ਪੰਜਾਬ ਬਾਰੇ ਗਲਤ ਪੜ੍ਹਾਏ ਜਾਣ ਦਾ ਵੀ ਖਦਸ਼ਾ ਹੋ ਸਕਦਾ ਹੈ । ਨੰਬਰ ਚਾਰ - ਇਹ ਸਭ ਕੁੱਝ ਯੂਨੀਵਰਸਿਟੀ ਦੇ ਮੂਲ ਵਿੱਦਿਅਕ ਢਾਂਚੇ ਵਿਚ ਗੈਰ ਜਰੂਰੀ ਤੇ ਗੈਰ ਵਿਧਾਨਕ ਤਬਦੀਲੀ ਹੈ, ਇਸ ਨੂੰ ਬਦਲਣ ਵਾਸਤੇ ਯੂਨੀਵਰਸਿਟੀ ਜਾਂ ਸਰਕਾਰ ਨੇ ਆਪਹੁਦਰੀ ਤੇ ਨਾਦਰਸ਼ਾਹੀ ਨੀਤੀ ਅਖਤਿਆਰ ਕੀਤੀ ਹੈ ਜੋ ਪੰਜਾਬ ਦੇ ਲੋਕਾਂ ਨੂੰ ਕਦਾਚਿਤ ਵੀ ਪਰਵਾਨ ਨਹੀਂ । ਇਸ ਦੇ ਨਾਲ ਹੀ ਇਮਤਿਹਾਨ ਕਦੋਂ ਤੇ ਕਿਵੇਂ ਕਰਾਉਣੇ ਹਨ, ਇਹ ਵੀ ਸੈਨੇਟ ਦੇ ਅਧਿਕਾਰ ਖੇਤਰ ਵਿਚ ਹੀ ਆਉਂਦਾ ਹੈ । ਬੱਜਟ ਵੀ ਸ਼ੈਨੇਟ ਹੀ ਤਿਆਰ ਕਰਦੀ ਹੈ, ਕਿਹੜੇ ਵਿੱਦਿਅਕ ਅਦਾਰੇ ਨੂੰ ਕਿੰਨੀ ਗਰਾਂਟ ਦੇਣੀ ਹੈ ਤੇ ਯੂਨੀਵਰਸਿਟੀ ਵਿਚ ਕਿਹੜੇ ਵਿਭਾਗ ਦੀ ਕੀ ਮੁਰੰਮਤ ਜਾਂ ਉਸ ਵਿਚ ਕੀ ਕੁੱਝ ਸੁਧਾਰ ਕਰਨਾ ਹੈ, ਇਹ ਸਭ ਕੁੱਝ ਸੈਨੇਟ ਹੀ ਤਹਿ ਕਰਦੀ ਹੈ ।

ਮੁਕਦੀ ਗੱਲ ਇਹ ਹੈ ਕਿ ਇਸ ਵੇਲੇ ਰੇੜਕਾ ਇਹ ਚੱਲ ਰਿਹਾ ਹੈ ਕਿ ਜਿਥੇ ਪਹਿਲਾਂ ਯੂਨੀਵਰਸਿਟੀ ਦੀ ਸੈਨੇਟ ਵਿਚ 70 % ਵਿਦਿਆਰਥੀ ਤੇ ਅਧਿਆਪਕਾਂ ਦੀ ਪ੍ਰਤੀਨਿੱਧਤਾ ਹੁੰਦੀ ਸੀ ਤੇ 30% ਸਿਆਸੀ ਮੈਂਬਰ ਨੌਮੀਨੇਟਡ ਹੁੰਦੇ ਸਨ, ਉਥੇ ਕੇਂਦਰ ਸਰਕਾਰ ਦੇ ਨਵੇਂ ਨੋਟੀਫਿਕੇਸ਼ਨ ਨਾਲ ਇਹ ਸਭ ਕੁੱਝ ਉਲਟਾ ਪੁਲਟਾ ਹੀ ਨਹੀਂ ਹੋਇਆ ਬਲਕਿ ਯੂਨੀਵਰਸਿਟੀ ਦੀਆਂ ਚਾਬੀਆਂ ਹੀ ਤੀਹ ਫੀਸਦੀ ਵਾਲੇ ਸਿਆਸੀ ਨੌਮੀਨੇਟਡ ਮੈਂਬਰਾਂ ਦੇ ਹੱਥ ਫੜਾਈਆਂ ਜਾ ਰਹੀਆਂ ਹਨ ਜੋ ਕਿ ਪੰਜਾਬ ਨਾਲ ਸਰਾਸਰ ਧੱਕਾ ਹੈ।


ਚੰਗੀ ਗੱਲ ਹੈ ਕਿ ਯੂਨੀਵਰਸਿਟੀ ਦੇ ਵਿਦਿਆਰਥੀ ਜਾਗੇ ਹਨ, ਵਿਰੋਧ ਹੋਇਆ ਹੈ, ਪੰਜਾਬ ਦੀਆਂ ਹੋਰ ਜਥੇਬੰਦੀਆਂ ਵੀ ਵਿਦਿਆਰਥੀਆਂ ਨਾਲ ਆ ਰਲੀਆਂ ਹਨ । ਆਸ ਹੈ ਕਿ ਕੇਂਦਰ ਸਰਕਾਰ ਦੀ ਇਸ ਘਟੀਆ ਚਾਲ ਨੂੰ ਮੂੰਹ ਤੋੜ ਜਵਾਬ ਮਿਲੇਗਾ ਤੇ ਨੋਟੀਫਿਕੇਸ਼ਨ ਰੱਦ ਹੋਵੇਗਾ । ਇਥੇ ਇਹ ਵੀ ਕਹਿਣਾ ਚਾਹਾਂਗਾ ਕਿ ਪੰਜਾਬ ਦੇ ਲੋਕਾਂ ਨੂੰ ਹੁਣਵੀਂ ਕੇਂਦਰ ਦੀ ਭਾਜਪਾ ਸਰਕਾਰ ਤੋਂ ਪੂਰੀ ਤਰਾਂ ਸੁਚੇਤ ਰਹਿਣ ਦੀ ਲੋੜ ਹੈ ਕਿਓਕਿ ਇਸ ਸਰਕਾਰ ਦਾ ਏਜੰਡਾ ਸਰਵ ਹਿਤਕਾਰੀ ਭਾਵਨਾ ਤੋਂ ਕੋਹਾਂ ਦੂਰ ਮੱਜ਼ਬੀ ਕੱਟੜਵਾਦ ਤੇ ਫਿਰਕਾ ਪ੍ਰਸਤੀ ਵਾਲਾ ਹੈ, ਖਾਸ ਕਰ ਜੇਕਰ ਇਸ ਸਰਕਾਰ ਦਾ ਪੰਜਾਬ ਪ੍ਰਤੀ ਪਿਛਲਾ ਰਵੱਈਆ ਦੇਖੀਏ ਤਾਂ ਪੰਜਾਬ ਦੇ ਸੰਦਰਭ ਵਿਚ ਇਹ ਗੱਲ ਹੋਰ ਵੀ ਵਧੇਰੇ ਢੁਕਵੀਂ ਹੈ ।

– ਲੇਖਕ –
ਗਿਆਨੀ
ਗੁਰਦਿੱਤ ਸਿੰਘ



# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਇਸ ਕਾਰਯ-ਕਰਮ ਵਿੱਚ ਜਿੰਨੀਆਂ ਵੀ ਸੈਂਚੀਆਂ ਅਤੇ ਸ਼ਬਦ ਸੰਗ੍ਰਹਿ ਵਰਤੇ, ਸੰਭਾਲੇ ਗਏ ਉਨ੍ਹਾਂ ਵਿੱਚ ਪੋਥੀ ਗੁਰੂ ਹਰਿ ਸਹਾਏ ਵਾਲੀ ਦਾ ਜ਼ਿਕਰ ਵੀ ਸਿੱਖ ਸਾਹਿਤ ਦੇ ਪੁਰਾਣੇ ਗ੍ਰੰਥਾਂ ਵਿੱਚ ਲਿਖਿਆ ਮਿਲਦਾ ਹੈ। ਦੂਜੀਆਂ ਸੈਂਚੀਆਂ ਗੋਇੰਦਵਾਲ ਵਾਲੀਆਂ ਪ੍ਰਸਿੱਧ ਹਨ, ਜਿਨ੍ਹਾਂ ਦਾ ਆਦਿ ਬੀੜ ਦੇ ਰਚਨ ਸਮੇਂ ਲੈ ਕੇ ਆਉਣ ਦਾ ਪ੍ਰਸੰਗ ਸਿੱਖਾਂ ਦੀ ਭਗਤ ਮਾਲਾ, ਗੁਰ ਬਿਲਾਸ, ਗੁਰ ਪ੍ਰਤਾਪ ਸੂਰਜ, ਤਵਾਰੀਖ ਗੁਰੂ ਖ਼ਾਲਸਾ-ਗਿਆਨੀ ਗਿਆਨ ਸਿੰਘ, ਇਤਿਹਾਸ ਗੁਰੂ ਖ਼ਾਲਸਾ (ਹਿੰਦੀ) ਸਾਧੂ ਗੋਬਿੰਦ ਸਿੰਘ ਜੀ, ਤਕਰੀਬਨ ਗੁਰਬਾਣੀ ਦੇ ਦਰਜਨਾਂ ਪ੍ਰਾਇਯਾਵਾਂ ਅਤੇ ਕੋਸ਼ਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਟੀਕਿਆਂ ਜਿਵੇਂ ਫ਼ਰੀਦਕੋਟੀ ਟੀਕਾ, ਸ਼ਬਦਾਰਥ ਅਤੇ ਮਹਾਨ ਕੋਸ਼ ਆਦਿ ਵਿੱਚ ਵੀ ਲਿਖਿਆ ਮਿਲਦਾ ਹੈ। ਸਿੱਖ ਇਤਿਹਾਸ ਦੇ ਪੁਰਾਣੇ ਗ੍ਰੰਥ ਤੇ ਪਰੰਪਰਾ ਦੱਸਦੀ ਹੈ ਜੋ ਗੁਰਬਾਣੀ ਪ੍ਰਵਾਨ ਚੜ੍ਹੀ ਉਹ ਆਦਿ ਬੀੜ ਦਾ ਭਾਗ ਬਣੀ। 30 ਰਾਗਾਂ, ਪਦਿਆਂ ਤੇ ਬਾਣੀ ਦੇ ਵੱਖ-ਵੱਖ ਰੂਪਾਂ ਨੂੰ ਮੁੱਖ ਰੱਖ ਕੇ ਆਦਿ ਬੀੜ ਤਿਆਰ ਕੀਤੀ ਗਈ।**




**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ-19**

ਕਬੀਰ ਜੀ ਦੇ ਅਜਿਹੇ ਹੋਰ ਕਈ ਸ਼ੰਕਿਆਂ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦੇ ਕਿ ਉਨ੍ਹਾਂ ਨੂੰ ਗੁਰੂ ਕ੍ਰਿਪਾ ਨਾਲ ਪ੍ਰਾਪਤੀ ਹੋਈ ਸੀ। ਇਹ ਭੀ ਤ੍ਰਿਕੁਟੀ ਸੋਧਣ ਦੀ ਜੁਗਤ ਗੁਰੂ ਨਾਨਕ ਜੀ ਨੇ ਕਬੀਰ ਜੀ ਨੂੰ ਸੁਝਾਈ ਤੇ ਸਿਖਾਈ ਸੀ। ਕਬੀਰ ਜੀ ਕਹਿੰਦੇ ਹਨ ਗੁਰ ਕੀ ਮਤ ਜੀਅ ਆਈ ਕਾਰ। ਸਾਡੇ ਟੀਕਾਕਾਰ ਜੀ ਦਾ ਇਹ ਖਿਆਲ ਕਿ ਕਬੀਰ ਜੀ ਤੋਂ ਗੁਰੂ ਜੀ ਨੇ ਖਿਆਲ ਲਏ ਸਨ, ਗਲਤ ਹੋ ਜਾਂਦਾ ਹੈ। ਇਹੋ ਜਿਹੀਆਂ ਕਲਪਨਾਂ ਉੱਤੇ ਵਿਚਾਰਾਂ, ਇਸ ਪੋਥੀ ਵਿੱਚ ਸੰਬੰਧਿਤ ਮਸਲਿਆਂ ਬਾਰੇ ਚਰਚਾ ਦਾ ਅਧਾਰ ਹੈ। ਅਰੰਭਕ ਸਫਿਆਂ ਵਿੱਚ ਪੁਸਤਕ ਦਾ ਇਹ ਸੰਖੇਪ ਪ੍ਰੀਚਿਆ ਪੜ੍ਹਨ ਵਾਲਿਆਂ ਦੀ ਸੌਖ ਲਈ ਸਾਰਅੰਸ਼ ਦੇ ਰੂਪ ਵਿੱਚ ਦੇਣਾ ਜ਼ਰੂਰੀ ਸਮਝਿਆ ਗਿਆ।

ੴ ਸਤਿਗੁਰ ਪ੍ਰਸਾਦਿ
ਸੰਮਤੁ 1652 ਪੋਥੀ ਲਿਖੀ ਗੁਰੂ ਅਬਿ
ਮਾਘ ਵਦੀ 1

ਰ ਬਾਬੇ ਨਾਮੁ ਕਰਤਾਰੁ ਨਿਰਭਓ ਨਿਰੀਕਾਰ ਅਜੂਨੀ ਸਭਓ ॥ 1 ॥ ਏਹੁ ਬਰੁ ਗੁਰੂ ਬਾਬੇ ਦੀਆਂ ਸੈ ਗੁਰੂ ਅੰਗਦੁ ਨੈ ਅ ਗੈ ਦੀਆ ਸੈ ਤਿਹਾ ਪੀੜੀਆ ਦੀਆ ਸੈ ਜਿ ਕੋਈ ਬਾਣੀ ਨਾਲਿ ਚਿਤੁ ਲਾਇਗਾ ਸੋ ਜੀਵਣ ਮੁਕਤ ਹੋਗ ਤਿਸ ਦੇ ਦੋਵੈ ਥੋਕ ਸਵਰਨਿਗੇ ਸੁਖਾਲਾ ਹੋਵੈਗਾ ਕਿਤੈ ਗਲੈ ਬੁੜੀਐਗੁ ਨਾ ਹੀ ਮੁਕਤੁ ਹੋਵਗ ਗੁਰੂ ਪਾਸਿ ਜਾਵਗੁ ਪਾਰ ਬ੍ਰਹਮ ਪਰਮੇਸਰੁ ਹੈ ਏਸ ਮਹ ਸਹਿਸਾ ਸੁਭਾ ਮੁਲਿ ਨਾਹੀ ਏਹ ਗਲੁ ਵਰ ਕਰਿ ਜਾਨਣੀ ॥ ਜਿ ਕੋਈ ਅਸਾਡੀ ਹਡੀਂ ਵਿਚਹੁ ਗੁਰੂ ਛਡਿ ਕੈ ਦੁਯੈ ਲਗੇਗਾ ਸਹ ਆਵਸਿ ਨਰਕਿ ਜਾਇਗੁ

ਜਿਵੇਂ ਅਸੀਂ ਆਲੋਚਨਾ ਸੰ: 1956 ਵਿੱਚ ਲਿਖਿਆ ਸੀ, ਇਹ ਪੱਤਰਾ ਪਿੱਛੋਂ ਦੀ ਲਿਖਤ ਹੈ। ਹੁਣ ਵੀ ਉਨ੍ਹਾਂ ਹੀ ਸ਼ਬਦਾਂ ਨੂੰ ਦੁਹਰਾ ਰਹੇ ਹਾਂ, ਜਿਸ ਤੋਂ ਪ੍ਰਗਟ ਹੈ ਕਿ ਇਹ ਪੱਤਰਾ ਉਸੇ ਸੰਮਤ 1652 ਦਾ ਹੈ ਜੋ ਇਸ ਉਪਰ ਲਿਖਿਆ ਹੋਇਆ ਹੈ, ਜਦੋਂ ਕਿ ਪੋਥੀਆਂ ਦੀ ਲਿਖਤ ਇਸ ਤੋਂ ਪਹਿਲਾਂ ਦੀ ਹੈ, ਜਿਸ ਦੀ ਕਾਗਜ਼ ਦੀ ਉਮਰ, ਅੱਖਰਾਂ ਦੀ ਬਣਤਰ ਅਤੇ ਲਿਖਣ ਸ਼ੈਲੀ ਤੇ ਸ਼ਬਦਾਂ ਦੀ ਤਰਤੀਬ ਤੋਂ ਪ੍ਰੋੜਤਾ ਹੁੰਦੀ ਹੈ। ਸੰਭਵ ਹੈ ਕਿ ਇਹ ਪੱਤਰਾ, ਜੋ ਪੋਥੀਆਂ ਦੀ ਅੰਦਰਲੀ ਲਿਖਤ ਤੋਂ ਵੱਖਰੀ ਭਾਂਤ ਦੀ ਲਿਖਤ ਹੈ, ਉਸ ਸਮੇਂ ਦਾ ਲਿਖਿਆ ਹੋਵੇ ਜਦੋਂ ਆਦਿ ਬੀੜ ਦੀ ਰਚਨਾ ਲਈ ਬਾਣੀ ਇਕੱਤਰ ਕਰਨ ਦਾ ਕਾਰਜ ਅਰੰਭਿਆ ਗਿਆ।

ਇਹ ਲਿਖਤ ਇਥੇ ਦੇਣ ਤੋਂ ਭਾਵ ਇਹ ਹੈ ਕਿ ਪੋਥੀਆਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਰਚਨ ਤੋਂ ਪਹਿਲਾਂ ਦੀਆਂ ਲਿਖੀਆਂ ਹੋਈਆਂ ਹਨ ਭਾਵੇਂ ਇਹ ਪੱਤਰਾ ਪੋਥੀਆਂ ਵਿੱਚ ਆਪਣੀ ਮੋਰ ਜਤਾਉਣ ਲਈ ਪਿੱਛੋਂ ਹੀ ਜੋੜਿਆ ਗਿਆ ਹੋਵੇ।

## ਕਬੀਰ ਨਾਮਾ ਬਾਬੇ ਦੇ ਭਗਤ

ਨਾਮਾ ਛੀਬਾ ਕਬੀਰੁ ਜੋੁਲਾਹਾ
ਪੂਰੇ ਗੁਰ ਤੇ ਗਤਿ ਪਾਈ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ
ਹਉਮੈ ਜਾਤਿ ਗਵਾਈ॥
ਸੁਰਿ ਨਰ ਤਿਨ ਕੀ ਬਾਣੀ
ਗਾਵਹਿ ਕੋਇਨ ਮੇਟੇ ਭਾਈ॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤਾਂ ਦਾ ਸਭ ਤੋਂ ਪਹਿਲਾ ਉਪਰੋਕਤ ਵਰਨਣ ਮਹਲਾ ਤੀਜਾ, ਗੁਰੂ ਅਮਰਦਾਸ ਜੀ ਦੀ ਬਾਣੀ ਸਿਰੀ ਰਾਗ ਵਿੱਚ ਆਇਆ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਨੇ ਆਪਣੀ ਬਾਣੀ ਵਿੱਚ ਕਿਸੇ ਭਗਤ ਦਾ ਜਾਂ ਉਨ੍ਹਾਂ ਦੀ ਬਾਣੀ ਦਾ ਕੋਈ ਜ਼ਿਕਰ ਨਹੀਂ ਕੀਤਾ। ਇਸ ਤੋਂ ਜਾਣਿਆ ਜਾ ਸਕਦਾ ਹੈ ਕਿ ਗੁਰੂ ਅਮਰਦਾਸ ਜੀ ਦੇ ਸਮੇਂ ਭਗਤਾਂ ਦੀ ਬਾਣੀ ਗੁਰਬਾਣੀ ਦੀਆਂ ਪੋਥੀਆਂ ਵਿੱਚ ਲਿਖੇ ਜਾਣ ਦਾ ਕਰਮ ਚਲਿਆ।

ਆਦਿ ਬੀੜ ਦੀ ਰਚਨਾ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਦੀ ਭਗਤ ਮਾਲਾ ਤੇ ਹੋਰ ਪ੍ਰਾਚੀਨ ਗ੍ਰੰਥਾਂ ਮੁਤਾਬਿਕ ਸ਼ਬਦ ਤੇ ਬਾਣੀਆਂ ਇਕੱਠੀਆਂ ਕਰਨ ਲਈ ਦੂਰ ਦੂਰ ਤੱਕ ਹੁਕਮ ਭੇਜੇ, ਭਾਈ ਪੈੜਾ ਕੋਹਲੀ ਜਿਹੇ ਸਿੱਖਾਂ ਨੂੰ ਲੰਕਾ ਭੇਜ ਕੇ ਪ੍ਰਾਣ ਸੰਗਲੀ ਆਦਿ ਰਚਨਾਵਾਂ ਮੰਗਵਾਈਆਂ।

ਏਸ ਤਰ੍ਹਾਂ ਜਿਥੋਂ ਜਿਥੋਂ ਵੀ ਸ਼ਬਦ ਬਾਣੀ ਦਾ ਪਤਾ ਚੱਲਿਆ ਉਹ ਸੰਚਿਤ ਕੀਤੀ ਗਈ। ਗੋਇੰਦਵਾਲ ਵਾਲੀਆਂ ਪੁਰਾਤਨ ਸੈਂਚੀਆਂ ਜਿਨ੍ਹਾਂ ਵਿੱਚੋਂ ਦੋ ਪੋਥੀਆਂ ਹੁਣ ਵੀ ਮਿਲਦੀਆਂ ਹਨ, ਗੁਰੂ ਅਰਜਨ ਦੇਵ ਜੀ ਨੇ ਆਦਿ ਬੀੜ ਦੀ ਰਚਨਾ ਸਮੇਂ ਪ੍ਰਾਪਤ ਕੀਤੀਆਂ। ਪਹਿਲੇ ਸੰਚਿਤ ਕੀਤੀ ਬਾਣੀ ਤੇ ਸ਼ਬਦਾਂ ਦੇ ਸੰਗ੍ਰਹਿ ਨੂੰ ਲੰਮੀ ਘਾਲਣਾ ਨਾਲ ਤਰਤੀਬ ਦੇ ਕੇ ਬਾਣੀ ਦੇ ਸ਼ੁੱਧ ਰੂਪ ਨੂੰ ਰਾਗਾਂ ਅਨੁਸਾਰ ਸੰਚਿਤ ਕਰਕੇ ਆਦਿ ਬੀੜ ਤਿਆਰ ਕੀਤੀ।

ਇਸ ਕਾਰਯ-ਕਰਮ ਵਿੱਚ ਜਿੰਨੀਆਂ ਵੀ ਸੈਂਚੀਆਂ ਅਤੇ ਸ਼ਬਦ ਸੰਗ੍ਰਹਿ ਵਰਤੇ, ਸੰਭਾਲੇ ਗਏ ਉਨ੍ਹਾਂ ਵਿੱਚ ਪੋਥੀ ਗੁਰੂ ਹਰਿ ਸਹਾਏ ਵਾਲੀ ਦਾ ਜ਼ਿਕਰ ਵੀ ਸਿੱਖ ਸਾਹਿਤ ਦੇ ਪੁਰਾਣੇ ਗ੍ਰੰਥਾਂ ਵਿੱਚ ਲਿਖਿਆ ਮਿਲਦਾ ਹੈ। ਦੂਜੀਆਂ ਸੈਂਚੀਆਂ ਗੋਇੰਦਵਾਲ ਵਾਲੀਆਂ ਪ੍ਰਸਿੱਧ ਹਨ, ਜਿਨ੍ਹਾਂ ਦਾ ਆਦਿ ਬੀੜ ਦੇ ਰਚਨ ਸਮੇਂ ਲੈ ਕੇ ਆਉਣ ਦਾ ਪ੍ਰਸੰਗ ਸਿੱਖਾਂ ਦੀ ਭਗਤ ਮਾਲਾ, ਗੁਰ ਬਿਲਾਸ, ਗੁਰ ਪ੍ਰਤਾਪ ਸੂਰਜ, ਤਵਾਰੀਖ ਗੁਰੂ ਖ਼ਾਲਸਾ-ਗਿਆਨੀ ਗਿਆਨ ਸਿੰਘ, ਇਤਿਹਾਸ ਗੁਰੂ ਖ਼ਾਲਸਾ (ਹਿੰਦੀ) ਸਾਧੂ ਗੋਬਿੰਦ ਸਿੰਘ ਜੀ, ਤਕਰੀਬਨ ਗੁਰਬਾਣੀ ਦੇ ਦਰਜਨਾਂ ਪ੍ਰਾਇਯਾਵਾਂ ਅਤੇ ਕੋਸ਼ਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਟੀਕਿਆਂ ਜਿਵੇਂ ਫ਼ਰੀਦਕੋਟੀ ਟੀਕਾ, ਸ਼ਬਦਾਰਥ ਅਤੇ ਮਹਾਨ ਕੋਸ਼ ਆਦਿ ਵਿੱਚ ਵੀ ਲਿਖਿਆ ਮਿਲਦਾ ਹੈ। ਸਿੱਖ ਇਤਿਹਾਸ ਦੇ ਪੁਰਾਣੇ ਗ੍ਰੰਥ ਤੇ ਪਰੰਪਰਾ ਦੱਸਦੀ ਹੈ ਜੋ ਗੁਰਬਾਣੀ ਪ੍ਰਵਾਨ ਚੜ੍ਹੀ ਉਹ ਆਦਿ ਬੀੜ ਦਾ ਭਾਗ ਬਣੀ। 30 ਰਾਗਾਂ, ਪਦਿਆਂ ਤੇ ਬਾਣੀ ਦੇ ਵੱਖ-ਵੱਖ ਰੂਪਾਂ ਨੂੰ ਮੁੱਖ ਰੱਖ ਕੇ ਆਦਿ ਬੀੜ ਤਿਆਰ ਕੀਤੀ ਗਈ।

ਇਸੇ ਸਬੰਧ ਵਿੱਚ ਪੰਜਾਬ ਸਰਕਾਰ ਵੱਲੋਂ ਸੰਪਾਦਤ ਪੁਸਤਕ ਪੰਜਾਬ 1960 ਈ: ਦੇ ਪੰਨਾ 387 ਉਪਰ ਛਪੇ ਪ੍ਰੋ: ਪ੍ਰੀਤਮ ਸਿੰਘ ਦੇ ਲੇਖ ਗੁਰਮੁਖੀ ਲਿਪੀ ਬਾਰੇ ਦੀ ਹੇਠ ਲਿਖੀ ਟੂਕ ਵੀ ਧਿਆਨ ਦੇਣ ਯੋਗ ਹੈ:

ਪ੍ਰੋਫੈਸਰ ਜੀ ਲਿਖਦੇ ਹਨ ਇਸ ਮਤ ਦੀ ਸਭ ਤੋਂ ਪਹਿਲੀ ਗਵਾਹੀ ਬਾਬਾ ਮੋਹਨ ਜੀ ਦੇ ਨਾਂ ਹੇਠ ਪ੍ਰਚਲਿਤ ਇਕ ਪੋਥੀ ਵਿੱਚੋਂ ਮਿਲਦੀ ਹੈ ਜਿਹੜੀ ਅੱਜ-ਕੱਲ੍ਹ ਪਟਿਆਲੇ ਵਿੱਚ ਸੁਰੱਖਿਅਤ ਹੈ। ਇਸ ਪੋਥੀ ਵਿੱਚ ਦੋ ਬੜੀਆਂ ਸੁਆਦਲੀਆਂ ਟੂਕਾਂ ਦਰਜ ਹੋਈਆਂ ਮਿਲਦੀਆਂ ਹਨ। ਜਿਨ੍ਹਾਂ ਵਿੱਚ ਪਹਿਲੀ ਪੱਤਰਾ 93 ਦੇ ਖੱਬੇ ਹਾਸ਼ੀਏ ਉੱਤੇ ਹੈ:

ਗਲਮ ਮਸਤ ਤਡ ਜਠ ਚਦ

ਜੇ ਇਨ੍ਹਾਂ ਸ਼ਬਦਾਂ ਨੂੰ ਲਗਾਂ ਮਾਤਰਾਂ ਲਾ ਕੇ ਠੀਕ ਤਰ੍ਹਾਂ ਪੜ੍ਹਿਆ ਜਾਏ ਤਾਂ ਇਸ ਦਾ ਪਾਠ ਇਉਂ ਬਣਨਾ ਚਾਹੀਦਾ ਹੈ:

ਗੁਲਾਮ ਮਸਤ ਤੈਡਾ ਜੇਠ ਚੰਦ


ਜੇਠਾ ਗੁਰੂ ਅਮਰਦਾਸ ਜੀ ਦਾ ਪਹਿਲਾ ਨਾਂ ਸੀ, ਜੋ ਅਨੁਮਾਨ ਹੈ ਇਹ ਦਸਤਖਤ ਉਨ੍ਹਾਂ ਦੇ ਹੀ ਹੋਣਗੇ। ਸਾਖੀਆਂ ਗੁਰੂ ਅਮਰਦਾਸ ਭਲੇ ਕੀਆਂ ਵਿੱਚ ਇਨ੍ਹਾਂ ਪੋਥੀਆਂ ਦਾ ਅਰੰਭ ਸੰਮਤ 1622 ਜਾਂ ਸੰਨ 1565 ਈ: ਵਿੱਚ ਹੋਇਆ ਲਿਖਿਆ ਹੈ। ਗੁਰੂ ਅਮਰਦਾਸ ਜੀ 1574 ਈ: ਵਿੱਚ ਗੁਰੂ ਬਣੇ। ਇਸ ਤਰ੍ਹਾਂ ਗੁਰੂ ਰਾਮਦਾਸ ਵਾਲੇ ਦਸਖਤਾਂ ਦੀ ਤਾਰੀਖ 1565 ਤੋਂ 1574 ਈ: ਦੇ ਅੰਦਰ ਅੰਦਰ ਹੀ ਬਣਦੀ ਹੈ ਤੇ ਗੁਰੂ ਨਾਨਕ ਸਾਹਿਬ ਦੇ ਦੇਹਾਂਤ ਤੋਂ ਕੁੱਲ 27 ਤੋਂ 36 ਵਰ੍ਹੇ ਬਾਅਦ ਦੀ ਹੈ। (ਪੰਜਾਬ-ਸਫ਼ਾ 387)

ਸਪੱਸ਼ਟ ਹੈ ਕਿ ਪ੍ਰੋ: ਪ੍ਰੀਤਮ ਸਿੰਘ ਨੇ ਬਾਬਾ ਮੋਹਨ ਜੀ ਵਾਲੀਆਂ ਪੋਥੀਆਂ, ਸਭਨਾਂ ਪੋਥੀਆਂ ਤੋਂ ਪ੍ਰਾਚੀਨ ਗੁਰਮੁਖੀ ਦੀ ਹੱਥ ਲਿਖਤ ਮੰਨੀ ਹੈ। ਇਸ ਲਿਖਤ ਵਿੱਚ ਆਪ ਨੇ ਸਾਖੀਆਂ ਗੁਰੂ ਅਮਰਦਾਸ ਭਲੇ ਕੀਆਂ ਦੇ ਇਕ ਕਥਨ ਨੂੰ ਆਧਾਰ ਬਣਾ ਕੇ ਲਿਖਿਆ ਹੈ ਕਿ ਪੋਥੀਆਂ ਦਾ ਅਰੰਭ 1565 ਈ: ਵਿੱਚ ਹੋਇਆ। ਆਪ ਗਲਮ ਮਸਤ ਤਦ ਜਠ ਚਦ ਲਿਖਤ ਨੂੰ ਰਾਮਦਾਸ ਜੀ ਦੇ ਉਸ ਸਮੇਂ ਦੇ ਦਸਤਖਤ ਮੰਨਦੇ ਹਨ ਜਦੋਂ ਗੁਰੂ ਜੀ ਅਜੇ ਗੁਰੂ ਗੱਦੀ ‘ਤੇ ਬਿਰਾਜਮਾਨ ਨਹੀਂ ਸਨ ਹੋਏ। ਵਧੇਰੇ ਸਪੱਸ਼ਟ ਸ਼ਬਦਾਂ ਵਿੱਚ ਪ੍ਰੋ: ਪ੍ਰੀਤਮ ਸਿੰਘ ਗੁਰੂ ਰਾਮਦਾਸ ਜੀ ਦੇ ਹਸਤਾਖਰ 1565 ਤੋਂ 1574 ਈ: ਦੇ ਵਿੱਚਕਾਰ ਜਾਂ ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ 27 ਤੋਂ 36 ਵਰ੍ਹਿਆਂ ਦੇ ਅੰਦਰ ਹੋਏ ਮੰਨੇ ਹਨ। ਸਪੱਸ਼ਟ ਹੈ ਕਿ ਪ੍ਰੋ: ਪ੍ਰੀਤਮ ਸਿੰਘ ਦੀ ਇਸ ਲਿਖਤ ਅਨੁਸਾਰ ਬਾਬਾ ਮੋਹਨ ਜੀ ਵਾਲੀਆਂ ਪੋਥੀਆਂ ਗੁਰੂ ਰਾਮਦਾਸ ਜੀ ਦੇ ਗੁਰੂ ਬਣਨ ਤੋਂ ਪਹਿਲਾਂ ਸੰਮਤ 1565 ਈ: ਤੋਂ 1574 ਈ: ਦੇ ਵਿੱਚਕਾਰ ਗੁਰੂ ਅਮਰ-ਦਾਸ ਜੀ ਦੇ ਗੁਰਿਆਈ ਕਾਲ ਦੌਰਾਨ ਲਿਖੀਆਂ ਗਈਆਂ। ਇਨ੍ਹਾਂ ਦੇ ਲਿਖਣ ਲਈ ਗੁਰੂ ਅਮਰਦਾਸ ਜੀ ਦੀ ਸਰਪ੍ਰਸਤੀ ਅਤੇ ਗੁਰੂ ਰਾਮਦਾਸ ਜੀ ਦੇ ਗੁਰੂ ਬਣਨ ਤੋਂ ਪਹਿਲਾਂ ਦੇ ਸਮੇਂ ਵਿੱਚ ਉਨ੍ਹਾਂ ਦਾ ਸਹਿਯੋਗ ਪ੍ਰਾਪਤ ਹੋਣਾ ਸੁਭਾਵਕ ਹੈ।

ਪੋਥੀਆਂ ਆਦਿ ਬੀੜ ਤੋਂ ਪਿੱਛੋਂ ਲਿਖੀਆਂ ਗਈਆਂ, ਜਿਸ ਮੁੱਦੇ ਨੂੰ ਮੁੱਖ ਰੱਖ ਕੇ ਆਪ ਨੇ ਅਹੀਆਪੁਰ ਵਾਲੀ ਪੋਥੀ ਨਾਂ ਦੀ ਪੁਸਤਕ ਵਿੱਚ ਇਹ ਮਸਲਾ ਖੜ੍ਹਾ ਕੀਤਾ ਹੈ, ਸਾਡੀ ਇਸ ਭਗਤ ਬਾਣੀ ਬਾਰੇ ਲਿਖੀ ਪੋਥੀ ਨੂੰ ਕਿਸੇ ਪੱਖੋਂ ਪ੍ਰਭਾਵਤ ਨਹੀਂ ਕਰਦੀ। ਕਿਉਂਕਿ ਸਾਡਾ ਮੁੱਖ ਆਧਾਰ ਗੁਰੂ ਅਮਰ-ਦਾਸ ਜੀ ਦੇ ਸਿਰੀ ਰਾਗ ਵਿੱਚ ਲਿਖੇ ਉਹ ਵਾਕ ਹਨ ਜਿਨ੍ਹਾਂ ਵਿੱਚ ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ॥ ਲਿਖਿਆ ਹੈ। ਪੂਰੇ ਗੁਰਾਂ ਤੋਂ ਨਹੀਂ, ਭਾਵੇਂ ਗੁਰਬਾਣੀ ਦੇ ਪਾਣਿਨੀ ਪ੍ਰੋ: ਸਾਹਿਬ ਸਿੰਘ ਦੇ ਟੀਕੇ ਦੇ ਅਰਥ ਹੀ ਕਿਉਂ ਨਾ ਮੰਨੇ ਜਾਣ।

***ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ***

## ਸਿਹਤ ਤੇ ਸੁੰਦਰਤਾ



# ਦਿਲ ਦੀਆਂ ਬਿਮਾਰੀਆਂ ਬਣ ਰਹੀਆਂ ਹਨ ਮੌਤ ਦੀ ਸਭ ਤੋਂ ਵੱਡੀ ਵਜ੍ਹਾ

**ਕਮਲਜੀਤ ਸਿੰਘ**

ਭਾਵੇਂ ਇਹ ਲਿਖਣ, ਪੜ੍ਹਨ ਤੇ ਸੁਣਨ ਨੂੰ ਸੱਚ ਨਾ ਲੱਗੇ, ਪਰ ਇਕ ਤਾਜ਼ਾ ਰਿਪੋਰਟ ਨੇ ਖੁਲਾਸਾ ਕੀਤਾ ਹੈ ਕਿ ਭਾਰਤ ਵਿਚ ਦਿਲ ਦੀ ਬਿਮਾਰੀ ਹੁਣ ਮੌਤ ਦੀ ਸਭ ਤੋਂ ਵੱਡੀ ਵਜ੍ਹਾ ਬਣ ਚੁੱਕੀ ਹੈ। ਰਜਿਸਟਰਾਰ ਜਨਰਲ ਆਫ਼ ਇੰਡੀਆ ਦੇ ਸੈਂਪਲ ਰਜਿਸਟ੍ਰੇਸ਼ਨ ਸਰਵੇ ਦੀ ਇਕ ਤਾਜ਼ਾ ਰਿਪੋਰਟ ਮੁਤਾਬਿਕ ਸਾਲ 2021 ਤੋਂ 2023 ਦੌਰਾਨ ਦੇਸ਼ 'ਚ ਹੋਈਆਂ ਕੁੱਲ ਮੌਤਾਂ 'ਚੋਂ 31 ਫ਼ੀਸਦੀ ਦਿਲ ਦੀਆਂ ਬਿਮਾਰੀਆਂ ਕਾਰਨ ਹੋਈਆਂ ਹਨ, ਜਦਕਿ ਛੂਤ ਦੀਆਂ ਬਿਮਾਰੀਆਂ ਨਾਲ 57 ਫ਼ੀਸਦੀ ਲੋਕਾਂ ਦੀ ਜਾਨ ਗਈ ਹੈ। ਨਵਜਾਤ ਤੇ ਛੋਟੇ ਬੱਚਿਆਂ ਦੇ ਪਾਲਣ-ਪੋਸ਼ਣ ਨਾਲ ਸੰਬੰਧਿਤ ਬਿਮਾਰੀਆਂ ਕਰਕੇ 23.4 ਫ਼ੀਸਦੀ ਮੌਤਾਂ ਹੋਈਆਂ ਹਨ। ਕੋਵਿਡ ਸਮੇਂ 2020 ਤੋਂ 2022 ਦੌਰਾਨ ਇਹ ਅੰਕੜੇ 55.7 ਫ਼ੀਸਦੀ ਤੇ 24 ਫ਼ੀਸਦੀ ਸਨ। ਰਿਪੋਰਟ ਨੇ ਇਕ ਹੈਰਾਨੀਜਨਕ ਖੁਲਾਸਾ ਕੀਤਾ ਹੈ ਕਿ 30 ਸਾਲ ਤੋਂ ਉੱਪਰ ਦੀ ਉਮਰ ਦੇ ਨੌਜਵਾਨਾਂ ਦੀ ਮੌਤ ਦਾ ਸਭ ਤੋਂ ਵੱਡਾ ਕਾਰਨ ਦਿਲ ਦੀ ਬਿਮਾਰੀ ਬਣੀ ਹੈ, ਜਦਕਿ 15 ਤੋਂ 29 ਸਾਲ ਦੇ ਕਿਸ਼ੋਰਾਂ ਤੇ ਨੌਜਵਾਨਾਂ 'ਚ ਖੁਦਕੁਸ਼ੀਆਂ ਦਾ ਰੁਝਾਨ ਵੀ ਵਧਿਆ ਹੈ। ਸਾਹ ਦੀਆਂ ਬਿਮਾਰੀਆਂ ਨਾਲ 9.3 ਫ਼ੀਸਦੀ ਤੇ ਪਾਚਨ ਤੰਤਰ ਨਾਲ ਜੁੜੀਆਂ ਬਿਮਾਰੀਆਂ ਨਾਲ 5.3 ਫ਼ੀਸਦੀ ਲੋਕਾਂ ਦੀ ਮੌਤ ਹੋਈ ਹੈ। ਬੁਖ਼ਾਰ ਤੇ ਹੋਰ ਬਿਮਾਰੀਆਂ ਨੇ 4.9 ਫ਼ੀਸਦੀ ਅਤੇ ਸੜਕ ਹਾਦਸਿਆਂ ਨੂੰ ਛੱਡ ਕੇ ਹੋਰ ਦੁਰਘਟਨਾਵਾਂ ਨੇ 3.7 ਫ਼ੀਸਦੀ ਲੋਕਾਂ ਦੀ ਜਾਨ ਲਈ ਹੈ।

ਪੰਜਾਬ ਦੀ ਗੱਲ ਕਰੀਏ ਤਾਂ ਸਰਕਾਰ ਵਲੋਂ ਸਰਕਾਰੀ ਸਕੂਲਾਂ ਤੇ ਆਂਗਣਵਾੜੀ ਸੈਂਟਰਾਂ ਵਿਚ 3 ਤੋਂ 16 ਸਾਲ ਦੇ ਬੱਚਿਆਂ ਦੀ ਮੈਡੀਕਲ ਜਾਂਚ ਕਰਵਾਉਣ ਤੋਂ ਬਾਅਦ ਤਿਆਰ ਕੀਤੀ ਗਈ ਰਿਪੋਰਟ ਤੋਂ ਪਤਾ ਲੱਗਾ ਹੈ ਕਿ ਹਰ ਸਾਲ 450 ਦੇ ਕਰੀਬ ਬੱਚੇ ਦਿਲ ਦੀ ਗੰਭੀਰ ਬਿਮਾਰੀ ਤੋਂ ਪੀੜਤ ਪਾਏ ਗਏ ਹਨ। ਇਨ੍ਹਾਂ 'ਚੋਂ 99 ਫ਼ੀਸਦੀ ਬੱਚਿਆਂ ਦੇ ਦਿਲਾਂ ਵਿਚ ਛੇਕ ਹੈ, ਜਿਨ੍ਹਾਂ ਦਾ ਸਿੱਖਿਆ ਵਿਭਾਗ ਵੱਲੋਂ ਪੀ.ਜੀ.ਆਈ. ਵਿਚ ਇਲਾਜ ਕਰਵਾਇਆ ਜਾ ਰਿਹਾ ਹੈ। ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਇਹ ਪ੍ਰੋਗਰਾਮ ਕੇਂਦਰ ਸਰਕਾਰ ਦੇ ਕੌਮੀ ਬਾਲ ਸਿਹਤ ਪ੍ਰੋਗਰਾਮ ਤਹਿਤ ਚਲਾਇਆ ਜਾ ਰਿਹਾ ਹੈ। ਬੀਤੇ 3 ਸਾਲਾਂ ਦੌਰਾਨ 1,210 ਬੱਚੇ ਦਿਲ ਦੀ ਬਿਮਾਰੀ ਤੋਂ ਪੀੜਤ ਮਿਲੇ ਹਨ। ਡਾਕਟਰਾਂ ਅਨੁਸਾਰ ਗੰਭੀਰ ਦਿਲ ਦੀ ਬਿਮਾਰੀ (ਸੀ.ਐਚ.ਡੀ.) ਬੱਚਿਆਂ ਨੂੰ ਤੇਜ਼ ਬੁਖ਼ਾਰ ਤੋਂ ਬਾਅਦ ਪੈਦਾ ਹੋਣ ਵਾਲੀਆਂ ਵਿਸ਼ੇਸ਼ ਹਾਲਤਾਂ ਕਾਰਨ ਹੁੰਦੀ ਹੈ। ਆਮ ਕਰਕੇ ਬੱਚਿਆਂ ਦੇ ਦਿਲ ਵਿਚ ਵੱਖ-ਵੱਖ ਆਕਾਰ ਦੇ ਛੇਕ (ਹੋਲ) ਹੁੰਦੇ ਹਨ, ਜਿਨਾਂ ਨੂੰ ਆਪ੍ਰੇਸ਼ਨ ਨਾਲ ਠੀਕ ਕਰ ਲਿਆ ਜਾਂਦਾ ਹੈ। ਦੱਸਣਯੋਗ ਹੈ ਕਿ ਇਸ ਪ੍ਰੋਗਰਾਮ ਨਾਲ ਬੱਚਿਆਂ ਨੂੰ ਦਿਲ ਦੀ ਬਿਮਾਰੀ ਹੋਣ ਦਾ ਪਤਾ ਲੱਗਾ ਹੈ, ਜਿਸ ਬਾਰੇ ਉਨ੍ਹਾਂ ਦੇ ਮਾਪਿਆਂ ਨੂੰ ਕੋਈ ਜਾਣਕਾਰੀ ਨਹੀਂ ਸੀ। ਸਾਲ 2022-23 ਵਿਚ 24,945 ਆਂਗਣਵਾੜੀਆਂ ਦੇ 7,11,189 ਅਤੇ 1,912 ਸਕੂਲਾਂ ਦੇ 22,16,209 ਬੱਚਿਆਂ ਦੀ ਮੈਡੀਕਲ ਜਾਂਚ ਦੌਰਾਨ 489 ਬੱਚਿਆਂ ਨੂੰ ਦਿਲ ਦੇ ਬਿਮਾਰੀ ਹੋਣ ਦੀ ਪੁਸ਼ਟੀ ਹੋਈ ਸੀ, ਸਾਲ 2023-24



ਵਿਚ 24,906 ਆਂਗਣਵਾੜੀਆਂ ਦੇ 8,56,571 ਅਤੇ 19,708 ਸਕੂਲਾਂ ਦੇ 22,48,337 ਬੱਚਿਆਂ 'ਚੋਂ 327 ਨੂੰ ਦਿਲ ਦਾ ਰੋਗ ਹੋਣ ਬਾਰੇ ਪਤਾ ਲੱਗਿਆ। ਸਾਲ 2024-25 'ਚ ਆਂਗਣਵਾੜੀਆਂ ਦੇ 7,37, 024 ਅਤੇ 22,99,155 ਸਕੂਲੀ ਬੱਚਿਆਂ ਦੀ ਜਾਂਚ ਕਰਨ 'ਤੇ 434 ਨੂੰ ਦਿਲ ਦੀ ਬਿਮਾਰੀ ਤੋਂ ਪੀੜਤ ਪਾਇਆ ਗਿਆ ਹੈ। ਪੀ.ਜੀ.ਆਈ. ਚੰਡੀਗੜ੍ਹ ਵਿਖੇ ਹੁਣ ਮਰੀਜ਼ਾਂ ਦੇ ਦਿਲ ਵੀ ਟ੍ਰਾਂਸਪਲਾਂਟ ਹੋਣ ਲੱਗੇ ਹਨ, ਜਿੱਥੇ ਹੁਣ ਤੱਕ 12 ਮਰੀਜ਼ਾਂ ਦੇ ਦਿਲ ਟਰਾਂਸਪਲਾਂਟ ਕੀਤੇ ਜਾ ਚੁੱਕੇ ਹਨ। ਪੀ.ਜੀ.ਆਈ. ਅਨੁਸਾਰ ਦਿਲ ਟਰਾਂਸਪਲਾਂਟ ਦੀ ਸਫਲਤਾ 78 ਫ਼ੀਸਦੀ ਤੋਂ ਉੱਪਰ ਹੈ। ਇੱਥੇ ਹੁਣ ਜਿਗਰ, ਪੈਂਕਰੀਆਜ, ਅੱਖਾਂ ਦੇ ਡੇਲੇ ਤੇ ਗੁਰਦੇ ਵੀ ਟਰਾਂਸਪਲਾਂਟ ਕੀਤੇ ਜਾ ਰਹੇ ਹਨ। ਹੁਣ ਤੱਕ 7,000 ਤੋਂ ਵੱਧ ਮਰੀਜ਼ਾਂ ਦੀਆਂ ਅੱਖਾਂ ਅਤੇ 5,400 ਤੋਂ ਵੱਧ ਮਰੀਜ਼ਾਂ ਦੇ ਗੁਰਦੇ ਬਦਲੇ ਜਾ ਚੁੱਕੇ ਹਨ। ਪੀ.ਜੀ.ਆਈ. ਤੋਂ 'ਬਰੇਨ ਡੈਡ' ਮਰੀਜ਼ਾਂ ਦੇ ਅੰਗ ਦਿੱਲੀ ਸਮੇਤ ਦੂਜੇ ਸੂਬਿਆਂ ਦੇ ਹਸਪਤਾਲਾਂ ਨੂੰ ਹਵਾਈ ਜਹਾਜ਼ ਰਾਹੀਂ ਭੇਜੇ ਜਾ ਰਹੇ ਹਨ। ਪੰਜਾਬ ਸ਼ੂਗਰ ਰੋਗ ਤੇ ਕੈਂਸਰ ਦੀ ਜਕੜ ਵਿਚ ਬੁਰੀ ਤਰ੍ਹਾਂ ਆ ਚੁੱਕਾ ਹੈ। ਪੰਜਾਬ ਦੇ ਅੱਲੜ ਉਮਰ ਦੇ 12 ਫ਼ੀਸਦੀ ਬੱਚੇ ਸ਼ੂਗਰ ਰੋਗ ਤੋਂ ਪੀੜਤ ਹਨ, ਜਦਕਿ ਔਰਤਾਂ ਵਿਚ ਛਾਤੀ ਤੇ ਬੱਚੇਦਾਨੀ ਦਾ ਕੈਂਸਰ ਬਹੁਤ ਤੇਜ਼ੀ ਨਾਲ ਵਧਿਆ ਹੈ। ਪੁਰਸ਼ਾਂ 'ਚ ਗਦੂਦ, ਜਿਗਰ ਤੇ ਗਲੇ ਦਾ ਕੈਂਸਰ ਦੂਜੇ ਸੂਬਿਆਂ ਨਾਲੋਂ ਕਿਤੇ ਵੱਧ ਹੈ। ਪੀ.ਜੀ.ਆਈ. 'ਚ ਇਸ ਸਾਲ ਦੇ ਪਹਿਲੇ 6 ਮਹੀਨਿਆਂ ਦੌਰਾਨ ਪਿਛਲੇ 5 ਸਾਲਾਂ ਨਾਲੋਂ ਕੈਂਸਰ ਦੇ 27 ਗੁਣਾ ਜ਼ਿਆਦਾ ਮਰੀਜ਼ ਆਏ ਹਨ। ਚੰਡੀਗੜ੍ਹ ਦੇ ਨੇੜੇ ਬਣੇ ਟਾਟਾ ਕੈਂਸਰ ਇੰਸਟੀਚਿਊਟ ਵਿਚ ਮਰੀਜ਼ਾਂ ਦੀ ਰੋਜ਼ਾਨਾ ਓ.ਪੀ.ਡੀ. 3,000 ਨੂੰ ਪਾਰ ਕਰ ਗਈ ਹੈ। ਪੰਜਾਬ ਦੇ 3 ਮੈਡੀਕਲ ਕਾਲਜ ਹਸਪਤਾਲਾਂ ਵਿਚ ਵੀ ਕੈਂਸਰ ਦਾ ਇਲਾਜ ਕੀਤਾ ਜਾ ਰਿਹਾ ਹੈ।

ਪੰਜਾਬ ਸਰਕਾਰ ਵੱਲੋਂ ਕੈਂਸਰ ਦੇ ਮਰੀਜ਼ਾਂ ਨੂੰ ਮੁੱਖ ਮੰਤਰੀ ਕੈਂਸਰ ਰਾਹਤ ਫੰਡ 'ਚੋਂ ਡੇਢ ਲੱਖ ਰੁਪਏ ਦੀ ਸਹਾਇਤਾ ਦਿੱਤੀ ਜਾਂਦੀ ਹੈ, ਕਈ ਪ੍ਰਾਈਵੇਟ ਹਸਪਤਾਲ ਵੀ ਸਸਤੇ ਇਲਾਜ ਲਈ ਪੈਨਲ 'ਤੇ ਲਿਆਂਦੇ ਗਏ ਹਨ। ਮੁੱਖ ਮੰਤਰੀ ਕੈਂਸਰ ਰਾਹਤ ਫੰਡ ਤੋਂ ਮਦਦ ਲੈਣ ਦੀ ਪ੍ਰਕਿਰਿਆ ਨੂੰ ਸਰਲ ਕਰਨ ਦੀ ਲੋੜ ਹੈ। ਸਕੂਲੀ ਬੱਚਿਆਂ ਦੇ ਦਿਲ ਦੇ ਰੋਗ ਦਾ ਇਲਾਜ ਕਰਾਉਣ ਲਈ ਸਿਹਤ ਵਿਭਾਗ ਵਲੋਂ ਖ਼ੁਦ ਪੀ. ਜੀ. ਆਈ. ਨਾਲ ਰਾਬਤਾ ਕਰਨ ਕਰਕੇ ਮਾਪਿਆਂ ਨੂੰ ਜ਼ਿਆਦਾ ਪ੍ਰੇਸ਼ਾਨੀ ਨਹੀਂ ਆਉਂਦੀ ਹੈ। ਵਰਤਮਾਨ ਸਮੇਂ ਦਾ ਇਕ ਕੌੜਾ ਸੱਚ ਇਹ ਵੀ ਹੈ ਕਿ ਜ਼ਿਆਦਾਤਰ ਬਿਮਾਰੀਆਂ ਸਾਡੀ ਜੀਵਨ ਸ਼ੈਲੀ ਤੇ ਖਾਣ-ਪੀਣ ਦੀ ਹੀ ਦੇਣ ਹਨ।

* * * * * * * *

## * ਚੂੰਡੀਆਂ–ਪੂੰਝੇ *

**ਲੇਖਕ - ਨਿਰਮਲ ਸਿੰਘ ਕੰਧਾਲਵੀ**





***ਭਾਰਤ ਨੂੰ ਮੁੜ ਵਿਸ਼ਵ ਗੁਰੂ ਬਣਨ ਲਈ ਮਹਾਰਿਸ਼ੀ ਦਯਾ ਨੰਦ ਦੀਆਂ ਸਿਖਿਆਵਾਂ 'ਤੇ ਚਲਣ ਦੀ ਲੋੜ- ਮੁੱਖ ਮੰਤਰੀ ਸੈਣੀ**

-ਭਾਰਤ ਤਾਂ ਵਿਸ਼ਵ ਗੁਰੂ ਬਣਿਆ ਪਿਐ ਗਿਆਰਾਂ ਸਾਲਾਂ ਤੋਂ , ਸੈਣੀ ਸਾਬ ਆਪਣਾ ਪੱਤਾ ਨਾ ਕਟਵਾ ਲਿਉ  ਕਿਤੇ।



***ਅਮਰੀਕਾ 'ਚ ਸ਼ੱਟ ਡਾਊਨ ਕਾਰਨ 4 ਕਰੋੜ ਲੋਕਾਂ ਦਾ ਰਾਸ਼ਨ ਬੰਦ- ਇਕ ਖ਼ਬਰ**

-ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ਼ ਪਤਾਸੇ ਪੀਵੇ।



***ਵੰਸ਼ਵਾਦ ਦੀ ਸਿਆਸਤ ਭਾਰਤੀ ਲੋਕਤੰਤਰ ਲਈ ਗੰਭੀਰ ਖ਼ਤਰਾ- ਸ਼ਸ਼ੀ ਥਰੂਰ**

-ਪੱਲਾ ਮਾਰ ਕੇ ਬੁਝਾ ਗਈ ਦੀਵਾ, ਅੱਖ ਨਾਲ ਗੱਲ ਕਰ ਗਈ।



***ਪੰਜਾਬ ਸਰਕਾਰ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨ ਤੋਂ ਨਾਕਾਮ- ਵੜਿੰਗ**

-ਤੁਹਾਡੇ ਵੇਲੇ ਵੀ ਇਹੋ ਕੁੱਤੀ-ਚੀਕਾ ਪੈਂਦਾ ਸੀ ਵੜਿੰਗ ਸਾਬ।

***ਜੇ.ਐੱਨ.ਯੂ. ਵਿਦਿਆਰਥੀ ਚੋਣਾਂ: ਚਾਰੇ ਸੀਟਾਂ 'ਤੇ ਖੱਬੇ ਪੱਖੀ ਕਾਬਜ਼- ਇਕ ਖ਼ਬਰ**

-ਲਗਦੈ ਇਨ੍ਹਾਂ ਚੋਣਾਂ 'ਚ ਈ.ਵੀ.ਐਮ. ਮਸ਼ੀਨਾਂ ਨਹੀਂ ਵਰਤੀਆਂ ਗਈਆਂ।

***ਪੰਜਾਬ ਦੇ ਵਿਧਾਇਕਾਂ ਦੀ ਤਨਖ਼ਾਹ ਅਤੇ ਭੱਤੇ ਵਧਾਉਣ ਦੀ ਤਿਆਰੀ- ਇਕ ਖ਼ਬਰ**

-ਮੇਰੀ ਸੱਸ ਨੇ ਬਾਣੀਆਂ ਕੀਤਾ, ਲੱਡੂਆਂ ਦੀ ਮੌਜ ਲੱਗ ਗਈ।



***ਮਮਦਾਨੀ ਦੇ ਮੇਅਰ ਬਣਨ ਨਾਲ ਅੱਠ ਲੱਖ ਲੋਕ ਸ਼ਹਿਰ ਛੱਡਣ ਲਈ ਤਿਆਰ- ਇਕ ਖ਼ਬਰ**

-ਚਲ ਉੜ ਜਾ ਰੇ ਪੰਛੀ, ਅਬ ਯੇਹ ਦੇਸ਼ ਹੂਆ ਬੇਗਾਨਾ।



***ਗੁਰੂ ਤੇਗ਼ ਬਹਾਦਰ ਜੀ ਪੂਰੇ ਵਿਸ਼ਵ ਦੇ ਮਨੁੱਖੀ ਅਧਿਕਾਰਾਂ ਦੇ ਪਹਿਲੇ ਮਹਾਂਨਾਇਕ- ਮੁੱਖ ਮੰਤਰੀ ਸੈਣੀ**

-ਸੈਣੀ ਸਾਹਿਬ ਇਹ ਗੱਲ ਆਪਣੇ ਭਾਜਪਾ ਦੇ ਸਾਥੀਆਂ ਨੂੰ ਵੀ ਕਹੋ ਕਿ ਉਹ ਆਪਣੇ ਬਿਆਨਾਂ 'ਚ ਸੋਧ ਕਰਨ।

***ਵਿਆਹੁਤਾ ਨੇ ਕੈਨੇਡਾ ਪਹੁੰਚਦਿਆਂ ਹੀ ਕੀਤਾ ਪਤੀ ਦਾ ਨੰਬਰ ਬਲੌਕ- ਇਕ ਖ਼ਬਰ**

-ਕੀੜੇ ਪੈਣਗੇ ਮਰੇਂਗੀ ਸੱਪ ਲੜ ਕੇ, ਮਿੱਤਰਾਂ ਨੂੰ ਦਗ਼ਾ ਦੇਣੀਏਂ।




***ਮੋਟੇ ਤੇ ਬਿਮਾਰ ਲੋਕਾਂ ਨੂੰ ਨਹੀਂ ਮਿਲੇਗਾ ਅਮਰੀਕਾ ਦਾ ਵੀਜ਼ਾ- ਟਰੰਪ**

-ਮੁੰਡਾ ਸੁੱਕ ਗਿਆ ਚੰਨਣ ਦਾ ਬੂਟਾ, ਤੇਰੇ ਪਿੱਛੇ ਗੋਰੀਏ ਰੰਨੇ।



***ਜ਼ੋਹਰਾਨ ਮਮਦਾਨੀ ਦੀ ਜਿੱਤ ਨੇ ਸ਼ਹਿਰ ਦੇ ਅਰਬਪਤੀਆਂ ਦੀਆਂ ਮੁਸ਼ਕਿਲਾਂ ਵਧਾਈਆਂ- ਇਕ ਖ਼ਬਰ**

-ਗੋਰੇ ਰੰਗ ਤੋਂ ਬਦਲ ਗਿਆ ਕਾਲ਼ਾ, ਕੀ ਗ਼ਮ ਖਾ ਗਿਆ ਮਿੱਤਰਾ।



***ਟਰੰਪ ਨੇ ਜੀ-20 ਸੰਮੇਲਨ ਦਾ ਕੀਤਾ ਬਾਈਕਾਟ- ਇਕ ਖ਼ਬਰ**


-ਤੇਰੇ ਖੁਸ਼ਕ ਮੱਕੀ ਦੇ ਦਾਣੇ, ਮਿੱਤਰਾਂ ਨੇ ਨਹੀਂਉਂ ਚੱਬਣੇ।

***ਪੰਜਾਬ ਕਾਂਗਰਸ ਸ਼ੁਰੂ ਤੋਂ ਹੀ ਰਹੀ ਦਲਿਤਾਂ ਦੀ ਦੁਸ਼ਮਣ- ਐਡਵੋਕੇਟ ਭੁੱਟਾ**

-ਨਾ ਮੇਰਾ ਧਰਮ ਰਿਹਾ, ਨਾ ਘੁੱਗ ਕੇ ਵਸੀ ਘਰ ਤੇਰੇ।

***ਭਾਰਤ ਰੂਸ ਤੋਂ ਕੱਚੇ ਤੇਲ ਦੀ ਸਿੱਧੀ ਆਯਾਤ 'ਤੇ ਦਸੰਬਰ ਤੋਂ ਕਰੇਗਾ ਕਟੌਤੀ- ਇਕ ਖ਼ਬਰ**

-ਪਾਣੀ ਡੋਲ੍ਹ ਗਈ ਝਾਂਜਰਾਂ ਵਾਲ਼ੀ, ਕੈਂਠੇ ਵਾਲ਼ਾ ਤਿਲਕ ਗਿਆ।



***ਕਾਨੂੰਨੀ ਭਾਸ਼ਾ ਸਰਲ ਅਤੇ ਸਥਾਨਕ ਹੋਣੀ ਚਹੀਦੀ ਹੈ- ਮੋਦੀ**

-ਬਗਲ ਮੇਂ ਛੁਰੀ, ਮੂੰਹ ਮੇਂ ਰਾਮ ਰਾਮ।

***ਭਾਰਤ ਦੇ ਸਿਖਰਲੇ 1 ਫ਼ੀ ਸਦੀ ਅਮੀਰਾਂ ਦੀ ਦੌਲਤ 'ਚ ਹੋਇਆ 62 ਫ਼ੀ ਸਦੀ ਵਾਧਾ- ਇਕ ਖ਼ਬਰ**

-ਚੱਪਾ ਕੁ ਚੰਨ ਮੁੱਠ ਕੁ ਤਾਰੇ, ਸਾਡਾ ਮੱਲ ਬੈਠੇ ਆਸਮਾਨ।

## "ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ"



ਨਛੱਤਰ ਸਿੰਘ ਭੋਗਲ
"ਭਾਖੜੀਆਣਾ" (UK)

ਨੌਵੇਂ ਗੁਰੂ ਦਿੱਲੀ ਵਿੱਚ, ਸੀਸ ਦੀ ਅਹੂਤੀ ਦੇਕੇ,
ਡੁੱਬਦਾ ਜਾਂਦਾ ਹਿੰਦ ਦਾ, ਸੀ ਧਰਮ ਬਚਾ ਲਿਆ।
ਮਿਹਰਵਾਨੁ, ਸੂਰਬੀਰ, ਤੇਗ ਦੇ ਵੀ ਧਨੀ ਗੁਰੂ ,
ਸਬਰ ਨੇ ਸੀ ਜਾਬਰ ਨਾਲ, ਮੱਥਾ ਜਾ ਕੇ ਲਾ ਲਿਆ।
ਚਾਂਦਨੀ ਚੌਂਕ ਵਿਖੇ, ਸੂਰਜ ਖੜੇ ਲੋਕਾਂ ਸਾਹਵੇਂ
ਸੀਸ ਦੇ ਕੇ ਰੁਤਬਾ, ਸ਼ਹੀਦ ਦਾ ਹੈ ਪਾ ਲਿਆ।
ਨੌਵੇਂ ਗੁਰੂ ਦਿੱਲੀ ਵਿੱਚ, ਸੀਸ ਦੀ ਅਹੂਤੀ ਦੇਕੇ,
ਡੁੱਬਦਾ ਜਾਂਦਾ ਹਿੰਦ ਦਾ, ਸੀ ਧਰਮ ਬਚਾ ਲਿਆ।

ਪੰਡਿਤ ਕਸ਼ਮੀਰੀਆਂ, ਇਕੱਠੇ ਹੋ ਪਕਾਇਆ ਮਤਾ
ਕਰੀਏ ਪੂਕਾਰ ਸੱਚੇ ਗੁਰੂ, ਦਰਬਾਰ ਜਾ ਕੇ।
ਖ਼ਤਰਾ ਹੈ ਧੋਤੀ-ਬੋਦੀ, ਤਿਲਕ ਤੇ ਜੰਜੂ ਤਾਂਈਂ
ਹਾੜ੍ਹੇ ਕੂਕਾਂ ਮਾਰਦੇ ਹਾਂ, ਸੁਣੋ ਕੋਈ ਪੁਕਾਰ ਆ ਕੇ
ਨਾਨਕ ਦੇ ਦਰ ਤੋਂ, ਸਵਾਲੀ ਖਾਲੀ ਮੁੜਦਾ ਨਹੀਂ
ਫ਼ਰਿਆਦੀ ਹੋਣਾ ਇਸ ਦਰ, ਮਨ ਹੈ ਬਣਾ ਲਿਆ।
ਨੌਵੇਂ ਗੁਰੂ ਦਿੱਲੀ ਵਿੱਚ, ਸੀਸ ਦੀ ਅਹੂਤੀ ਦੇਕੇ,
ਡੁੱਬਦਾ ਜਾਂਦਾ ਹਿੰਦ ਦਾ, ਸੀ ਧਰਮ ਬਚਾ ਲਿਆ।

ਸ਼ਾਸ਼ਤਰ ਸਿਖਲਾਈ ਮਨ੍ਹਾ, ਰੇਸ਼ਮ ਕੋਈ ਪਹਿਨੇ ਨਾ,
ਘੌੜ-ਅਸਵਾਰੀ ਬੰਦ, ਦਸਤਾਰ-ਕਲਗੀ ਵੀ ਲਾਵੇ ਨਾ।
ਮੰਦਰਾਂ ਨੂੰ ਢਾਹ ਕੇ, ਉਥੇ ਮਸਜਦਾਂ ਉਸਾਰੀ ਜਾਂਦੇ
ਤਿਉਹਾਰਾਂ ਤੇ ਪਾਬੰਦੀ, ਦਿਵਾਲੀ-ਮੇਲੇ ਕੋਈ ਲਾਵੇ ਨਾ।
ਬਿਆਨ ਨਹੀਂ ਹੁੰਦੀ, ਜਿਹੜੀ ਸਾਡੇ ਉੱਤੇ ਬੀਤਦੀ ਐ
ਹਕੂਮਤ ਨੇ ਹੱਥ, ਸਾਡੀ ਪੱਗ ਨੂੰ ਹੈ ਪਾ ਲਿਆ।
ਨੌਵੇਂ ਗੁਰੂ ਦਿੱਲੀ ਵਿੱਚ, ਸੀਸ ਦੀ ਅਹੂਤੀ ਦੇਕੇ,
ਡੁੱਬਦਾ ਜਾਂਦਾ ਹਿੰਦ ਦਾ, ਸੀ ਧਰਮ ਬਚਾ ਲਿਆ।

ਕੁੜੀਆਂ ਤੇ ਰੰਨਾਂ, ਬੁਰਸ਼ੇ ਘਰਾਂ ਚੋਂ ਲੈ ਜਾਂਦੇ ਚੁੱਕ,
ਗਊ-ਪੂਜਾ, ਖਤਰਾ ਹੈ ਇੱਜ਼ਤ ਅਤੇ ਮਾਣ ਤਾਈਂ।
ਸਿਰ ਨਾਲੋਂ ਧੱੜ ਝੱਟ, ਕਰ ਦੇਣ ਜੁਦਾ ਜਾਲਮ,
ਕਬੂਲਦਾ ਨਹੀਂ ਮਰਜ਼ੀ, 'ਨਾ ਜਿਹੜਾ ਇਸਲਾਮ ਤਾਈਂ
ਗੀਤਾ, ਵੇਦ, ਗ੍ਰੰਥਾਂ ਦੀ ਖ਼ਤਰੇ ਚ ਹੋਂਦ ਜਾਪੇ,
ਧੱਕੇ ਨਾਲ ਹਿੰਦੂਆਂ ਨੂੰ, ਮੁਸਲਮਾਨ ਬਣਾ ਲਿਆ।
ਨੌਵੇਂ ਗੁਰੂ ਦਿੱਲੀ ਵਿੱਚ, ਸੀਸ ਦੀ ਅਹੂਤੀ ਦੇਕੇ,
ਡੁੱਬਦਾ ਜਾਂਦਾ ਹਿੰਦ ਦਾ, ਸੀ ਧਰਮ ਬਚਾ ਲਿਆ।

ਗੁਰੂ ਸਾਹਿਬ ਬੋਲੇ ਗੁੜ੍ਹਤੀ, ਦਿੱਤੀ ਮੇਰੇ ਬਾਬਾ ਜੀ ਨੇ,
ਰੱਬੀ ਭਾਣੇ ਵਿਚ ਰਹਿ ਕੇ, ਜੂਝਣਾ ਹੈ ਜਾਬਰ ਨਾ।
ਸੀਸ ਮੇਰਾ ਦਿੱਤਿਆਂ ਜੇ, ਧਰਮ ਤੁਹਾਡਾ ਬਚਦਾ ਹੈ,
ਸੀਸ ਦੇਣੋ ਦੱਸੋਂ ਕਿਵੇਂ, ਹੋ ਸਕਦਾ ਮੈਂ ਨਾਬਰ ਹਾਂ।
ਸਾਡੇ ਵਡੇਰਿਆਂ, ਸਦਾ ਜ਼ੁਲਮ ਨਾਲ ਲਾਇਆ ਮੱਥਾ
ਈਨ ਨਹੀਂ ਮੰਨੀ, ਆਸਣ ਤੱਵੀ ਉਤੇ ਲਾ ਲਿਆ।
ਨੌਵੇਂ ਗੁਰੂ ਦਿੱਲੀ ਵਿੱਚ, ਸੀਸ ਦੀ ਅਹੂਤੀ ਦੇਕੇ,
ਡੁੱਬਦਾ ਜਾਂਦਾ ਹਿੰਦ ਦਾ, ਸੀ ਧਰਮ ਬਚਾ ਲਿਆ।

ਖ਼ੂਨੀ ਤਲਵਾਰ ਚੱਲੀ, ਸਿਰ ਧੱੜ ਨਾਲੋਂ ਅੱਡ ਹੋਇਆ,
ਸੀਅ ਨਾ ਉਚਾਰੀ, ਜ਼ੇਰਾ ਤੇ.ਗ ਬਹਾਦਰ ਦਾ।
ਦੀਨ ਨਾ ਕਬੂਲਿਆਂ, ਕਹਿਣੀ ਕਰਨੀ ਦੇ ਸੂਰਿਆਂ ਨੇ
ਤਦ ਪਾਇਆ ਰੁਤਬਾ ਸੀ, ਹਿੰਦ ਦੀ ਚਾਦਰ ਦਾ।
ਸਮਾਣੇ ਦਾ ਜੱਲਾਦ, ਜ਼ਲਾਲ-ਉਦ-ਦੀਨ ਨਾਮ ਜਿਹਦਾ,
ਹਾਕਮਾਂ ਦੇ ਨੌਕਰ ਨੇ, ਕਹਿਰ ਹੀ ਕਮਾ ਲਿਆ।
ਨੌਵੇਂ ਗੁਰੂ ਦਿੱਲੀ ਵਿੱਚ, ਸੀਸ ਦੀ ਅਹੂਤੀ ਦੇਕੇ,
ਡੁੱਬਦਾ ਜਾਂਦਾ ਹਿੰਦ ਦਾ, ਸੀ ਧਰਮ ਬਚਾ ਲਿਆ।

ਭਾਈ ਜੈਤਾ ਕਰ ਜ਼ੇਰਾ, ਸੀਸ ਅਨੰਦਪੁਰ ਲੈ ਆਇਆ
ਵਾਹਵਾ ਜੱਸ ਗੁਰੂ ਜੀ ਦਾ, ਸਿੱਖ ਨੇ ਹੈ ਖੱਟਿਆ।
ਕੁੱਲੀ ਤਾਈਂ ਲਾਕੇ ਲਾਂਬੂ, ਧੱੜ ਦਾ ਸਸਕਾਰ ਕੀਤਾ,
ਵਣਜਾਰੇ ਨੇ ਅਨੋਖਾ ਮੁੱਲ, ਘਰ ਦਾ ਹੈ ਵੱਟਿਆ।
ਭੋਗਲ ਪਾਵੇ ਲਾਹਣਤਾਂ, ਤੂੰ ਰਾਜਾ ਬਣ ਜ਼ੁਲਮ ਢਾਹਿਆ
ਰੂੰਅ ਵਿਚ ਸਾੜ ਕੋਈ, ਦੇਗਾਂ ਵਿੱਚ ਉਬਾਲਿਆ।
ਨੌਵੇਂ ਗੁਰੂ ਦਿੱਲੀ ਵਿੱਚ, ਸੀਸ ਦੀ ਅਹੂਤੀ ਦੇਕੇ,
ਡੁੱਬਦਾ ਜਾਂਦਾ ਹਿੰਦ ਦਾ, ਸੀ ਧਰਮ ਬਚਾ ਲਿਆ।

# ਕਾਵਿ ਕਿਆਰੀ




## ਨਾਰੀ ਕ੍ਰਿਕਟ

ਬਹਾਦਰ ਕੁੜੀਆਂ ਨੂੰ ਚਿੜੀਆਂ ਨਹੀਂ, ਬਾਜ਼ ਕਹੋ,
ਪੱਥਰ ਕਹਿ ਕੇ ਭੰਡੋ ਨਾ, ਸਿਰਤਾਜ ਕਹੋ।

ਮੌਕਾ ਦੇ ਕੇ ਦੇਖੋ ਕਿਵੇਂ, ਕਮਾਲ ਦਿਖਾਉਂਦੀਆਂ ਨੇ,
ਵਿਰੋਧੀਆਂ ਦੇ ਫਿਰ ਦੇਖੋ, ਕਿਵੇਂ ਛੱਕੇ ਛੁਡਾਉਂਦੀਆ ਨੇ।

ਚੌਕੇ ਛਿੱਕੇ ਦੇਖ ਕੇ ਦੁਨੀਆ, ਮੂੰਹ ਉਂਗਲਾਂ ਪਾ ਬੈਠੀ,
ਵਿਰੋਧੀਆਂ ਕੋਲੋਂ ਝੱਲੀ ਗਈ ਨਾ, ਹੁੰਦੀ ਇਹ ਹੇਠੀ।

ਗਰੀਬਾਂ ਦੀ ਪਰਾਤ ਦਾ ਵਿੱਲਾ, ਆਟਾ ਵੀ ਹੁੰਦਾ ਹੈ,
ਕੌਣ ਕਿਸੇ ਦੀ ਬਾਂਹ ਫੜਦਾ, ਜਾਂ ਧਰਵਾਸਾ ਦਿੰਦਾ ਹੈ।

ਆਪੇ ਉਤੇ ਬੀਤਦੀ ਖੁਦ ਹੀ, ਨਿਪਟਾਉਣੀ ਪੈਂਦੀ ਹੈ,
ਹਰ ਦਮ ਸਿਰ 'ਤੇ ਧੜ ਦੀ, ਬਾਜ਼ੀ ਲਾਉਣੀ ਪੈਂਦੀ ਹੈ।

ਹਰ ਲੜਕੀ ਦੀ ਕਹਾਣੀ, ਜ਼ਰਾ ਪੁੱਛ ਕੇ ਤਾਂ ਦੇਖੋ,
ਉਨ੍ਹਾਂ ਦੀਆਂ ਪੈੜਾਂ ਵਿੱਚ ਪੈਰ, ਰੱਖ ਕੇ ਤਾਂ ਦੇਖੋ।

ਸੰਘਰਸ਼ ਤੋਂ ਸਫਲਤਾ ਦਾ ਰਸਤਾ, ਛੋਟਾ ਨਹੀਂ ਹੁੰਦਾ,
ਆਪਾ ਵਾਰ ਕੇ ਮੰਜ਼ਿਲ ਤੇ ਪਹੁੰਚੇ, ਕੋਈ ਕੋਈ ਬੰਦਾ।

ਟੀਸੀ ਉੱਤੇ ਪਹੁੰਚਣ ਦਾ ਆਨੰਦ, ਅਨੋਖਾ ਹੁੰਦਾ ਹੈ,
ਟੀਸੀ ਉੱਤੇ ਟਿਕਣਾ ਵੀ ਬੜਾ, ਔਖਾ ਹੁੰਦਾ ਹੈ।

ਸਿਰੜ ਦੀ ਸਾਰੀ ਕੀਮਤ, ਬੜੀ ਹੀ ਮਹਿੰਗੀ ਪੈਂਦੀ ਹੈ,
ਲੜਕੀ ਨੂੰ ਕਿਹੜੀ ਕਿਹੜੀ, ਗੱਲ ਸਹਿਣੀ ਪੈਂਦੀ ਹੈ।

ਆਓ ਇਨ੍ਹਾਂ ਬਹਾਦਰ ਕੁੜੀਆਂ ਨੂੰ, ਅਸੀਂ ਜਤਲਾ ਦੇਈਏ,
ਸਾਡੇ 'ਤੇ ਕੀਤੇ ਅਹਿਸਾਨਾਂ ਦਾ, ਕਰਜ਼ਾ ਲਾਹ ਦੇਈਏ।

ਗ਼ਰੀਬੀ ਵਿੱਚੋਂ ਨਿਕਲ, ਇਨ੍ਹਾਂ ਨੂੰ ਜੀਣਾ ਆ ਜਾਵੇ,
ਬੁੱਚੜ ਕੋਈ ਕਿਤੇ ਇਨ੍ਹਾਂ ਨੂੰ, ਐਵੇਂ ਨਾ ਖਾ ਜਾਵੇ।

ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ, ਯੂ ਕੇ



## ਗ਼ਜ਼ਲ

– ਦਲਜੀਤ ਸਿੰਘ ਉਪਲ

ਮੇਰੇ ਤਾਂ ਹਿਰਦੇ ਅੰਦਰ ਦੁਖੀਆਂ ਲਈ ਹੀ ਥਾਂ ਹੈ ।
ਦਿਲ ਦੀ ਹਾਂ ਗੱਲ ਕਰਦਾ ਦਲਜੀਤ ਮੇਰਾ ਨਾਂ ਹੈ ।

ਦੁਨੀਆਂ 'ਚ ਪਿਉ ਤੋਂ ਵੱਡਾ ਕੋਈ ਮਹਾਨ ਹੈ ਨਹੀਂ,
ਉਸ ਤੋਂ ਮਹਾਨ ਕੇਵਲ ਸੰਸਾਰ ਵਿੱਚ ਮਾਂ ਹੈ ।

ਤਕੜੇ ਦੇ ਨਾਲ ਲੜ ਕੇ ਜੇ ਜਿੱਤ ਵੀ ਗਿਆ ਹੈਂ,
ਮਾੜੇ ਦੀ ਰੱਖਿਆ ਕਰਕੇ ਦਿਖਲਾ ਸਕੇਂ ਤੇ ਤਾਂ ਹੈ ।

ਅੱਖਾਂ ਦੇ ਨਾਲ ਕਹਿੰਦੇ ਲੱਗਦੀ ਹੈ ਦੁਨੀਆਂ ਚੰਗੀ,
ਜੇ ਕਰ ਹੈ ਜਿਗਰ ਕਾਇਮ ਤਾਹੀਂ ਤਾਂ ਇਹ ਜਹਾਂ ਹੈ।

'ਉਪਲ' ਨੇ ਜੋ ਵੀ ਪੜ੍ਹਿਆ ਤੇ ਸਿੱਖਿਆ ਜਗਤ ਵਿੱਚ,
ਉਹ ਜਲਦੀ ਦੁਨੀਆ ਉੱਤੇ ਮਾਂ ਵਰਗੀ ਠੰਡੀ ਛਾਂ ਹੈ।

ਮੇਰੇ ਤਾਂ ਹਿਰਦੇ ਅੰਦਰ ਦੁਖੀਆ ਲਈ ਹੀ ਥਾਂ ਹੈ,
ਦਿਲ ਦੀ ਹਾਂ ਗੱਲ ਕਰਦਾ ਦਲਜੀਤ ਮੇਰਾ ਨਾਂ ਹੈ ।

-0-0-0-0-

## ਗ਼ਜ਼ਲ

ਤੇਰੇ ਅਹਿਸਾਨ ਦੇ ਸਦਕੇ ਜੋ ਮਿਲਿਆ ਖੋਣ ਦੇ ਮੈਨੂੰ
ਇਹ ਹਾਸਿਲ ਰੱਖ ਲੈ ਅਪਣੇ ਸਿਫ਼ਰ ਹੁਣ ਹੋਣ ਦੇ ਮੈਨੂੰ

ਤੇਰੇ ਦਰ ਤੀਕ ਆਏ ਸਾਂ ਕਿ ਜਿਸ ਚਾਨਣ ਨੂੰ ਭਾਲਣ ਲਈ
ਉਹ ਅੰਦਰੋਂ ਪਾ ਲਿਆ ਆਖ਼ਿਰ ਸੋ ਬੂਹਾ ਢੋਣ ਦੇ ਮੈਨੂੰ

ਬੜਾ ਹੀ ਖ਼ੌਫ਼ ਸੀ ਮੈਨੂੰ ਕਿ ਵਿਛੜੇ ਮਰ ਹੀ ਜਾਵਾਂਗੇ
ਜ਼ਰਾ ਇਹ ਵਹਿਮ ਕੱਢਣ ਦੇ, ਜੋ ਹੁੰਦੈ ਹੋਣ ਦੇ ਮੈਨੂੰ

ਨਜ਼ਰ ਨੂੰ ਦੇ ਕੋਈ ਟਪਲਾ ਜ਼ਫ਼ਾ ਨੂੰ ਤੂੰ ਵਫ਼ਾ ਕਰਦੇ
ਦਗ਼ਾ ਨੂੰ ਜੋ ਦਵਾ ਕਰ ਦਏ ਕੋਈ ਐਸਾ ਕੋਣ ਦੇ ਮੈਨੂੰ

ਮੈਂ ਅੱਥਰੂ ਸਾਂਭ ਰੱਖੇ ਨੇ ਕਿਸੇ ਮੋਹਸਿਨ ਦੇ ਮੋਢੇ ਲਈ
ਜੇ ਚਾਹੁੰਨੈਂ ਹੱਸਦਿਆਂ ਤੱਕਣਾ ਤਾਂ ਖੁੱਲ੍ਹ ਕੇ ਰੋਣ ਦੇ ਮੈਨੂੰ

ਖ਼ੁਦਾਇਆ ਪੀਣ ਦੇ ਪੀੜਾਂ, ਨਾ ਐਵੇਂ ਹੰਝੂ ਲਈਂ ਹੰਝੂ
ਹਿਜਰ ਦੇ ਦਾਗ਼ ਜੋ ਸੂਹੇ ਕਦੇ ਨਾ ਧੋਣ ਦੇ ਮੈਨੂੰ

–ਸਿਮਰਨ ਅਕਸ

ਕਾਵਿ-ਰੰਗ

## ਗੁਰਦੇਵ

ਗੁਰਦੇਵ ਸਮਝ ਕੇ ਮਾਤਾ ਤੇ ਪਿਤਾ ਤਾਈਂ,
ਸੇਵਾ ਕਰਨ ਵਾਲੇ ਰਹਿ ਗਏ ਨੇ ਬਹੁਤ ਥੋੜ੍ਹੇ।
ਸੀਸ ਧਰ ਕੇ ਤਲੀ 'ਤੇ ਧਰਮ ਖਾਤਿਰ,
ਯੋਧੇ ਲੜਨ ਵਾਲੇ ਰਹਿ ਗਏ ਨੇ ਬਹੁਤ ਥੋੜ੍ਹੇ।
ਕੋਟਾ ਘੱਟ ਗਿਆ ਸਹਿਣ ਤੇ ਸ਼ੀਲਤਾ ਦਾ,
ਗੱਲ ਜਰਨ ਵਾਲੇ ਰਹਿ ਗਏ ਨੇ ਬਹੁਤ ਥੋੜ੍ਹੇ।
ਏਕੁ ਪਿਤਾ ਏਕਸ ਕੇ ਹਮ ਬਾਰਿਕ,
ਹਾਮੀ ਭਰਨ ਵਾਲੇ ਰਹਿ ਗਏ ਨੇ ਬਹੁਤ ਥੋੜ੍ਹੇ।

ਰਮੇਸ਼ ਬੱਗਾ ਚੋਹਲਾ




# ਕਾਲੇ ਜਾਦੂ ਦੀ ਦਹਿਸ਼ਤ ਕਾਰਨ ਬਾਲੀਵੁੱਡ ਦੀ ਗੁੰਮ ਹੋਈ ਸੁਪਰ ਸਟਾਰ ਮਾਧਵੀ

## ✪ ਕਾਲੇ ਜਾਦੂ ਦੇ ਡਰ ਕਾਰਨ ਮਾਧਵੀ ਨੂੰ ਛੱਡਣੀ ਪਈ ਸੀ ਫਿਲਮ ਇੰਡਸਟਰੀ ਤੇ ਦੇਸ਼

80 ਦੇ ਦਹਾਕੇ ਵਿੱਚ ਬਾਲੀਵੁੱਡ ਵਿੱਚ ਇੱਕ ਅਜਿਹੀ ਅਦਾਕਾਰਾ ਚਮਕੀ ਜਿਸ ਨੇ ਨਾ ਸਿਰਫ਼ ਹਿੰਦੀ ਸਿਨੇਮਾ ਨੂੰ ਆਪਣੇ ਨਾਮ ਨਾਲ ਰੰਗ ਦਿੱਤਾ, ਸਗੋਂ ਦੱਖਣੀ ਭਾਰਤੀ ਫਿਲਮਾਂ ਵਿੱਚ ਵੀ ਰਾਜ ਕੀਤਾ। ਉਸ ਦਾ ਨਾਮ ਸੀ ਮਾਧਵੀ - ਸੁਪਰਸਟਾਰ ਜੋ 300 ਤੋਂ ਵੱਧ ਫਿਲਮਾਂ ਵਿੱਚ ਨਜ਼ਰ ਆਈ, ਜੀਤੇਂਦਰ ਅਤੇ ਅਮਿਤਾਭ ਬੱਚਨ ਵਰਗੇ ਮਹਾਨ ਕਲਾਕਾਰਾਂ ਨਾਲ ਸਕ੍ਰੀਨ ਸਾਂਝੀ ਕੀਤੀ ਅਤੇ ਆਪਣੇ ਡਾਂਸ ਅਤੇ ਅਭਿਨੈ ਨਾਲ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ। ਪਰ ਇਸ ਸਭ ਚਮਕ-ਦਮਕ ਵਿੱਚੋਂ ਅਚਾਨਕ ਗਾਇਬ ਹੋ ਜਾਣ ਵਾਲੀ ਇਸ ਅਦਾਕਾਰਾ ਦੀ ਕਹਾਣੀ ਕਿਸੇ ਫਿਲਮੀ ਸਕ੍ਰਿਪਟ ਵਾਂਗ ਲੱਗਦੀ ਹੈ। ਕਾਲਾ ਜਾਦੂ ਵਿਚ ਫਸਕੇ ਉਸਨੇ ਆਪਣੇ ਕਰੀਅਰ ਨੂੰ ਬਰਬਾਦ ਕਰ ਲਿਆ, ਮੌਤ ਦੇ ਡਰ ਬਾਰੇ ਵਹਿਮ ਕਾਰਣ ਦੇਸ਼ ਛੱਡ ਗਈ।





ਮਾਧਵੀ ਦਾ ਜਨਮ 14 ਸਤੰਬਰ 1962 ਨੂੰ ਆਂਧਰਾ ਪ੍ਰਦੇਸ਼ ਦੇ ਏਲੂਰੂ ਵਿੱਚ ਹੋਇਆ। ਉਸਦਾ ਅਸਲ ਨਾਮ ਕਨਕ ਵਿਜੈਲਕਸ਼ਮੀ ਸੀ। ਬਚਪਨ ਤੋਂ ਹੀ ਨੱਚਣ ਵਿੱਚ ਰੁਚੀ ਰੱਖਣ ਵਾਲੀ ਮਾਧਵੀ ਨੇ ਆਪਣੇ ਪਰਿਵਾਰ ਦੇ ਸਮਰਥਨ ਨਾਲ ਭਰਤਨਾਟ ਕੇਂਦਰ ਵਿੱਚ ਟ੍ਰੇਨਿੰਗ ਲਈ। ਉਹ ਸਿਰਫ਼ 8 ਸਾਲ ਦੀ ਉਮਰ ਵਿੱਚ ਹੀ ਡਿੰਸ ਕਰਨ ਵਿਚ ਨਿਪੁੰਨ ਹੋ ਗਈ ਅਤੇ ਹਜ਼ਾਰਾਂ ਸ਼ੋਅ ਕੀਤੇ। ਤੇਲਗੂ ਫਿਲਮਾਂ ਤੋਂ ਉਸਨੇ ਆਪਣਾ ਸਫ਼ਰ ਸ਼ੁਰੂ ਕੀਤਾ ਅਤੇ ਜਲਦੀ ਹੀ ਤਾਮਿਲ, ਕੰਨੜ, ਮਲਯਾਲਮ, ਉੜੀਆ, ਬੰਗਾਲੀ ਅਤੇ ਹਿੰਦੀ ਸਿਨੇਮਾ ਵਿੱਚ ਪਹੁੰਚ ਗਈ। 70 ਅਤੇ 80 ਦੇ ਦਹਾਕੇ ਵਿੱਚ ਉਹ ਪੈਨ-ਇੰਡੀਆ ਸਟਾਰ ਬਣ ਗਈ। ਉਸਦੀ ਸੁੰਦਰਤਾ, ਨੱਚਣ ਦੀ ਕਲਾ ਅਤੇ ਡਾਇਲਾਗ ਡਿਲੀਵਰੀ ਨੇ ਲੋਕਾਂ ਨੂੰ ਪ੍ਰਭਾਵਿਤ ਕੀਤਾ।

ਉਸਦੇ ਕਰੀਅਰ ਦੀ ਸ਼ੁਰੂਆਤ ਤੇਲਗੂ ਫਿਲਮਾਂ ਨਾਲ ਹੋਈ, ਜਿੱਥੇ ਉਹ 'ਸੇਥ ਮਹਾਲਿੰਗਮ' (1971) ਵਿੱਚ ਬੱਚੀ ਅਭਿਨੇਤਰੀ ਵਜੋਂ ਨਜ਼ਰ ਆਈ। ਪਰ ਅਸਲ ਪਛਾਣ ਹਿੰਦੀ ਸਿਨੇਮਾ ਵਿੱਚ ਮਿਲੀ। 'ਏਕ ਦੂਜੇ ਲਈ' (1981) ਵਿੱਚ ਉਸ ਨੇ ਕਮਲ ਹਾਸਨ ਨਾਲ ਜੋੜੀ ਬੰਨ੍ਹੀ ਜਿਸ ਨੇ ਉਸ ਨੂੰ ਰਾਤੋ-ਰਾਤ ਸਟਾਰ ਬਣਾ ਦਿੱਤਾ। ਇਸ ਤੋਂ ਬਾਅਦ ਉਹ ਨਿਰੰਤਰ ਹਿੱਟ ਫਿਲਮਾਂ ਦਿੰਦੀ ਰਹੀ। 'ਅੰਧਾ ਕਾਨੂੰਨ' (1983) ਵਿੱਚ ਉਹ ਰਾਜ ਕੁਮਾਰ ਨਾਲ ਨਜ਼ਰ ਆਈ, ਜਿੱਥੇ ਉਸ ਨੇ ਇੱਕ ਮਜ਼ਬੂਤ ਔਰਤ ਦਾ ਰੋਲ ਨਿਭਾਇਆ। 'ਗ੍ਰਿਫ਼ਤਾਰ' (1985) ਵਿੱਚ ਅਮਿਤਾਭ ਬੱਚਨ ਅਤੇ ਕਮਲ ਹਾਸਨ ਨਾਲ ਉਸਦਾ ਡਿਊਟ ਗੀਤ 'ਧੁਪ ਵਿੱਚ ਨਿਕਲਾ ਨਾ ਕਰੋ' ਅੱਜ ਵੀ ਯਾਦ ਕੀਤਾ ਜਾਂਦਾ ਹੈ। 'ਹਿੰਮਤਵਾਲਾ' (1979), 'ਫ਼ਤਹਿ' (1986), 'ਅਰਜਨ' (1988) ਅਤੇ 'ਪਿਆਰ ਕਾ ਮੰਦਰ' (1988) ਵਰਗੀਆਂ ਫਿਲਮਾਂ ਵਿੱਚ ਉਸਨੇ ਨੇ ਰੋਮਾਂਟਿਕ ਅਤੇ ਐਕਸ਼ਨ ਰੋਲਾਂ ਨਾਲ ਧਮਾਲਾਂ ਪਾਈਆਂ। ਇਨ੍ਹਾਂ ਫਿਲਮਾਂ ਨੇ ਉਸ ਨੂੰ ਲੇਡੀ ਸੁਪਰਸਟਾਰ ਦਾ ਖ਼ਿਤਾਬ ਦਿੱਤਾ। ਇਸ ਤੋਂ ਇਲਾਵਾ 'ਲੋਹਾ' (1987), 'ਸ਼ੇਸ਼ਨਾਗ' (1990), 'ਸਵਰਗ' (1990) ਅਤੇ 'ਅਗਨੀਪਥ' (1990) ਵਿੱਚ ਉਸ ਨੇ ਨੈਗੇਟਿਵ ਰੋਲ ਵੀ ਨਿਭਾਏ। 17 ਸਾਲਾਂ ਦੇ ਸਫ਼ਰ ਵਿੱਚ ਉਹ ਸੱਤ ਭਾਸ਼ਾਵਾਂ ਵਿੱਚ ਕੰਮ ਕਰ ਚੁੱਕੀ ਸੀ ਅਤੇ ਹਰ ਫਿਲਮ ਵਿੱਚ ਉਸ ਨੇ ਆਪਣਾ ਅਲੱਗ ਰੰਗ ਭਰਿਆ। ਉਸਦੇ ਨਾਮ 'ਤੇ 300 ਤੋਂ ਵੱਧ ਫਿਲਮਾਂ ਹਨ, ਜਿਨ੍ਹਾਂ ਵਿੱਚੋਂ ਬਹੁਤੀਆਂ ਬਲੌਕਬਸਟਰ ਰਹੀਆਂ। ਪਰ ਇਸ ਸਭ ਚਮਕ ਦੇ ਪਿੱਛੇ ਇੱਕ ਕਾਲਾ ਰਹੱਸ ਸੀ ਜੋ ਹੋਲੀ-ਹੋਲੀ ਉਸਦੀ ਜ਼ਿੰਦਗੀ ਨੂੰ ਘੇਰ ਰਿਹਾ ਸੀ। 90 ਦੇ ਦਹਾਕੇ ਦੇ ਸ਼ੁਰੂ ਵਿੱਚ, ਜਦੋਂ ਉਹ ਕਰੀਅਰ ਦੇ ਸਿਖਰ 'ਤੇ ਸੀ, ਤਾਂ ਉਸ ਨੇ ਬਿਜ਼ਨੈੱਸਮੈਨ ਰਾਲਫ਼ ਸ਼ਰਮਾ ਨਾਲ ਪਿਆਰ ਕੀਤਾ ਅਤੇ 1996 ਵਿੱਚ ਵਿਆਹ ਕਰ ਲਿਆ। ਕਈ ਰਿਪੋਰਟਾਂ ਅਨੁਸਾਰ ਇਹ ਵਿਆਹ ਹੀ ਉਸ ਨੂੰ ਫਿਲਮਾਂ ਤੋਂ ਦੂਰ ਲੈ ਗਿਆ। ਪਰ ਅਸਲ ਕਹਾਣੀ ਇਸ ਤੋਂ ਵੀ ਜ਼ਿਆਦਾ ਡਰਾਮੈਟਿਕ ਸੀ। ਮੀਡੀਆ ਰਿਪੋਰਟਾਂ ਅਨੁਸਾਰ, ਸੁਪਰਸਟਾਰ ਬਣਨ ਤੋਂ ਬਾਅਦ ਉਸ 'ਤੇ ਕਿਸੇ ਦੀ ਬੁਰੀ ਨਜ਼ਰ ਲੱਗ ਗਈ। ਉਹ ਕਾਲੇ ਜਾਦੂ ਦੇ ਅਨੈਤਿਕ ਅਤੇ ਅੰਧਵਿਸ਼ਵਾਸ ਦੇ ਭਰਮ ਵਿਚ ਫਸ ਗਈ ਜੋ ਬਾਲੀਵੁੱਡ ਵਿੱਚ ਅੱਜ ਵੀ ਚੱਲਦੀ ਹੈ। ਇੱਕ ਇੰਟਰਵਿਊ ਵਿੱਚ ਖੁਦ ਮਾਧਵੀ ਨੇ ਖੁਲਾਸਾ ਕੀਤਾ ਕਿ ਉਸਦੇ ਘਰ ਵਿੱਚ ਅਚਾਨਕ ਖੂਨ ਦੇ ਧੱਬੇ ਨਜ਼ਰ ਆਉਣ ਲੱਗੇ। ਪਰਿਵਾਰਕ ਮੈਂਬਰਾਂ ਨੂੰ ਅਜਿਹੀਆਂ ਬਿਮਾਰੀਆਂ ਹੋਈਆਂ ਜਿਨ੍ਹਾਂ ਦਾ ਕੋਈ ਡਾਕਟਰੀ ਵਿਗਿਆਨ ਨਾਲ ਵਿਆਖਿਆ ਨਾ ਹੋ ਸਕੀ। ਰੋਜ਼ਾਨਾ ਘਰ ਵਿੱਚ ਅਜੀਬੋ-ਗਰੀਬ ਹਾਲਾਤ ਵਾਪਰਨ ਲੱਗੇ - ਕੁਝ ਨਾ ਕੁਝ ਟੁੱਟ-ਭੁੱਟ ਨਾਲ, ਅਣਜਾਣੀਆਂ ਆਵਾਜ਼ਾਂ ਅਤੇ ਇੱਕ ਅਜਿਹਾ ਡਰ ਜੋ ਲੱਗਦਾ ਸੀ ਕਿ ਕੋਈ ਉਨ੍ਹਾਂ ਦੀ ਜਾਨ ਲੈਣ ਲਈ ਪਿੱਛੇ ਪਿਆ ਹੈ। ਇਹ ਸਭ ਘਟਨਾਵਾਂ ਨੇ ਉਸ ਨੂੰ ਇੰਨਾ ਪਰੇਸ਼ਾਨ ਕੀਤਾ ਕਿ ਉਹ ਰਾਤਾਂ ਨੂੰ ਸੌਂ ਨਾ ਸਕੀ।

ਮਾਧਵੀ ਨੇ ਆਪਣੇ ਇੰਟਰਵਿਊ ਵਿੱਚ ਕਿਹਾ, "ਇਹ ਸਭ ਇੰਨਾ ਡਰਾਉਣ ਵਾਲਾ ਸੀ ਕਿ ਲੱਗਦਾ ਸੀ ਜਿਵੇਂ ਕੋਈ ਅਦਿੱਖ ਨਾ ਵਿਖਣ ਵਾਲੀ ਸ਼ਕਤੀ ਸਾਡੇ ਵਿਰੁੱਧ ਹੈ। ਖੂਨ ਦੇ ਧੱਬੇ ਬਿਨਾਂ ਕਿਸੇ ਕਾਰਨ ਨਾਲ ਫੈਲ ਜਾਂਦੇ, ਪਰਿਵਾਰ ਵਾਲੇ ਅਚਾਨਕ ਬੀਮਾਰ ਪੈ ਜਾਂਦੇ ਅਤੇ ਡਾਕਟਰ ਵੀ ਹੈਰਾਨ ਹੋ ਜਾਂਦੇ। ਮੈਂ ਸੋਚਿਆ ਕਿ ਇਹ ਸਭ ਮੇਰੇ ਸਟਾਰਡਮ ਕਾਰਨ ਹੋ ਰਿਹਾ ਹੈ - ਕੋਈ ਈਰਖਾ ਜਾਂ ਨਫ਼ਰਤ ਨੇ ਇਹ ਕਾਲਾ ਜਾਦੂ ਕੀਤਾ ਹੈ।" ਇਹ ਖੁਲਾਸਾ ਨੇ ਬਾਲੀਵੁੱਡ ਨੂੰ ਹਿਲਾ ਦਿੱਤਾ। ਕਈ ਰਿਪੋਰਟਾਂ ਵਿੱਚ ਦੱਸਿਆ ਗਿਆ ਕਿ ਇੰਡਸਟਰੀ ਵਿੱਚ ਅਜਿਹੀਆਂ ਘਟਨਾਵਾਂ ਆਮ ਹਨ - ਤੰਤਰ-ਮੰਤਰ ਬਾਰੇ ਕੇਸ ਪਹਿਲਾਂ ਵੀ ਸਾਹਮਣੇ ਆ ਚੁੱਕੇ ਹਨ। ਗੋਵਿੰਦਾ ਜਾਂ ਪੂਜਾ ਭੱਟ ਵਰਗੇ ਸਟਾਰਾਂ ਨੇ ਵੀ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਪਰ ਮਾਧਵੀ ਦਾ ਕੇਸ ਵਿਸ਼ੇਸ਼ ਸੀ ਕਿਉਂਕਿ ਇਸ ਨੇ ਉਸ ਨੂੰ ਨਾ ਸਿਰਫ਼ ਫਿਲਮਾਂ ਤੋਂ ਦੂਰ ਕੀਤਾ, ਸਗੋਂ ਜ਼ਿੰਦਗੀ ਨੂੰ ਬਦਲ ਦਿੱਤਾ।

ਇਸ ਡਰ ਨੇ ਉਸ ਨੂੰ ਫੈਸਲਾ ਲੈਣ ਲਈ ਮਜਬੂਰ ਕੀਤਾ। 1994 ਵਿੱਚ ਆਪਣੀ ਆਖਰੀ ਹਿੰਦੀ ਫਿਲਮ 'ਖੁਦਾਈ' ਤੋਂ ਬਾਅਦ ਉਹ ਪੂਰੀ ਤਰ੍ਹਾਂ ਗਾਇਬ ਹੋ ਗਈ। ਵਿਆਹ ਤੋਂ ਬਾਅਦ ਉਹ ਪਤੀ ਰਾਲਫ਼ ਨਾਲ ਅਮਰੀਕਾ ਚਲੀ ਗਈ ਅਤੇ ਨਿਊ ਜਰਸੀ ਵਿੱਚ ਸੈਟਲ ਹੋ ਗਈ। ਉੱਥੇ ਉਹ ਆਪਣੇ ਤਿੰਨ ਧੀਆਂ ਨਾਲ ਇੱਕ ਸਾਧਾਰਨ ਜ਼ਿੰਦਗੀ ਜੀਉਂਦੀ ਹੈ। ਅੱਜ 63 ਸਾਲ ਦੀ ਉਮਰ ਵਿੱਚ ਵੀ ਉਹ ਆਪਣੇ ਪਤੀ ਦੇ ਫਾਰਮੇਸੀ ਕਾਰੋਬਾਰ ਵਿੱਚ ਹੱਥ ਵਟਾਉਂਦੀ ਹੈ। ਫਿਲਮਾਂ ਤੋਂ ਦੂਰ ਰਹਿਣ ਦਾ ਫੈਸਲਾ ਉਸ ਲਈ ਰਾਹਤ ਵਾਲਾ ਸੀ। ਉਸ ਨੇ ਇੱਕ ਇੰਟਰਵਿਊ ਵਿੱਚ ਕਿਹਾ, "ਵਿਦੇਸ਼ ਆ ਕੇ ਮੈਨੂੰ ਸੁਕੂਨ ਮਿਲਿਆ। ਇੱਥੇ ਕੋਈ ਈਰਖਾ ਨਹੀਂ, ਕੋਈ ਡਰ ਨਹੀਂ। ਮੈਂ ਆਪਣੇ ਪਰਿਵਾਰ ਨਾਲ ਖੁਸ਼ ਹਾਂ ਅਤੇ ਉਹੀ ਮੇਰੀ ਅਸਲ ਕਾਮਯਾਬੀ ਹੈ।" ਇਸ ਤੋਂ ਇਲਾਵਾ, ਉਸ ਦੀ ਅਧਿਆਤਮਕ ਯਾਤਰਾ ਵੀ ਚੱਲਦੀ ਰਹੀ। ਉਹ ਸਵਾਮੀ ਰਾਮ ਨਾਲ ਜੁੜੀ ਰਹੀ ਅਤੇ ਧਿਆਨ ਅਤੇ ਯੋਗ ਨਾਲ ਸ਼ਾਂਤੀ ਦੇ ਰਾਹ ਵਲ ਤੁਰੀ।

ਮਾਧਵੀ ਦੀ ਇਹ ਕਹਾਣੀ ਬਾਲੀਵੁੱਡ ਦੇ ਕਾਲੇ ਕਾਂਡ ਨੂੰ ਉਜਾਗਰ ਕਰਦੀ ਹੈ। ਇਹ ਫਿਲਮੀ ਇੰਡਸਟਰੀ ਦੇ ਕਾਲੇ ਹਿੱਸੇ ਹਨ। ਕਈ ਸਟਾਰਾਂ ਨੇ ਖੁਲਾਸਾ ਕੀਤਾ ਹੈ ਕਿ ਉਹਨਾਂ ਨੂੰ ਘੇਰਨ ਲਈ ਤੰਤਰ-ਮੰਤਰ ਵਰਤੇ ਜਾਂਦੇ ਹਨ। ਪਰ ਮਾਧਵੀ ਦਾ ਕੇਸ ਇੱਕ ਸਬਕ ਹੈ । ਉਹ ਮੁੜਕੇ ਭਾਰਤ ਵਾਪਸ ਨਹੀਂ ਆਈ, ਪਰ ਉਸਦੀਆਂ ਫਿਲਮਾਂ ਅੱਜ ਵੀ ਜੀਵੰਤ ਹਨ। ਮਾਧਵੀ ਵਰਗੀਆਂ ਹੋਰ ਅਦਾਕਾਰਾਂ ਹਨ ਜੋ ਗੁਪਤ ਰਹੱਸ ਲੁਕਾ ਰਹੀਆਂ ਹਨ?

# ਦਸੂਹਾ ਵਿਚ 5 ਸਾਲਾ ਪਰਵਾਸੀ ਬੱਚੇ ਨਾਲ ਕੁਕਰਮ, ਦੋਸ਼ੀ ਫਰਾਰ, ਪੁਲਿਸ ਜਾਂਚ ਵਿਚ ਜੁਟੀ

ਦਸੂਹਾ-ਦਸੂਹਾ ਵਿੱਚ ਦੇਰ ਸ਼ਾਮ 5 ਸਾਲਾ ਪ੍ਰਵਾਸੀ ਬੱਚੇ ਨਾਲ ਜਬਰ ਜਨਾਹ ਦਾ ਮਾਮਲਾ ਸਾਹਮਣੇ ਆਇਆ। ਦਸੂਹਾ ਦੇ ਸਿਵਲ ਹਸਪਤਾਲ ਵਿੱਚ ਬੱਚੇ ਦਾ ਇਲਾਜ ਚੱਲ ਰਿਹਾ ਸੀ। ਡਾਕਟਰਾਂ ਦਾ ਕਹਿਣਾ ਹੈ ਕਿ ਬੱਚੇ ਨੂੰ ਮੁੱਢਲੀ ਸਹਾਇਤਾ ਦਿੱਤੀ ਜਾ ਰਹੀ ਹੈ। ਘਟਨਾ ਤੋਂ ਬਾਅਦ ਦੋਸ਼ੀ ਫਰਾਰ ਦੱਸਿਆ ਜਾ ਰਿਹਾ ਹੈ। ਇਸ ਦੌਰਾਨ, ਦਸੂਹਾ ਪੁਲਿਸ ਨੇ ਪੀੜਤ ਪਰਿਵਾਰ ਦੇ ਬਿਆਨ ਦਰਜ ਕੀਤੇ ਅਤੇ ਜਾਂਚ ਸ਼ੁਰੂ ਕਰ ਦਿੱਤੀ। ਪੀੜਤ ਦੀ ਮਾਂ, ਬਿਮਲਾ ਦੇਵੀ, ਜੋ ਕਿ ਵਰਤਮਾਨ ਵਿੱਚ ਦਸੂਹਾ ਦੀ ਰਹਿਣ ਵਾਲੀ ਹੈ, ਨੇ ਦੱਸਿਆ ਕਿ ਉਸਦਾ ਪੰਜ ਸਾਲਾ ਪੁੱਤਰ ਦੇਰ ਸ਼ਾਮ ਲਗਭਗ ਇੱਕ ਘੰਟੇ ਲਈ ਘਰੋਂ ਬਾਹਰ ਸੀ। ਜਦੋਂ ਉਹ ਰੋਂਦਾ ਹੋਇਆ ਘਰ ਪਰਤਿਆ, ਤਾਂ ਉਸਨੇ ਉਨ੍ਹਾਂ ਨੂੰ ਆਪਣੇ ਕੀਤੇ ਬਾਰੇ ਦੱਸਿਆ। ਜਦੋਂ ਉਸਨੇ ਅਤੇ ਉਸਦੇ ਪਤੀ ਨੇ ਘਟਨਾ ਬਾਰੇ ਦੋਸ਼ੀ ਦਾ ਸਾਹਮਣਾ ਕੀਤਾ, ਤਾਂ ਉਸਨੇ ਮੁਆਫੀ ਮੰਗੀ ਅਤੇ ਮੰਨਿਆ ਕਿ ਉਸਨੇ ਗਲਤੀ ਕੀਤੀ ਹੈ। ਮੇਰੇ ਭਰਾ, ਮੇਰੇ ਪਤੀ ਅਤੇ ਹੋਰ ਰਿਸ਼ਤੇਦਾਰਾਂ ਨੂੰ ਇਕੱਠਾ ਹੁੰਦਾ ਦੇਖ ਕੇ ਉਹ ਭੱਜ ਗਿਆ। ਜ਼ਖਮੀ ਬੱਚੀ ਨੂੰ ਬਾਅਦ ਵਿੱਚ ਦਸੂਹਾ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਬਿਮਲਾ ਨੇ ਦੱਸਿਆ ਕਿ ਦੋਸ਼ੀ ਨੌਜਵਾਨ ਉਸ ਦੇ ਨਾਲ ਦੋ ਹੋਰ ਦੋਸਤਾਂ ਨਾਲ ਕਿਰਾਏ ਦੇ ਕਮਰੇ ਵਿੱਚ ਰਹਿ ਰਿਹਾ ਸੀ ਅਤੇ ਹੁਸ਼ਿਆਰਪੁਰ ਰੋਡ 'ਤੇ ਜੂਸ ਵੇਚਣ ਦਾ ਕੰਮ ਕਰਦਾ ਸੀ। ਘਟਨਾ ਤੋਂ ਬਾਅਦ ਤਿੰਨੋਂ ਭੱਜ ਗਏ। ਸਿਵਲ ਹਸਪਤਾਲ ਵਿੱਚ ਤਾਇਨਾਤ ਡਾਕਟਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਬੱਚੇ ਦੇ ਪਰਿਵਾਰ ਵਾਲੇ ਉਸਨੂੰ ਜ਼ਖਮੀ ਹਾਲਤ ਵਿੱਚ ਹਸਪਤਾਲ ਲੈ ਕੇ ਆਏ ਸਨ। ਜਬਰ ਜਨਾਹ ਸਬੰਧੀ, ਸੈਂਪਲ ਲੈ ਕੇ ਜਾਂਚ ਲਈ ਭੇਜੇ ਗਏ ਸਨ। ਜੋ ਵੀ ਨਤੀਜੇ ਨਿਕਲਣਗੇ, ਪੁਲਿਸ ਨੂੰ ਰਿਪੋਰਟ ਸੌਂਪ ਦਿੱਤੀ ਜਾਵੇਗੀ। ਜਾਂਚ ਅਧਿਕਾਰੀ ਅਨਿਲ ਕੁਮਾਰ ਨੇ ਦੱਸਿਆ ਕਿ ਡਾਕਟਰਾਂ ਦੀ ਰਿਪੋਰਟ ਆਉਂਦੇ ਹੀ ਮਾਮਲਾ ਦਰਜ ਕੀਤਾ ਜਾਵੇਗਾ।

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

## ਸਤਘਰਾ

ਪਾਕਿਸਤਾਨ ਦੇ ਜ਼ਿਲ੍ਹਾ ਉਕਾੜਾ ਵਿੱਚ ਇਕ ਕਸਬਾ ਸਤਘਰਾ ਹੈ ਜਿਥੇ ਗੁਰੂ ਨਾਨਕ ਸਾਹਿਬ ਦਾ ਇਤਿਹਾਸਕ ਗੁਰਦੁਆਰਾ ਹੈ। ਇਸ ਅਸਥਾਨ ਭਾਵੇਂ ਸਤਘਰਾ ਤੋਂ ਬਹੁਤ ਦੂਰ ਹੈ ਪਰ ਇਸ ਨਾਲ ਹੀ ਸੰਬੰਧਿਤ ਕੀਤਾ ਜਾਂਦਾ ਹੈ। ਇਸ ਅਸਥਾਨ ਤੱਕ ਜਾਣ ਲਈ ਪੱਤੋਕੀ ਤੋਂ ਹੰਜਰਾ ਰਾਹੀਂ ਪੱਕੀ ਸੜਕ ਮੇਘੇ ਪਿੰਡ ਜਾਂਦੀ ਹੈ। ਇਹ ਅਸਥਾਨ ਮੇਘੇ ਪਿੰਡ ਤੋਂ ਤਕਰੀਬਨ ਚਾਰ ਕਿਲੋਮੀਟਰ ਦੂਰ ਹੈ। ਇਕ ਹੋਰ ਰਸਤਾ ਹੱਲਾ ਚੂਚਕ ਸੜਕ ਰਾਹੀਂ ਵੀ ਹੈ ਜੋ ਹੱਲੇ ਤੋਂ ਮੇਘੇ ਨਾਲ ਜੁੜਦੀ ਹੈ ਅਤੇ ਸਤਘਰੇ ਤੋਂ ਚੂਚਕ ਰਾਹੀਂ ਵੀ ਇਸੇ ਸੜਕ ਉੱਤੇ ਜਾਇਆ ਜਾ ਸਕਦਾ ਹੈ।

ਗੁਰੂ ਨਾਨਕ ਸਾਹਿਬ ਅਲਪੇ ਤੋਂ ਚੱਲ ਕੇ ਇਥੇ ਆਏ ਸਨ। ਇਥੇ ਗੁਰੂ ਸਾਹਿਬ ਨੇ ਇਕ ਸ਼ਾਹੂਕਾਰ ਦੇ ਪਰਥਾਇ ਸਹੰਸਰ ਦਾਨ ਦੇ ਇੰਦ੍ਰ ਰੁਆਇਆ ਸ਼ਬਦ ਉਚਾਰਿਆ। ਇਥੇ ਪਹਿਲਾਂ ਗੁਰਦੁਆਰਾ ਸਾਧਾਰਨ ਹਾਲਤ ਵਿੱਚ ਸੀ। ਗੁਰਦੁਆਰੇ ਨਾਲ ਕੋਈ ਜਗੀਰ ਜ਼ਮੀਨ ਨਹੀਂ ਸੀ। ਯਾਦ ਰਹੇ ਪਹਿਲਾਂ ਉਕਾੜਾ, ਮਿੰਟਗੁਮਰੀ ਦਾ ਇਕ ਜ਼ਿਲ੍ਹਾ ਹੁੰਦਾ ਸੀ। ਇਸ ਅਸਥਾਨ ਦੀ ਨਵੀਂ ਉਸਾਰੀ 31 ਮਾਰਚ 1935 ਨੂੰ ਸ਼ੁਰੂ ਹੋਈ ਜਿਸ ਦਾ ਨੀਂਹ ਪੱਥਰ ਪੰਜ ਪਿਆਰਿਆਂ ਨੇ ਰੱਖਿਆ ਸੀ। ਪੰਜ ਪਿਆਰਿਆਂ ਵਿੱਚ ਸ਼ਾਮਿਲ ਸਨ, ਭਾਈ ਸੰਤ ਨਰਿੰਜਨ ਸਿੰਘ (ਅਜੀਤਸਰ ਵਾਲੇ), ਭਾਈ ਸੰਗਤ ਸਿੰਘ (ਗੁ: ਸੰਗਰਾਣਾ ਸਾਹਿਬ ਵਾਲੇ), ਭਾਈ ਪਰਧਾਨ ਸਿੰਘ ਰਾਗੀ (ਫਰੋਕਾ, ਜ਼ਿਲ੍ਹਾ ਸਰਗੋਧਾ), ਭਾਈ ਰਾਮ ਸਿੰਘ (ਮਿੰਟਗੁਮਰੀ, ਸਾਹੀਵਾਲ) ਅਤੇ ਭਾਈ ਲਾਭ ਸਿੰਘ ਗ੍ਰੰਥੀ (ਰੀਨਾਲਾ ਖੁਰਦ)। ਇਸ ਅਸਥਾਨ ਦਾ ਕੰਮ ਜਿਥੇ ਰੁਕਿਆ ਸੀ ਅੱਜ ਤੱਕ ਉਥੇ ਹੀ ਰੁਕਿਆ ਹੋਇਆ ਹੈ। 1947 ਤੋਂ ਪਹਿਲਾਂ ਵਿਸਾਖੀ 'ਤੇ ਭਾਰੀ ਜੋੜ-ਮੇਲਾ ਹੁੰਦਾ ਸੀ।

ਇਹ ਅਸਥਾਨ ਗੁਰਦੁਆਰਾ ਛੋਟਾ ਨਾਨਕਿਆਣਾ, ਨਾਨਕ ਜਗੀਰ, ਸਤਘਰਾ ਜ਼ਿਲ੍ਹਾ ਉਕਾੜਾ ਕਰਕੇ ਮਸ਼ਹੂਰ ਹੈ। ਗੁਰ-ਦੁਆਰੇ ਦੀ ਇਮਾਰਤ ਤਿੰਨ ਮੰਜ਼ਲੀ ਹੈ ਜੋ ਕੇਵਲ ਇੱਟਾਂ ਦੀ ਬਣੀ ਹੈ। ਸਭ ਤੋਂ ਉਪਰ ਚਿੱਟਾ ਗੁੰਬਦ ਅੱਜ ਵੀ ਉਸੇ ਤਰ੍ਹਾਂ ਸੁਰੱਖਿਅਤ ਹੈ। ਇਹ ਪਿੰਡ ਸਤਘਰਾ ਰੇਲਵੇ ਸਟੇਸ਼ਨ ਰੀਨਾਲਾ ਖੁਰਦ ਤੋਂ ਪੱਛਮ ਵੱਲ ਸਾਢੇ ਸੱਤ ਕਿਲੋਮੀਟਰ ਹੈ।

ਪੁਸਤਕ ਸੂਚੀ:-

1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, ਛਾਪ 1990
2. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998

## ਸਤਲਾਣੀ

ਸਤਲਾਣੀ ਨੂੰ ਅੱਜ ਕੱਲ੍ਹ ਗੁਰੂਸਰ ਸਤਲਾਣੀ ਆਖਿਆ ਜਾਂਦਾ ਹੈ। ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਹੁਸ਼ਿਆਰ ਨਗਰ ਵਿੱਚ ਹੈ ਜੋ ਰੇਲਵੇ ਸਟੇਸ਼ਨ ਗੁਰੂਸਰ ਸਤਲਾਣੀ ਤੋਂ ਡੇਢ ਕਿਲੋਮੀਟਰ ਦੂਰ ਹੈ। ਇਸ ਥਾਂ ਗੁਰੂ ਹਰਿਗੋਬਿੰਦ ਸਾਹਿਬ ਲਾਹੌਰ ਤੋਂ ਅੰਮ੍ਰਿਤਸਰ ਜਾਣ ਸਮੇਂ ਆਏ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਬਣਿਆ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਾਈ ਬੁਲਾਕਾ ਸਿੰਘ ਨੂੰ ਸੇਵਾਦਾਰ ਥਾਪਿਆ। ਉਸ ਤੋਂ ਬਾਅਦ ਭਾਈ ਬਸਤੀ ਰਾਮ, ਭਾਈ ਭੂਮਾ ਸਿੰਘ, ਭਾਈ ਗੁਰਮਖ ਸਿੰਘ ਅਤੇ ਭਾਈ ਵੀਰ ਸਿੰਘ ਕਾਰ ਸੇਵਾ ਕਰਦੇ ਰਹੇ। ਭਾਈ ਵੀਰ ਸਿੰਘ ਨੂੰ ਨਿਹੰਗ ਸਿੰਘ ਅਤੇ ਦਿੱਲੀਤੋੜ ਸਿੰਘ ਵੀ ਲੋਕ ਆਖਦੇ ਹਨ। ਭਾਈ ਵੀਰ ਸਿੰਘ ਦਾ ਮਾਝੇ ਦੇਸ਼ ਅਤੇ ਅੰਗ੍ਰੇਜ਼ ਬੜਾ ਸਤਿਕਾਰ ਕਰਦੇ ਸਨ। ਇਸ ਪਿੱਛੋਂ ਮਹੰਤ ਕਿਰਪਾ ਸਿੰਘ ਵੇਲੇ ਅਸਥਾਨ ਦੀ ਮਰਿਯਾਦਾ ਵਿੱਚ ਫ਼ਰਕ ਆ ਗਿਆ, ਜਿਸ ਕਾਰਨ ਉਸ ਨੂੰ ਮਹੰਤੀ ਤੋਂ ਅਲੱਗ ਕੀਤਾ ਗਿਆ। ਇਹ ਨੋਟੀਫਾਈਡ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਇਸ ਦਾ ਪ੍ਰਬੰਧ ਇਕ ਮੈਨੇਜਰ ਰਾਹੀਂ ਚਲਾਇਆ ਜਾਂਦਾ ਹੈ। ਅਜੋਕੀ ਇਮਾਰਤ 1974 ਬਾਅਦ ਬਣੀ ਹੈ। ਪੁਸਤਕ ਸੂਚੀ:- ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਸੁਧਾਰ



ਗੁਰਦੁਆਰਾ ਸ੍ਰੀ ਗੁਰੂਸਰ ਸਾਹਿਬ ਸੁਧਾਰ

ਸੁਧਾਰ ਪਿੰਡ, ਜ਼ਿਲ੍ਹਾ ਲੁਧਿਆਣਾ ਵਿੱਚ ਆਉਂਦਾ ਹੈ ਜੋ ਰਾਏਕੋਟ ਦੇ ਉੱਤਰ ਵੱਲ ਹੈ। ਰਾਏਕੋਟ ਦਾ ਅਕਸ਼ਾਂਸ਼ 300-39 ਅਤੇ ਰੇਖਾਂਸ਼ ਦੇਸ਼ਾਂਤਰ 750-37 ਹੈ। ਸੁਧਾਰ ਪਿੰਡ ਮਲਨਪੁਰ (ਲੁਧਿਆਣਾ) ਤੋਂ 8 ਕਿਲੋਮੀਟਰ ਦੂਰ ਹੈ। ਗੁਰੂ ਹਰਿਗੋਬਿੰਦ ਸਾਹਿਬ ਦਾ ਇਤਿਹਾਸਕ ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹੀ ਛੇਵੀਂ ਗੁਰੂਸਰ ਦੇ ਨਾਂ ਨਾਲ ਪ੍ਰਸਿੱਧ ਹੈ। ਗੁਰੂ ਸਾਹਿਬ ਆਪਣੇ ਮਾਲਵੇ ਦੇ ਦੌਰੇ ਸਮੇਂ ਇਥੇ ਆਏ ਸਨ। ਮੁਕਾਮੀ ਰਿਵਾਇਤ ਅਨੁਸਾਰ ਕੰਗਣ ਪਿੰਡ ਦਾ ਰਾਇ ਜੋਧ ਗੁਰੂ ਸਾਹਿਬ ਨੂੰ ਇਥੇ ਮਿਲਿਆ ਸੀ। ਕਈ ਇਤਿਹਾਸਕ ਸੋਮਿਆਂ ਅਨੁਸਾਰ ਇਹ ਮੁਲਾਕਾਤ ਭਾਈ ਰੂਪਾ ਵਿੱਚ ਆਖੀ ਜਾਂਦੀ ਹੈ। ਰਾਇਜੋਧ ਸਖੀ-ਸਰਵਰ ਦਾ ਪੈਰੋਕਾਰ ਸੀ ਪਰ ਉਸ ਦੀ ਧਰਮ ਪਤਨੀ ਸਿੱਖ ਪਰਿਵਾਰ ਵਿੱਚੋਂ ਸੀ। ਗੁਰੂ ਸਾਹਿਬ ਨੂੰ ਮਿਲਣ ਉਪਰੰਤ ਰਾਇਜੋਧ ਸਿੱਖ ਧਰਮ ਦੇ ਕੁਟੰਬ ਵਿੱਚ ਸ਼ਾਮਿਲ ਹੋ ਗਿਆ। ਇਥੇ ਹੀ ਕਾਬਲ ਤੋਂ ਘੋੜਿਆਂ ਦਾ ਸੁਦਾਗਰ ਗੁਰੂ ਸਾਹਿਬ ਨੂੰ ਆ ਕੇ ਸੁਧਾਰ ਪਿੰਡ ਮਿਲਿਆ ਸੀ, ਜਿਸ ਦਾ ਨਾਂ ਕਰੋੜੀ ਸੀ। ਉਸ ਨੇ ਗੁਰੂ ਸਾਹਿਬ ਨੂੰ ਆ ਕੇ ਦੱਸਿਆ ਕਿ ਕਿਵੇਂ ਲਾਹੌਰ ਦੇ ਮੁਗਲ ਗਵਰਨਰ ਨੇ ਦੋ ਖ਼ੂਬਸੂਰਤ ਅਤੇ ਚੰਗੀ ਨਸਲ ਦੇ ਘੋੜੇ ਗੁਲਬਾਗ ਅਤੇ ਦਿਲਬਾਗ (ਜੋ ਗੁਰੂ ਸਾਹਿਬ ਨੂੰ ਭੇਟ ਕਰਨ ਵਾਸਤੇ ਲਿਆਏ ਸਨ) ਖੋਹ ਕੇ ਲੈ ਗਿਆ। ਇਨ੍ਹਾਂ ਘੋੜਿਆਂ ਨੂੰ ਬਾਅਦ ਵਿੱਚ ਭਾਈ ਬਿੱਧੀ ਚੰਦ ਨੇ ਜੁਗਤੀ ਨਾਲ ਵਾਪਸ ਲੈ ਆਂਦਾ ਅਤੇ ਮੀਰੀ-ਪੀਰੀ ਦੇ ਮਾਲਕ ਨੂੰ ਭੇਟਾ ਕੀਤੇ।

ਗੁਰਦੁਆਰਾ ਗੁਰੂਸਰ ਸੁਧਾਰ ਦੀ ਨਵੀਂ ਇਮਾਰਤ ਦਾ ਕੰਮ ਮਾਰਚ 1956 ਵਿੱਚ ਸ਼ੁਰੂ ਹੋ ਕੇ ਜੂਨ 1962 ਵਿੱਚ ਮੁਕੰਮਲ ਹੋਇਆ। ਇਸ ਇਮਾਰਤ ਵਿੱਚ ਇਕ ਚਕੋਰ ਹਾਲ, ਪ੍ਰਕਾਸ਼ ਅਸਥਾਨ ਅਤੇ ਉਪਰ ਗੁੰਬਦ-ਦਾਰ ਕਮਰਾ ਹੈ। ਗੁਰ-ਦੁਆਰੇ ਨਾਲ 1964 ਵਿੱਚ ਇਕ ਛੋਟਾ ਜਿਹਾ ਸਰੋਵਰ ਬਣਾਇਆ ਗਿਆ ਹੈ। ਗੁਰਦੁਆਰੇ ਦੇ ਅਹਾਤੇ ਵਿੱਚ ਸੱਜੇ ਹੱਥ ਵੱਲ ਗੁਰੂ ਕਾ ਲੰਗਰ ਅਤੇ ਰਿਹਾਇਸ਼ੀ ਕਮਰੇ ਬਣੇ ਹਨ। ਖੱਬੇ ਪਾਸੇ ਵੱਲ ਖ਼ਾਲਸਾ ਹਾਈ ਸਕੂਲ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਮੈਨੇਜਰ ਰਾਹੀਂ ਐਕਟ ਦੀ ਧਾਰਾ 87 ਅਧੀਨ ਕਰਦੀ ਹੈ। ਪਿੰਡ ਸੁਧਾਰ ਵਿੱਚ ਹੀ ਇਕ ਨਿੱਜੀ-ਘਰ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਦੋ ਜੁੱਤੀਆਂ (ਇਕ ਜੋੜਾ) ਸਾਂਭਿਆ ਹੋਇਆ ਹੈ। ਗੁਰੂ ਹਰਿਗੋਬਿੰਦ ਸਾਹਿਬ ਭਾਈ ਝੰਡਾ ਦੀ ਸੇਵਾ ਤੋਂ ਬਹੁਤ ਖ਼ੁਸ਼ ਹੋਏ ਜੋ ਨੰਗੇ ਪੈਰੀਂ ਸੇਵਾ ਕਰਦਾ ਸੀ ਅਤੇ ਉਸ ਨੂੰ ਇਕ ਬੂਟਾਂ ਦਾ ਜੋੜਾ ਬਖ਼ਸ਼ਿਆ। ਭਾਈ ਝੰਡੇ ਨੇ ਇਸ ਭੇਟਾ ਨੂੰ ਪਹਿਨਣ ਦੀ ਥਾਂ ਸਤਿਕਾਰ ਨਾਲ ਸਿਰ ਨਾਲ ਲਾ ਕੇ ਸੰਭਾਲ ਰੱਖਿਆ। ਇਸ ਪਵਿੱਤਰ ਨਿਸ਼ਾਨੀ ਨੂੰ ਭਾਈ ਝੰਡੇ ਦੀ ਵੰਸ਼ ਨੇ ਸਾਂਭ ਕੇ ਰੱਖਿਆ। ਗੁਰਦੁਆਰੇ ਨਾਲ ਅੱਠ ਏਕੜ ਜ਼ਮੀਨ ਲੱਗੀ ਹੋਈ ਹੈ।

**ਪੁਸਤਕ ਸੂਚੀ:-**

1. ਗਿਆਨੀ ਸਿੰਘ, ਗਿ- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ
2. ਠਾਕਰ ਸਿੰਘ ਗਿ- ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923
3. ਤਾਰਾ ਸਿੰਘ (ਨਰੋਤਮ)- ਸ੍ਰੀ ਗੁਰੂ ਤੀਰਥ ਸੰਗ੍ਰਹਿ, ਕਨੱਖਲ, 1975
4. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
5. ਹਰਬੰਸ ਸਿੰਘ (ਸੰ)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪਟਿਆਲਾ, 1998

## ਸਨ੍ਹੇਰ

ਇਹ ਪੰਜਾਬ ਦੇ ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਆਉਂਦਾ ਪਿੰਡ ਸਨ੍ਹੇਰ ਹੈ। ਜ਼ੀਰੇ ਤੋਂ 8 ਕਿਲੋਮੀਟਰ ਦੱਖਣ ਪੂਰਬ ਵੱਲ ਹੈ। ਜ਼ੀਰੇ ਦਾ ਅਕਸ਼ਾਂਸ਼ 300-58 ਅਤੇ ਰੇਖਾਂਸ਼ ਦੇਸ਼ਾਂਤਰ 740-59 ਹੈ। ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਤੋਂ ਡਰੋਲੀ ਜਾਣ ਸਮੇਂ ਆਏ ਸਨ। ਗੁਰ-ਦੁਆਰਾ ਪਾਤਸ਼ਾਹੀ ਛੇਵੀਂ ਕਰਕੇ ਹੁਣ ਇਹ ਇਤਿਹਾਸਕ ਅਸਥਾਨ ਪ੍ਰਸਿੱਧ ਹੈ।

ਇਹ ਗੁਰਦੁਆਰਾ ਪਹਿਲਾਂ ਉਦਾਸੀ ਪੁਜਾਰੀਆਂ ਦੇ ਪ੍ਰਬੰਧ ਹੇਠ ਸੀ ਪਰ ਬਾਅਦ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆ ਗਿਆ। ਅੱਜ-ਕੱਲ੍ਹ ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਇਸ ਦਾ ਪ੍ਰਬੰਧ ਇਕ ਨਾਮਜ਼ਦ ਕਮੇਟੀ ਚਲਾ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਚਕੋਰ ਥੜ੍ਹੇ 'ਤੇ ਹਾਲ ਦੀ ਉੱਤਰੀ ਨੁੱਕਰ ਵੱਲ ਹੁੰਦਾ ਹੈ। ਪ੍ਰਕਾਸ਼ ਅਸਥਾਨ ਦੇ ਉਪਰ ਦੋ ਮੰਜ਼ਲੀ ਕਮਰੇ ਹਨ । ਜਿਸ ਦੇ ਉਪਰ ਤੰਗ ਅਤੇ ਉੱਚਾ ਗੁੰਬਦ ਹੈ। ਗੁੰਬਦ ਦੇ ਉਪਰ ਸੋਨੇ ਦਾ ਸ਼ਿੰਗਾਰਿ-ਆ ਹੋਇਆ ਕਲਸ਼ ਹੈ, ਜਿਸ ਦੇ ਉਪਰ ਖੰਡਾ ਹੈ। ਖ਼ੂਬਸੂਰਤ ਸਰੋਵਰ ਦੇ ਆਸ-ਪਾਸ ਚਿੱਤਰਕਾਰੀ ਕੀਤੀ ਗਈ ਹੈ। ਇਕ ਖੂਹ ਦੇ ਆਸ-ਪਾਸ ਛੋਟੇ ਆਕਾਰ ਦਾ ਤਲਾਬ ਹੈ। ਹਾਲ ਦੀ ਸੇਧ ਤੇ ਪਾਣੀ ਦੇ ਹੇਠਾਂ ਤੱਕ ਪੌੜੀਆਂ ਬਣੀਆਂ ਹੋਈਆਂ ਹਨ। ਮਾਘੀ ਅਤੇ ਵਿਸਾਖੀ ਨੂੰ ਭਾਰੀ ਜੋੜ-ਮੇਲਾ ਲੱਗਦਾ ਹੈ।

ਪੁਸਤਕ ਸੂਚੀ:-

1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
2. ਗੁਰਮੁਖ ਸਿੰਘ- ਹਿਸਟਾਰੀਕਲ ਸਿੱਖ ਸ਼ਰਾਇਨਜ਼, ਅੰਮ੍ਰਿਤਸਰ, 1995
3. ਗਿਆਨ ਸਿੰਘ, ਗਿ- ਤਵਾਰੀਖ ਗੁਰੂ ਖ਼ਾਲਸਾ, ਪਟਿਆਲਾ 1970

ਬਾਕੀ ਅਗਲੇ ਹਫ਼ਤੇ ਪੜ੍ਹੋ

# ਸਿੱਖ ਪੰਥ ਨੂੰ ਦਰਪੇਸ਼ ਸੰਕਟ ਤੇ ਸਿੱਖ ਲੀਡਰਸ਼ਿਪ ਦਾ ਨਿਘਾਰ !

ਇਕਬਾਲ ਸਿੰਘ ਲਾਲਪੁਰਾ
9780003333



## ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ



ਸਾਲ 2020 ਈ ਵਿੱਚ ਬੀ ਬੀ ਸੀ ਵਲੋਂ ਆਪਣੇ ਮੈਗਜ਼ੀਨ ਰਾਹੀਂ ਦੁਨੀਆਂ ਦੇ ਹੁਣ ਤੱਕ ਦੇ ਇਤਿਹਾਸ ਦੇ ਮਹਾਨ ਆਗੂਆਂ ਬਾਰੇ ਇੱਕ ਵਿਸ਼ੇਸ਼ ਪੜਤਾਲੀਆ ਰਿਪੋਰਟ ਜਾਰੀ ਕੀਤੀ ਗਈ। ਇਸ ਵਿੱਚ ਦੁਨੀਆ ਦੇ ਵੀਹ ਨੇਤਾਵਾਂ ਬਾਰੇ ਰਾਏ ਮੰਗੀ ਗਈ ਸੀ। ਪੰਜ ਹਜ਼ਾਰ ਵਿਦਵਾਨਾਂ ਵਿੱਚੋਂ 38 ਫੀਸਦੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਦੁਨੀਆਂ ਦੇ ਇਤਿਹਾਸ ਦਾ ਸਰਵ ਉੱਤਮ ਆਗੂ ਮੰਨਿਆ। ਵਿੰਨਸਟਨ ਚਰਚਿਲ, ਇਬਰਾਹਿਮ ਲਿੰਕਨ, ਮਹਾਰਾਣੀ ਅਲੇਜਬੇਥ ਪਹਿਲੇ ਪੰਜ ਨੇਤਾਵਾਂ ਵਿਚੋਂ ਮਹਾਰਾਜਾ ਰਣਜੀਤ ਸਿੰਘ ਦੇ ਪਿੱਛੇ ਸਨ। ਅਕਬਰ ਬਾਦਸ਼ਾਹ ਸਮੇਤ ਬਾਕੀ ਤਾਂ ਬਹੁਤ ਹੀ ਘੱਟ ਲੋਕਾਂ ਦੀ ਪਸੰਦ ਸਨ।

ਗੋਰਤਲਬ ਹੈ ਕਿ ਇਹ ਸਰਵੇ ਬਰਤਾਨਵੀ ਕਾਰਪੋਰੇਸ਼ਨ ਵੱਲੋਂ, ਕਰਵਾਇਆ ਗਿਆ ਸੀ ਤੇ ਬਰਤਾਨੀਆਂ ਦੀ ਸਰਕਾਰ ਨੇ ਹੀ 1849 ਦੀ ਵਿੱਚ ਸਾਜ਼ਿਸ਼ ਰਚ ਖਾਲਸਾ ਰਾਜ, ਹੜਪ ਹੀ ਨਹੀਂ ਲਿਆ ਸੀ, ਸਗੋਂ ਨਾਬਾਲਗ ਮਹਾਰਾਜਾ ਦਲੀਪ ਸਿੰਘ ਦਾ ਧਰਮ ਪਰਿਵਰਤਨ ਕਰਵਾ ਕੇ ਜਲਾਵਤਨ ਕਰਕੇ ਵਲੈਤ ਭੇਜ ਦਿਤਾ ਸੀ।

ਪਰ ਅੱਜ ਦੀ ਹਕੀਕਤ ਇਹ ਹੈ ਕਿ ਸਿੱਖਾਂ ਦੀ ਧਾਰਮਿਕ ਅਤੇ ਰਾਜਨੀਤਕ ਇਕਾਈ ਖੇਰੂੰ ਖੇਰੂੰ ਹੋ ਚੁੱਕੀ ਹੈ ਇਸ ਲਈ ਵਿਸ਼ਾ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪ੍ਰਬੰਧ ਦਾ ਨਾ ਹੋ ਕੇ, ਸਿੱਖ ਰਾਜਨੀਤੀ ਅਤੇ ਧਰਮ ਵਿੱਚ ਆਈ ਖੜੋਤ ਤੇ ਨਿਘਾਰ ਦਾ ਹੈ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਹਲੇਮੀ ਰਾਜ, ਨਿਆਂ, ਸਰਬ ਸਾਂਝੀਵਾਲਤਾ ਤੇ ਜਾਤ ਪਾਤ ਰਹਿਤ ਸਮਾਜ ਦੀ ਸਿਰਜਣਾ ਦੇ ਮਾਰਗ ਦਰਸ਼ਕ ਹਨ। ਜਿਸ ਦੀ ਸਥਾਪਨਾ ਲਈ ਬਾਬਾ ਬੰਦਾ ਸਿੰਘ ਬਹਾਦੁਰ, ਸਰਦਾਰ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਿੱਖ ਮਿਸਲਾਂ ਦੇ ਸਰਦਾਰਾਂ ਅਤੇ ਮਹਾਰਾਜਾ ਰਣਜੀਤ ਸਿੰਘ ਨੇ 1708 ਤੋਂ 1839 ਦੀ ਤੱਕ ਉੱਦਮ ਕੀਤਾ। ਇਕ ਸਮਾਂ ਸੀ ਜਦੋਂ ਅਟਕ ਤੋਂ ਅਵਧ ਤੱਕ ਸਿੱਖਾਂ ਦਾ ਬੋਲਬਾਲਾ ਤੇ ਚੜ੍ਹਦੀਕਲਾ ਸੀ। ਮੁਗਲਾਂ, ਨਾਦਰ ਸ਼ਾਹ ਤੇ ਅਬਦਾਲੀ ਨੇ ਸਿੱਖ ਕੌਮ ਦਾ ਕਤਲੇਆਮ ਕਰਨ ਤੇ ਖੁਰਾ ਖੋਜ ਮਿਟਾਉਣ ਦੀ ਨੀਤੀ ਅਪਨਾਈ ਸੀ। ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦੁਰ ਜੀ ਸਮੇਤ ਗੁਰੂ ਪਰਿਵਾਰ ਤੇ ਲੱਖਾਂ ਸਿੱਖਾਂ ਨੂੰ ਤਸੀਹੇ ਦੇ ਕੇ ਸ਼ਹੀਦ ਹੀ ਨਹੀਂ ਕੀਤਾ, ਸਗੋਂ ਸਿੱਖਾਂ ਦੇ ਪ੍ਰੇਰਣਾ ਸਰੋਤ ਸ੍ਰੀ ਦਰਬਾਰ ਸਾਹਿਬ ਨੂੰ ਢਾਹ ਢੇਰੀ ਕਰ ਦਿੱਤਾ ਗਿਆ ਸੀ। ਪਰ ਗੁਰੂ ਨਾਨਕ ਸਾਹਿਬ ਦੇ ਬਣਾਏ ਦੇਵਤਿਆਂ ਨੇ "ਨਿਸ਼ਚੈ ਕਰ ਆਪਨੀ ਜੀਤ ਕਰੌ " ਦੀ ਨੀਤੀ ਨਾਲ ਪੰਜਾਬ ਹੀ ਨਹੀਂ ਦਿਲੀ ਵੀ ਫਤਿਹ ਕਰ ਲਈ ਸੀ। ਅੰਗਰੇਜ਼ਾਂ ਨੇ ਆਪਣੀ ਨੀਤੀ ਬਦਲ ਕੇ ਸਿੱਖ ਸਿਧਾਂਤਾਂ ਨੂੰ ਢਾਹ ਲਾ ਕੇ, ਪਾੜੋ ਤੇ ਤਬਾਹ ਕਰੋ ਦਾ ਰਾਹ ਚੁਣਿਆ।

ਫੂਲਕੀਆ ਰਿਆਸਤਾਂ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਕਾਲ ਸਮੇਂ ਹੀ ਅੰਗਰੇਜ਼ਾਂ ਦੀ ਸਰਦਾਰੀ ਕਬੂਲ ਕਰ, ਵਿਰੋਧੀਆਂ ਦੀਆਂ ਸਾਥੀ ਬਣ ਚੁੱਕੀਆਂ ਸਨ। ਮਹਾਰਾਜਾ ਰਣਜੀਤ ਸਿੰਘ ਦੇ ਵਫ਼ਾਦਾਰ ਸਾਥੀ ਕੈਦ ਕਰ ਕੇ ਪੰਜਾਬ ਤੋਂ ਬਾਹਰ ਭੇਜ ਦਿੱਤੇ ਗਏ ਸਨ। ਅੰਗਰੇਜ਼ ਪ੍ਰਸਤ ਨਵੀਂ ਸਿੱਖ ਲੀਡਰਸ਼ਿਪ, ਪੰਜਾਬ ਵਿੱਚ ਤਿਆਰ ਕੀਤੀ ਗਈ ਤੇ ਗੁਰਦੁਆਰਾ ਪ੍ਰਬੰਧ ਉਨ੍ਹਾਂ ਦੀ ਨਿਗਰਾਨੀ ਹੇਠ ਕਰ ਦਿੱਤਾ ਗਿਆ। ਹਿੰਦੂ- ਸਿੱਖਾਂ ਨੂੰ ਇਕ ਦੂਜੇ ਤੋਂ ਦੂਰ ਕਰਨ ਦੀ ਵੱਖ ਨੀਤੀ ਬਣਾਈ ਗਈ। ਪੰਜਾਬੀ ਦੀ ਪੜ੍ਹਾਈ ਬੰਦ ਕਰ ਉਰਦੂ ਸ਼ੁਰੂ ਦਿੱਤਾ ਗਿਆ। ਰਾਜ਼ੀ ਬਹੁਤ ਰਹਿੰਦੇ ਮੁਸਲਮਾਨ-ਹਿੰਦੂ ਵਾਲੇ ਖਾਲਸਾ ਰਾਜ ਵਾਲੀ ਧਰਤੀ ਉੱਤੇ ਭਾਸ਼ਾ ਦੇ ਆਧਾਰ ਤੇ ਇਕ ਦੂਜੇ ਦੇ ਵਿਰੋਧੀ ਬਣਾ ਦਿੱਤੇ ਗਏ।

ਸਿੱਖਾਂ ਨੂੰ ਬਹਾਦਰੀ ਦਾ ਖਿਤਾਬ ਦੇ ਅੰਗਰੇਜ਼ ਰਾਜ ਦੀ ਮਜ਼ਬੂਤੀ ਤੇ ਪ੍ਰਸਾਰ ਲਈ ਮਰਨ ਮਾਰਨ ਵੱਲ ਲਾ ਦਿੱਤਾ। ਕਰੀਬ ਡੇਢ ਲੱਖ ਸਿੱਖ ਫ਼ੌਜੀ ਪਹਿਲੀ ਤੇ ਦੂਜੀ ਵਿਸ਼ਵ ਜੰਗ ਵਿੱਚ ਮਾਰੇ ਗਏ, ਜ਼ਖ਼ਮੀ ਤੇ ਕੈਦੀਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ।

ਸਵਾਮੀ ਵਿਵੇਕਾਨੰਦ ਨੇ ਲਿਖਿਆ ਹੈ, ਕਿ ਭਾਰਤੀ ਕੇਵਲ ਧਰਮ ਨੂੰ ਖਤਰੇ ਦੇ ਕਾਰਨ ਹੀ, ਇਕੱਠੇ ਹੋ ਕੇ ਲੜਨ ਮਰਨ ਲਈ ਤਿਆਰ ਹੋ ਜਾਂਦੇ ਹਨ, ਅਜ਼ਾਦੀ ਜਾਂ ਆਰਥਿਕ ਸੰਕਟ ਇਨ੍ਹਾਂ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਨਹੀਂ ਕਰਦਾ ਹੈ। ਸ਼ਾਇਦ ਇਸੇ ਹੀ ਕਾਰਨ 1849 ਤੋਂ 1920 ਦੀ ਤੱਕ ਕੋਈ ਵੀ ਵੱਡੀ ਲਹਿਰ ਅੰਗਰੇਜ਼ ਵਿਰੁੱਧ ਖੜੀ ਨਹੀਂ ਹੋ ਸਕੀ। ਨਾ ਕੋਈ ਸਿੱਖ ਧਰਮ ਦਾ ਆਗੂ ਰਿਹਾ ਅਤੇ ਨਾ ਹੀ ਆਜ਼ਾਦ ਰਾਜਨੀਤੀ ਦੀ ਗੱਲ ਕਰਨ ਵਾਲਾ ਕੋਈ ਸਿੱਖ ਧਰਮ ਵਿੱਚੋਂ ਉੱਭਰਿਆ।

ਅੰਗਰੇਜ਼ ਨੇ ਪੁਜਾਰੀਵਾਦ ਜਾਂ ਦੇਹਧਾਰੀ ਲੋਕ ਬਾਬੇ ਬਣਾ ਨਿਰਮਲ ਪੰਥ ਦੇ ਸਿਧਾਂਤਾਂ ਨੂੰ ਨਸ਼ਟ ਕਰਨ ਦਾ ਕੰਮ ਵੀ ਅਰੰਭਿਆ, ਜੋ ਅੱਜ ਮਹਾਮਾਰੀ ਬਣ, ਸ਼ਬਦ ਗੁਰੂ ਦੇ ਸੁਨਹਿਰੀ ਅਸੂਲਾਂ ਨੂੰ ਧੁੰਦਲਾ ਕਰ ਰਹੇ ਹਨ। ਸਿੰਘ ਸਭਾ, ਗਦਰ ਜਾਂ ਬੱਬਰ ਅਕਾਲੀ, ਕੁਝ ਵਿਅਕਤੀਆਂ ਤੱਕ ਸੀਮਿਤ ਲਹਿਰਾਂ ਪ੍ਰਭਾਵਸ਼ਾਲੀ ਨਹੀਂ ਹੋ ਸਕੀਆਂ ਸਨ।

ਇਸ ਤਰ੍ਹਾਂ ਅੰਗਰੇਜ਼ ਹਕੂਮਤ ਨੇ ਨਿਰਮਲ ਪੰਥ, ਸ਼ਬਦ ਗੁਰੂ ਰਾਹੀਂ ਬਣਦੇ ਦੇਵਤੇ ਤੇ ਹਲੇਮੀ ਰਾਜ ਸੰਕਲਪ ਦੇ ਧਾਰਨੀ ਸਿੱਖ ਆਗੂਆਂ ਨੂੰ ਖਤਮ ਕਰ ਦਿੱਤਾ। ਜੋ ਦਾੜ੍ਹੀ ਕੇਸ ਵਾਲੇ ਸਿੱਖ ਆਗੂ ਨਜ਼ਰ ਆਉਂਦੇ ਸਨ, ਉਹ ਤਾਂ ਕੇਵਲ ਜਾਤੀ ਲਾਭ ਲਈ ਕੌਮ ਨੂੰ ਕਮਜ਼ੋਰ ਕਰਨ ਤੇ ਕੁਰਾਹੇ ਪਾਉਣ ਵਾਲੇ ਅੰਗਰੇਜ਼ ਦੇ ਸਾਥੀ ਸਨ। ਸਮਾਜ ਜਾਗ੍ਰਿਤ ਸੀ, ਪਰ ਆਗੂ ਕੋਈ ਨਹੀਂ ਸੀ।1873 ਦੀ ਵਿਚ ਮਿਸ਼ਨ ਸਕੂਲ ਅੰਮ੍ਰਿਤਸਰ ਵਲੋਂ ਚਾਰ ਸਿੱਖ ਵਿਦਿਆਰਥੀਆਂ ਨੂੰ ਇਸਾਈ ਬਣਾਉਣ ਦਾ ਮੁੱਦਾ ਉਠਿਆ ਤੇ ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਸਮੇਤ ਕੁਝ ਸਿੱਖ ਆਗੂਆਂ ਨੇ ਸਿੰਘ ਸਭਾ ਅੰਮ੍ਰਿਤਸਰ ਦਾ ਗਠਨ ਕੀਤਾ, ਪਰ ਇਸ ਤੋਂ ਬਾਅਦ ਆਪਸੀ ਫੁਟ ਪੈਣ ਉਪਰੰਤ ਇੱਕ ਸਿੰਘ ਸਭਾ ਲਾਹੌਰ ਬਣ ਗਈ। ਦੋਵਾਂ ਨੂੰ ਕਮਜੋਰ ਕਰਨ ਲਈ ਅੰਗਰੇਜ਼ ਪ੍ਰਸਤ ਸਿੱਖ ਆਗੂਆਂ ਨੇ 1902 ਵਿੱਚ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਦੀ ਸਥਾਪਨਾ ਕਰ ਦਿੱਤੀ। ਵਿੱਦਿਆ ਤੇ ਰੋਜ਼ਗਾਰ ਦਾ ਕੰਮ ਇਸ ਸੰਸਥਾ ਨੇ ਅਰੰਭਿਆ ਤੇ 1908 ਵਿੱਚ ਪੰਜਾਬ ਅਤੇ ਸਿੰਧ ਬੈਂਕ ਵੀ ਸ਼ੁਰੂ ਕੀਤਾ। ਧਰਮ ਪ੍ਰਚਾਰ ਲਈ ਯਤਨ ਕਰਨ ਦੀ ਗੱਲ ਵੀ ਕੀਤੀ ਗਈ। ਸਿੱਖ ਮਸਲਿਆਂ ਨੂੰ ਗੱਲਬਾਤ ਰਾਹੀਂ ਹੱਲ ਕਰਾਉਣਾ ਵੀ ਮਨੋਰਥ ਪੱਤਰ ਵਿੱਚ ਦਰਜ ਕੀਤਾ ਗਿਆ ਸੀ। ਭਾਈ ਵੀਰ ਸਿੰਘ, ਸੁੰਦਰ ਸਿੰਘ ਮਜੀਠੀਆ, ਸਰਦਾਰ ਤਰਲੋਚਨ ਸਿੰਘ ਆਦਿ ਆਗੂ ਬਣੇ।

1920 ਈ ਵਿੱਚ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਦਬੇ ਕੁਚਲੇ ਸਿੱਖ ਭਾਈਚਾਰੇ ਦੇ ਵੀਰਾਂ ਦੇ ਕੜਾਹ ਪ੍ਰਸ਼ਾਦ ਨਾ ਪਰਵਾਨ ਕਰਨ ਵਿਰੁੱਧ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰੋਫੈਸਰਾਂ ਤੇ ਕੁਝ ਹੋਰ ਸਿੰਘਾਂ ਦੀ ਆਵਾਜ਼ ਨੇ, ਸਿੱਖ ਕੌਮ ਨੂੰ ਹਲੂਣਾ ਦਿੱਤਾ ਤੇ ਗੁਰਦੁਆਰਾ ਸੁਧਾਰ ਲਹਿਰ ਦੀ ਸ਼ੁਰੂਆਤ ਹੋਈ। ਪੰਜ ਸਾਲ ਸਰੀਰਕ ਤੇ ਆਰਥਿਕ ਕਸ਼ਟ ਝੱਲਦਿਆਂ, ਸਿੰਘਾਂ ਨੇ ਸੰਘਰਸ਼ ਕਰਕੇ,ਸਿੱਖ ਗੁਰਦੁਆਰਾ ਐਕਟ ਰਾਹੀਂ ਕੁਝ ਗੁਰਦੁਆਰਿਆਂ ਦੇ ਪ੍ਰਬੰਧ ਦਾ ਅਧਿਕਾਰ, ਚੁਣੀ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਪ੍ਰਾਪਤ ਕਰ ਲਿਆ।

ਗੁਰਦੁਆਰਿਆਂ ਦੇ ਪ੍ਰਬੰਧ ਲਈ ਲੋਕਲ ਕਮੇਟੀਆਂ ਚੁਣੀਆਂ ਜਾਣ ਲੱਗ ਪਈਆਂ, ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਬਹੁਤੇ ਅਧਿਕਾਰ ਨਹੀਂ ਸਨ, ਫੇਰ ਇਸ ਲਈ ਉੱਦਮ ਅਰੰਭ ਹੋਇਆ, ਆਜ਼ਾਦੀ ਤੋਂ ਪਹਿਲਾਂ ਸਤ ਗੁਰਦੁਆਰਾ ਸਾਹਿਬ ਤੋਂ ਸਿੱਧਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਾਪਤ ਕੀਤਾ ਤੇ ਅੱਜ ਬਹੁਗਿਣਤੀ ਵਿੱਚ ਲੋਕਲ ਕਮੇਟੀਆਂ ਵਾਲੇ ਗੁਰਦੁਆਰਾ ਸਾਹਿਬਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਧੇ ਅਧੀਨ ਆ ਚੁੱਕੇ ਹਨ। ਬਾਕੀਆਂ ਨੂੰ ਵੀ ਅਸਿੱਧੇ ਢੰਗ ਨਾਲ਼ ਰਸੀਵਰ ਮੁਕੱਰਰ ਕਰ ਲੋਕਲ ਕਮੇਟੀਆਂ ਨੂੰ ਬੇਅਸਰ ਕਰ ਦਿੱਤਾ ਗਿਆ ਹੈ। ਧਰਮ ਪ੍ਰਚਾਰ ਦੀ ਤਜਵੀਜ਼ 1925 ਦੇ ਐਕਟ ਵਿੱਚ ਨਹੀਂ ਸੀ ਇਸ ਲਈ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਵਿਉਂਤ ਨਹੀਂ ਬਣਾਈ ਜਾ ਸਕੀ।

1925 ਈ ਵਿੱਚ ਅੰਗਰੇਜ਼ ਨੇ ਇਕ ਹੋਰ ਨੀਤੀ ਘੜੀ ਤੇ ਆਪਣੇ ਪੱਖੀ ਲੀਡਰਸ਼ਿਪ ਨੂੰ ਪਿੰਡ ਪੱਧਰ ਤੇ ਧਾਰਮਿਕ ਤੇ ਰਾਜਨੀਤਿਕ ਪੱਖੋਂ ਮਜਬੂਤ ਕੀਤਾ ਜੋ ਖਾਲਸਾ ਨੈਸ਼ਨਲਿਸਟ ਪਾਰਟੀ ਵਜੋਂ ਵਿਚਰਦੀ ਸੀ। ਗੁਰਦੁਆਰਾ ਸੁਧਾਰ ਲਹਿਰ ਦੇ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਰਚਨਾ 1920 ਵਿੱਚ ਹੀ ਕਰ ਲਈ ਸੀ ਜੋ ਰਾਜਨੀਤੀ ਵਿੱਚ ਕਾਂਗਰਸ ਪਾਰਟੀ ਦੇ ਮੈਂਬਰ ਬਣ ਗਏ ਸਨ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਅਕਾਲੀ ਦਲ ਨਾਲ ਵੀ ਜੁੜੇ ਹੋਏ ਸਨ ਇਸ ਤਰ੍ਹਾਂ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਨਾਲੋਂ ਦੇਸ਼ ਦੀ ਅਜ਼ਾਦੀ ਦੀ ਲੜਾਈ ਉਨ੍ਹਾਂ ਦੀ ਪਹਿਲੀ ਪਸੰਦ ਬਣ ਗਈ।

ਸ਼ਾਇਦ ਇਸੇ ਲਈ ਧਰਮ ਬਾਰੇ ਖੋਜ ਪ੍ਰਚਾਰ ਤੇ ਵਿਸਥਾਰ ਦੀ ਵਿਉਂਤ ਬੰਦੀ ਨਹੀਂ ਕੀਤੀ ਗਈ। ਵਿਸ਼ਵ ਨੂੰ ਚਾਨਣ ਦੇ ਸਕਣ ਦੇ ਸਮਰੱਥ ਸਿੱਖ ਧਰਮ ਆਪਣੇ ਦੇਸ਼ ਵਿੱਚ ਹੀ ਸੁੰਗੜਨਾ ਸ਼ੁਰੂ ਹੋ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੀਮਾਂ ਪੰਜਾਬ ਦੇ ਕੁਝ ਗੁਰਦੁਆਰਿਆਂ ਤੱਕ ਹੀ ਸੀ, ਡਾਕਟਰ ਭੀਮ ਰਾਉ ਅੰਬੇਡਕਰ ਨੇ ਦੂਜੇ ਸੂਬਿਆਂ ਵਿੱਚ ਮਿਸ਼ਨ ਸਥਾਪਿਤ ਕਰਨ ਲਈ ਮਤਾ ਪਾਸ ਕਰਵਾਇਆ ਅਤੇ ਖਾਲਸਾ ਕਾਲਜ ਬੰਬਈ ਦੀ ਉਸਾਰੀ ਵੀ ਕਰਵਾਈ।

ਬਾਕੀ ਹਿਸਾ ਸਫਾ 44 ਤੇ ਪੜ੍ਹੋ

### 43 ਸਫ਼ੇ ਦੀ ਬਾਕੀ

ਉਨ੍ਹਾਂ ਦੇ ਪਿੱਛੇ ਹਟਣ ਨਾਲ ਇਹ ਮਿਸ਼ਨ ਵੀ ਢਿੱਲਾ ਪੈ ਗਿਆ। ਇਸ ਤਰ੍ਹਾਂ ਧਾਰਮਿਕ ਪ੍ਰਬੰਧ ਨੂੰ ਰਾਜਨੀਤਕ ਲਾਲਸਾ ਨਾਲ ਜੋੜਨਾ ਹੀ ਸਿੱਖ ਧਰਮ ਦੀ ਸਭ ਤੋਂ ਵੱਡੀ ਕਮਜ਼ੋਰੀ ਬਣੀ।

ਚੀਫ ਖਾਲਸਾ ਦੀਵਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਸੌ ਸਾਲ ਤੋਂ ਵੀ ਜ਼ਿਆਦਾ ਹੋ ਚੁੱਕੀਆਂ ਹਨ, ਪਰ ਧਰਮ ਪ੍ਰਚਾਰ ਦਾ ਕੰਮ ਦੇਸ਼ ਤੇ ਵਿਦੇਸ਼ ਵਿੱਚ ਸੰਗਠਿਤ ਨਹੀਂ ਹੋ ਸਕਿਆ ਹੈ। ਇਨ੍ਹਾਂ ਸੰਸਥਾਵਾਂ ਦੇ ਮੈਂਬਰਾਂ ਨੇ ਨਾ ਤਾਂ ਆਪਣੇ ਇਲਾਕੇ ਵਿੱਚ ਹੀ ਧਰਮ ਪ੍ਰਚਾਰ ਕੀਤਾ ਅਤੇ ਨਾ ਹੀ ਦੇਸ਼ ਵਿਦੇਸ਼ ਵਿੱਚ ਇਸ ਪ੍ਰਥਾਏ ਕੋਈ ਵਿਉਂਤ ਬੰਦੀ ਸੰਸਥਾ ਰੂਪ ਵਿੱਚ ਕੀਤੀ ਹੈ।

ਗੁਰੂ ਘਰ ਕੇਵਲ ਨਿਤਨੇਮ ਦੀ ਮਰਿਆਦਾ ਤੱਕ ਸੀਮਤ ਹਨ, ਕੋਈ ਲਿਖਤੀ ਗਿਆਨ ਆਉਣ ਵਾਲੇ ਜਗਿਆਸਾ ਰੱਖਣ ਵਾਲਿਆਂ ਲਈ ਉਪਲਬਧ ਨਹੀਂ ਹੁੰਦਾ, ਫੇਰ ਗਿਆਨ ਕਿਵੇਂ ਅੱਗੇ ਵਧੇਗਾ? ਕਥਾ, ਕੀਰਤਨ, ਪਾਠ ਤੇ ਧਾਰਮਿਕ ਗਤੀਵਿਧੀਆਂ ਤੇ ਮਾਨਤਾਵਾਂ ਉਜਰਤ ਦੇ ਕੇ ਹੀ ਪ੍ਰਾਪਤ ਹੋ ਸਕਦੀਆਂ ਹਨ। ਨਿਰਮਲ ਪੰਥ ਵੀ ਵਰਜਿਤ ਕਰਮ ਕਾਂਡ ਕਰਦਾ ਨਜ਼ਰ ਆਉਂਦਾ ਹੈ।

ਸਿੱਖਾਂ ਦਾ ਮੀਰੀ ਪੀਰੀ ਦੇ ਸਿਧਾਂਤ ਦੀ ਵਿਆਖਿਆ ਵੀ ਲੋੜ ਅਨੁਸਾਰ ਹੀ ਹੁੰਦੀ ਹੈ। ਗੁਰੂ ਕਾਲ ਵਿੱਚ ਪੀਰੀ ਪ੍ਰਧਾਨ ਸੀ, ਗੁਰੂ ਨਾਨਕ ਸਾਹਿਬ ਦੇ ਸਿਰਜੇ ਦੇਵਤੇ ਰੂਪੀ ਸਿੱਖ 1708 ਦੀ ਤੱਕ, ਗਰੀਬ ਦੀ ਰੱਖਿਆ ਤੇ ਜਰਵਾਣੇ ਦੀ ਭਖਿਆ ਲਈ ਸ਼ਸਤਰਾਂ ਦੀ ਵਰਤੋਂ ਕਰਦੇ ਸਨ, ਰਾਜ ਕਾਇਮ ਕਰਨ ਲਈ ਨਹੀਂ। ਇਸ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਜਿੱਤ ਕੇ ਰਾਜ ਕਰਨ ਦੀ ਨੀਤੀ ਗੁਰੂ ਹੁਕਮ ਅਨੁਸਾਰ ਪੇਸ਼ ਕੀਤੀ ਤੇ 1710ਈ ਵਿੱਚ ਖਾਲਸਾ ਰਾਜ ਸਥਾਪਤ ਕਰਕੇ, ਵੱਖਰੀ ਰਾਜਧਾਨੀ ਬਣਾ ਸਿੱਕਾ ਵੀ ਜਾਰੀ ਕੀਤਾ। ਮਿਸਲਾਂ ਦੇ ਸਰਦਾਰ ਵੀ ਸ੍ਰੀ ਅਕਾਲ ਬੁੰਗਾ ਦੇ ਨੇੜੇ ਮਿਲ ਕੇ ਫੈਸਲਾ ਕਰਦੇ ਤੇ ਅਰਦਾਸ ਕਰ ਕੇ ਟੀਚੇ ਦੀ ਪੂਰਤੀ ਤੱਕ ਜਾਨ ਵਾਰਦੇ ਸਨ, ਇਸ ਕਰਕੇ ਹੀ ਉਹ ਦਿੱਲੀ ਤੇ ਲਾਹੌਰ ਸਮੇਤ ਭਾਰਤ ਦੇ ਵੱਡੇ ਖਿੱਤੇ ਨੂੰ ਜਿੱਤ ਸਕੇ ਸਨ। ਪਰ ਇਹ ਪਰੰਪਰਾ ਅੰਗਰੇਜ਼ ਸਰਕਾਰ ਦੇ ਸਰਬਰਾਹ ਤੇ ਮੈਨੇਜਰਾਂ ਨੇ ਧੁੰਦਲੀ ਕਰ ਦਿੱਤੀ, ਜਨਰਲ ਡਾਇਰ ਤੇ ਹੋਰ ਅੰਗਰੇਜ਼ ਸਨਮਾਨਿਤ ਕੀਤੇ ਗਏ ਸਨ। ਇਹ ਪਰੰਪਰਾ ਅਜੇ ਵੀ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਹੈ।

ਦੇਸ਼ ਦੀ ਵੰਡ ਜਾਂ ਅਜ਼ਾਦੀ ਤੋਂ ਬਾਅਦ ਜਦੋਂ ਅੰਗਰੇਜ਼ਾਂ ਨੇ ਪੰਜਾਬ ਦੇ ਛੱਤੀ ਜ਼ਿਲ੍ਹਿਆਂ ਵਿੱਚੋਂ ਚਵੀ ਪਾਕਿਸਤਾਨ ਨੂੰ ਦੇ ਦਿਤੇ ਜਦੋਂ ਕਿ 53 % ਮੁਸਲਮਾਨਾਂ ਦੇ ਮੁਕਾਬਲੇ,ਹਿੰਦੂ ਸਿੱਖਾਂ ਦੀ ਆਬਾਦੀ ਵੀ ਕਰੀਬ 44 % ਸੀ ਤੇ ਇਨ੍ਹਾਂ ਦਾ ਹੱਕ 16/17 ਜ਼ਿਲ੍ਹਿਆਂ ਦਾ ਬਣਦਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਲਾਹੌਰ ਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਨਨਕਾਣਾ ਸਾਹਿਬ ਵੀ ਪਾਕਿਸਤਾਨ ਨੂੰ ਦੇ ਦਿੱਤਾ ਗਿਆ। ਮਹਾਰਾਜਾ ਰਣਜੀਤ ਸਿੰਘ ਉਸਦੇ ਪੁੱਤਰ ਦਲੀਪ ਸਿੰਘ ਦੀ ਵਾਰਸ ਰਾਜਕੁਮਾਰੀ ਬੰਬਾ 1909 ਈ ਤੋਂ 1957 ਈ ਤੱਕ ਲਾਹੌਰ ਵਿੱਚ ਰਹਿ,ਆਜ਼ਾਦੀ ਲਈ ਸੰਘਰਸ਼ ਕਰ ਰਹੇ ਲਾਲਾ ਲਾਜਪਤ ਰਾਏ ਆਦਿ ਨਾਲ ਸੰਪਰਕ ਵਿੱਚ ਸੀ। ਛੋਟੀ ਰਾਜ ਕੁਮਾਰੀ ਸੋਫ਼ੀਆ ਵਲੈਤ ਵਿੱਚ ਔਰਤਾਂ ਦੇ ਅਧਿਕਾਰਾਂ ਲਈ ਲੜ ਰਹੀ ਸੀ। ਕਾਂਗਰਸ ਦੇ ਪਿੱਛੇ ਲੱਗੇ ਸਿੱਖ ਆਗੂਆਂ ਨੇ ਉਨ੍ਹਾਂ ਨੂੰ ਅੱਗੇ ਕੀ ਲਾਉਣਾ ਸੀ, ਉਨ੍ਹਾਂ ਨਾਲ ਗਲ ਤਕ ਨਹੀਂ ਕੀਤੀ, ਜਿਸ ਦਾ ਜਵਾਬ ਇਤਿਹਾਸ ਜਰੂਰ ਜਾਨਣਾ ਚਾਹੇਗਾ।

ਆਜ਼ਾਦੀ ਤੋਂ ਬਾਅਦ ਮਾਸਟਰ ਤਾਰਾ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੀ ਦੋਸਤ ਤੇ ਸਾਥੀ ਕਾਂਗਰਸ ਲੀਡਰਸ਼ਿਪ ਤੋਂ ਆਜ਼ਾਦੀ ਦੇ ਨਿੱਘ ਮਾਨਣ ਵਾਲੀ ਥਾਂ ਦੀ ਮੰਗ ਰੱਖੀ, ਤਾਂ ਜਵਾਬ ਕੋਰੀ ਨਾਂਹ ਵਿੱਚ ਮਿਲਿਆ। 1948 ਤੇ. 1956 ਈ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਰਾਜਸੀ ਇਕਾਈ ਭੰਗ ਕਰ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਕਰ ਦਿੱਤੀ ਗਈ। ਸ਼੍ਰੀ ਜਵਾਹਰ ਲਾਲ ਨੇਹਰੂ ਦੀ ਅਗਵਾਈ ਵਿੱਚ ਕਾਂਗਰਸ ਨੇ ਇਨ੍ਹਾਂ ਨੂੰ ਦੇਣਾ ਤਾਂ ਕੀ ਸੀ, ਕੁਰਸੀ ਦੇ ਲਾਲਚ ਵਿੱਚ ਬਹੁ ਗਿਣਤੀ ਅਕਾਲੀ ਆਗੂ ਪੱਕੇ ਕਾਂਗਰਸੀ ਬਣਾ ਲਏ ਗਏ। ਅੰਗਰੇਜ਼ ਹਕੂਮਤ ਦੇ ਚਹੇਤੇ ਸਿੱਖ ਆਗੂ ਤਾਂ ਪਹਿਲਾਂ ਹੀ ਕਾਂਗਰਸੀ ਬਣ ਚੁੱਕੇ ਸਨ।

ਫੇਰ ਹੋਇਆ ਸਿੱਖ ਤੋਂ ਸਿੱਖ ਕੁਟਾਉਣ ਦਾ ਕੰਮ ਸ਼ੁਰੂ, ਕੁੱਟਣ ਵਾਲੇ ਪ੍ਰਤਾਪ ਸਿੰਘ ਕੈਰੋਂ, ਗਿਆਨੀ ਕਰਤਾਰ ਸਿੰਘ, ਬੂਟਾ ਸਿੰਘ, ਦਰਬਾਰਾ ਸਿੰਘ, ਸਵਰਨ ਸਿੰਘ, ਗਿਆਨੀ ਜ਼ੈਲ ਸਿੰਘ ਆਦਿ ਪੁਰਾਣੇ ਅਕਾਲੀ ਹੀ ਸਨ। ਨਹਿਰੂ ਨੇ ਮਾਸਟਰ ਤਾਰਾ ਸਿੰਘ ਆਦਿ ਦੀ ਇੱਕ ਗੱਲ ਨਹੀਂ ਮੰਨੀ। ਬਲਕਿ ਮਾਸਟਰ ਤਾਰਾ ਸਿੰਘ ਨੂੰ ਰਾਜਨੀਤੀ ਵਿੱਚੋਂ ਕਮਜ਼ੋਰ ਕਰਨ ਲਈ ਜਾਤ ਪਾਤ ਰਹਿਤ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਨੂੰ, ਪਿਛਲੀ ਜਾਤ ਦੇ ਆਧਾਰਿਤ, ਜੱਟ ਤੇ ਗ਼ੈਰ ਜੱਟ ਦੀ ਕਹਾਣੀ ਸ਼ੁਰੂ ਕਰਵਾ ਦਿੱਤੀ। ਗੈਰ ਜੱਟ ਸ਼ਹਿਰੀ ਸਿੱਖਾਂ ਬਾਰੇ ਤਾਂ ਅਸਲ ਸਿੱਖ ਹੋਣ ਵਾਰੇ ਵੀ ਚਰਚਾ ਖੜ੍ਹੀ ਕਰ ਦਿੱਤੀ ਗਈ, ਜੋ ਅੱਜ ਅੱਗੇ ਨਾਲੋਂ ਵੀ ਜਿਆਦਾ ਹੈ। ਇਹ ਸਮਝ ਤੋਂ ਬਾਹਰ ਹੈ ਕਿ ਸਿੱਖ ਫ਼ਲਸਫ਼ੇ ਦੀ "ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥੧॥ ਤੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥" ਦੇ ਹੁਕਮ ਕਿਸ ਲਈ ਹਨ। ਪਿਛਲੇ ਸੌ ਸਾਲਾਂ ਵਿੱਚ ਦੇਸ਼ ਵਿਦੇਸ਼, ਪਿੰਡਾਂ ਤੇ ਕਸਬਿਆਂ ਵਿੱਚ ਜਾਤੀ ਆਧਾਰਿਤ ਬਣੇ ਗੁਰਦੁਆਰਾ ਸਾਹਿਬਾਨ ਵੀ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਸਿੱਖਾਂ ਨੇ ਗੁਰੂ ਉਪਦੇਸ਼, ਆਦੇਸ਼ ਤੇ ਸਿੱਖ ਫ਼ਲਸਫ਼ੇ ਨੂੰ ਤਿਲਾਂਜਲੀ ਦੇ ਦਿੱਤੀ ਹੈ।

ਸਿੱਖ ਅਕਾਲੀ ਆਗੂਆਂ ਨੂੰ ਰਾਜਨੀਤਕ ਸ਼ਕਤੀ ਲੋੜੀਂਦੀ ਸੀ। ਮੁੱਦਾ ਕੀ ਬਣੇ? ਕਾਂਗਰਸ ਪਾਰਟੀ ਤਾਂ ਕੀਤੇ ਵਾਅਦਿਆਂ ਤੋਂ ਭੱਜ ਕੇ ਦੁਸ਼ਮਣ ਬਣ ਚੁੱਕੀ ਸੀ। ਪੰਜਾਬੀ ਬੋਲੀ ਤੇ ਭਾਸ਼ਾ ਤੇ ਅਧਾਰਿਤ ਸੂਬੇ ਦੀ ਮੰਗ ਸਿੱਖ ਭਾਵਨਾਵਾਂ ਨੂੰ ਉਤੇਜਿਤ ਕਰਨ ਲਈ ਚੰਗੀ ਲੱਗੀ ਤੇ ਇਸ ਲਈ 1960 ਤੋਂ ਮਾਸਟਰ ਤਾਰਾ ਸਿੰਘ ਨੇ ਵਰਤ ਸ਼ੁਰੂ ਕਰ ਦਿੱਤਾ। ਨਹਿਰੂ ਨੇ ਫੇਰ ਇੱਕ ਸਿੱਖ ਹੁਕਮ ਸਿੰਘ ਨੂੰ ਭੇਜ ਕੇ ਵਰਤ ਖੁਲਵਾ ਦਿੱਤਾ, ਮਾਸਟਰ ਜੀ ਸਿੱਖਾਂ ਵਿੱਚ ਬਦਨਾਮ ਹੋ ਗਏ ਤੇ ਹੁਕਮ ਸਿੰਘ ਦੀ ਕੁਰਸੀ ਪੱਕੀ ਹੋ ਗਈ। ਮਾਸਟਰ ਤਾਰਾ ਸਿੰਘ ਇੱਕ ਗੁਰੂ ਤੋਂ ਡਰਨ ਵਾਲੇ ਵਿਅਕਤੀ ਸਨ ਤੇ ਪੰਥ ਦੇ ਪੈਸੇ ਦੇ ਰਾਖੇ ਸਨ ਪਰ ਅਗਲੇ ਆਗੂ ਸੰਤ ਫਤਿਹ ਸਿੰਘ ਬਾਰੇ ਇਹ ਨਹੀਂ ਲਿਖਿਆ ਜਾ ਸਕਦਾ ਹੈ।

1965 ਦੀ ਭਾਰਤ-ਪਾਕਿਸਤਾਨ ਜੰਗ ਵਿੱਚ ਸਿੱਖ ਜਰਨੈਲਾਂ ਦੀ ਬਹਾਦਰੀ ਤੇ ਸਿੱਖ ਕਿਸਾਨਾਂ ਦੇ ਸਹਿਯੋਗ ਤੋਂ ਪ੍ਰਭਾਵਿਤ ਹੋ ਕੇ ਸ਼੍ਰੀ ਲਾਲ ਬਹਾਦੁਰ ਸ਼ਾਸਤਰੀ ਜੀ ਨੇ ਸਿਧਾਂਤਕ ਰੂਪ ਵਿੱਚ ਪੰਜਾਬੀ ਸੂਬੇ ਦੀ ਗੱਲ ਮੰਨ ਕੇ ਇਕ ਕਮੇਟੀ ਉਸੇ ਹੁਕਮ ਸਿੰਘ ਦੀ ਅਗਵਾਈ ਹੇਠ ਬਣਾ ਦਿੱਤੀ ਸੀ। ਇਸ ਕਮੇਟੀ ਨੇ ਰਿਪੋਰਟ ਉਨ੍ਹਾਂ ਦੀ ਮੌਤ ਤੋਂ ਬਾਅਦ ਪੇਸ਼ ਕੀਤੀ, ਜਿਸ ਨੂੰ ਨਵੀਂ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਅੱਧਾ ਅਧੂਰਾ ਪ੍ਰਵਾਨ ਕਰ ਲਿਆ ਤੇ ਚੰਡੀਗੜ੍ਹ, ਪਾਣੀ, ਪੰਜਾਬੀ ਬੋਲੀ ਵਾਲੇ ਇਲਾਕਿਆਂ ਦਾ ਝਗੜਾ ਖੜਾ ਰੱਖਿਆ ਜੋ ਅੱਜ ਵੀ ਜਿਵੇਂ ਦਾ ਤਿਵੇਂ ਹੈ।

ਅਕਾਲੀ ਪਾਰਟੀ ਇਸ ਨੂੰ ਪੰਜਾਬੀ ਸਮੱਸਿਆ ਨਾ ਬਣਾ ਕੇ ਸਿੱਖ ਮਸਲੇ ਵਜ਼ੋਂ ਪੇਸ਼ ਕਰਦੀ ਰਹੀ ਤੇ ਕਰ ਰਹੀ ਹੈ ਜਦੋਂਕਿ ਇਹ ਮਾਮਲਾ ਸਮੁੱਚੇ ਪੰਜਾਬ ਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੀ ਬਹੁਤ ਵਾਰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਵੀ ਰਿਹਾ ਹੈ। ਮਾਸਟਰ ਤਾਰਾ ਸਿੰਘ ਤੋਂ ਬਾਅਦ ਸੰਤ ਫਤਿਹ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ ਅਤੇ ਸੰਤ ਚੰਨਣ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ ਪਰ ਇਹ ਫੈਸਲਾ ਅਕਾਲੀ ਦਲ ਦਾ ਹੀ ਸੀ। ਉਸ ਤੋਂ ਬਾਅਦ ਇਹ ਹੀ ਰਵਾਇਤ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰਾਂ ਦੀ ਪ੍ਰਵਾਨਗੀ ਅਕਾਲੀ ਦਲ ਦੇ ਪ੍ਰਧਾਨ ਕੋਲੋਂ ਹੀ ਹੁੰਦੀ ਹੈ, ਕਿਉਂਕਿ ਉਸ ਦੀ ਪਾਰਟੀ ਨਾਲ ਹੀ ਉਹ ਸਬੰਧਤ ਹੁੰਦੇ ਹਨ।

ਸਮੇਂ ਨਾਲ ਪੰਜਾਬ ਦੀ ਵੰਡ ਨਾਲ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਖਰੀ ਹੋ ਗਈ ਹੈ, ਇਸੇ ਤਰ੍ਹਾਂ ਹਰਿਆਣਾ ਅਤੇ ਦਿੱਲੀ ਵਿੱਚ ਵੀ ਵਖਰੀਆਂ ਕਮੇਟੀਆਂ ਬਣ ਚੁੱਕੀਆਂ ਹਨ। ਹੋਰ ਸੂਬਿਆਂ ਤੇ ਵਿਦੇਸ਼ਾਂ ਵਿੱਚ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਵੱਖ ਵੱਖ-ਵੱਖ ਕਮੇਟੀਆਂ ਕੋਲ ਹੈ। ਗੁਰਮਤਿ ਸਿਧਾਂਤ ਧਰਮ ਸਾਲ ਜਾਂ ਪਿੰਡ ਵਿੱਚ ਇੱਕ ਸਥਾਨ ਸਾਧ ਸੰਗਤ ਕਾ ਬਣਾਇਆ ਜਿੱਥੇ ਸਾਧ ਸੰਗਤ ਇਕੱਠੀ ਹੋਵੇ ਤੇ ਆਇਆ ਗਿਆ ਵਿਸ਼ਰਾਮ ਕਰੇ, ਦਾ ਸੀ ਜਿਸ ਰਾਹੀਂ ਆਪਸੀ ਸਦਭਾਵਨਾ ਬਣੇ, ਜਾਤ ਪਾਤ ਤੇ ਅਧਾਰਿਤ ਗੁਰੂਦੁਆਰੇ ਮਨਮਤ ਹੀ ਹੈ।

ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਅੰਗਰੇਜ਼ਾਂ ਵਲੋਂ ਨਿਯੁਕਤ ਸਰਬਰਾਹ ਤੇ ਪੁਜਾਰੀ ਜਨਰਲ ਡਾਇਰ ਤੱਕ ਨੂੰ ਸਨਮਾਨਿਤ ਕਰਦੇ ਰਹੇ ਹਨ, ਅੱਜ ਵੀ ਗੁਰਦੁਆਰਾ ਐਕਟ ਅਧੀਨ ਨਿਯੁਕਤ ਮੁੱਖ ਪੁਜਾਰੀ ਤੇ ਹੋਰ ਕਰਮਚਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਹਨ ਤੇ ਨੌਕਰੀ ਵੀ ਉਨ੍ਹਾਂ ਦੀ ਖੁਸ਼ੀ ਤੇ ਅਧਾਰਿਤ ਹੈ। ਇਸ ਲਈ ਮਾਲਕ ਤੋਂ ਬਾਹਰ ਹੋ ਕੇ ਨੌਕਰੀ ਵਿੱਚ ਰਹਿਣਾ ਅਸੰਭਵ ਹੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੇਵਤੇ ਜਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਤ ਸਿਪਾਹੀ ਗਰੀਬ ਦੀ ਰੱਖਿਆ ਤੇ ਜਰਵਾਣੇ ਦੀ ਭਖਿਆ ਲਈ ਪ੍ਰਗਟ ਕੀਤੇ ਗਏ ਸਨ, ਪਰ ਇਹ ਅਖੌਤੀ ਸਿਖ ਲੀਡਰਸ਼ਿਪ ਸਿੱਖੀ ਦਾ ਨਕਸਾਨ ਕਰ ਰਹੀ ਹੈ। ਇਸ ਗੁਰਮਤਿ ਵਿਹੂਣੀ ਸਿੱਖ ਲੀਡਰਸ਼ਿਪ ਨੇ ਪੰਜਾਬ ਵਿੱਚ ਹੀ ਸਿੱਖ ਕੌਮ ਨੂੰ ਕਮਜ਼ੋਰ ਕਰ ਦਿੱਤਾ ਹੈ। ਪੰਜਾਬ ਵਿੱਚ ਕਈ ਧੜਿਆਂ ਵਿੱਚ ਵੰਡੇ ਤੇ ਗੁਰਮਤਿ ਤੋਂ ਦੂਰ ਲੋਕ ਆਪਣੀ ਸਾਖ ਤੇ ਰਾਜਸੀ ਸ਼ਕਤੀ ਖੋ ਚੁੱਕੇ ਹਨ। ਕਮਜ਼ੋਰ ਆਗੂਆਂ ਨੇ ਧਰਮ ਵੀ ਕਮਜ਼ੋਰ ਦਿਸ਼ਾਹੀਣ ਕਰ ਦਿੱਤਾ ਹੈ, ਇਸ ਲਈ ਪੰਜਾਬ ਵਿੱਚ ਸਿੱਖਾਂ ਦੀ ਧਰਮ ਬਦਲੀ ਹੋ ਰਹੀ ਹੈ।

ਮੂਲ ਰੂਪ ਵਿੱਚ ਸ਼੍ਰੀ ਗੋਬਿੰਦ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦੁਰ ਦੀ ਅਗਵਾਈ ਹੇਠ ਸਿੱਖ ਰਾਜ ਸਥਾਪਤ ਕਰਨ ਉਪਰੰਤ ਸਿੱਖ ਰਾਜਨੀਤਿਕ ਗਤੀਵਿਧੀਆਂ ਦਾ ਕੇਂਦਰ ਬਣ ਗਿਆ। ਸਾਰੇ ਦੇਸ਼ ਵਿੱਚ ਫੈਲੇ ਸਿੱਖ ਸਮਾਜ ਦਾ ਇੱਕ ਧਾਰਮਿਕ ਆਗੂ ਜਾਂ ਸੰਸਥਾ ਨਹੀਂ ਬਣ ਸਕੇ। ਮਿਸਲ ਕਾਲ ਵਿੱਚ ਵੀ ਆਗੂਆਂ ਨੇ ਖੈਬਰ ਤੋਂ ਅਵਧ ਤੱਕ ਫਤਿਹ ਕਰ ਲਿਆ ਸੀ, ਪਰ ਰਾਜ ਪੱਕਾ ਨਹੀਂ ਹੋ ਸਕਿਆ। ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਦਰਿਆ ਸਤਲੁਜ ਤੇ ਰੋਕ ਕੇ ਉਸ ਨੂੰ ਸ਼ੇਰੇ ਪੰਜਾਬ ਤੱਕ ਹੀ ਸੀਮਤ ਰੱਖਿਆ ਸੀ।

ਅੰਗਰੇਜ਼ ਹਕੂਮਤ ਸਮੇਂ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਾਇਰਾ ਵੀ ਪੁਰਾਣੇ ਪੰਜਾਬ ਦੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ। ਇਸ ਤਰ੍ਹਾਂ ਗੁਰੂ ਕਾਲ ਵਿੱਚ ਧਰਮ ਪ੍ਰਚਾਰ ਲਈ ਸਥਾਪਿਤ ਉਦਾਸੀ ਤੇ ਨਿਰਮਲ ਪੰਥ ਵੀ ਅੰਗਰੇਜ਼ ਰਾਜ ਵੇਲੇ ਗੁਰਦੁਆਰਾ ਪ੍ਰਬੰਧ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਕੌਮ ਦੀ ਮੁੱਖ ਧਾਰਾ ਤੋਂ ਦੂਰ ਹੋ ਚੁੱਕੇ ਹਨ। ਚੀਫ ਖ਼ਾਲਸਾ ਦੀਵਾਨ ਵੀ ਆਪਣੇ ਕਿਸੇ ਵੀ ਮਨੋਰਥ ਨੂੰ ਪੂਰਾ ਨਹੀਂ ਕਰ ਸਕਿਆ ਹੈ। ਇਸ ਤਰ੍ਹਾਂ ਸਿੱਖ ਧਰਮ ਵਿੱਚ ਨਾ ਤਾਂ ਕੋਈ ਅੰਤਰ ਰਾਸ਼ਟਰੀ ਧਰਮ ਪ੍ਰਚਾਰ ਜਾਂ ਧਾਰਮਿਕ ਖੋਜ ਲਈ ਸੰਸਥਾ ਬਣ ਸਕੀ ਹੈ। 1986 ਜਨਵਰੀ ਤੋਂ ਬਾਅਦ ਹੁਣ ਤੱਕ ਪੰਥਕ ਸੰਸਥਾਵਾਂ ਵਲੋਂ ਮੁਕਾਬਲੇ ਦੇ ਜਥੇਦਾਰ ਬਣਾਉਣ ਦੀ ਪਿਰਤ ਪੈ ਗਈ ਹੈ। ਸ਼੍ਰੋਮਣੀ ਅਕਾਲੀ ਦਲ ਵੀ ਕਈ ਹਨ ਤੇ ਪੰਜਾਬ ਦੀ ਰਾਜਨੀਤੀ ਵਿੱਚ ਹੀ ਹਾਸ਼ੀਏ ਤ ਉਪਰ ਹਨ। ਅੱਜ ਪੰਥ ਧਾਰਮਿਕ ਤੌਰ ਤੇ ਰਾਜਨੀਤਕ ਤੌਰ ਤੇ ਆਗੂ ਰਹਿਤ ਲੱਗਦਾ ਹੈ।

ਰਾਜਨੀਤੀ ਵਿੱਚ ਪਰਪੱਕਤਾ ਤੇ ਦੂਰਦਰਸ਼ਿਤਾ ਦੀ ਅਣਹੋਂਦ ਕਾਰਨ ਗੁਰੂ ਨਾਨਕ ਦੇਵ ਜੀ ਵਲੋਂ ਪ੍ਰਗਟ ਕੀਤੇ ਦੇਵਤੇ ਆਪਣੀ ਪਛਾਣ ਕਮਜ਼ੋਰ ਕਰ ਰਹੇ ਹਨ ਅਤੇ ਗੁਰੂ ਹੁਕਮ ਤੋਂ ਆਕੀ ਹੋ ਕੇ ਇਕ ਦੂਜੇ ਨੂੰ ਕਮਜ਼ੋਰ ਕਰਨ ਵੱਲ ਲੱਗੇ ਕੌਮੀ ਨੁਕਸਾਨ ਕਰ ਰਹੇ ਹਨ। ਇਸ ਸਥਿਤੀ ਤੋਂ ਬਾਹਰ ਆਉਣ ਲਈ ਲੰਬੀ ਸੋਚ ਵਿਚਾਰ ਕਰ, ਚੰਗੀ ਨੀਯਤ ਤੇ ਉੱਤਮ ਨੀਤੀ ਨਾਲ, ਅੱਗੇ ਵਧਣ ਵਾਲੇ ਆਗੂਆਂ ਦੀ ਲੋੜ ਹੈ। ਕੌਮਾਂ ਨੂੰ ਅੱਗੇ ਵਧਾਉਣ ਲਈ ਨੇਤਾ, ਨੀਯਤ ਤੇ ਨੀਤੀ ਦੀ ਲੋੜ ਹੁੰਦੀ ਹੈ, ਬਦਕਿਸਮਤੀ ਨਾਲ ਅੱਜ ਸਿੱਖ ਭਾਈਚਾਰੇ ਵਿੱਚ ਇਨ੍ਹਾਂ ਵਿੱਚੋਂ ਇੱਕ ਵੀ ਕੋਲ ਨਹੀਂ ਰਹੀ। ਸਮਾਂ ਆ ਗਿਆ ਹੈ ਕਿ, ਸਿੱਖ ਕੌਮ ਦੁਬਾਰਾ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਇੱਕ ਅਕਾਲ ਦੀ ਪੂਜਾ, ਨਿਆਂ, ਸੇਵਾ, ਜਾਤ-ਪਾਤ ਰਹਿਤ ਸਮਾਜ, ਸਰਬਸਾਂਝੀਵਾਲਤਾ ਤੇ ਹਲੇਮੀ ਰਾਜ ਨੂੰ ਅਪਣਾ ਕੇ ਕੇਵਲ ਇਤਿਹਾਸ ਨੂੰ ਹੀ ਨਹੀਂ ਭਵਿੱਖ ਨੂੰ ਵੀ ਰੋਸ਼ਨ ਕਰੇ।

ਸਾਬਕਾ ਚੇਅਰਮੈਨ ਕੌਮੀ ਘੱਟ ਗਿਣਤੀ
ਕਮਿਸ਼ਨ ਭਾਰਤ ਸਰਕਾਰ

* * * * * *

## ਵਿਦਿਆ ਦੇ ਭਗਵੇਂਕਰਨ ਵਿਰੁਧ ਵਿਦਿਆਰਥੀ ਅੰਦੋਲਨ ਤੇ ਸਟੇਟ ਦੀ ਨੀਤੀ

ਚੰਡੀਗੜ੍ਹ ਦੀਆਂ ਘਟਨਾਵਾਂ ਨੇ ਕੇਂਦਰੀ ਹੁਕਮਰਾਨ ਧਿਰ ਨੂੰ ਉਨਾ ਹੀ ਖਿਝਾਇਆ ਹੋਇਆ ਹੈ ਜਿੰਨਾ ਇਸ ਨੂੰ ਲਦਾਖੀਆਂ ਦੀ ਸਟੇਟਹੁੱਡ ਵਾਲੀ ਤਹਿਰੀਕ ਨੇ ਪਰੇਸ਼ਾਨ ਕਰ ਰਖਿਆ ਸੀ। ਪੰਜਾਬ ਦੀ ਜਵਾਨੀ ਦੇ ਅੱਜ ਵਾਲੇ ਮਹਾਂ ਸੰਮੇਲਨ ਦੀ ਮਹਾਨਤਾ ਇਸ ਗਲ ਵਿਚ ਹੈ ਕਿ ਇਹ, ਕਿਸਾਨ ਤਹਿਰੀਕ ਤੋਂ ਬਾਅਦ, ਹੋ ਰਿਹਾ ਪਹਿਲਾ ਵੱਡਾ ਰਾਜਸੀ ਐਕਸ਼ਨ ਹੈ। ਵਿਦਿਆ ਦੇ ਭਗਵੇਂਕਰਨ ਵਿਰੁਧ ਭਾਰਤ ਦੇ ਕਿਸੇ ਯੂਨੀਵਰਸਿਟੀ ਕੈਂਪਸ ਉਪਰ ਸੰਘ ਪਰਿਵਾਰ ਨੂੰ ਅਜਿਹੇ ਕਿਸੇ ਖੁਲੇ ਹਮਲੇ ਦਾ ਸਾਹਮਣਾ ਨਹੀਂ ਕਰਨਾ ਪਿਆ। ਪੰਜਾਬ ਵਿਚੋਂ ਉਭਰ ਰਹੇ ਇਸ "ਖਤਰੇ" ਦੀਆਂ ਜੜ੍ਹਾਂ ਤਰਨ ਤਾਰਨ ਦੀ ਚੋਣ ਮੁਹਿੰਮ ਵਿਚ ਵਾਰਸ ਪੰਜਾਬ ਵਾਲੇ ਨੌਜਵਾਨਾਂ ਦੀ ਤਹਿਰੀਕ ਨੂੰ ਵੇਖਿਆ ਜਾ ਰਿਹਾ ਹੈ। ਸੰਘ ਪਰਿਵਾਰ ਅਤੇ ਬਾਦਲ ਅਕਾਲੀ ਦਲ ਦੋਵੇਂ ਇਸ ਸਥਿਤੀ ਨੂੰ ਬਹੁਤ ਖਤਰਨਾਕ ਰੁਝਾਨ ਵੇਖਦੇ ਹਨ।

ਤਿੰਨ ਗੱਲਾਂ ਬਿਲਕੁਲ ਸਾਫ ਹੋ ਗਈਆਂ :

- ਪੰਜਾਬ ਦੇ ਗ੍ਰਿਹ ਤੇ ਪੁਲਿਸ ਵਿਭਾਗ ਹੁਣ ਕੇਂਦਰ ਦੇ ਕੰਟਰੋਲ ਵਿਚ ਹਨ। ਵਿਧਾਨ ਜੋ ਮਰਜ਼ੀ ਬੋਲੀ ਜਾਵੇ ਉਸ ਦਾ ਕੋਈ ਮਤਲਬ ਹੀ ਨਹੀਂ ਰਹਿ ਗਿਆ।
- ਭਗਵੰਤ ਮਾਨ ਬੀਜੇਪੀ/ਸੈਂਟਰ ਨਾਲ ਸਾਂਝ ਬਣਾਈ ਬੈਠਾ ਕੇਂਦਰ ਦਦੇ ਹੁਕਮ ਦੀ ਪਾਲਣਾ ਕਰ ਰਿਹਾ ਹੈ।
- ਕੇਂਦਰੀ ਹੋਮ ਮਨਿਸਟਰ ਨੂੰ ਯੂਨੀਅਨ ਟੈਰੇਟਰੀਆਂ/ਸਟੇਟਾਂ ਤੇ ਚੋਣਾਂ/ਉਪ ਚੋਣਾਂ ਦੇ ਰਾਜਸੀ ਝੰਜਟਾਂ ਤੋਂ ਸਿਰ ਖੁਰਕਣ ਦੀ ਵੀ ਵਿਹਲ ਨਹੀਂ। ਉਸ ਨੇ, ਪੁਲਿਸ ਸਮੇਤ, ਪੰਜਾਬ ਦੇ ਕੁੰਜੀ-ਵੱਤ ਮਹਿਕਮਿਆਂ ਦਾ ਕੰਮ ਹਰਿਆਣਾ ਦੀ ਬੀਜੇਪੀ ਸਰਕਾਰ ਕੋਲ "ਆਊਟ ਸੋਰਸ" ਕਰ ਦਿਤਾ ਹੈ। ਹਰਿਆਣਾ ਸਰਕਾਰ, ਉਸ ਦੀ ਪੁਲਿਸ ਅਤੇ ਖੁਫੀਆ ਏਜੰਸੀਆਂ ਇਹ ਕਾਰਜ ਬਾਖੂਬੀ, ਚੁਪਚਾਪ ਨਿਭਾ ਰਹੀਆਂ ਹਨ। ਪੰਜਾਬ ਇਕ ਕਲੋਨੀਅਲ ਮਕਬੂਜ਼ਾ ਉਪ-ਸਟੇਟ ਬਣ ਕੇ ਰਹਿ ਗਿਆ ਹੈ।

-ਸੁਖਦੇਵ ਸਿੰਘ ਸੀਨੀਅਰ ਪੱਤਰਕਾਰ

3 ਸਫ਼ੇ ਦੀ ਬਾਕੀ

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਵਿੱਚ ਅਜੇ ਤੱਕ ਅਜਿਹਾ ਵਿਆਪਕ ਵਿਦਰੋਹ ਨਹੀਂ ਹੋਇਆ, ਪਰ 37 ਕਰੋੜ ਨੌਜਵਾਨ (25 ਸਾਲ ਤੋਂ ਘੱਟ ਉਮਰ ਵਾਲੇ) ਵਿੱਚ ਵਧਦੀ ਨਿਰਾਸ਼ਾ ਖ਼ਤਰਨਾਕ ਸੰਕੇਤ ਦੇ ਰਹੀ ਹੈ। 8 ਫ਼ੀਸਦੀ ਬੇਰੁਜ਼ਗਾਰੀ, ਨੌਕਰੀ ਘੋਟਾਲੇ ਅਤੇ ਕੇਂਦਰ-ਰਾਜ ਵਿਚਕਾਰ ਵਿਤਕਰੇ ਨੇ ਬੇਚੈਨੀ ਵਧਾ ਦਿੱਤੀ ਹੈ। ਕਰਨਾਟਕ ਅਤੇ ਉੱਤਰਾਖੰਡ ਵਿੱਚ ਵਿਦਿਆਰਥੀ ਵਿਰੋਧ ਇਸ ਦੇ ਚਿੰਨ੍ਹ ਹਨ। ਕੀ ਪੀਯੂ ਦਾ ਅੰਦੋਲਨ ਇਸ ਕ੍ਰਾਂਤੀ ਦੀ ਪਹਿਲੀ ਕੜੀ ਹੈ? ਸਿਆਸੀ ਮਾਹਿਰ ਕਹਿੰਦੇ ਹਨ, ਹਾਂ - ਕਿਉਂਕਿ ਇਹ ਨਾ ਸਿਰਫ਼ ਸਿੱਖਿਆ ਨਾਲ ਜੁੜਿਆ, ਸਗੋਂ ਫੈਡਰਲ ਮੁੱਦਿਆਂ ਨੌਜਵਾਨਾਂ ਦੀ ਬੇਚੈਨੀ ਨਾਲ ਵੀ ਜੁੜ ਗਿਆ ਹੈ।

ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦਾ ਹਾਲ ਹੀ ਵਿੱਚ ਦਿੱਤਾ ਭਾਸ਼ਣ ਇਸ ਚਿੰਤਾ ਨੂੰ ਖੁੱਲ੍ਹ ਕੇ ਬਿਆਨ ਕਰਦਾ ਹੈ। ਨਵੰਬਰ 2025 ਵਿੱਚ ਦਿੱਤੇ ਭਾਸ਼ਣ ਵਿੱਚ ਉਨ੍ਹਾਂ ਨੇ ਗੁਆਂਢੀ ਦੇਸ਼ਾਂ ਵਿੱਚ 'ਗੈਰ-ਸੰਵਿਧਾਨਕ ਸੱਤਾ ਪਰਿਵਰਤਨ' ਨੂੰ ਖ਼ਰਾਬ ਸ਼ਾਸਨ ਦਾ ਨਤੀਜਾ ਦੱਸਿਆ। ਉਨ੍ਹਾਂ ਕਿਹਾ, "ਕੋਈ ਸ਼ਕਤੀ ਉਸ ਰਾਸ਼ਟਰ ਦੀ ਰਾਖੀ ਨਹੀਂ ਕਰ ਸਕਦੀ ਜਿੱਥੇ ਲੋਕ ਸ਼ਾਸਨ ਵਿੱਚ ਵਿਸ਼ਵਾਸ ਗੁਆ ਬੈਠਣ।" ਡੋਵਾਲ ਮੁਤਾਬਕ, ਲੋਕਤੰਤਰ 'ਦਲਗਤ ਰਾਜਨੀਤੀ' ਅਤੇ 'ਵੰਡ' ਪੈਦਾ ਕਰਦੀ ਹੈ, ਜਿੱਥੇ 25 ਫ਼ੀਸਦੀ ਸਮਰਥਨ ਨਾਲ ਸੱਤਾ ਹਾਸਲ ਕਰਨ ਲਈ ਸਮਾਜ ਨੂੰ ਟੁਕੜਿਆਂ ਵਿੱਚ ਵੰਡਿਆ ਜਾਂਦਾ ਹੈ। ਉਹ ਜੈਨ-ਜ਼ੀ ਅੰਦੋਲਨਾਂ ਨੂੰ 'ਨਕਾਰਾਤਮਕ ਧਾਰਨਾਵਾਂ' ਨਾਲ ਜੋੜਦੇ ਹਨ, ਜੋ ਵਿਦੇਸ਼ੀ ਏਜੰਸੀਆਂ ਜਾਂ ਅੰਦਰੂਨੀ ਆਲੋਚਕਾਂ ਤੋਂ ਆਉਂਦੀਆਂ ਹਨ ਅਤੇ ਨੌਜਵਾਨਾਂ ਨੂੰ ਉਤੇਜਿਤ ਕਰ ਸਕਦੀਆਂ ਹਨ। ਡੋਵਾਲ ਸਰਕਾਰੀ ਨੀਤੀਆਂ ਨੂੰ ਲੋਕ ਪੱਖੀ ਬਣਾਉਣ ਅਤੇ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਉੱਤੇ ਜ਼ੋਰ ਦਿੰਦੇ ਹਨ। ਉਨ੍ਹਾਂ ਨੇ ਮੋਦੀ ਸਰਕਾਰ ਦੀਆਂ 'ਕਾਮਯਾਬੀਆਂ' - ਭ੍ਰਿਸ਼ਟਾਚਾਰ ਉੱਤੇ ਲਗਾਮ ਅਤੇ ਪਾਰਦਰਸ਼ਿਤਾ ਨੂੰ ਗਿਣਾਇਆ ਹੈ, ਪਰ ਨਕਾਰਾਤਮਕ ਧਾਰਨਾਵਾਂ ਨੂੰ ਚੁਣੌਤੀ ਦੇਣ ਵਾਲੀ 'ਪ੍ਰਭਾਵੀ ਰਣਨੀਤੀ' ਦੀ ਪੈਰਵੀ ਕੀਤੀ। ਡੋਵਾਲ ਜਾਣਦੇ ਹਨ ਕਿ ਪ੍ਰਚਾਰ ਤੰਤਰ (ਮੀਡੀਆ ਮੈਨੇਜਮੈਂਟ) ਕਮਜ਼ੋਰ ਪੈ ਰਿਹਾ ਹੈ, ਅਤੇ ਜ਼ਮੀਨੀ ਹਕੀਕਤ ਕੁਝ ਹੋਰ ਹੈ। ਉਹ ਸੁਧਾਰਾਂ ਉੱਤੇ ਜ਼ੋਰ ਦਿੰਦੇ ਹਨ।

### ਭਾਰਤ ਸਰਕਾਰ ਦਾ ਸੰਕਟ ਕੀ ਹੈ, ਕੀ ਸੁਧਾਰ ਦੀ ਲੋੜ?

ਜ਼ਮੀਨੀ ਹਕੀਕਤਾਂ ਬਹੁਤ ਸਖ਼ਤ ਹਨ। 2014 ਵਿੱਚ 'ਅੱਛੇ ਦਿਨਾਂ' ਦੇ ਵਾਅਦੇ ਤੋਂ ਬਾਅਦ, ਅੱਜ ਨੌਜਵਾਨ ਵਿੱਚ ਨਿਰਾਸ਼ਾ ਵਧ ਰਹੀ ਹੈ। ਪੁਲ ਡਿੱਗਣਾ, ਟਰੇਨ ਹਾਦਸੇ, ਟਰੰਪ ਦੇ ਟੈਰਿਫ਼ ਵਾਰ ਅਤੇ ਐਚ-1ਬੀ ਵੀਜ਼ਾ ਵਿਵਾਦ ਨੇ 'ਵਿਕਾਸ ਕਥਾ' ਦੀ ਮਿਥ ਨੂੰ ਭੰਨ ਦਿੱਤਾ ਹੈ। ਬੇਰੁਜ਼ਗਾਰੀ ਦਰ 8 ਫ਼ੀਸਦੀ ਤੋਂ ਵੱਧ ਹੈ, ਅਤੇ ਨੌਕਰੀ ਘੋਟਾਲੇ ਨੇ ਨੌਜਵਾਨਾਂ ਨੂੰ ਨਿਰਾਸ਼ ਕੀਤਾ ਹੈ। 2024 ਚੋਣਾਂ ਵਿੱਚ ਭਾਜਪਾ ਨੂੰ ਨੁਕਸਾਨ ਹੋਇਆ, ਜੋ ਇਸ ਨਿਰਾਸ਼ਾ ਦਾ ਨਤੀਜਾ ਸੀ। ਕੇਂਦਰ-ਰਾਜ ਵਿਚਕਾਰ ਵਿਤਕਰੇ - ਜਿਵੇਂ ਪੰਜਾਬ ਨੂੰ ਵਧੇਰੇ ਫੰਡ ਨਾ ਦੇਣਾ - ਨੇ ਰਾਜਾਂ ਵਿੱਚ ਬੇਚੈਨੀ ਵਧਾ ਦਿੱਤੀ ਹੈ। ਪੀਯੂ ਵਰਗੇ ਅੰਦੋਲਨ ਇਸ ਨੂੰ ਕੌਮਾਂਤਰੀ ਰੰਗ ਦਿੰਦੇ ਹਨ। ਸਿਆਸੀ ਮਾਹਿਰ ਕਹਿੰਦੇ ਹਨ ਕਿ ਸਰਕਾਰ ਤਾਨਾਸ਼ਾਹੀ ਨਾਲ ਅੰਦੋਲਨਾਂ ਨੂੰ ਹਮੇਸ਼ਾ ਨਹੀਂ ਦਬਾ ਸਕਦੀ - ਲੋਕ ਪੱਖੀ ਨੀਤੀਆਂ ਅਪਣਾਉਣੀਆਂ ਪੈਣਗੀਆਂ।

# ਜਿਹਾਦੀ ਗਿਰੋਹ ਦਾ ਪਰਦਾਫਾਸ਼, ਤਿੰਨ ਡਾਕਟਰਾਂ ਸਮੇਤ 8 ਗ੍ਰਿਫ਼ਤਾਰ

## ✪ 2900 ਕਿੱਲੋ ਵਿਸਫੋਟਕ ਤੇ ਵੱਡੀ ਮਾਤਰਾ ਵਿਚ ਅਸਲ੍ਹਾ ਫੜਿਆ

ਸ੍ਰੀਨਗਰ-ਦਿੱਲੀ ਵਿਚ ਧਮਾਕੇ ਤੋਂ ਪਹਿਲਾਂ ਜੰਮੂ-ਕਸ਼ਮੀਰ ਪੁਲਿਸ ਨੇ ਜੈਸ਼-ਏ-ਮੁਹੰਮਦ ਅਤੇ ਅੰਸਾਰ ਗਜ਼ਵਤ-ਉਲ-ਹਿੰਦ ਸੰਗਠਨਾਂ ਨਾਲ ਜੁੜੇ ਅਤੇ ਕਸ਼ਮੀਰ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਤੱਕ ਫੈਲੇ ਇਕ 'ਵਾਈਟ ਕਾਲਰ' ਜਿਹਾਦੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ, ਜਿਸ 'ਚ ਤਿੰਨ ਡਾਕਟਰਾਂ ਸਮੇਤ ਸੱਤ ਵਿਅਕਤੀਆਂ ਨੂੰ ਗਿ,ਫ਼ਤਾਰ ਕੀਤਾ ਹੈ ਅਤੇ 2900 ਕਿੱਲੋਗਰਾਮ ਵਿਸਫੋਟਕ, ਏ.ਕੇ 56 ਤੇ ਏ.ਕੇ 47 ਰਾਈਫਲਾਂ ਅਤੇ ਵੱਡੀ ਗਿਣਤੀ 'ਚ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਕਾਰਵਾਈ ਜੰਮੂ-ਕਸ਼ਮੀਰ, ਫ਼ਰੀਦਾਬਾਦ ਅਤੇ ਉੱਤਰ ਪ੍ਰਦੇਸ਼ ਪੁਲਿਸ ਵਲੋਂ ਸਾਂਝੇ ਤੌਰ 'ਤੇ ਕੀਤੀ ਗਈ ਅਤੇ ਸਾਂਝੇ ਆਪ੍ਰੇਸ਼ਨ 'ਚ ਪੁਲਿਸ ਦੇ ਨਾਲ-ਨਾਲ ਕੇਂਦਰੀ ਏਜੰਸੀਆਂ ਵੀ ਸ਼ਾਮਿਲ ਹਨ। 15 ਦਿਨਾਂ ਦੇ ਆਪ੍ਰੇਸ਼ਨ ਦੇ ਬਾਅਦ ਗ੍ਰਿਫ਼ਤਾਰ ਕੀਤੇ ਵਿਅਕਤੀਆਂ 'ਚ ਤਿੰਨ ਡਾਕਟਰ ਵੀ ਸ਼ਾਮਿਲ ਹਨ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ 19 ਅਕਤੂਬਰ ਨੂੰ ਸ਼ਹਿਰ ਦੇ ਬਨਪੋਰਾ ਨੌਗਾਮ ਖੇਤਰ ਵਿਚ ਵੱਖ-ਵੱਖ ਥਾਵਾਂ 'ਤੇ ਜੈਸ਼-ਏ-ਮੁਹੰਮਦ ਦੇ ਕਈ ਪੋਸਟਰ ਚਿਪਕਾਏ ਗਏ ਸਨ। ਜਿਸ ਸੰਬੰਧੀ ਪੁਲਿਸ ਸਟੇਸ਼ਨ ਨੌਗਾਮ ਵਿਖੇ ਯੂ.ਏ.ਪੀ.ਏ ਐਕਟ, ਬੀ.ਐਨ.ਐਸ, ਵਿਸਫੋਟਕ ਪਦਾਰਥ ਐਕਟ ਅਤੇ ਆਰਮਜ਼ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ ਅਤੇ ਜਾਂਚ ਸ਼ੁਰੂ ਕੀਤੀ ਗਈ ਸੀ।



ਜਾਂਚ ਦੌਰਾਨ ਇੱਕ ਵ੍ਹਾਈਟ ਕਾਲਰ ਅੱਤਵਾਦੀ ਨੈੱਟਵਰਕ ਦਾ ਪਤਾ ਲਗਾਇਆ ਗਿਆ, ਜਿਸ 'ਚ ਕੱਟੜਪੰਥੀ ਪੇਸ਼ੇਵਰ ਅਤੇ ਵਿਦਿਆਰਥੀ ਸ਼ਾਮਿਲ ਹਨ ਜੋ ਪਾਕਿਸਤਾਨ ਅਤੇ ਹੋਰ ਦੇਸ਼ਾਂ ਤੋਂ ਕੰਮ ਕਰ ਰਹੇ ਵਿਦੇਸ਼ੀ ਹੈਂਡਲਰਾਂ ਦੇ ਸੰਪਰਕ ਵਿਚ ਹਨ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਆਰਿਫ਼ ਨਿਸਾਰ ਡਾਰ, ਯਾਸੀਰ-ਉਲ-ਅਸ਼ਰਫ਼ ਅਤੇ ਮਕਸੂਦ ਅਹਿਮਦ ਡਾਰ ਉਰਫ਼ ਸ਼ਾਹਿਦ ਸਾਰੇ ਨੌਗਾਮ, ਸ੍ਰੀਨਗਰ ਦੇ ਰਹਿਣ ਵਾਲੇ, ਮੌਲਵੀ ਇਰਫਾਨ ਅਹਿਮਦ (ਮਸਜਿਦ ਦਾ ਇਮਾਮ) ਵਾਸੀ ਸ਼ੋਪੀਆਂ, ਜ਼ਮੀਰ ਅਹਿਮਦ ਅਹੰਗਰ ਵਾਸੀ ਗੰਦਰਬਲ, ਡਾ. ਮੁਜ਼ਮਿਲ ਅਹਿਮਦ ਗਨੀ ਪੁਲਵਾਮਾ, ਡਾ. ਅਦੀਲ ਵਾਸੀ ਵਾਨਪੋਰਾ (ਕੁਲਗਾਮ) ਅਤੇ ਡਾ. ਸ਼ਾਹੀਨ ਲਖਨਊ ਵਜੋਂ ਹੋਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਡਾ. ਗਨੀ ਅਤੇ ਡਾ.ਅਦੀਲ ਦੇ ਫ਼ੋਨ ਵਿਚੋਂ ਕਈ ਪਾਕਿਸਤਾਨੀ ਨੰਬਰ ਵੀ ਮਿਲੇ ਹਨ ਅਤੇ ਉਹ ਇਸ ਨੈੱਟਵਰਕ ਦੇ ਸੰਭਾਵਿਤ ਹੈਂਡਲਰ ਹੋ ਸਕਦੇ ਹਨ। ਹੁਣ ਤੱਕ ਦੀ ਜਾਂਚ ਵਿਚ ਅਪਰਾਧਿਕ ਦਸਤਾਵੇਜ਼, ਇਲੈਕਟ੍ਰਾਨਿਕ ਉਪਕਰਨ, ਹਥਿਆਰ/ਗੋਲਾ ਬਾਰੂਦ ਅਤੇ ਆਈ.ਈ.ਡੀ. ਬਣਾਉਣ ਵਾਲੀ ਸਮੱਗਰੀ ਬਰਾਮਦ ਹੋਈ ਹੈ। ਉਨ੍ਹਾਂ ਕਿਹਾ ਕਿ ਬਰਾਮਦ ਕੀਤੀਆਂ ਗਈਆਂ ਚੀਜ਼ਾਂ 'ਚ ਗੋਲਾ ਬਾਰੂਦ ਸਮੇਤ ਇੱਕ ਚੀਨੀ ਸਟਾਰ ਪਿਸਤੌਲ, ਗੋਲਾ ਬਾਰੂਦ ਸਮੇਤ ਇੱਕ ਬੇਰੇਟਾ ਪਿਸਤੌਲ, ਗੋਲਾ ਬਾਰੂਦ ਸਮੇਤ ਇੱਕ ਏ.ਕੇ 56 ਰਾਈਫ਼ਲ, ਗੋਲਾ ਬਾਰੂਦ ਸਮੇਤ ਇੱਕ ਏ.ਕੇ ਕਿਰਕੋਵ ਰਾਈਫ਼ਲ, 2900 ਕਿੱਲੋਗਰਾਮ ਆਈ. ਈ. ਡੀ. ਬਣਾਉਣ ਵਾਲੀ ਸਮੱਗਰੀ, ਜਿਸ ਵਿਚ ਵਿਸਫੋਟਕ, ਰਸਾਇਣ, ਇਲੈਕਟ੍ਰਾਨਿਕ ਸਰਕਟ, ਬੈਟਰੀਆਂ, ਤਾਰਾਂ, ਰਿਮੋਟ ਕੰਟਰੋਲ, ਟਾਈਮਰ ਅਤੇ ਹੋਰ ਸਾਮਾਨ ਸ਼ਾਮਿਲ ਹੈ।

### ਫ਼ਰੀਦਾਬਾਦ ਵਿਚ ਕਸ਼ਮੀਰੀ ਡਾਕਟਰ ਗ੍ਰਿਫ਼ਤਾਰ

ਫ਼ਰੀਦਾਬਾਦ 'ਚ ਇਕ ਕਸ਼ਮੀਰੀ ਡਾਕਟਰ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ ਕਰੀਬ 360 ਕਿੱਲੋਗਰਾਮ ਵਿਸਫੋਟਕ ਪਦਾਰਥ ਅਤੇ ਵੱਡੀ ਗਿਣਤੀ 'ਚ ਹਥਿਆਰ ਬਰਾਮਦ ਕੀਤੇ ਹਨ। ਪੁਲਿਸ ਨੇ ਦੱਸਿਆ ਕਿ ਦੋਸ਼ੀ ਦੀ ਪਹਿਚਾਣ ਡਾ. ਮੁਜ਼ਾਮਿਲ ਵਜੋਂ ਹੋਈ ਹੈ, ਜੋ ਅਲ ਫਲਾਹ ਯੂਨੀਵਰਸਿਟੀ ਵਿਚ ਅਧਿਆਪਕ ਹੈ।ਫ਼ਰੀਦਾਬਾਦ ਦੇ ਪੁਲਿਸ ਕਮਿਸ਼ਨਰ ਸਤੇਂਦਰ ਕੁਮਾਰ ਗੁਪਤਾ ਨੇ ਦੱਸਿਆ ਕਿ ਸਥਾਨਕ ਪੁਲਿਸ ਅਤੇ ਜੰਮੂ-ਕਸ਼ਮੀਰ ਪੁਲਿਸ ਦੀ ਸਾਂਝੀ ਟੀਮ ਨੇ ਡਾਕਟਰ ਸ਼ਕੀਲ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਤਲਾਸ਼ੀ ਦੌਰਾਨ ਉਸ ਦੇ ਕਮਰੇ 'ਚੋਂ ਕਰੀਬ 360 ਕਿੱਲੋ ਅਮੋਨੀਆ ਨਾਈਟ੍ਰੇਟ ਵਰਗਾ ਸ਼ੱਕੀ ਵਿਸਫੋਟਕ, ਇਕ ਕੈਰਮ ਕਾਕ ਰਾਈਫ਼ਲ, ਦੋ ਆਟੋਮੈਟਿਕ ਪਿਸਤੌਲ, 84 ਕਾਰਤੂਸ, ਪੰਜ ਲੀਟਰ ਰਸਾਇਣ, 20 ਟਾਈਮਰ ਬੈਟਰੀਆਂ ਅਤੇ 14 ਬੈਗ ਬਰਾਮਦ ਕੀਤੇ ਗਏ ਹਨ।

### ਲਖਨਊ ਦੀ ਮਹਿਲਾ ਡਾਕਟਰ ਗ੍ਰਿਫ਼ਤਾਰ

ਇਸੇ ਮਾਮਲੇ ਵਿਚ ਲਖਨਊ ਦੀ ਇੱਕ ਮਹਿਲਾ ਡਾਕਟਰ ਸ਼ਾਹੀਨ ਨੂੰ ਗ੍ਰਿਫ਼ਤਾਰ ਕਰਕੇ ਉਸ ਦੀ ਕਾਰ ਵਿਚੋਂ ਇੱਕ ਏਕੇ-47 ਰਾਈਫ਼ਲ ਬਰਾਮਦ ਕੀਤੀ ਗਈ ਹੈ। ਅਧਿਕਾਰੀਆਂ ਨੇ ਕਿਹਾ ਕਿ ਡਾ. ਸ਼ਾਹੀਨ ਨੂੰ ਹਿਰਾਸਤ ਵਿਚ ਲੈ ਕੇ ਪੁੱਛਗਿੱਛ ਲਈ ਹਵਾਈ ਰਸਤੇ ਸ੍ਰੀਨਗਰ ਲਿਆਂਦਾ ਗਿਆ ਹੈ।

# ਸੁਪਰੀਮ ਕੋਰਟ ਵਲੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਬਾਰੇ ਐਨ ਐਸ ਏ ਵਾਲੀ ਪਟੀਸ਼ਨ 'ਤੇ ਸੁਣਵਾਈ ਤੋਂ ਇਨਕਾਰ

## ✪ ਸੁਪਰੀਮ ਕੋਰਟ ਦਾ ਫੈਸਲਾ ਇੱਥੇ ਆਉਣ ਤੋਂ ਪਹਿਲਾਂ ਹਾਈਕੋਰਟ ਵਿੱਚ ਜਾਣਾ ਚਾਹੀਦਾ ਹੈ

ਦਿੱਲੀ-ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਇੱਕ ਵੱਡਾ ਝਟਕਾ ਲੱਗਾ ਹੈ। ਨੈਸ਼ਨਲ ਸਕਿਓਰਿਟੀ ਐਕਟ ਨੂੰ ਲੈ ਕੇ ਦਾਇਰ ਕੀਤੀ ਗਈ ਉਨ੍ਹਾਂ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਬੀਤੇ ਦਿਨੀਂ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਅੰਮ੍ਰਿਤਪਾਲ ਨੇ 31 ਅਕਤੂਬਰ ਨੂੰ ਇਹ ਪਟੀਸ਼ਨ ਦਾਇਰ ਕਰਕੇ ਆਪਣੇ 'ਤੇ ਲਾਗੂ ਕੀਤੇ ਗਏ ਨੈਸ਼ਨਲ ਸਕਿਓਰਿਟੀ ਐਕਟ ਦਾ ਵਿਰੋਧ ਕੀਤਾ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਪਟੀਸ਼ਨਕਰਤਾ ਨੂੰ ਇੱਥੇ ਆਉਣ ਤੋਂ ਪਹਿਲਾਂ ਹਾਈਕੋਰਟ ਵਿੱਚ ਜਾਣਾ ਚਾਹੀਦਾ ਹੈ। ਅਦਾਲਤ ਨੇ ਹਾਈਕੋਰਟ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਇਸ ਮਾਮਲੇ ਦੀ ਸੁਣਵਾਈ ਛੇ ਹਫ਼ਤਿਆਂ ਦੇ ਅੰਦਰ ਪੂਰੀ ਕਰੇ। ਇਸ ਮਾਮਲੇ ਦੀ ਸੁਣਵਾਈ ਜਸਟਿਸ ਅਰਵਿੰਦ ਕੁਮਾਰ ਅਤੇ ਜਸਟਿਸ ਐਨ. ਵੀ. ਅੰਜਾਰੀਆ ਦੇ ਬੈਂਚ ਦੇ ਸਾਹਮਣੇ ਹੋਈ।



ਅੰਮ੍ਰਿਤਪਾਲ ਸਿੰਘ ਵੱਲੋਂ ਦਾਇਰ ਕੀਤੀ ਗਈ ਸੀ ਪਟੀਸ਼ਨ-ਪਟੀਸ਼ਨ ਵਿੱਚ ਭਾਰਤ ਸਰਕਾਰ, ਪੰਜਾਬ ਸਰਕਾਰ ਤੋਂ ਇਲਾਵਾ ਅੰਮ੍ਰਿਤਸਰ ਦੇ ਡੀਸੀ, ਅੰਮ੍ਰਿਤਸਰ ਦੇ ਐਸਐਸਪੀ (ਰੂਰਲ) ਅਤੇ ਸੁਪਰਿਟੈਂਡੈਂਟ ਡਿਬਰੂਗੜ੍ਹ ਜੇਲ੍ਹ ਨੂੰ ਵੀ ਧਿਰ ਬਣਾਇਆ ਗਿਆ ਸੀ। ਅੰਮ੍ਰਿਤਪਾਲ ਦੇ ਵਕੀਲਾਂ ਨੇ ਦਲੀਲ ਦਿੱਤੀ ਸੀ ਕਿ ਐਨਐਸਏ ਲਗਾਉਣਾ ਉਨ੍ਹਾਂ ਦੀ ਨਿੱਜੀ ਆਜ਼ਾਦੀ ਦੀ ਉਲੰਘਣਾ ਹੈ ਅਤੇ ਉਨ੍ਹਾਂ ਦੀ ਹਿਰਾਸਤ ਖ਼ਤਮ ਕੀਤੀ ਜਾਣੀ ਚਾਹੀਦੀ ਹੈ। ਅੰਮ੍ਰਿਤਪਾਲ ਸਿੰਘ ਦੀ ਪਟੀਸ਼ਨ ਵਿੱਚ ਇਹ ਵੀ ਮੰਗ ਕੀਤੀ ਗਈ ਸੀ ਕਿ ਉਨ੍ਹਾਂ ਨੂੰ ਸੰਸਦ ਦੇ ਸੈਸ਼ਨਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦਿੱਤੀ ਜਾਵੇ, ਜਿਸ ਨੂੰ ਉਨ੍ਹਾਂ ਦੀ ਹਿਰਾਸਤ ਕਾਰਨ ਰੋਕਿਆ ਗਿਆ ਹੈ। ਪਟੀਸ਼ਨ ਵਿੱਚ ਕਿਹਾ ਗਿਆ ਸੀ ਕਿ ਇੱਕ ਸੰਸਦ ਮੈਂਬਰ ਦੇ ਕੰਮਕਾਜ ਨੂੰ ਰੋਕਣਾ ਉਨ੍ਹਾਂ ਦੇ ਚੋਣ ਖੇਤਰ ਦੇ ਜਮਹੂਰੀ ਅਧਿਕਾਰਾਂ ਦੀ ਉਲੰਘਣਾ ਹੈ।

ਜ਼ਿਕਰਯੋਗ ਹੈ ਕਿ ਜਿਸ ਕਤਲ ਕਾਂਡ ਨੂੰ ਲੈ ਕੇ ਸੰਸਦ ਮੈਂਬਰ ਅੰਮ੍ਰਿਤਪਾਲ 'ਤੇ ਨੈਸ਼ਨਲ ਸਕਿਓਰਿਟੀ ਐਕਟ ਵਧਾਇਆ ਗਿਆ ਹੈ, ਉਹ ਮਾਮਲਾ 9 ਅਕਤੂਬਰ 2024 ਦਾ ਹੈ। ਪੁਲਿਸ ਦੀ ਐਸ.ਆਈ.ਟੀ. ਦੀ ਜਾਂਚ ਵਿੱਚ ਕਤਲ ਦੀ ਸਾਜ਼ਿਸ਼ ਵਿੱਚ ਗੈਂਗਸਟਰ ਅਰਸ਼ ਡੱਲਾ ਦੇ ਨਾਲ ਅੰਮ੍ਰਿਤਪਾਲ ਸਿੰਘ ਦਾ ਨਾਮ ਵੀ ਸਾਹਮਣੇ ਆਇਆ ਸੀ। ਅੰਮ੍ਰਿਤਪਾਲ ਇਸ ਸਮੇਂ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ।

# ਰੂਸ ਵਿਚ ਗੁਆਚੇ ਹੋਏ ਲੁਧਿਆਣਾ ਦੇ ਗਭਰੂ ਦੀ ਲੱਭਣ ਦੀ ਆਸ ਵਧੀ

## ✪ ਵਿਦੇਸ਼ ਮੰਤਰਾਲੇ ਨੇ 14 ਲੋਕਾਂ ਦੀ ਸੂਚੀ ਭੇਜੀ, ਸਮਰਜੀਤ ਦਾ ਨਾਮ ਵੀ ਸ਼ਾਮਲ

ਲੁਧਿਆਣਾ-ਰੂਸ ਵਿੱਚ ਲਾਪਤਾ ਹੋਏ ਲੁਧਿਆਣਾ ਦੇ ਸਮਰਜੀਤ ਸਿੰਘ ਦੇ ਲੱਭਣ ਦੀ ਉਮੀਦ ਹੈ। ਵਿਦੇਸ਼ ਮੰਤਰਾਲੇ ਵੱਲੋਂ ਰੂਸ ਭੇਜੀ ਗਈ 14 ਨੌਜਵਾਨਾਂ ਦੀ ਸੂਚੀ ਵਿੱਚ ਲੁਧਿਆਣਾ ਦੇ ਸਮਰਜੀਤ ਸਿੰਘ ਦਾ ਨਾਮ ਵੀ ਸ਼ਾਮਲ ਹੈ। ਇਸ ਨਾਲ ਉਸਦੇ ਮਾਪਿਆਂ ਨੂੰ ਕੁਝ ਰਾਹਤ ਮਿਲੀ ਹੈ। ਫਿਰ ਵੀ ਮਾਪੇ ਆਪਣੇ ਪੁੱਤਰ ਦਾ ਪਤਾ ਲਗਾਉਣ ਲਈ ਇੱਕ ਨੇਤਾ ਤੋਂ ਦੂਜੇ ਨੇਤਾ ਤੱਕ ਚੱਕਰ ਲਗਾ ਰਹੇ ਹਨ।

ਸਮਰਜੀਤ ਸਿੰਘ ਦੇ ਪਿਤਾ ਚਰਨਜੀਤ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ, ਜਿਨ੍ਹਾਂ ਦੇ ਬੱਚੇ ਰੂਸ ਵਿੱਚ ਫਸੇ ਹੋਏ ਹਨ, ਉਨ੍ਹਾਂ ਦੇ ਪਰਿਵਾਰਾਂ ਨੇ ਜੰਤਰ-ਮੰਤਰ 'ਤੇ ਵਿਰੋਧ ਪ੍ਰਦਰਸ਼ਨ ਕੀਤਾ ਸੀ। ਜਿਸ 'ਤੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਬੁਲਾਇਆ ਸੀ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਰਾਜਾਂ ਦੇ 27 ਨੌਜਵਾਨਾਂ ਦੇ ਨਾਮ ਵਿਦੇਸ਼ ਮੰਤਰਾਲੇ ਨੂੰ ਸੌਂਪੇ ਗਏ ਸਨ। ਉਸੇ ਸਮੇਂ, ਵਿਦੇਸ਼ ਮੰਤਰਾਲੇ ਨੇ ਉਨ੍ਹਾਂ ਨੂੰ 14 ਨੌਜਵਾਨਾਂ ਦੀ ਸੂਚੀ ਦਿਖਾਈ ਜੋ ਉਨ੍ਹਾਂ ਨੇ ਰੂਸ ਭੇਜੇ ਸਨ। ਉਨ੍ਹਾਂ ਦੇ ਪੁੱਤਰ ਸਮਰਜੀਤ ਦਾ ਨਾਮ ਵੀ ਇਸ ਵਿੱਚ ਸ਼ਾਮਲ ਸੀ। ਉਨ੍ਹਾਂ ਕਿਹਾ ਕਿ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ



ਕਿ ਇਹ ਸੂਚੀ ਰੂਸੀ ਵਿਦੇਸ਼ ਮੰਤਰਾਲੇ ਨੂੰ ਭੇਜ ਦਿੱਤੀ ਗਈ ਹੈ ਅਤੇ ਇਸ ਦਾ ਜਵਾਬ ਆਉਣ ਵਾਲਾ ਹੈ। ਉਨ੍ਹਾਂ ਕਿਹਾ ਕਿ ਤਿੰਨ ਨੌਜਵਾਨ ਜਲਦੀ ਹੀ ਵਾਪਸ ਆ ਜਾਣਗੇ, ਜਦੋਂ ਕਿ ਬਾਕੀ ਨੌਜਵਾਨਾਂ ਲਈ ਵਿਚਾਰ-ਵਟਾਂਦਰਾ ਜਾਰੀ ਹੈ। ਚਰਨਜੀਤ ਸਿੰਘ ਨੇ ਕਿਹਾ ਕਿ ਵਿਦੇਸ਼ ਮੰਤਰਾਲੇ ਦੇ ਇਸ ਭਰੋਸੇ ਨੇ ਉਨ੍ਹਾਂ ਨੂੰ ਉਮੀਦ ਦਿੱਤੀ ਹੈ ਕਿ ਉਨ੍ਹਾਂ ਦਾ ਪੁੱਤਰ ਵਾਪਸ ਆਵੇਗਾ। ਚਰਨਜੀਤ ਸਿੰਘ ਨੇ ਕਿਹਾ ਕਿ ਜਦੋਂ ਉਸਨੇ ਸੁਣਿਆ ਕਿ ਉਸਦੇ ਪੁੱਤਰ ਦਾ ਨਾਮ 14 ਬੱਚਿਆਂ ਦੀ ਸੂਚੀ ਵਿੱਚ ਹੈ ਤਾਂ ਉਸਨੂੰ ਕੁਝ ਰਾਹਤ ਮਹਿਸੂਸ ਹੋਈ, ਪਰ ਜਦੋਂ ਤੱਕ ਉਹ ਆਪਣੇ ਪੁੱਤਰ ਨਾਲ ਗੱਲ ਨਹੀਂ ਕਰਦਾ, ਉਸਨੂੰ ਸ਼ਾਂਤੀ ਨਹੀਂ ਮਿਲੇਗੀ। ਉਸਨੇ ਕਿਹਾ ਕਿ ਕੁਝ ਦਿਨ ਪਹਿਲਾਂ, ਰੂਸ ਤੋਂ ਇੱਕ ਵੀਡੀਓ ਸਾਹਮਣੇ ਆਇਆ ਸੀ ਅਤੇ ਉਹ ਉਸ ਵੀਡੀਓ ਵਿੱਚ ਵੀ ਆਪਣੇ ਪੁੱਤਰ ਨੂੰ ਲੱਭ ਰਿਹਾ ਸੀ, ਪਰ ਸਮਰਜੀਤ ਉਸ ਵੀਡੀਓ ਵਿੱਚ ਵੀ ਨਹੀਂ ਦਿਖਾਈ ਦਿੱਤਾ।


**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to:**
**Panjab Times, Bridle Gate Lane, Derby, DE24 0QW**
**or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# ਡੋਨਾਲਡ ਟਰੰਪ ਵੱਲੋਂ ਪੰਜਾਬੀ ਡਰਾਈਵਰਾਂ ਲਈ ਸਖਤ ਸੰਦੇਸ਼ ਜਾਰੀ

ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਟਰੂਥ ਸੋਸ਼ਲ ਤੇ ਇਕ ਪੋਸਟ ਸ਼ੇਅਰ ਕਰ ਪੰਜਾਬੀ ਡਰਾਈਵਰਾਂ ਨੂੰ ਸਖਤ ਸੰਦੇਸ਼ ਦਿੱਤਾ ਹੈ। ਉਨ੍ਹਾਂ ਨੇ ਇਕ ਤਸਵੀਰ ਸਾਂਝੀ ਕੀਤੀ, ਜਿਸ ਵਿਚ 7200 ਤੋਂ ਵੱਧ ਪੰਜਾਬੀ ਟਰੱਕ ਡਰਾਈਵਰ ਅੰਗਰੇਜ਼ੀ ਟੈਸਟ ਵਿਚ ਫੇਲ੍ਹ ਹੋ ਗਏ ਅਤੇ ਆਊਟ ਆਫ ਸਰਵਿਸ ਕਰ ਦਿੱਤਾ ਗਿਆ। ਦੱਸ ਦਈਏ ਕਿ ਅਮਰੀਕਾ ਦੇ ਡਿਪਾਰਟਮੈਂਟ ਆਫ਼ ਟ੍ਰਾਂਸਪੋਰਟੇਸ਼ਨ (ਡੀ.ਓ.ਟੀ.) ਵੱਲੋਂ ਵਪਾਰਕ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਦੀ ਲਾਜ਼ਮੀ ਸ਼ਰਤ ਵਾਲੇ ਫੈਡਰਲ ਨਿਯਮ 49 ਸੀ. ਐੱਫ. ਆਰ. 391.11 (ਬੀ) (2) ਦੀ ਸਖ਼ਤੀ ਨਾਲ ਲਾਗੂ ਕਰਨ ਤੋਂ ਬਾਅਦ ਹਜ਼ਾਰਾਂ ਡਰਾਈਵਰਾਂ ਦੀ ਨੌਕਰੀ ਤੇ ਖਤਰਾ ਮੰਡਰਾ ਰਿਹਾ ਹੈ।ਅਧਿਕਾਰਕ ਅੰਕੜਿਆਂ ਅਨੁਸਾਰ, ਅਕਤੂਬਰ 2025 ਤੱਕ 7,200 ਤੋਂ ਵੱਧ ਵਪਾਰਕ ਟਰੱਕ ਡਰਾਈਵਰਾਂ ਨੂੰ ਆਊਟ ਆਫ ਸਰਵਿਸ ਕਰ ਦਿੱਤਾ ਗਿਆ ਹੈ, ਕਿਉਂਕਿ ਉਹ ਰੋਡਸਾਈਡ ਇੰਗਲਿਸ਼ ਲੈਂਗਵੇਜ ਪ੍ਰੋਫਿਸੈਂਸੀ (ਈ.ਐੱਲ.ਪੀ.) ਟੈਸਟ ਪਾਸ ਕਰਨ ਚ ਅਸਫਲ ਰਹੇ। ਇਹ ਕਾਰਵਾਈ ਉਸ ਸਮੇਂ ਸ਼ੁਰੂ ਹੋਈ, ਜਦੋਂ ਭਾਰਤੀ ਮੂਲ ਦੇ ਡਰਾਈਵਰਾਂ ਨਾਲ ਜੁੜੀਆਂ ਕਈ ਮਾਰੂਕ ਹਾਦਸਿਆਂ ਨੇ ਅਮਰੀਕੀ ਹਾਈਵੇ ਸੁਰੱਖਿਆ ਤੇ ਸਵਾਲ ਖੜ੍ਹੇ ਕੀਤੇ।

ਡੀ.ਓ.ਟੀ. ਵੱਲੋਂ ਕਿਹਾ ਗਿਆ ਹੈ ਕਿ ਇਹ ਨੀਤੀ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਹੈ, ਪਰ ਇਮੀਗ੍ਰੈਂਟ ਡਰਾਈਵਰਾਂ ਦੇ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਇਸ ਨੂੰ ਭੇਦਭਾਵਪੂਰਨ ਕਰਾਰ ਦਿੱਤਾ ਹੈ। ਉਨ੍ਹਾਂ ਦਾ ਮਤ ਹੈ ਕਿ ਇਸ ਸਖ਼ਤ ਨੀਤੀ ਨਾਲ ਭਾਰਤੀ ਮੂਲ ਅਤੇ ਲਾਤੀਨੀ ਡਰਾਈਵਰਾਂ ਤੇ ਅਸੰਗਤ ਪ੍ਰਭਾਵ ਪੈਂਦਾ ਹੈ, ਜਿਸ ਨਾਲ ਸਪਲਾਈ ਚੇਨ ਵਿਚ ਵੀ ਵਿਘਨ ਪੈ ਸਕਦਾ ਹੈ।

# ਸਾਊਥਾਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਧੂਮਧਾਮ ਨਾਲ ਮਨਾਏ




ਭਾਈ ਹਰਜਿੰਦਰ ਸਿੰਘ ਅਤੇ ਸਾਥੀ ਸ਼ਬਦ ਗਾਇਨ ਕਰਦੇ ਹੋਏ

**ਲੰਡਨ -(ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰ-ਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਦੋਹਾਂ ਗੁਰੂ ਘਰਾਂ ਵਿੱਚ ਗੁਰਬਾਣੀ ਕੀਰਤਨ, ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਗੁਰ ਇਤਿਹਾਸ ਅਤੇ ਗੁਰ ਸੰਦੇਸ਼ ਸਰਵਣ ਕਰਵਾਏ ਗਏ।**

ਗੁਰੂ ਘਰ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲ੍ਹੀ ਨੇ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਜੋ ਉਪਦੇਸ਼ ਦਿੱਤਾ ਉਸ ਨੂੰ ਕਰ ਕੇ ਵੀ ਵਿਖਾਇਆ। ਕਿਰਸਾਨੀ ਕਰਨੀ, ਪ੍ਰਚਾਰ ਕਰਨਾ ਅਤੇ ਨਾਮ ਦੀ ਦਾਤ ਦੇਣ ਦੇ ਅਣਗਿਣਤ ਹਵਾਲੇ ਇਤਿਹਾਸ ਵਿੱਚ ਦਰਜ਼ ਹਨ। ਜਿਨ੍ਹਾਂ ਨੂੰ ਅੱਜ ਦੇ ਸਮੇਂ ਸਿੱਖਾਂ ਨੂੰ ਅਪਣਾਉਣ ਦੀ ਲੋੜ ਹੈ ਅਤੇ ਵਿਸ਼ਵ ਭਰ ਵਿੱਚ ਪ੍ਰਚਾਰਨ ਦੀ ਲੋੜ ਹੈ।

ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ, ਕੇਵਲ ਸਿੰਘ ਰਣਦੇਵਾ, ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ, ਸੁਰਿੰਦਰ ਸਿੰਘ ਢੱਟ, ਜੈ ਸਿਮਰਨ ਸਿੰਘ, ਬਲਜਿੰਦਰ ਸਿੰਘ, ਇਸ਼ਟਮੀਤ ਸਿੰਘ ਫੁੱਲ ਆਦਿ ਨੇ ਵਿ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ। ਸਟੇਜ ਦੀ ਕਾਰਵਾਈ ਮਨਜੀਤ ਸਿੰਘ ਅਤੇ ਸਤਨਾਮ ਸਿੰਘ ਚੌਹਾਨ ਨੇ ਨਿਭਾਈ।


## JSR CONTRACTS LTD T/A
# JSR 247 RECOVERY

**Reliable Vehicle Transport & Recovery Services – Local and Nationwide**

We provide professional and efficient vehicle transport solutions tailored to your needs:



- Local and Nationwide Vehicle Transport – Single or multiple vehicles
- Trade Plate Deliveries & Collections – Fast and compliant vehicle movements
- Auction Collections & Dealership Transfers – Safe and timely service
- Transport for Non-Runners & Damaged Vehicles – Secure and careful handling
- Customer Handovers, Scheduled Deliveries, Professional presentation every time
- Flexible Scheduling & Competitive Pricing – Quality service that fits your budget

Whether you're a dealership, trader, or private customer, we ensure your vehicles are transported safely and on time.

**Contact us today for a reliable quote and hassle-free service!**

We are available 24X7 and cover Bilston, West Bromwich, Darlaston, Walsall, Wednesbury, Wednesfield, Willenhall, Wolverhampton, Dudley, Hilltop, Great Bridge and the surrounding areas for the recovery services. We have the full insurance.

## ਜੇ.ਐਸ.ਆਰ. 247 ਰਿਕਵਰੀ

ਵੱਲੋਂ ਆਪ ਜੀ ਦੀ ਸਹੂਲਤ ਲਈ ਕਾਰ ਰਿਕਵਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਆਪ ਜੀ ਦੇ ਸਹਿਯੋਗ ਦੀ ਲੋੜ ਹੈ।

**ਕਿਰਪਾ ਕਰਕੇ ਸੇਵਾ ਦਾ ਮੌਕਾ ਦਿਓ।**

* ਏਰੀਆ ਅਤੇ ਸਰਵਿਸ ਸੱਤੇ ਦਿਨ 24 ਘੰਟੇ ਤੁਹਾਡੀ ਸੇਵਾ ਵਿੱਚ ਹਾਜ਼ਿਰ ਹਨ।
* ਬਿਲਸਟਨ, ਵੈਸਟ ਬਰੋਮਵਿਚ, ਡਾਰਲਸਟਨ, ਵਾਲਸਾਲ, ਵੈਡਨਸਬਰੀ, ਵੈਡਨਸਫ਼ੀਲਡ, ਵਿਲਨਹਾਲ, ਵੁਲਵਰਹੈਂਪਟਨ, ਡਡਲੀ, ਹਿੱਲਟਾਪ, ਗ੍ਰੇਟ ਬ੍ਰਿਜ ਦੇ ਆਸ ਪਾਸ ਕਿਤੇ ਵੀ ਗੱਡੀ ਰਿਕਵਰੀ ਦੀ ਸਰਵਿਸ ਪ੍ਰਦਾਨ ਕਰਦੇ ਹਾਂ।
* ਇੱਕ ਜਾਂ ਵੱਧ ਕਾਰਾਂ, ਟ੍ਰੇਡ ਪਲੇਟ, ਲੋਕਲ ਜਾਂ ਪੂਰੇ ਯੂ ਕੇ ਵਿੱਚ ਚੱਕ ਤੇ ਛੱਡ ਸਕਦੇ ਹਾਂ।

ਸਾਡੇ ਕੋਲ ਪੂਰੀ ਇੰਸ਼ੋਰੈਂਸ ਹੈ।
ਤੁਹਾਨੂੰ ਘਬਰਾਉਣ ਦੀ ਕੋਈ ਲੋੜ ਨਹੀ।

ਵਧੇਰੇ ਜਾਣਕਾਰੀ ਜਾਂ ਬੁਕਿੰਗ ਲਈ ਹੇਠਾਂ ਦਿੱਤੇ ਨੰਬਰ ਜਾਂ ਈਮੇਲ ਰਾਹੀਂ ਸੰਪਰਕ ਕਰੋ:

**FOR MORE INFO CALL OR SEND MESSAGE TO:**

WhatsApp Phone: 07462 760 215
Email:info@jsr247recovery.com
www.jsr247recovery.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, BRIDLE GATE LANE, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਦੋ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

### ਘਰ ਦਾ ਕੰਮ

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Take a Punjabi news paper or a Punjabi book, find & write two letter words which have either of the following letters in it.
ਚ, ਛ, ਜ, ਝ, ਞ

Page 43 Level I




Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

**ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼**

**ਡਾ. ਚਰਨਜੀਤ ਸਿੰਘ ਗੁਮਟਾਲਾ**
0019375739812 (ਅਮਰੀਕਾ),
ਵਟਸਐਪ 919417533060

# ਤੇਗ ਤੇ ਕਲਮ ਦੇ ਧਨੀ: ਸ਼ਹੀਦ ਬਾਬਾ ਦੀਪ ਸਿੰਘ ਜੀ



ਬਾਬਾ ਦੀਪ ਸਿੰਘ ਦਾ ਜਨਮ 14 ਮਾਘ ਸੰਮਤ 1739 ਬਿਕਰਮੀ ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨ-ਤਾਰਨ ਵਿੱਚ ਮਾਤਾ ਜਿਉਣੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਗ੍ਰਹਿ ਵਿੱਚ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਦੀਪਾ ਸੀ।ਛੋਟੇ ਹੁੰਦਿਆਂ ਹੀ ਉਨ੍ਹਾਂ ਨੇ ਗੁਰਮੁੱਖੀ ਪੜ੍ਹੀ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਵਾਹੀ ਵੀ ਕੀਤੀ , ਨੇਜ਼ਾ ਸੁੱਟਣ ਅਤੇ ਘੋੜ ਸਵਾਰੀ ਵੀ ਕੀਤੀ। ਸਰੀਰਕ ਤੌਰ 'ਤੇ ਉਹ ਰਿਸ਼ਟ ਪੁਸ਼ਟ, ਚੰਗੇ ਕੱਦ ਕਾਠ ਵਾਲੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ ਤਾਂ ਇਸ ਦੀ ਚਰਚਾ ਪਿੰਡ ਪਿੰਡ ਹੋਣ ਲੱਗੀ। ਜਦ ਆਪ ਨੇ ਵੀ ਇਸ ਬਾਰੇ ਸੁਣਿਆ ਤਾਂ ਆਪ ਵੀ ਮਾਤਾ ਪਿਤਾ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿੱਚ ਜਾ ਨਿਵਾਜੇ। ਉਨ੍ਹਾਂ ਨੇ ਵੀ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕੀਤਾ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ ਸੀ।ਗੁਰੂ ਜੀ ਨੇ ਉਨ੍ਹਾਂ ਨੂੰ ਕੁਝ ਸਮਾਂ ਅਨੰਦਪੁਰ ਸਾਹਿਬ ਰਹਿਣ ਲਈ ਕਿਹਾ। ਉੱਥੇ ਰਹਿ ਕੇ ਆਪ ਲੰਗਰ ਦੀ ਸੇਵਾ ਦੇ ਨਾਲ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅਰਥ ਸਮਝਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਨੇ ਆਪ ਨੂੰ ਗੁਰਮੁੱਖੀ, ਅਰਬੀ, ਫਾਰਸੀ ਭਾਸ਼ਾ ਦੀ ਪੜ੍ਹਾਈ ਕਰਾਕੇ ਇੱਕ ਸੁਘੜ ਵਿਦਵਾਨ ਬਣਾ ਦਿੱਤਾ।

ਅਨੰਦਪੁਰ ਵਿਖੇ ਰਹਿੰਦੇ ਹੋਏ ਉਨ੍ਹਾਂ ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ ਤੇ ਨਾਲ ਹੀ ਸ਼ਸਤਰ ਯੁੱਧ ਵਿੱਚ ਵੀ ਜੂਝਣ ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤਰ੍ਹਾਂ 20-22 ਸਾਲ ਦੀ ਉਮਰ ਵਿੱਚ ਆਪ ਇੱਕ ਸੂਝਵਾਨ ਵਿਦ-ਵਾਨ ਤੇ ਸੂਰਬੀਰ ਜੋਧੇ ਬਣ ਗਏ। ਇੱਕ ਪਾਸੇ ਪਵਿੱਤਰ ਗੁਰਬਾਣੀ ਦਾ ਗਿਆਨ ਕਰਵਾਉਂਦੇ ਗੁਰੂ ਜੀ ਦੇ ਆਦੇਸ਼ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਾਕੇ ਸਿੱਖਾਂ ਵਿੱਚ ਨਵਾਂ ਧਾਰਮਿਕ ਜੋਸ਼ ਭਰਦੇ, ਦੂਜੇ ਪਾਸੇ ਸਿੰਘ ਸੂਰਮਿਆਂ ਦੇ ਜਥੇ ਤਿਆਰ ਕਰਕੇ ਲੋੜ ਸਮੇਂ ਮੈਦਾਨੇ ਜੰਗ ਭੇਜਦੇ।

ਮੁਕਤਸਰ ਦੀ ਜੰਗ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਇਸ ਥਾਂ ਗੁਰੂ ਜੀ ਨੂੰ ਮਿਲੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਈ ਮਨੀ ਸਿੰਘ ਤੋਂ ਲਿਖਵਾਉਂਦਿਆਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਨੂੰ ਵੀ ਸ਼ਾਮਿਲ ਕਰਵਾਇਆ। ਅੰਤਮ ਰੂਪ ਦਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਵੀ ਸਹਾਇਤਾ ਕੀਤੀ, ਜਿਨ੍ਹਾਂ ਨੂੰ ਇੱਕ ਸਿੰਘ ਭਾਈ ਸ਼ੇਰ ਸਿੰਘ ਨੂੰ ਪਹੁੰਵਿੰਡ ਭੇਜ ਕੇ ਬੁਲਾਇਆ ਗਿਆ ਸੀ। ਆਪ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਦੇ ਸਨ। ਇਸ ਬੀੜ ਨੂੰ ਦਮਦਮੇ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਜੋ ਇਸ ਸਮੇਂ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਹੈ।

ਬਾਬਾ ਦੀਪ ਸਿੰਘ ਦੀ ਲਿਖਾਈ ਅਤੇ ਅੱਖਰਾਂ ਦੀ ਬਨਾਵਟ ਬਹੁਤ ਸੁੰਦਰ ਸੀ। ਗੁਰੂ ਜੀ ਨੇ ਆਪ ਨੂੰ ਚਾਰ ਹੱਥ ਲਿਖਤਾਂ ਬੀੜ ਤਿਆਰ ਕਰਨ ਲਈ ਕਿਹਾ। ਇਹ ਕੰਮ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਪੂਰਨ ਕੀਤਾ ਤੇ ਇਸ ਉਪਰ 1716 ਤੋਂ 1726 ਈ. ਤੱਕ ਦਾ ਸਮਾਂ ਲੱਗਾ ਤੇ ਇਨ੍ਹਾਂ ਬੀੜਾਂ ਨੂੰ ਚਾਰੇ ਤਖ਼ਤਾਂ ਨੂੰ ਭੇਜਿਆ।

ਬਾਬਾ ਦੀਪ ਸਿੰਘ ਅਰਬੀ ਫ਼ਾਰਸੀ ਦੇ ਵੀ ਵਿਦਵਾਨ ਸਨ।ਆਪ ਜੀ ਨੇ ਲਗਾਤਾਰ ਮਿਹਨਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਬੀ ਭਾਸ਼ਾ ਵਿੱਚ ਤਰਜਮਾ ਕੀਤਾ। ਇਹ ਪਵਿੱਤਰ ਬੀੜ ਸ. ਕ੍ਰਿਪਾਲ ਸਿੰਘ ਦੇ ਕਥਨ ਅਨੁਸਾਰ ਅੱਜ ਕੱਲ੍ਹ ਬਗ਼ਦਾਦ ਯੂਨੀਵਰਸਿਟੀ ਵਿੱਚ ਸੰਭਾਲ ਕੇ ਰੱਖੀ ਹੋਈ ਹੈ।

ਜਦ ਬੰਦਾ ਸਿੰਘ ਬਹਾਦਰ 1709 ਈ. ਵਿੱਚ ਪੰਜਾਬ ਆਇਆ ਤਾਂ ਗੁਰੂ ਸਾਹਿਬ ਦੇ ਅਨੁਯਾਈਆਂ ਵਿੱਚ ਬਾਬਾ ਦੀਪ ਸਿੰਘ ਵੀ ਸਾਬੋ ਕੀ ਤਲਵੰਡੀ ਤੋਂ ਆਣ ਮਿਲੇ। ਉਨ੍ਹਾਂ ਨੇ ਵੱਖ ਵੱਖ ਇਲਾਕਿਆਂ ਨੂੰ ਜਿੱਤਣ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ। ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ ਕੁਝ ਇਲਾਕੇ 'ਤੇ ਕਬਜ਼ਾ ਲਿਆ ਜਿਹੜਾ ਮੁਹੰਮਦ ਅਮੀਨ ਖਾਂ ਕੋਲ ਸੀ ਤੇ ਫਿਰ ਆਪਣੇ ਸਾਥੀਆਂ ਦਯਾਲ ਸਿੰਘ ਤੇ ਨੱਥਾ ਸਿੰਘ ਨੂੰ ਸੌਂਪ ਦਿੱਤਾ। ਸੰਨ 1708 ਤੋਂ 1715 ਸੰਨ ਤੀਕ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਡ ਗੁਰ-ਦਾਸ ਨੰਗਲ (ਨੇੜੇ ਗੁਰਦਾਸਪੁਰ) ਵਿੱਚ ਸ਼ਾਹੀ ਫੌਜਾਂ ਘੇਰ ਲਿਆ। ਉਸ ਦਾ ਸਾਥ ਆਪਣੇ ਹੀ ਕਈ ਸਾਥੀ ਛੱਡ ਗਏ। ਹਵੇਲੀ ਅੰਦਰ ਖਾਣ ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਉਸ ਨੂੰ ਸਾਥੀਆਂ ਸਮੇਤ 7 ਦਸੰਬਰ ਸੰਨ 1715 ਈ. ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿੱਲੀ ਲਿਜਾ ਕੇ 700 ਸਾਥੀਆਂ ਵਿੱਚ ਸ਼ਹੀਦ ਕਰ ਦਿੱਤਾ ਗਿਆ।

17 ਵੀਂ ਸਦੀ ਵਿੱਚ ਸਾਰਾ ਖ਼ਾਲਸਾ ਪੰਥ ਜੰਗਲਾਂ ਅਤੇ ਪਹਾੜਾਂ ਵਿੱਚੋਂ ਬਾਹਰ ਆ ਕੇ ਇਕੱਠਾ ਹੋ ਗਿਆ। ਖ਼ਾਲਸਾ ਪੰਥ 12 ਮਿਸਲਾਂ ਵਿੱਚ ਵੰਡਿਆ ਗਿਆ ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ। ਇਨ੍ਹਾਂ ਵਿੱਚੋਂ ਇੱਕ ਮਿਸਲ ਸੀ ਸ਼ਹੀਦ ਮਿਸਲ ਸੀ । ਬਾਬਾ ਦੀਪ ਸਿੰਘ ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਥਾਪੇ ਗਏ। ਇਸ ਸਦੀ ਅੰਦਰ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਖ਼ੂਬ ਲੁਟਿਆ ਤੇ ਇੱਥੋਂ ਦੀਆਂ ਬਹੁ-ਬੇਟੀਆਂ ਦੀ ਇੱਜ਼ਤ ਦਾ ਵੀ ਖਿਲਵਾੜ ਕੀਤਾ। ਮਿਸਲਾਂ ਦੇ ਜਥੇਦਾਰਾਂ ਨੇ ਇਕੱਠੇ ਹੋ ਕੇ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤ ਦਾ ਲੁਟਿਆ ਬਹੁਤ ਕੀਮਤੀ ਸਾਮਾਨ ਵਾਪਿਸ ਦਿਵਾਇਆ ਜਾਂਦਾ ਰਿਹਾ।

5 ਫਰਵਰੀ ਸੰਨ 1762 ਈ. ਨੂੰ ਕੁੱਪ ਰਹੀੜੇ ਦੇ ਅਸਥਾਨ 'ਤੇ ਹੋਏ ਵੱਡੇ ਘਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਦੁਰਾਨੀ ਜਦ ਮੁੜਦਿਆਂ ਵਾਪਸ ਲਾਹੌਰ ਵੱਲ ਆਇਆ ਤਾਂ ਰਸਤੇ ਵਿੱਚ ਸਿੰਘਾਂ ਉੱਪਰ ਖਿਝੇ ਹੋਏ ਨੇ ਸਿੰਘਾਂ ਦਾ ਬੀਜ ਨਾਸ ਕਰਨ ਲਈ ਸ੍ਰੀ ਅੰਮ੍ਰਿਤਸਰ ਦਾ ਤਾਲ ਮਿੱਟੀ ਨਾਲ ਭਰਵਾ ਦਿੱਤਾ ਤੇ 10 ਅਪ੍ਰੈਲ ਸੰਨ 1762 ਈ. ਮੁ. 1819 ਬਿਕਰਮੀ ਨੂੰ ਨੀਹਾਂ ਹੇਠ ਬਾਰੂਦ ਦੇ ਕੁੱਪੇ ਰੱਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉਡਾ ਦਿੱਤਾ।

ਇਸ ਹਮਲੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਇਨਚਾਰਜ ਜਮਾਲ ਖਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸਾਬੋ ਕੀ ਤਲਵੰਡੀ ਦੇ ਅਸਥਾਨ 'ਤੇ ਪੁੱਜੀ ਤਾਂ ਆਪ ਦੇ ਦਿਲ 'ਤੇ ਅਸਹਿ ਸੱਟ ਵੱਜੀ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤ੍ਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਆਸ-ਪਾਸ ਦੇ ਨਗਰਾਂ ਤੇ ਟਿਕਾਣਿਆਂ 'ਤੇ ਇਤਲਾਹ ਦਿੱਤੀ ਗਈ। ਵੱਖ-ਵੱਖ ਨਗਰਾਂ ਤੋਂ ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਵਿੱਚ ਪਾਵਨ ਧਰਮ ਅਸਥਾਨ ਦੀ ਰੱਖਿਆ ਲਈ ਹਾਜ਼ਰ ਹੋਏ। ਇਸ ਤਰ੍ਹਾਂ ਦਲ ਖਾਲਸਾ ਦੀ ਗਿਣਤੀ ਅਣਗਿਣਤ ਹੋ ਗਈ। ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜੱਥਾ ਮਾਝੇ ਦੇ ਇਲਾਕੇ ਅੰਦਰ ਦਾਖਲ ਹੋਇਆ। ਤਰਨ-ਤਾਰਨ ਸਾਹਿਬ ਦੇ ਪਾਵਨ ਅਸਥਾਨ ਵਿਖੇ ਪਹੁੰਚ ਕੇ ਸਿੰਘਾਂ ਦੇ ਸਾਰੇ ਸਮੂਹ ਨੇ ਅਰਦਾਸ ਕੀਤੀ। । ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰਕੇ ਅੰਮ੍ਰਿਤਸਰ ਵੱਲ ਵਧਣ ਲੱਗੇ।

ਤਰਨ ਤਾਰਨ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘਾਂ ਦੇ ਜਥੇ ਨਾਲ ਦੁਸ਼ਮਣ ਦੀ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ ਵਿੱਚ ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਬਾਬਾ ਦੀਪ ਸਿੰਘ ਜੀ ਸਵਾ ਮਣ ਦਾ ਦੋ-ਧਾਰਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਮਾਲ ਖਾਨ ਅੱਗੇ ਵਧਿਆ ਤੇ ਬਾਬਾ ਜੀ 'ਤੇ ਵਾਰ ਕਰਨ ਲੱਗਾ। ਅੱਗੋਂ ਬਾਬਾ ਜੀ ਨੇ ਵੀ ਵਾਰ ਕੀਤਾ। ਇਸ ਸਾਂਝੇ ਵਾਰ ਵਿੱਚ ਬਾਬਾ ਜੀ ਨੇ ਉਸ ਮੁਗ਼ਲ ਕਮਾਂਡਰ ਨੂੰ ਤਾਂ ਥਾਂ 'ਤੇ ਹੀ ਖ਼ਤਮ ਕਰ ਦਿੱਤਾ ਪਰ ਨਾਲ ਹੀ ਇਨ੍ਹਾਂ ਦੀ ਧੌਣ ਉੱਤੇ ਇੱਕ ਘਾਤਕ ਘਾਉ ਲੱਗਾ, ਜਿਸ ਨਾਲ ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ ਸੀ, ਉਸ ਅਸਥਾਨ 'ਤੇ ਗੁਰਦੁਆਰਾ ਟਾਹਲਾ ਸਾਹਿਬ ਸੁਸ਼ੋਭਿਤ ਹੈ।



ਇੱਕ ਸਿੰਘ ਨੇ ਹੱਥ ਜੋੜਕੇ ਬਾਬਾ ਜੀ ਨੂੰ ਆਪਣਾ ਪ੍ਰਣ ਯਾਦ ਕਰਵਾਇਆ। ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿੱਚ ਆ ਗਿਆ ਤੇ ਓਹਨਾ ਆਪਣਾ ਪਾਵਨ ਸੀਸ਼ ਖੱਬੇ ਹੱਥ ਤੇ ਧਰ ਕੇ ਆਪਣਾ ਖੰਡਾ ਵਾਹੁੰਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਤਕ ਜਾ ਪਹੁੰਚੇ।ਪਰਕਰਮਾਂ ਵਿਚ ਲਹਿੰਦੇ ਪਾਸੇ ਇਸ ਸਥਾਨ ਦੇ ਸਾਹਮਣੇ ਗੁਰਦੁਆਰਾ ਸੁਸ਼ੋਬਿਤ ਹੈ। ਇਥੋਂ ਤਕ ਅੱਪੜਦਿਆਂ ਬਾਬਾ ਜੀ ਨੇ ਕਈ ਪਠਾਣ ਤੇ ਅਫ਼ਗਾਨ ਮਾਰ ਮੁਕਾਏ ਸਨ। ਇਸ ਤਰ੍ਹਾਂ ਇਸ ਘਮਸਾਨ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫੌਜ ਦੇ ਹੌਸਲੇ ਟੁੱਟ ਗਏ ਤੇ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ।

ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੇੜੇ ਇੱਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਉਸ ਥੜ੍ਹੇ ਉੱਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ:

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈਂਡ ਜਥੇਦਾਰ 2.ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ 3.ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ 4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ 5.ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ 6.ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ 7.ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ 8.ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ 9.ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ 10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰ-ਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰ ਗਏ। ਚਾਟੀਵਿੰਡ ਗੇਟ ਦੇ ਨਾਲ ਬਾਬਾ ਦੀਪ ਸਿੰਘ ਜੀ ਦਾ ਸਸਕਾਰ ਜਿੱਥੇ ਕੀਤਾ ਗਿਆ, ਉੱਥੇ ਉਨ੍ਹਾਂ ਸ਼ਹੀਦੀ ਅਸਥਾਨ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਸੁਸ਼ੋਬਿਤ ਹੈ ।

ਗੁਰਦੁਆਰਾ ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖਤ ਸਾਹਿਬ ਦੇ ਸ਼ਸਤਰਾਂ ਵਿੱਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ।

# ਪਾਕਿ ਵਿਚ ਇਤਿਹਾਸਕ ਗੁਰਦੁਆਰਿਆਂ ਦੀ ਖਸਤਾ ਹਾਲਤ 'ਤੇ ਵਿਦੇਸ਼ੀ ਸਿੱਖਾਂ ਵਲੋਂ ਚਿੰਤਾ ਜ਼ਾਹਿਰ, ਪੀ ਐੱਮ ਨੂੰ ਅਪੀਲ



✪ ਕਸੂਰ ਅਤੇ ਲਾਹੌਰ ਨੇੜੇ ਹੋਰ ਖੰਡਰ ਬਣੇ ਗੁਰਦੁਆਰੇ

ਅੰਮ੍ਰਿਤਸਰ-ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨ ਲਈ ਪਹੁੰਚੀ ਵਿਦੇਸ਼ੀ ਸਿੱਖ ਸੰਗਤ ਨੇ ਇਤਿਹਾਸਕ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਖਰਾਬ ਹਾਲਤ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਰੱਖ-ਰਖਾਅ ਦੀ ਘਾਟ ਕਾਰਨ ਢਹਿ ਰਹੀਆਂ ਇਮਾਰਤਾਂ ਨੂੰ ਬਚਾਉਣ ਲਈ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਹੈ। ਪ੍ਰਵਾਸੀ ਸਿੱਖ ਭਾਈਚਾਰੇ ਨੇ ਕਿਹਾ ਕਿ ਇਹ ਗੁਰਦੁਆਰੇ ਸਿੱਖ ਪੰਥ ਦੀ ਵਿਰਾਸਤ ਹਨ, ਪਰ ਅਣਗਹਿਲੀ ਕਾਰਨ ਉਹ ਖੰਡਰਾਂ ਵਿੱਚ ਬਦਲ ਰਹੇ ਹਨ। ਉਨ੍ਹਾਂ ਨੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੂੰ ਖੱਤ ਲਿਖ ਕੇ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ।

ਪਾਕਿਸਤਾਨ ਦੇ ਵੱਖ-ਵੱਖ ਇਲਾਕਿਆਂ ਵਿੱਚ ਲਗਭਗ 150 ਤੋਂ ਵੱਧ ਇਤਿਹਾਸਕ ਗੁਰਦੁਆਰੇ ਹਨ, ਜੋ ਸਿੱਖਾਂ ਲਈ ਧਾਰਮਿਕ ਅਤੇ ਇਤਿਹਾਸਕ ਮਹੱਤਵ ਰੱਖਦੇ ਹਨ। ਪਰ ਪ੍ਰਵਾਸੀ ਸਿੱਖਾਂ ਨੇ ਦੱਸਿਆ ਕਿ ਭਾਰਤ-ਪਾਕਿ ਸਰਹੱਦ ਨੇੜੇ ਵਾਲੇ ਗੁਰਦੁਆਰੇ ਵਿਸ਼ੇਸ਼ ਤੌਰ 'ਤੇ ਨਜ਼ਰਅੰਦਾਜ਼ ਹੋ ਰਹੇ ਹਨ। ਜ਼ਿਲ੍ਹਾ ਗੁੱਜਰਾਂਵਾਲਾ ਦੇ ਵਜ਼ੀਰਾਬਾਦ ਵਿੱਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਕੋਠਾ ਸਾਹਿਬ, ਜਿੱਥੇ ਗੁਰੂ ਹਰਗੋਬਿੰਦ ਸਾਹਿਬ ਜੀ ਕਸ਼ਮੀਰ ਤੋਂ ਵਾਪਸੀ ਦੌਰਾਨ ਠਹਿਰੇ ਸਨ, ਦਾ ਵੱਡਾ ਹਿੱਸਾ ਢਹਿ ਗਿਆ ਹੈ। ਇਹ ਇਮਾਰਤ ਹੁਣ ਸ਼ਰਨਾਰਥੀਆਂ ਦੇ ਕਬਜ਼ੇ ਵਿੱਚ ਹੈ ਅਤੇ ਰੱਖਿਆ ਲਈ ਕੋਈ ਯਤਨ ਨਹੀਂ ਹੋ ਰਹੇ। ਇਸੇ ਤਰ੍ਹਾਂ, ਜ਼ਿਲ੍ਹਾ ਕਸੂਰ ਦੇ ਪਿੰਡ ਕੰਗਣਪੁਰ ਵਿੱਚ ਗੁਰਦੁਆਰਾ ਮਾਲ ਜੀ ਸਾਹਿਬ ਦੇ ਵੱਡੇ ਹਿੱਸੇ ਵਿੱਚ ਇੱਕ ਪੁਲਿਸ ਅਧਿਕਾਰੀ ਨੇ ਆਪਣੀ ਰਿਹਾਇਸ਼ ਬਣਾ ਲਈ ਹੈ, ਜਦਕਿ ਬਾਕੀ ਭਾਗ ਖੰਡਰਾਂ ਵਿੱਚ ਬਦਲ ਰਿਹਾ ਹੈ।

ਵਿਦੇਸ਼ੀ ਸਿੱਖਾਂ ਨੇ ਹੋਰ ਵੀ ਚਿੰਤਾਜਨਕ ਹਾਲਾਤਾਂ ਦਾ ਜ਼ਿਕਰ ਕੀਤਾ। ਕਸੂਰ ਦੇ ਪਿੰਡ ਕਾਦੀਵਿੰਡ ਵਿੱਚ ਗੁਰੂ ਅਮਰਦਾਸ ਜੀ ਨਾਲ ਜੁੜੀ ਯਾਦਗਾਰ ਅਤੇ ਕਸੂਰ-ਫ਼ਿਰੋਜ਼ਪੁਰ ਰੋਡ 'ਤੇ ਬੀ.ਆਰ.ਬੀ. ਨਹਿਰ ਪਾਰ ਕਰਦਿਆਂ ਪਿੰਡ ਤਰਗੇ ਵਿਚਲੇ ਅਸਥਾਨ ਵੀ ਸੇਵਾ-ਸੰਭਾਲ ਦੀ ਘਾਟ ਕਾਰਨ ਪੂਰੀ ਤਰ੍ਹਾਂ ਖੰਡਰ ਬਣ ਗਏ ਹਨ। ਲਾਹੌਰ ਦੇ ਥਾਣਾ ਬਰਕੀ ਅਧੀਨ ਪਿੰਡ ਜਾਹਮਣ ਵਿੱਚ ਗੁਰਦੁਆਰਾ ਰੋੜੀ ਸਾਹਿਬ ਦੀ ਢਾਈ ਮੰਜ਼ਿਲਾਂ ਵਾਲੀ ਵਿਸ਼ਾਲ ਅਤੇ ਖੂਬਸੂਰਤ ਇਮਾਰਤ ਦਾ ਵੱਡਾ ਹਿੱਸਾ ਢਹਿ ਚੁੱਕਾ ਹੈ। ਇਸ ਤੋਂ ਇਲਾਵਾ, ਪਿੰਡ ਪਢਾਣਾ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਜੁੜੀ ਯਾਦਗਾਰ ਗੁਰਦੁਆਰਾ ਛੇਵੀਂ ਪਾਤਸ਼ਾਹੀ ਅਤੇ ਸਰਹੱਦੀ ਪਿੰਡਾਂ ਵਿੱਚ ਗੁਰਦੁਆਰਾ ਮੰਜੀ ਸਾਹਿਬ (ਢਿਲਵਾਂ), ਗੁਰਦੁਆਰਾ ਹਰਿਗੋਬਿੰਦ ਸਾਹਿਬ (ਰਾਮਪੁਰਾ ਖੁਰਦ) ਅਤੇ ਗੁਰਦੁਆਰਾ ਹਰਿਗੋਬਿੰਦ ਸਾਹਿਬ (ਝੱਲੀਆਂ) ਵਰਗੇ ਇਤਿਹਾਸਕ ਅਸਥਾਨ ਵੀ ਬਿਨਾਂ ਰੱਖ-ਰਖਾਅ ਕਾਰਣ ਬਰਬਾਦ ਹੋ ਰਹੇ ਹਨ।

ਪ੍ਰਵਾਸੀ ਸਿੱਖ ਭਾਈਚਾਰੇ ਨੇ ਕਿਹਾ ਕਿ ਇਹ ਹਾਲਾਤ ਨਾ ਸਿਰਫ਼ ਸਿੱਖ ਵਿਰਾਸਤ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ, ਸਗੋਂ ਪਾਕਿਸਤਾਨ ਦੀ ਸਾਂਝੀ ਸੱਭਿਆਚਾਰਕ ਵਿਰਾਸਤ ਨੂੰ ਵੀ ਖਤਰੇ ਵਿੱਚ ਪਾ ਰਹੀਆਂ ਹਨ। ਉਨ੍ਹਾਂ ਨੇ ਪੀਐੱਮ ਸ਼ਾਹਬਾਜ਼ ਸ਼ਰੀਫ਼ ਨੂੰ ਅਪੀਲ ਕੀਤੀ ਹੈ ਕਿ ਇਨ੍ਹਾਂ ਗੁਰਦੁਆਰਿਆਂ ਲਈ ਵਿਸ਼ੇਸ਼ ਫੰਡ ਬਣਾਇਆ ਜਾਵੇ ਅਤੇ ਰੱਖ-ਰਖਾਅ ਲਈ ਤੁਰੰਤ ਕਾਰਵਾਈ ਕੀਤੀ ਜਾਵੇ।

## ਜੇਲ੍ਹ ਤੋਂ ਬਾਹਰ ਆਏ ਨੌਜਵਾਨ ਦਾ ਇਕ ਹੱਥ ਵੱਢ ਕੇ ਲੈ ਗਏ ਹਮਲਾਵਰ

ਆਰ. ਐੱਸ. ਪੁਰਾ-ਮੀਰਾਂ ਸਾਹਿਬ ਇਲਾਕੇ ਦੇ ਲੰਗੋਟੀਆ ਪਿੰਡ ਵਿਚ ਬੀਤੀ ਰਾਤ ਕੁਝ ਅਣਪਛਾਤੇ ਲੋਕਾਂ ਵਲੋਂ ਪਿੰਡ ਦੇ ਇਕ ਨੌਜਵਾਨ ਕੁਲਬੀਰ ਭਗਤ ਪੁੱਤਰ ਭੂਸ਼ਣ ਲਾਲ ਨਿਵਾਸੀ ਲੰਗੋਟੀਆ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦੇਣ ਦੀ ਸੂਚਨਾ ਮਿਲੀ। ਇਸ ਹਮਲੇ ਤੋਂ ਬਾਅਦ ਹਮਲਾਵਰ ਨੌਜਵਾਨ ਦਾ ਇਕ ਹੱਥ ਵੱਢਕੇ ਆਪਣੇ ਨਾਲ ਲੈ ਗਏ। ਇਸ ਤੋਂ ਬਾਅਦ ਪੂਰੇ ਪਿੰਡ ਵਿਚ ਸਨਸਨੀ ਫੈਲ ਗਈ ਅਤੇ ਪਿੰਡ ਵਾਸੀਆਂ ਨੇ ਇਸ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ। ਸੂਚਨਾ ਮਿਲਦਿਆਂ ਹੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਜ਼ਖਮੀ ਨੌਜਵਾਨ ਨੂੰ ਜੀ. ਐੱਮ. ਸੀ. ਹਸਪਤਾਲ 'ਚ ਭਰਤੀ ਕਰਾਇਆ। ਜਾਣਕਾਰੀ ਮੁਤਾਬਕ ਕੁਲਬੀਰ ਭਗਤ ਇਕ ਖ਼ਤਰਨਾਕ ਬਦਮਾਸ਼ ਹੈ, ਜਿਸਨੂੰ ਸਾਲ 2024 ਵਿਚ ਪੁਲਸ ਨੇ ਪਬਲਿਕ ਸੇਫਟੀ ਐਕਟ ਤਹਿਤ ਗ੍ਰਿਫ਼ਤਾਰ ਕੀਤਾ ਸੀ। ਕੁਝ ਮਹੀਨੇ ਪਹਿਲਾਂ ਹੀ ਉਹ ਜੇਲ੍ਹ ਤੋਂ ਬਾਹਰ ਆਇਆ ਸੀ। ਪੁਲਿਸ ਅਨੁਸਾਰ ਇਸ ਹਮਲੇ ਦੇ ਪਿੱਛੇ ਉਸਦੇ ਵਿਰੋਧੀਆਂ ਦਾ ਹੱਥ ਹੋ ਸਕਦਾ ਹੈ। ਪੁਲਸ ਨੇ ਮਾਮਲਾ ਦਰਜ ਕਰ ਕੇ ਇਸ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ।

## ਬਾਲਯੋਗੀ ਬਾਬਾ ਪ੍ਰਗਟ ਨਾਥ ਵਲੋਂ ਭਾਰਤੀ ਦੂਤਾਵਾਸ ਦੇ ਉਪ ਰਾਜਦੂਤ ਨਾਲ ਮੁਲਾਕਾਤ ਕਰਕੇ ਕੀਤਾ ਵਿਸ਼ੇਸ਼ ਤੌਰ ਤੇ ਕੀਤਾ ਧੰਨਵਾਦ



ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) ਬੀਤੇ ਮਹੀਨਿਆਂ ਦੌਰਾਨ ਭਾਰਤੀ ਦੂਤਾਵਾਸ ਰੋਮ ਦੇ ਰਾਜਦੂਤ ਤੇ ਉਪ ਰਾਜਦੂਤ ਅਤੇ ਵਿਸ਼ੇਸ਼ ਤੌਰ ਤੇ ਭਾਰਤ ਸਰਕਾਰ ਦੇ ਯਤਨਾਂ ਸਦਕਾ ਇਟਲੀ ਦੇ ਕਸਬਾ ਕੰਪੋਰਤੋਨਦੋ (ਮਾਰਕੇ) ਵਿੱਚ ਨਗਰ ਕੌਂਸਲ ਦੀ ਸਹਾਇਤਾ ਨਾਲ ਭਗਵਾਨ ਵਾਲਮੀਕਿ ਮਹਾਰਾਜ ਜੀ ਦੀ ਯੂਰਪੀ ਧਰਤੀ ਉੱਤੇ ਪਲੇਠੀ ਮੂਰਤੀ ਦੀ ਸਥਾਪਨਾ ਕੀਤੀ ਗਈ ਸੀ । ਜਿਸ ਦੇ ਸਬੰਧ ਵਿੱਚ ਭਾਰਤ ਤੋ ਇਟਲੀ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਪ੍ਰਗਟ ਦਿਵਸ ਨੂੰ ਮਨਾਉਣ ਲਈ ਪਹੁੰਚੇ ਬਾਲਯੋਗੀ ਬਾਬਾ ਪ੍ਰਗਟ ਨਾਥ ਵੱਲੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਗਈ । ਉਨ੍ਹਾਂ ਵੱਲੋਂ ਬੀਤੇ ਦਿਨੀ ਭਗਵਾਨ ਵਾਲਮੀਕਿ ਸਭਾ ਯੂਰਪ ਦੇ ਪ੍ਰਧਾਨ ਦਲਵੀਰ ਭੱਟੀ ਤੇ ਇੰਡੋ ਇਟਾਲੀਅਨ ਵੈਲਫੇਅਰ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਵਿਸ਼ਨੂੰ ਕੁਮਾਰ ਸੋਨੀ ਦੇ ਨਾਲ ਵਿਸ਼ੇਸ਼ ਤੌਰ ਤੇ ਭਾਰਤੀ ਦੂਤਾਵਾਸ ਰੋਮ ਦੇ ਮੌਜੂਦਾ ਉਪ ਰਾਜਦੂਤ ਸ੍ਰੀ ਗੌਰਵ ਗਾਧੀ ਨਾਲ ਮੁਲਾਕਾਤ ਕੀਤੀ ਤੇ ਬਾਲਯੋਗੀ ਬਾਬਾ ਪ੍ਰਗਟ ਨਾਥ ਵੱਲੋਂ ਰਾਜਦੂਤ ਦਾ ਸਨਮਾਨ ਕੀਤਾ ਗਿਆ ਤੇ ਉਨ੍ਹਾਂ ਵੱਲੋਂ ਵਾਲਮੀਕਿ ਭਾਈਚਾਰੇ ਦੇ ਲੋਕਾਂ ਵਲੋ ਭਾਰਤ ਸਰਕਾਰ, ਭਾਰਤੀ ਦੂਤਾਵਾਸ ਦੇ ਉਸ ਸਮੇ ਦੇ ਰਾਜਦੂਤ ਮੈਡਮ ਵਾਨੀ ਰਾਓ ਤੇ ਉਪ ਰਾਜਦੂਤ ਸ੍ਰੀ ਅਮਰਾਰਾਮ ਗੁੱਜਰ ਤੇ ਨਗਰ ਕੌਂਸ਼ਲ ਦੇ ਮੇਅਰ ਮਾਸੀ ਮਿਲੀਆਨੋ ਮਿਊਚੀ ਦਾ ਉਚੇਚੇ ਤੌਰ ਤੇ ਧੰਨਵਾਦ ਕੀਤਾ । ਇਸ ਮੌਕੇ ਸਮਾਜ ਸੇਵੀ ਕਮਲਜੀਤ ਸਿੰਘ ਸਾਗੀ ਸਮੇਤ ਆਦਿ ਨਾਮਵਰ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

## ਸਵਰਗੀ ਕੇਸਰ ਸਿੰਘ ਰਾਮਪੁਰੀ ਦੀ ਯਾਦ ਵਿੱਚ ਸ਼ਰਧਾਂਜਲੀ ਪ੍ਰੋਗਰਾਮ 30 ਨਵੰਬਰ ਨੂੰ ਹੋਵੇਗਾ



ਸਵਰਗੀ ਕੇਸਰ ਸਿੰਘ ਰਾਮਪੁਰੀ

ਡਰਬੀ (ਪੰਜਾਬ ਟਾਈਮਜ਼) – ਇਥੋਂ ਦੇ ਉਘੇ ਬਜ਼ੁਰਗ ਲੇਖਕ ਸ: ਕੇਸਰ ਸਿੰਘ ਰਾਮਪੁਰੀ ਬੀਤੇ ਸਾਲ 16 ਦਸੰਬਰ 2024 ਨੂੰ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਨੇ ਆਪਣੇ ਜੀਵਨ ਵਿੱਚ ਇੱਕ ਦਰਜਣ ਦੇ ਕਰੀਬ ਕਿਤਾਬਾਂ ਲਿਖੀਆਂ ਤੇ ਇਸ ਦੇ ਇਲਾਵਾ ਬਹੁਤ ਸਾਰੇ ਕੌਮੀ ਅਤੇ ਵਿਸ਼ਵ ਪੱਧਰ ਦੇ ਸਾਹਿਤਕ ਸਮਾਗਮਾਂ ਵਿੱਚ ਭਾਗ ਲਿਆ ਅਤੇ ਸਾਹਿਤਕ ਪਰਚੇ ਵੀ ਲਿਖੇ ਤੇ ਪੜ੍ਹੇ। ਰਾਮਪੁਰੀ ਜੀ ਦੇ ਦੋਸਤਾਂ ਮਿੱਤਰਾਂ ਅਤੇ ਸਭ ਰਿਸ਼ਤੇਦਾਰਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕੇਸਰ ਸਿੰਘ ਰਾਮਪੁਰੀ ਜੀ ਨੂੰ ਯਾਦ ਕਰਦਿਆਂ ਉਹਨਾਂ ਦੇ ਪਰਿਵਾਰ ਵੱਲੋਂ 30 ਨਵੰਬਰ 2025 ਨੂੰ ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਦੁਪਹਿਰ 1:00 ਵਜੇ ਕਰਵਾਇਆ ਜਾ ਰਿਹਾ ਹੈ। ਬੇਨਤੀ ਹੈ ਕਿ ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਰਾਮਪੁਰੀ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ ਤੇ ਉਹਨਾਂ ਦੀ ਆਤਮਾ ਦੀ ਸ਼ਾਂਤੀ ਲਈ ਗੁਰੂ ਚਰਨਾਂ ਵਿੱਚ ਅਰਦਾਸ ਕਰੀਏ।

# ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਵਿੱਚ ਇੱਕ ਨਵਾਂ ਸੂਰਜ ਉੱਗਿਆ

## ਕਨੈਕਟੀਕਟ ਦੇ ਨੌਰਵਿਚ ਨਗਰ ਵਿੱਚ ਸਵਰਨਜੀਤ ਸਿੰਘ ਖ਼ਾਲਸਾ ਪਹਿਲੇ ਸਿੱਖ ਮੇਅਰ ਬਣੇ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਸਵਰਨਜੀਤ ਸਿੰਘ ਖਾਲਸਾ ਦੀ ਜਿੱਤ ਨੌਰਵਿਚ ਨਗਰ ਵਿੱਚ ਮੇਅਰ ਵਜੋਂ ਜਿੱਤ ਨਾ ਸਿਰਫ਼ ਇੱਕ ਸ਼ਹਿਰ ਦੀ, ਸਗੋਂ ਪੂਰੇ ਪੰਥ ਤੇ ਪੰਜਾਬ ਲਈ ਰੌਸ਼ਨੀ ਬਣ ਗਈ ਕਿ ਸਿੱਖ ਕਿਰਦਾਰ ਸਦਕਾ ਲੋਕਾਂ ਨੂੰ ਜਿਤਿਆ ਜਾ ਸਕਦਾ ਜੋ ਸਤਿਗੁਰੂ ਦਾ ਉਪਦੇਸ਼ ਹੈ।

ਨੌਰਵਿਚ ਦੀ ਰਾਤ ਚਮਕ ਉੱਠੀ-ਰਾਤ ਦੇ ਬਾਰ੍ਹਾਂ ਵਜੇ, ਜਦੋਂ ਲਾ ਸਟੈਲਾ ਪਿੱਜ਼ੇਰੀਆ ਤੋਂ ਡੈਮੋਕਰੈਟਸ ਦਾ ਜ਼ੋਰਦਾਰ ਹੁੰਗਾਰਾ ਉੱਠਿਆ, ਤਾਂ ਸਵਰਨਜੀਤ ਸਿੰਘ ਖ਼ਾਲਸਾ ਆਪਣੇ ਸਾਥੀਆਂ ਨਾਲ ਸੜਕ ਪਾਰ ਕਰਕੇ ਨੌਰਵਿਚ ਸਿਟੀ ਹਾਲ ਦੇ ਅਹਾਤੇ ਵਿੱਚ ਪਹੁੰਚੇ। ਉੱਥੇ ਠੰਢੀ ਹਵਾ ਵਿੱਚ ਵੀ ਜਿੱਤ ਦੀ ਗਰਮੀ ਸੀ। 2458 ਵੋਟਾਂ ਨਾਲ ਸਵਰਨਜੀਤ ਸਿੰਘ ਖਾਲਸਾ ਟਰੇਸੀ ਗੋਲਡ ਨੂੰ ਹਰਾ ਕੇ ਇਹ ਸੀਟ ਹਾਸਲ ਕੀਤੀ। ਨਾਰਵਿਚ ਵਿੱਚ ਸਿਰਫ਼ 10 ਸਿੱਖ ਪਰਿਵਾਰ ਹੀ ਰਹਿੰਦੇ ਹਨ, ਫਿਰ ਵੀ ਸਵਰਨਜੀਤ ਨੇ ਆਪਣੀ ਮਿਹਨਤ ਅਤੇ ਸਿੱਖ ਪਛਾਣ ਨੂੰ ਸਤਿਕਾਰ ਦੇਣ ਵਾਲੀ ਮੁਹਿੰਮ ਨਾਲ ਸਾਰਿਆਂ ਦਾ ਦਿਲ ਜਿੱਤ ਲਿਆ। ਪਾਰਟੀ ਦਾ ਸਮਰਥਨ,ਲੋਕਾ ਨਾਲ ਪਿਆਰ-ਸਭ ਸਵਰਨਜੀਤ ਸਿੰਘ ਖਾਲਸਾ ਦੇ ਹੱਕ ਵਿੱਚ ਭੁਗਤ ਗਿਆ। ਪਰ ਸਭ ਤੋਂ ਵੱਡੀ ਗੱਲ-ਉਹ ਕਨੈਕਟੀਕਟ ਦੇ ਪਹਿਲੇ ਸਿੱਖ ਮੇਅਰ ਬਣੇ।

ਜਨਮ ਤੋਂ ਜਿੱਤ ਤੱਕ ਦਾ ਸਫ਼ਰ-ਇੱਕ ਲੋਕ ਗੀਤ ਵਾਂਗ-ਸਵਰਨਜੀਤ ਦਾ ਜਨਮ ਜਲੰਧਰ ਵਿੱਚ ਹੋਇਆ। ਉਹ ਅੰਮ੍ਰਿਤਧਾਰੀ ਸਿੱਖ ਹੈ ਅਤੇ ਪੰਜਾਬ ਦੀ ਮਿੱਟੀ ਨਾਲ ਡੂੰਘਾ ਜੁੜਾਅ ਰੱਖਦਾ ਹੈ। ਉਸ ਦਾ ਪਰਿਵਾਰ ਦਿੱਲੀ ਅਤੇ ਪੰਜਾਬ ਵਿੱਚ ਸਿੱਖ ਧਾਰਮਿਕ-ਰਾਜਨੀਤਕ ਗਤੀਵਿਧੀਆਂ ਵਿੱਚ ਬਹੁਤ ਸਰਗਰਮ ਰਿਹਾ ਹੈ। ਉਸ ਦੇ ਪਿਤਾ ਪਰਮਿੰਦਰ ਪਾਲ ਸਿੰਘ ਖਾਲਸਾ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਮੁਖੀ ਹਨ। ਸਵਰਨਜੀਤ ਦੇ ਦਾਦਾ ਜੀ ਇੰਦਰਪਾਲ ਸਿੰਘ ਖਾਲਸਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਰਹੇ।

ਸਾਲ 2007 ਵਿੱਚ ਸਵਰਨਜੀਤ ਨੇ ਡੀ. ਏ. ਵੀ. ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਜਲੰਧਰ ਤੋਂ ਇੰਜੀਨੀਅਰਿੰਗ ਦੀ ਡਿਗਰੀ ਲਈ ਅਤੇ ਉਚੇਰੀ ਪੜ੍ਹਾਈ ਲਈ ਅਮਰੀਕਾ ਚਲੇ ਗਏ। ਨਿਊ ਜਰਸੀ ਇੰਸਟੀਚਿਊਟ ਆਫ਼ ਟੈਕਨਾਲੋਜੀ ਤੋਂ ਕੰਪਿਊਟਰ ਸਾਇੰਸ ਵਿੱਚ ਮਾਸਟਰਜ਼ ਕੀਤੀ। ਸਾਲ 2010 ਵਿੱਚ ਉਹ ਨਾਰਵਿਚ ਵਿੱਚ ਵੱਸ ਗਏ ਅਤੇ ਉਸਾਰੀ ਦੇ ਕਾਰੋਬਾਰ ਵਿੱਚ ਸਫ਼ਲਤਾ ਹਾਸਲ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਸਥਾਨਕ ਰਾਜਨੀਤੀ ਵਿੱਚ ਕਦਮ ਰੱਖਿਆ ਅਤੇ ਦੋ ਵਾਰ ਕੌਂਸਲਮੈਨ ਵਜੋਂ ਚੁਣੇ ਗਏ।

9/11 ਦੇ ਅਤਵਾਦੀ ਹਮਲਿਆਂ ਤੋਂ ਬਾਅਦ ਅਮਰੀਕਾ ਵਿੱਚ ਸਿੱਖਾਂ ਨੂੰ ਨਫ਼ਰਤ ਵਾਲੇ ਅਪਰਾਧਾਂ ਦਾ ਸਾਹਮਣਾ ਕਰਨਾ ਪਿਆ। ਸਵਰਨਜੀਤ ਸਿੰਘ ਖਾਲਸਾ ਨੇ ਇਸ ਮੁਸ਼ਕਲ ਵੇਲੇ ਵਿੱਚ ਸਿੱਖ ਪਛਾਣ ਨੂੰ ਸਪੱਸ਼ਟ ਕਰਨ ਦੀ ਮੁਹਿੰਮ ਸ਼ੁਰੂ ਕੀਤੀ। ਉਨ੍ਹਾਂ ਨੇ ਪੁਲਿਸ, ਫਾਇਰਮੈਨ, ਟਰਾਂਸਪੋਰਟ ਸਕਿਓਰਿਟੀ ਐਡਮਿਨਿਸਟ੍ਰੇਸ਼ਨ ਅਤੇ ਹੋਰਾਂ ਨੂੰ ਸਿੱਖ ਧਰਮ ਬਾਰੇ ਸਿਖਲਾਈ ਦਿੱਤੀ। ਉਨ੍ਹਾਂ ਨੇ ਪੰਜ ਕਕਾਰਾਂ, ਖਾਸ ਕਰਕੇ ਕਿਰਪਾਨ ਬਾਰੇ ਜਾਗਰੂਕਤਾ ਪੈਦਾ ਕੀਤੀ। ਸਵਰਨਜੀਤ ਨੇ ਇਸ ਨਸਲਵਾਦੀ ਨਫਰਤੀ ਮੁਹਿੰਮ ਵਿਰੁਧ ਲਗਭਗ 1,200 ਪੇਸ਼ਕਾਰੀਆਂ ਕੀਤੀਆਂ। ਇਸ ਤੋਂ ਇਲਾਵਾ ਮੀਡੀਆ ਮੁਹਿੰਮਾਂ ਚਲਾਈਆਂ ਅਤੇ ਹਾਈਵੇਅ ਤੇ ਬਿਲਬੋਰਡ ਲਗਵਾਏ।

ਇਨ੍ਹਾਂ ਕੋਸ਼ਿਸ਼ਾਂ ਕਾਰਨ ਸਾਲ 2016 ਵਿੱਚ ਐੱਫ਼.ਬੀ.ਆਈ. ਨੇ ਸਵਰਨਜੀਤ ਸਿੰਘ ਖਾਲਸਾ ਨੂੰ ਡਾਇਰੈਕਟਰਜ਼ ਕਮਿਊਨਿਟੀ ਲੀਡਰਸ਼ਿਪ ਅਵਾਰਡ ਨਾਲ ਸਨਮਾਨਿਤ ਕੀਤਾ। ਉਹ 56 ਵਿਜੇਤਾਵਾਂ ਵਿੱਚੋਂ ਇਕਲੌਤੇ ਭਾਰਤੀ ਸਨ। ਇਹ ਅਵਾਰਡ ਉਸ ਵੇਲੇ ਦੇ ਐੱਫ.ਬੀ.ਆਈ. ਡਾਇਰੈਕਟਰ ਜੇਮਜ਼ ਬੀ. ਕੋਮੇ ਵੱਲੋਂ ਵਾਸ਼ਿੰਗਟਨ ਡੀ.ਸੀ. ਵਿੱਚ ਐੱਫ.ਬੀ.ਆਈ. ਮੁੱਖ ਦਫ਼ਤਰ ਵਿੱਚ ਦਿੱਤਾ ਗਿਆ।

ਐੱਫ.ਬੀ.ਆਈ. ਦੇ ਹਵਾਲੇ ਵਿੱਚ ਲਿਖਿਆ ਗਿਆ ਸੀ : "ਸਵਰਨਜੀਤ ਖਾਲਸਾ ਨੂੰ ਨਿਊ ਹੈਵਨ ਡਿਵੀਜ਼ਨ ਵੱਲੋਂ ਸਹਿਣਸ਼ੀਲਤਾ, ਵਿਭਿੰਨਤਾ ਦਾ ਸਤਿਕਾਰ ਅਤੇ ਸ਼ਾਂਤੀਪੂਰਨ ਸਮਾਜ ਵਿੱਚ ਰਹਿਣ ਦੇ ਤਰੀਕੇ ਸਿਖਾਉਣ ਦੇ ਮਿਸ਼ਨ ਲਈ ਸਨਮਾਨਿਤ ਕੀਤਾ ਜਾ ਰਿਹਾ ਹੈ। ਉਸ ਦਾ ਮੁੱਖ ਉਦੇਸ਼ ਸਿੱਖ ਧਰਮ ਦੀਆਂ ਸਿੱਖਿਆਵਾਂ ਨੂੰ ਸ਼ਹਿਰੀ ਖੇਤਰਾਂ ਦੇ ਲੋਕਾਂ ਤੱਕ ਪਹੁੰਚਾਉਣਾ ਹੈ ਤਾਂ ਜੋ ਗਲਤਫਹਿਮੀਆਂ ਦੂਰ ਹੋਣ।"

ਇਸ ਅਵਾਰਡ ਨੇ ਸਵਰਨਜੀਤ ਨੂੰ ਸਥਾਨਕ ਪੱਧਰ ਤੇ ਹੋਰ ਮਾਣ-ਸਨਮਾਨ ਦਿਵਾਇਆ। ਉਨ੍ਹਾਂ ਨੇ ਆਪਣੀ ਮੁਹਿੰਮ ਨੂੰ ਸਿਰਫ਼ ਸਿੱਖ ਪਛਾਣ ਤੱਕ ਸੀਮਤ ਨਹੀਂ ਰੱਖਿਆ, ਸਗੋਂ ਸਾਰੇ ਭਾਈਚਾਰਿਆਂ ਵਿੱਚ ਸਹਿਣਸ਼ੀਲਤਾ ਅਤੇ ਸਤਿਕਾਰ ਦਾ ਸੁਨੇਹਾ ਫੈਲਾਇਆ। ਨਾਰਵਿਚ ਵਿੱਚ ਉਨ੍ਹਾਂ ਨੇ ਸਥਾਨਕ ਮੁੱਦਿਆਂ ਤੇ ਧਿਆਨ ਦਿੱਤਾ - ਸਕੂਲਾਂ ਦੀ ਬਿਹਤਰੀ, ਸੜਕਾਂ ਦੀ ਮੁਰੰਮਤ, ਵਪਾਰ ਨੂੰ ਵਧਾਉਣਾ ਅਤੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਣਾ। ਇਸੇ ਕਰਕੇ ਉਹ ਦੋ ਵਾਰ ਕੌਂਸਲਰ ਬਣੇ ਅਤੇ ਹੁਣ ਮੇਅਰ ਵੀ।

ਸਵਰਨਜੀਤ ਦੀ ਜਿੱਤ ਨੇ ਪੰਜਾਬ ਅਤੇ ਭਾਰਤੀ ਮੂਲ ਦੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਪੈਦਾ ਕੀਤੀ ਹੈ। ਸਵਰਨਜੀਤ ਸਿੰਘ ਦੇ ਪਿਤਾ ਪਰਮਿੰਦਰ ਪਾਲ ਸਿੰਘ ਨੇ ਦੱਸਿਆ, "ਸਾਡਾ ਪਰਿਵਾਰ ਸਦਾ ਸਿੱਖ ਸੇਵਾ ਵਿੱਚ ਲੱਗਾ ਰਿਹਾ। ਸਵਰਨਜੀਤ ਨੇ ਵਿਦੇਸ਼ ਵਿੱਚ ਵੀ ਸਿੱਖੀ ਦਾ ਮਾਣ ਵਧਾਇਆ। ਉਸ ਨੇ ਸਿੱਖ ਪਛਾਣ ਨੂੰ ਨਾ ਸਿਰਫ਼ ਬਚਾਇਆ, ਸਗੋਂ ਇਸ ਨੂੰ ਸਤਿਕਾਰ ਦਾ ਪ੍ਰਤੀਕ ਬਣਾਇਆ। ਸਵਰਜੀਤ ਸਿੰਘ 2007 ਵਿੱਚ ਪੜ੍ਹਾਈ ਲਈ ਅਮਰੀਕਾ ਆਏ ਸਨ। ਉਨ੍ਹਾਂ ਨੇ ਜਲੰਧਰ ਦੇ DAV ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਤੋਂ ਇੰਜੀਨੀਅਰਿੰਗ ਕੀਤੀ ਅਤੇ ਫਿਰ ਅਮਰੀਕਾ ਵਿੱਚ ਕੰਪਿਊਟਰ ਇੰਜੀਨੀਅਰਿੰਗ ਵਿੱਚ ਮਾਸਟਰਜ਼ ਕੀਤੀ। ਸਵਰਜੀਤ ਸਿੰਘ ਖ਼ਾਲਸਾ ਦਾ 2009 ਵਿੱਚ ਲੁਧਿਆਣਾ ਦੀ ਸਿੱਖ ਬੀਬੀ ਗੁਣਤਸ ਨਾਲ ਵਿਆਹ ਹੋਇਆ ਸੀ। ਉਹਨਾਂ ਦੀਆਂ ਦੋ ਧੀਆਂ ਹਨ, ਵੱਡੀ ਲੜਕੀ ਨੌਰਵਿਚ



ਪਬਲਿਕ ਸਕੂਲ ਵਿੱਚ ਪੜ੍ਹਦੀ ਹੈ। ਪਰਿਵਾਰ ਨੌਰਵਿਚ ਦੇ ਨੌਰਵਿਚਟਾਊਨ ਇਲਾਕੇ ਵਿੱਚ ਰਹਿੰਦਾ ਹੈ। ਕਾਰੋਬਾਰ ਦੀ ਗੱਲ ਕਰੀਏ ਤਾਂ ਸਵਰਜੀਤ ਸਿੰਘ ਖ਼ਾਲਸਾ ਨੇ ਨੌਰਵਿਚ ਅੰਦਰ 12 ਸਾਲ ਤੱਕ Norwichtown Shell ਪੈਟਰੋਲ ਪੰਪ ਚਲਾਇਆ ਸੀ ਤੇ ਹੁਣ ਰੀਅਲ ਐਸਟੇਟ ਡੇਵਲਪਰ ਅਤੇ ਕੰਸਟ੍ਰਕਸ਼ਨ ਕਾਰੋਬਾਰ ਚਲਾਉਂਦੇ ਹਨ।"

ਨਾਰਵਿਚ ਸ਼ਹਿਰ ਦੀ ਆਬਾਦੀ ਲਗਭਗ 40,000 ਹੈ। ਇੱਥੇ ਸਿੱਖ ਘੱਟ ਹਨ, ਪਰ ਸਵਰਨਜੀਤ ਨੇ ਸਾਰੇ ਵਰਗਾਂ ਨਾਲ ਮਿਲ ਕੇ ਕੰਮ ਕੀਤਾ। ਉਨ੍ਹਾਂ ਦੀ ਮੁਹਿੰਮ ਵਿੱਚ ਸਿੱਖੀ ਦੇ ਸਿਧਾਂਤ - ਸਰਬਤ ਦਾ ਭਲਾ, ਵੰਡ ਛਕਣਾ, ਕਿਰਤ ਕਰਨੀ - ਨੂੰ ਸਥਾਨਕ ਮੁੱਦਿਆਂ ਨਾਲ ਜੋੜਿਆ।

ਅਮਰੀਕਾ ਵਿੱਚ ਸਿੱਖ ਭਾਈਚਾਰਾ ਲਗਾਤਾਰ ਵਧ ਰਿਹਾ ਹੈ। ਪਰ 9/11 ਤੋਂ ਬਾਅਦ ਨਸਲਵਾਦੀ ਵਰਤਾਰਿਆਂ ਤੇ ਵਾਰਦਾਤਾਂ ਨੇ ਏਸ਼ੀਅਨਾਂ ਖਾਸ ਕਰਕੇ ਸਿੱਖਾਂ ਦਾ ਬਹੁਤ ਨੁਕਸਾਨ ਕੀਤਾ। ਸਵਰਨਜੀਤ ਸਿੰਘ ਖਾਲਸਾ ਨੇ ਇਸ ਨੂੰ ਮੌਕੇ ਵਜੋਂ ਵਰਤਿਆ ਅਤੇ ਨਸਲਵਾਦ ਵਿਰੁੱਧ ਜਾਗਰੂਕਤਾ ਫੈਲਾਈ। ਅੱਜ ਅਮਰੀਕਾ ਵਿੱਚ ਸਿੱਖ ਪੁਲਿਸ ਅਫਸਰ, ਫੌਜੀ ਅਤੇ ਰਾਜਨੀਤਿਕ ਆਗੂ ਬਣ ਰਹੇ ਹਨ। ਸਵਰਨਜੀਤ ਸਿੰਘ ਖਾਲਸਾ ਦੀ ਜਿੱਤ ਇਸੇ ਦਿਸ਼ਾ ਵਿੱਚ ਇੱਕ ਵੱਡਾ ਕਦਮ ਹੈ। ਉਹ ਮੇਅਰ ਵਜੋਂ ਨਾਰਵਿਚ ਨੂੰ ਹੋਰ ਸੁੰਦਰ, ਸੁਰੱਖਿਅਤ ਬਣਾਉਣ ਦਾ ਵਾਅਦਾ ਕਰਦੇ ਹਨ। ਸਕੂਲਾਂ ਵਿੱਚ ਵਿਭਿੰਨਤਾ ਦੀ ਸਿੱਖਿਆ, ਵਪਾਰ ਨੂੰ ਵਧਾਉਣ ਲਈ ਨਵੇਂ ਪ੍ਰੋਜੈਕਟ, ਅਤੇ ਸਾਰੇ ਭਾਈਚਾਰਿਆਂ ਨੂੰ ਨਾਲ ਲੈ ਕੇ ਚੱਲਣਾ ਉਨ੍ਹਾਂ ਦੀਆਂ ਤਰਜੀਹਾਂ ਹਨ।

ਜਲੰਧਰ ਤੋਂ ਨਿਊ ਜਰਸੀ, ਫਿਰ ਨਾਰਵਿਚ ਤੱਕ ਸਵਰਨਜੀਤ ਸਿੰਘ ਖਾਲਸਾ ਦਾ ਸਫ਼ਰ ਪ੍ਰੇਰਨਾ ਦਾ ਸਰੋਤ ਹੈ। ਉਸ ਨੇ ਸਾਬਤ ਕੀਤਾ ਕਿ ਸਿੱਖ ਪਛਾਣ ਨਾਲ ਕੋਈ ਸਮਝੌਤਾ ਨਹੀਂ ਕੀਤਾ, ਤਾਂ ਵੀ ਸਫ਼ਲਤਾ ਹਾਸਲ ਕੀਤੀ ਜਾ ਸਕਦੀ ਹੈ। ਉਸ ਦੀ ਜਿੱਤ ਨਾ ਸਿਰਫ਼ ਸਿੱਖਾਂ ਲਈ, ਸਗੋਂ ਸਾਰੇ ਘੱਟ ਗਿਣਤੀ ਭਾਈਚਾਰਿਆਂ ਲਈ ਮਿਸਾਲ ਹੈ। ਉਹਨਾਂ ਦਾ ਸਫ਼ਰ ਇਕ ਲੋਕ ਗੀਤ ਵਾਂਗ ਏ ਜੋ ਗੁਜਰਾਤੀਆਂ, ਗੋਰਿਆਂ, ਚੀਨੀਆਂ, ਏਸ਼ੀਅਨਾਂ, ਪੰਜਾਬੀਆਂ ਵਿਚ ਗੂੰਜਿਆ।

ਪੰਥਕ ਜਥੇਬੰਦੀਆਂ ਵਲੋਂ ਸਵਾਗਤ-ਬਾਬਾ ਸਰਬਜੋਤ ਸਿੰਘ ਬੇਦੀ, ਸਿੱਖ ਵਿਦਵਾਨ ਸਰਦਾਰ ਗੁਰਤੇਜ ਸਿੰਘ ਆਈ.ਏ.ਐਸ ਨੇ ਕਿਹਾ, "ਇਹ ਜਿੱਤ ਸਿੱਖ ਪੰਥ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਸਵਰਨਜੀਤ ਸਿੰਘ ਖ਼ਾਲਸਾ ਨੇ ਅਮਰੀਕੀ ਲੋਕਤੰਤਰ ਦੇ ਮੰਚ ਉੱਤੇ ਸਿੱਖੀ ਦਾ ਝੰਡਾ ਬੁਲੰਦ ਕੀਤਾ। ਉਹਨਾਂ ਦੀ ਮਿਹਨਤ, ਈਮਾਨਦਾਰੀ ਤੇ ਸਮਰਪਣ ਨੇ ਸਾਬਤ ਕੀਤਾ ਕਿ ਗੁਰੂ ਦਾ ਖ਼ਾਲਸਾ ਕਿਸੇ ਵੀ ਮੁਲਕ ਵਿੱਚ ਅਗਵਾਈ ਕਰ ਸਕਦਾ।"

ਗਿਆਨੀ ਕੇਵਲ ਸਿੰਘ, ਸਾਬਕਾ ਜਥੇਦਾਰ ਤਖ਼ਤ ਦਮਦਮਾ ਸਾਹਿਬ, ਸੁਖਦੇਵ ਸਿੰਘ ਭੌਰ, ਮੈਂਬਰ ਸ਼੍ਰੋਮਣੀ ਕਮੇਟੀ ਨੇ ਕਿਹਾ, ਇਹ ਸਿੱਖ ਇਤਿਹਾਸ ਦਾ ਸੁਨਹਿਰੀ ਪੰਨਾ ਹੈ। ਸਵਰਨਜੀਤ ਸਿੰਘ ਖਾਲਸਾ ਨੇ 1984 ਦੇ ਦਰਦ ਨੂੰ ਸ਼ਕਤੀ ਬਣਾ ਕੇ ਅਮਰੀਕਾ ਵਿੱਚ ਮਨੁੱਖੀ ਅਧਿਕਾਰਾਂ ਦੀ ਮੁਹਿੰਮ ਚਲਾਕੇ ਪੰਥ ਤੇ ਪੰਜਾਬ ਦ ਨਾਂਅ ਰੌਸ਼ਨ ਕੀਤਾ। ਉਹਨਾਂ ਦੀ ਜਿੱਤ ਸਾਬਤ ਕਰਦੀ ਹੈ ਕਿ ਸਰਬਤ ਦਾ ਭਲਾ ਕਰਨ ਵਾਲਾ ਗੁਰਸਿੱਖ ਸੰਸਾਰ ਦੀ ਅਗਵਾਈ ਕਰ ਸਕਦਾ।"

ਰਜਿੰਦਰ ਸਿੰਘ ਪੁਰੇਵਾਲ, ਚੇਅਰਮੈਨ ਪੰਜਾਬ ਟਾਈਮਜ਼ ਯੂ.ਕੇ., ਭਾਈ ਮਲਕੀਅਤ ਸਿੰਘ, ਨੌਟਿੰਘਮ ਯੂ.ਕੇ.ਰਣਜੀਤ ਸਿੰਘ ਰਾਣਾ ਯੂਕੇ ਨੇ ਕਿਹਾ, ""ਅਮਰੀਕਾ ਵਿੱਚ 5 ਲੱਖ ਸਿੱਖਾਂ ਵਿੱਚੋਂ ਸਵਰਨਜੀਤ ਸਿੰਘ ਇੱਕ ਮਿਸਾਲ ਬਣੇ। ਉਹਨਾਂ ਨੇ ਸਥਾਨਕ ਲੋਕਾਂ ਨਾਲ ਚੰਗੇ ਸਬੰਧ ਬਣਾ ਕੇ ਸਿੱਖੀ ਦਾ ਅਕਸ ਉੱਚਾ ਕੀਤਾ ਹੈ। ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਵਲੋਂ ਸਵਰਨਜੀਤ ਸਿੰਘ ਖਾਲਸਾ ਦਾ ਸਨਮਾਨ ਹੋਣਾ ਚਾਹੀਦਾ।"

ਬਲਕਰਨ ਸਿੰਘ ਗਿਲ, ਗੁਰੂ ਨਾਨਕ ਸਿੱਖ ਸੈਂਟਰ ਬਰੰਪਟਨ, ਲੇਖਕ ਡਾਕਟਰ ਪੂਰਨ ਸਿੰਘ ਗਿਲ, ਡਾ. ਗੁਰਵਿੰਦਰ ਸਿੰਘ ਧਾਲੀਵਾਲ ਬੀਸੀ ਕੈਨੇਡਾ ਨੇ ਕਿਹਾ, "ਸਵਰਨਜੀਤ ਸਿੰਘ ਦੀ ਜਿੱਤ ਸਿੱਖ ਨੌਜਵਾਨਾਂ ਲਈ ਪ੍ਰੇਰਨਾ ਹੈ। ਉਹਨਾਂ ਨੇ ਦਿਖਾਇਆ ਕਿ ਸਿੱਖੀ ਦੇ ਸਿਧਾਂਤਾਂ ਨਾਲ ਵਿਦੇਸ਼ ਵਿੱਚ ਵੀ ਸਿਖਰ ਛੂਹੇ ਜਾ ਸਕਦੇ। ਇਹ ਜਿੱਤ ਸਿੱਖੀ ਦੀ ਰੌਸ਼ਨੀ ਅਮਰੀਕੀ ਲੋਕਤੰਤਰ ਵਿੱਚ ਫੈਲਾਉਂਦੀ।"

ਪਵਨ ਕੁਮਾਰ ਟੀਨੂੰ, ਸੀਨੀਅਰ ਨੇਤਾ ਆਪ ਪਾਰਟੀ, ਨੇ ਕਿਹਾ, "ਸਵਰਨਜੀਤ ਸਿੰਘ ਨੇ ਸੰਨ ਆਫ ਸਾਇਲ ਬਣਕੇ ਪੰਜਾਬ ਤੇ ਵਤਨ ਦਾ ਨਾਂਅ ਰੌਸ਼ਨ ਕੀਤਾ।"

ਸਰਦਾਰ ਮਨਮੋਹਨ ਸਿੰਘ, ਪ੍ਰਧਾਨ ਗੁਰਦੁਆਰਾ ਹੈਮਟਿਨ ਅਮਰੀਕਾ,ਭਾਈ ਮਿਹਰਬਾਨ ਸਿੰਘ, ਲੇਖਕ ਅਮਰੀਕਾ, ਸਰਦਾਰ ਪਿਥਪਾਲ ਸਿੰਘ, ਰਿੱਚਮੰਡ, ਨੇ ਕਿਹਾ, "ਇਹ ਸਿੱਖੀ ਦੀ ਜਿੱਤ ਹੈ। ਸਵਰਨਜੀਤ ਸਿੰਘ ਨੇ ਅਮਰੀਕੀ ਸਮਾਜ ਵਿੱਚ ਸਿੱਖੀ ਦਾ ਅਕਸ ਉੱਚਾ ਕੀਤਾ ਹੈ। ਉਸਨੇ ਸਿੱਖ ਨੌਜਵਾਨਾਂ ਲਈ ਚੜ੍ਹਦੀਕਲਾ ਦਾ ਰਾਹ ਦਿਖਾਇਆ।"

ਸੁਖਦੇਵ ਸਿੰਘ, ਬਿਲਡਰ ਏਜੀਆਈ ਜਲੰਧਰ, ਨੇ ਕਿਹਾ, "ਸਵਰਨਜੀਤ ਸਿੰਘ ਖਾਲਸਾ ਨੇ ਪੰਜਾਬ ਦਾ ਸਿਰ ਉੱਚਾ ਕੀਤਾ।" ਸਵਰਨਜੀਤ ਸਿੰਘ ਖਾਲਸਾ ਨੂੰ ਮੁਬਾਰਕਾਂ ਦੇਣ ਵਾਲਿਆਂ ਵਿਚ ਮੋਹਨ ਸਿੰਘ ਸਿਆਟਲ, ਪ੍ਰਿੰਸੀਪਲ ਆਰ ਐਸ ਮਹਿਤਾ, ਚਰਨਜੀਤ ਸਿੰਘ ਗੋਲਡੀ, ਹਰਦੀਪ ਸਿੰਘ ਭਾਟੀਆ, ਸਰਦਾਰ ਹਰਦੀਪ ਸਿੰਘ ਗੋਲਡੀ ਨਿਊਜਰਸੀ ਆਦਿ ਸ਼ਾਮਲ ਸਨ।

# ਭਾਰਤੀਆਂ ਦੀ ਵਿਦੇਸ਼ਾਂ ਵਲ ਹਿਜਰਤ: ਓਈਸੀਡੀ ਰਿਪੋਰਟ ਨੇ ਖੋਲ੍ਹਿਆ ਰਾਜ਼!

## ✪ ਕਿਉਂ ਛੱਡ ਰਹੇ ਨੇ ਅਮੀਰ ਭਾਰਤੀ ਤੇ ਪੜ੍ਹੇ ਲਿਖੇ ਦੇਸ਼? ✪ ਕੈਨੇਡਾ-ਅਮਰੀਕਾ ਵਿਚ ਭਾਰਤੀ ਵਿਰੋਧੀ ਨਸਲਵਾਦ : ਫਿਰ ਵੀ ਪੱਛਮੀ ਦੇਸਾਂ ਵਲ ਹੋੜ ਜਾਰੀ



ਭਾਰਤ ਵਿੱਚ ਵਿਕਾਸ ਦੇ ਵੱਡੇ-ਵੱਡੇ ਦਾਅਵਿਆਂ ਦੇ ਬਾਵਜੂਦ, ਭਾਰਤੀਆਂ ਵਿੱਚ ਵਿਦੇਸ਼ਾਂ ਵੱਲ ਜਾਣ ਦਾ ਜ਼ਬਰਦਸਤ ਰੁਝਾਨ ਵਧਦਾ ਜਾ ਰਿਹਾ ਹੈ। ਆਜ਼ਾਦ ਕਾਰਜਕਾਰੀ ਅਤੇ ਵਿਕਾਸ ਸੰਸਥਾ ਓਈਸੀਡੀ ਨੇ ਆਪਣੀ ਨਵੀਂ ਰਿਪੋਰਟ 'ਇੰਟਰਨੈਸ਼ਨਲ ਮਾਈਗ੍ਰੇਸ਼ਨ ਆਊਟਲੁੱਕ 2025' ਵਿੱਚ ਖੁਲਾਸਾ ਕੀਤਾ ਹੈ ਕਿ ਕਿਸੇ ਵੀ ਹੋਰ ਦੇਸ਼ ਨਾਲੋਂ ਜ਼ਿਆਦਾ ਭਾਰਤੀਆਂ ਨੇ ਅਮਰੀਕਾ, ਕੈਨੇਡਾ, ਬ੍ਰਿਟੇਨ, ਆਸਟ੍ਰੇਲੀਆ ਵਰਗੇ 38 ਵਿਕਸਤ ਦੇਸ਼ਾਂ ਦੀ ਨਾਗਰਿਕਤਾ ਲਈ ਹੈ। ਇਸ ਸਾਲ ਭਾਰਤੀਆਂ ਵਿੱਚੋਂ 2.25 ਲੱਖ ਲੋਕਾਂ ਨੇ ਇਹ ਨਾਗਰਿਕਤਾ ਹਾਸਲ ਕੀਤੀ ਸੀ, ਜੋ ਪਿਛਲੇ ਸਾਲਾਂ ਨਾਲੋਂ 70 ਫੀਸਦੀ ਵਧ ਚੁਕੀ ਹੈ।

ਓਈਸੀਡੀ ਇਹ ਆਰਗੇਨਾਈਜ਼ੇਸ਼ਨ ਫਾਰ ਇਕਨਾਮਿਕ ਕੋ-ਆਪਰੇਸ਼ਨ ਐਂਡ ਡੈਵਲਪਮੈਂਟ ਦਾ ਛੋਟਾ ਰੂਪ ਹੈ, ਜੋ 1961 ਵਿੱਚ ਬਣੀ ਇੱਕ ਅੰਤਰਰਾਸ਼ਟਰੀ ਸੰਸਥਾ ਹੈ। ਇਸ ਵਿੱਚ 38 ਵਿਕਸਤ ਅਤੇ ਉਭਰਦੇ ਅਰਥਚਾਰੇ ਵਾਲੇ ਦੇਸ਼ ਸ਼ਾਮਲ ਹਨ, ਜਿਵੇਂ ਅਮਰੀਕਾ, ਕੈਨੇਡਾ, ਬ੍ਰਿਟੇਨ, ਆਸਟ੍ਰੇਲੀਆ, ਜਰਮਨੀ ਅਤੇ ਫਰਾਂਸ।

ਇਹ ਸੰਸਥਾ ਅਰਥ-ਵਿਵਸਥਾ, ਵਪਾਰ ਅਤੇ ਸਮਾਜਿਕ ਨੀਤੀਆਂ ਬਾਰੇ ਨੀਤੀਆਂ ਬਣਾਉਣ ਵਿੱਚ ਮਦਦ ਕਰਦੀ ਹੈ ਅਤੇ ਆਪਣੇ ਮੈਂਬਰਾਂ ਨੂੰ ਬਿਹਤਰ ਜੀਵਨ ਲਈ ਰਾਹ ਦਿਖਾਉਂਦੀ ਹੈ। ਇਸ ਰਿਪੋਰਟ ਵਿੱਚ ਭਾਰਤ ਨੂੰ ਓਈਸੀਡੀ ਵਿੱਚ ਨਵੇਂ ਪ੍ਰਵਾਸੀਆਂ ਦੇ ਸਭ ਤੋਂ ਵੱਡੇ ਸਰੋਤ ਵਜੋਂ ਦਰਜ ਕੀਤਾ ਗਿਆ ਹੈ, ਜਿੱਥੇ 6 ਲੱਖ ਭਾਰਤੀਆਂ ਨੇ ਪੇਸ਼ੇਵਰ ਕੰਮਾਂ ਕਰਕੇ ਵੀਜ਼ੇ ਤੇ ਜਾਣ ਲਈ ਅਪਲਾਈ ਕੀਤਾ ਸੀ, ਜੋ 2022 ਨਾਲੋਂ 8 ਫੀਸਦੀ ਵਧ ਹੈ।

ਇਹ ਟ੍ਰੈਂਡ ਨਵਾਂ ਨਹੀਂ, ਪਰ 2014 ਤੋਂ ਬਾਅਦ ਇਹ ਬਹੁਤ ਤੇਜ਼ ਹੋ ਗਿਆ ਸੀ। ਉਸ ਵੇਲੇ ਸਿਰਫ਼ 15,388 ਭਾਰਤੀਆਂ ਨੇ ਓਈਸੀਡੀ ਨਾਗਰਿਕਤਾ ਲਈ ਅਪਲਾਈ ਕੀਤਾ ਸੀ, ਪਰ ਹੁਣ ਇਹ ਗਿਣਤੀ ਡਬਲ ਹੋ ਗਈ ਹੈ। ਬ੍ਰਿਟੇਨ ਵਿੱਚ ਵਿਦੇਸ਼ੀ ਡਾਕਟਰਾਂ ਵਿੱਚ 23 ਫੀਸਦੀ ਭਾਰਤੀ ਹਨ, ਅਤੇ ਅਮਰੀਕਾ ਵਿੱਚ 8 ਫੀਸਦੀ। ਇਹ ਲੋਕ ਵਿਦੇਸ਼ਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰ ਰਹੇ ਹਨ।

ਓਈਸੀਡੀ ਰਿਪੋਰਟ ਅਨੁਸਾਰ, ਦੂਜੇ ਨੰਬਰ ਤੇ ਫਿਲੀਪੀਨਸ ਹੈ, ਜਿਸ ਨੇ 1.32 ਲੱਖ ਲੋਕਾਂ ਨੂੰ ਓਈਸੀਡੀ ਨਾਗਰਿਕਤਾ ਦਿੱਤੀ ਸੀ। ਤੀਜੇ ਤੇ ਚੀਨ ਹੈ, ਜਿੱਥੋਂ 92,400 ਲੋਕ ਗਏ ਸਨ। ਚੌਥੇ ਤੇ ਮੈਕਸੀਕੋ ਹੈ, ਜਿੱਥੋਂ ਮਨੁੱਖੀ ਅਧਿਕਾਰਾਂ ਦੇ ਸੰਕਟ ਕਾਰਨ ਕਰਕੇ ਲੋਕ ਜਾ ਰਹੇ ਹਨ। ਫਿਲੀਪੀਨਸ ਤੋਂ ਨਰਸਾਂ ਦਾ ਵੱਡਾ ਪ੍ਰਵਾਸ ਹੈ। ਚੀਨ ਤੋਂ 3.7 ਲੱਖ ਨਵੇਂ ਪ੍ਰਵਾਸੀ 2023 ਵਿੱਚ ਗਏ, ਜੋ 13 ਫੀਸਦੀ ਵਧ ਹੈ - ਇਹ ਵੀ ਹਾਈ-ਸਕਿਲ ਵਾਲੇ ਲੋਕ ਹਨ, ਜੋ ਤਕਨੀਕ ਅਤੇ ਵਪਾਰ ਵਿੱਚ ਨਿਪੁੰਨ ਹਨ। ਮੈਕਸੀਕੋ ਤੋਂ ਪ੍ਰਵਾਸ ਮੁੱਖ ਤੌਰ ਤੇ ਅਮਰੀਕਾ ਵੱਲ ਹੈ, ਜਿੱਥੇ ਆਰਥਿਕ ਅਸਥਿਰਤਾ ਅਤੇ ਨੌਕਰੀਆਂ ਦੀ ਉਪਲਬਧਤਾ ਕਾਰਨ ਲੋਕ ਜਾ ਰਹੇ ਹਨ। ਭਾਰਤੀ ਜ਼ਿਆਦਾ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਬ੍ਰਿਟੇਨ ਵਿਚ ਜਾ ਰਹੇ ਹਨ। ਇਹਨਾਂ ਦੇਸਾਂ ਵਿੱਚ ਭਾਰਤੀ ਵਿਰੋਧੀ ਭਾਵਨਾਵਾਂ 2024-2025 ਵਿੱਚ ਤੇਜ਼ ਹੋ ਗਈਆਂ ਸਨ। ਕੈਨੇਡਾ ਵਿੱਚ, ਭਾਰਤੀ ਵਿਦਿਆਰਥੀਆਂ ਵਿਰੁੱਧ ਨਫ਼ਰਤ ਵਧੀ ਹੈ - 2023-2025 ਵਿੱਚ ਐਕਸ (ਪਹਿਲਾਂ ਟਵਿੱਟਰ) ਤੇ 26,600 ਪੋਸਟਾਂ ਵਿੱਚ ਸਾਊਥ ਏਸ਼ੀਆਈ ਭਾਈਚਾਰੇ ਵਿਰੁੱਧ ਨਫਰਤੀ ਭਾਸ਼ਾ ਵਰਤੀ ਗਈ ਹੈ। ਸਾਊਥ ਏਸ਼ੀਅਨ ਵਿਰੁੱਧ ਹੇਟ ਕ੍ਰਾਈਮ 143 ਫੀਸਦੀ ਵਧ ਗਏ ਹਨ।

ਅਮਰੀਕਾ ਵਿੱਚ ਵੀ ਭਾਰਤੀਆਂ ਵਿਰੁੱਧ ਨਸਲਵਾਦ ਵਧ ਰਿਹਾ ਹੈ। 2025 ਵਿੱਚ ਫਲੋਰੀਡਾ ਵਿੱਚ ਇੱਕ ਸਿੱਖ ਡਰਾਈਵਰ ਦੇ ਐਕਸੀਡੈਂਟ ਨੇ ਨਸਲੀ ਨਫ਼ਰਤ ਨੂੰ ਹਵਾ ਦਿੱਤੀ ਹੈ। ਟਰੰਪ ਸਰਕਾਰ ਨੇ ਐਚ-1ਬੀ ਵੀਜ਼ੇ ਤੇ ਰੋਕ ਲਗਾਈ ਸੀ। ਆਸਟ੍ਰੇਲੀਆ ਵਿੱਚ ਭਾਰਤੀ ਵਿਦਿਆਰਥੀਆਂ ਵਿਰੁੱਧ ਵੀ ਨਫ਼ਰਤ ਵਧੀ ਹੈ। ਬ੍ਰਿਟੇਨ ਵਿੱਚ ਵੀ ਭਾਰਤੀਆਂ ਨੂੰ "ਨਸਲਵਾਦੀ ਨਫਰਤ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹਨਾਂ ਸਾਰੇ ਦੇਸ਼ਾਂ ਨੇ ਨਾਗਰਿਕਤਾ ਦੇ ਨਿਯਮ ਸਖ਼ਤ ਕਰ ਦਿੱਤੇ ਹਨ, ਪਰ ਫਿਰ ਵੀ ਭਾਰਤੀ ਜਾ ਰਹੇ ਹਨ।"

'ਵਾਸ਼ਿੰਗਟਨ ਪੋਸਟ' ਨੇ ਕਿਹਾ ਹੈ ਕਿ ਭਾਰਤੀ ਬ੍ਰੇਨ ਡਰੇਨ ਨੂੰ ਰੋਕਣ ਲਈ ਸਿੱਖਿਆ ਅਤੇ ਨੌਕਰੀਆਂ ਵਿੱਚ ਸੁਧਾਰ ਜ਼ਰੂਰੀ ਹੈ, ਨਹੀਂ ਤਾਂ ਇਹ ਅਸਮਾਨਤਾ ਵਧੇਗੀ। 'ਦ ਹਿੰਦੂ' ਨੇ ਕਿਹਾ ਕਿ ਭਾਰਤ ਨੂੰ ਆਪਣੇ ਨੌਜਵਾਨਾਂ ਲਈ ਬਿਹਤਰ ਮੌਕੇ ਬਣਾਉਣੇ ਪੈਣਗੇ, ਨਹੀਂ ਤਾਂ ਇਹ ਟ੍ਰੈਂਡ ਰੁਕੇਗਾ ਨਹੀਂ।

ਭਾਰਤ ਵਿੱਚ ਅਰਥਚਾਰਾ ਵਧ ਰਿਹਾ ਹੈ, ਪਰ ਅਸਮਾਨਤਾ ਵੀ ਵਧ ਰਹੀ ਹੈ। ਅਮੀਰ ਲੋਕ ਟੈਕਸ, ਪ੍ਰਦੂਸ਼ਣ ਅਤੇ ਅਪਰਾਧਾਂ ਕਾਰਨ ਜਾ ਰਹੇ ਹਨ। ਕੋਟਕ ਵੈਲਥ ਰਿਪੋਰਟ 2023 ਮੁਤਾਬਕ, 21 ਫੀਸਦੀ ਬਹੁਤੇ ਅਮੀਰ ਭਾਰਤੀ 2025 ਵਿੱਚ ਵਿਦੇਸ਼ ਜਾਣਾ ਚਾਹੁੰਦੇ ਸਨ। ਸਿੱਖਿਆ ਅਤੇ ਸਿਹਤ ਵਿੱਚ ਖਰਚਾ ਘੱਟ ਹੈ - ਜੀਡੀਪੀ ਦਾ ਸਿਰਫ਼ 2.9 ਫੀਸਦੀ ਸਿੱਖਿਆ ਤੇ ਅਤੇ 2.1 ਫੀਸਦੀ ਸਿਹਤ ਤੇ। ਨੌਕਰੀਆਂ ਵਿੱਚ ਰਿਜ਼ਰਵੇਸ਼ਨ ਅਤੇ ਭ੍ਰਿਸ਼ਟਾਚਾਰ ਕਾਰਨ ਯੋਗ ਲੋਕ ਨਿਰਾਸ਼ ਹਨ। ਵਿਦੇਸ਼ਾਂ ਵਿੱਚ ਬਿਹਤਰ ਜੀਵਨ, ਸੁਰੱਖਿਆ ਅਤੇ ਮੌਕੇ ਹਨ। ਕੋਟਕ ਵੈਲਥ 2024 ਦੀ ਰਿਪੋਰਟ ਕਹਿੰਦੀ ਹੈ ਕਿ ਭਾਰਤੀ ਵਿਦੇਸ਼ਾਂ ਵਿੱਚ ਯੋਗਦਾਨ ਪਾ ਰਹੇ ਹਨ ਅਤੇ ਪੈਸੇ ਭੇਜ ਰਹੇ ਹਨ, ਜੋ ਭਾਰਤ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਦੀ ਹੈ।

ਕੋਟਕ ਬੈਂਕ ਦੀ ਰਿਪੋਰਟ (ਟੌਪ ਆਫ਼ ਦ ਪਾਈਰੇਮਿਡ - ਰਿਪੋਰਟ 2024) ਅਨੁਸਾਰ 20% ਅਰਥਾਤ ਲਗਭਗ 43 ਹਜ਼ਾਰ 600 ਅਮੀਰ ਲੋਕ ਵਿਦੇਸ਼ ਜਾਣ ਦੀ ਯੋਜਨਾ ਬਣਾ ਰਹੇ ਹਨ ਜਾਂ ਪ੍ਰਕਿਰਿਆ ਵਿੱਚ ਹਨ। ਇਹ ਲੋਕ ਵਿਦੇਸ਼ ਅਮਰੀਕਾ, ਕੈਨੇਡਾ, ਯੂਏਈ, ਬ੍ਰਿਟੇਨ ਅਤੇ ਆਸਟ੍ਰੇਲੀਆ ਵਿੱਚ ਪੱਕੇ ਵੱਸਣਾ ਚਾਹੁੰਦੇ ਹਨ, ਪਰ ਭਾਰਤੀ ਨਾਗਰਿਕਤਾ ਵੀ ਰੱਖਣਾ ਚਾਹੁੰਦੇ ਹਨ। ਸਿਰਫ਼ 1% ਅਮੀਰ ਲੋਕਾਂ ਨੇ ਪੂਰੀ ਤਰ੍ਹਾਂ ਵਿਦੇਸ਼ ਵਿੱਚ ਪੱਕਾ ਵੱਸਣ ਦੀ ਯੋਜਨਾ ਬਣਾਈ ਹੈ।69% ਲੋਕਾਂ ਨੇ ਕਿਹਾ ਕਿ ਵਿਦੇਸ਼ ਵਿੱਚ ਕਾਰੋਬਾਰ ਆਸਾਨੀ ਨਾਲ ਚੱਲੇਗਾ। ਬੱਚਿਆਂ ਲਈ ਚੰਗੀ ਪੜ੍ਹਾਈ ਅਤੇ ਨੌਕਰੀ: 44% ਨੇ ਇਹ ਕਾਰਨ ਦੱਸਿਆ।

ਕਈ ਭਾਰਤੀ ਵਾਪਸ ਆ ਰਹੇ ਹਨ, ਜੋ ਰਿਵਰਸ ਬ੍ਰੇਨ ਡਰੇਨ ਹੈ। ਪਰ ਅਸਲ ਸਵਾਲ ਇਹ ਹੈ ਕਿ ਭਾਰਤ ਇਸ ਪ੍ਰਵਾਸ ਨੂੰ ਕਿਵੇਂ ਰੋਕੇ? ਵਿਦਿਅਕ ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਸਿੱਖਿਆ, ਨੌਕਰੀਆਂ ਅਤੇ ਸੁਰੱਖਿਆ ਵਿੱਚ ਸੁਧਾਰ ਕਰਨੇ ਪੈਣਗੇ। ਜੇ ਨਹੀਂ, ਤਾਂ ਇਹ ਹੋੜ ਰੁਕੇਗੀ ਨਹੀਂ। ਭਾਰਤ ਨੂੰ ਆਪਣੇ ਨੌਜਵਾਨਾਂ ਨੂੰ ਰੋਕਣਾ ਹੋਵੇਗਾ, ਨਹੀਂ ਤਾਂ ਵਿਕਾਸ ਦੇ ਸੁਪਨੇ ਅਧੂਰੇ ਰਹਿਣਗੇ।

## ਦਿੱਲੀ ਵਿੱਚ 'ਆਪ' ਨੂੰ ਝਟਕਾ

# ਕੇਜਰੀਵਾਲ ਤੋਂ ਨਾਰਾਜ਼ ਚੱਲ ਰਹੇ ਸੱਤ ਵਾਰ ਦੇ ਵਿਧਾਇਕ ਨੇ ਦਿੱਤਾ ਅਸਤੀਫ਼ਾ



ਨਵੀਂ ਦਿੱਲੀ-ਦਿੱਲੀ ਦੇ ਮਟੀਆ ਮਹਿਲ ਵਿਧਾਨ ਸਭਾ ਹਲਕੇ ਤੋਂ ਸੱਤ ਵਾਰ ਵਿਧਾਇਕ ਰਹੇ ਸ਼ੋਇਬ ਇਕਬਾਲ ਨੇ ਆਪ ਤੋਂ ਅਸਤੀਫਾ ਦੇ ਦਿੱਤਾ ਹੈ। ਰਿਪੋਰਟਾਂ ਅਨੁਸਾਰ, 'ਆਪ' ਨੇ ਸ਼ੋਇਬ ਅਤੇ ਉਨ੍ਹਾਂ ਦੇ ਪੁੱਤਰ ਆਲੇ ਇਕਬਾਲ ਦੀ ਸਹਿਮਤੀ ਤੋਂ ਬਿਨਾਂ ਐਮਸੀਡੀ ਚੋਣਾਂ ਵਿੱਚ ਚਾਂਦਨੀ ਮਹਿਲ ਵਾਰਡ ਸੀਟ ਲਈ ਇੱਕ ਵੱਖਰੇ ਉਮੀਦਵਾਰ ਦਾ ਐਲਾਨ ਕੀਤਾ, ਜਿਸ ਨਾਲ ਉਹ ਬਹੁਤ ਪਰੇਸ਼ਾਨ ਹਨ। ਸੋਸ਼ਲ ਮੀਡੀਆ 'ਤੇ ਆਪਣੇ ਅਸਤੀਫ਼ੇ ਦਾ ਐਲਾਨ ਕਰਦੇ ਹੋਏ, ਸ਼ੋਏਬ ਨੇ ਕਿਹਾ ਕਿ ਪਾਰਟੀ ਨੇ ਸਥਾਨਕ ਵਰਕਰਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਨਹੀਂ ਕੀਤਾ। ਸ਼ੋਏਬ ਦਾ ਪੁੱਤਰ, ਆਲੇ ਮੁਹੰਮਦ ਇਕਬਾਲ, ਇਸ ਸਮੇਂ 'ਆਪ' ਵਿਧਾਇਕ ਹੈ ਅਤੇ ਚਾਂਦਨੀ ਮਹਿਲ ਤੋਂ ਸਾਬਕਾ ਕੌਂਸਲਰ ਹੈ, ਜਿੱਥੇ ਉਸਨੇ ਡਿਪਟੀ ਮੇਅਰ ਵਜੋਂ ਵੀ ਸੇਵਾ ਨਿਭਾਈ। ਸ਼ੋਏਬ ਨੇ 2020 ਦੀਆਂ ਵਿਧਾਨ ਸਭਾ ਚੋਣਾਂ ਵਿੱਚ 'ਆਪ' ਦੀ ਟਿਕਟ 'ਤੇ ਮਟੀਆ ਮਹਿਲ ਜਿੱਤਿਆ ਸੀ , ਪਰ ਪਾਰਟੀ ਨੇ 2025 ਦੀਆਂ ਚੋਣਾਂ ਲਈ ਆਲੇ ਨੂੰ ਨਾਮਜ਼ਦ ਕੀਤਾ। ਅਸਤੀਫ਼ੇ ਨੇ 'ਆਪ' ਦੀ ਦਿੱਲੀ ਇਕਾਈ ਦੇ ਅੰਦਰ ਹਲਚਲ ਮਚਾ ਦਿੱਤੀ ਹੈ, ਖਾਸ ਕਰਕੇ ਮੁਸਲਿਮ ਬਹੁਗਿਣਤੀ ਵਾਲੇ ਇਸ ਇਲਾਕੇ ਵਿੱਚ ਜਿੱਥੇ ਇਕਬਾਲ ਪਰਿਵਾਰ ਦਾ ਮਜ਼ਬੂਤ ਆਧਾਰ ਹੈ।



## ਕਦੇ ਰੱਬਾ ਰੱਬਾ ਯਾਰ ਮਿਲਾ ਤੇ ਕਦੇ "ਜਾਨੂੰ ਜਾਨੂੰ" ਵਾਹ ਲਾਡੀ ਵਾਹ



ਡਾਇਰੈਕਟਰ ਬਣ ਲਾਡੀ ਢਿੱਲੋਂ ਨੇ ਆਪਣੀ ਕਾਫ਼ੀ ਗੱਲ ਬਣਾ ਲਈ ਹੈ ਪਰ ਓਹ ਆਖਦੇ ਨੇ ਕਿ ਅਸਲ ਵਿੱਚ ਓਸ ਦਾ ਖੇਤਰ ਗਾਇਕੀ ਹੈ ਤੇ ਹੁਣ ਓਹ ਸਟਾਰ ਗਾਇਕ ਬਣ ਹੀ ਸਾਹ ਲੈਣਾ ਚਾਹੁੰਦੇ ਹੈ। ਥੋਕ ਦੇ ਭਾਅ ਓਸ ਦੇ ਟਰੈਕ ਆ ਰਹੇ ਨੇ ਪਰ ਇਹ ਟਰੈਕ ਬਹੁਤ ਪਿਆਰੇ ਨੇ ਤੇ ਲਾਡੀ ਢਿੱਲੋਂ ਦਾ "ਮੇਰਾ ਦਿਲ" ਹਿਲ ਜੁੱਲ ਹੋਈ ਤੇ "ਰੱਬਾ ਰੱਬਾ ਯਾਰ ਮਿਲਾ" ਗਾਣਾ ਵੀ ਚਰਚੇ ਪੂਰੇ ਹਨ। ਹੁਣ ਗਾਇਕ ਲਾਡੀ ਢਿੱਲੋਂ ਦਾ ਅੱਤੀ ਉੱਤਮ ਰੋਮਾਂਸ ਵਾਲਾ ਗਾਣਾ "ਜਾਨੂੰ ਜਾਨੂੰ" ਆਇਆ ਹੈ ਤੇ ਯੁਵਾ ਪੀੜ੍ਹੀ ਇਸ ਗਾਣੇ ਦੀ ਦੀਵਾਨੀ ਹੋ ਰਹੀ ਹੈ। ਲਾਡੀ ਢਿੱਲੋਂ ਨੇ ਇਹ ਗੀਤ ਲਾਡਾ ਪਰਦੇਸੀ ਦਾ ਲਿਖਿਆ ਗਾਇਆ ਹੈ ਤੇ ਸੰਗੀਤ ਵੀ ਲਾਜਵਾਬ ਹੈ। ਅਜੀਤ ਆਡੀਓ ਵੀਡੀਓ ਚੋ ਆ ਕਿ ਗਾਣੇ ਦੀ ਪੂਰੀ ਚਰਚਾ ਗਾਇਕ ਲਾਡੀ ਢਿੱਲੋਂ ਨੂੰ ਸਾਲ ਵਿੱਚ ਸਟੇਜ , ਸ਼ੋ, ਐਲਬਮ ਗਾਇਕੀ ਤੇ ਫ਼ਿਲਮ ਗਾਇਕੀ ਤੱਕ ਪਹੁੰਚਦਾ ਕਰੇਗੀ ਜਾਨੂੰ ਜਾਨੂੰ ਹੋਈ ਨਾ ਲੱਖ ਦੀ ਗੱਲ ਕਰੋੜ ਦੀ ਗੱਲ। ਲਾਡਾ ਪ੍ਰਦੇਸੀ ਆਖਦੇ ਨੇ ਸਾਡੀ ਦੋਵਾਂ ਦੀ ਰਾਸ਼ੀ ਰਲਦੀ ਹੈ, ਵਿਚਾਰ ਰਲਦੇ ਨੇ ਤੇ ਸੋਚ ਰਲਦੀ ਹੈ ਇਸ ਲਈ "ਜਾਨੂੰ ਜਾਨੂੰ" ਟੌਪ ਗੀਤ ਬਣਨਾ ਹੀ ਸੀ ਤੇ ਲਾਡੀ ਢਿੱਲੋਂ ਨੇ ਕਿਹਾ ਕਿ ਪੰਜ ਸੱਤ ਐਸੇ ਗੀਤ ਨੇ ਜਿਹਨਾਂ ਨੇ ਓਸ ਨੂੰ ਸਥਾਪਿਤ ਗਾਇਕ ਬਣਾ ਕਿ ਛੱਡਣਾ ਹੈ ਤੇ ਓਹ ਵਿਦੇਸ਼ਾਂ ਤੱਕ ਆਪਣੇ ਸੰਗੀਤ ਗਰੁੱਪ ਨਾਲ ਸ਼ੋ ਲਾਏ ਇਹ ਤਮੰਨਾ ਪੂਰੀ ਹੋਣ ਵਾਲੀ ਹੈ।

# • ਪੰਜਾਬੀ ਫ਼ਿਲਮ ਦਰਪਣ •

## ਬੰਨੀ ਸ਼ਰਮਾ ਨੂੰ ਡਿਨਰ ਤੇ ਮਿਲੇ ਭਜਨ ਕਿੰਗ ਅਨੂਪ ਜਲੋਟਾ



ਕਨੇਡਾ ਵਿੱਚ ਪੰਜਾਬੀ ਮਿਊਜ਼ਿਕ ਦੀਆਂ ਸਰਗਰਮੀਆਂ, ਬਾਲੀਵੁੱਡ ਦੇ ਸਾਰੇ ਪ੍ਰੋਗਰਾਮ ਬੰਨੀ ਸ਼ਰਮਾ ਪਹੁੰਚਦੇ ਹੀ ਹਨ ਕਿਉਂ ਕਿ ਬੰਨੀ ਸ਼ਰਮਾ ਮਿਊਜ਼ਿਕ ਇੰਡਸਟਰੀ ਦੇ ਨਾਮਵਰ ਪ੍ਰਮੋਟਰ ਹਨ। ਅਨੂਪ ਜਲੋਟਾ ਭਜਨ ਸਮਰਾਟ ਤੇ ਉਹ ਬੋਲੇ ਕਿ ਬੰਨੀ ਸ਼ਰਮਾ ਨਾਮ ਆਰ ਜੇ ਬੀਟਸ ਤੇ ਪ੍ਰੋਜੈਕਟ ਬਾਈ ਪੜ੍ਹਿਆ ਹੈ ਤੇ ਓਹਨਾਂ ਦਾ ਪ੍ਰੋਜੈਕਟ ਵੀ ਆਰ ਜੇ ਬੀਟਸ ਨੇ ਰਲੀਜ਼ ਕੀਤਾ ਸੀ। ਐਨਾ ਮੋਹ ਬੰਨੀ ਸ਼ਰਮਾ ਨੇ ਅਨੂਪ ਜਲੋਟਾ ਜੀ ਲਈ ਪ੍ਰਗਟ ਕੀਤਾ ਕਿ ਮਜ਼ਾ ਹੀ ਆ ਗਿਆ। ਬੰਨੀ ਸ਼ਰਮਾ ਦੇ ਸਥਾਨਕ ਟੋਰਾਂਟੋ ਵਿਖੇ ਰੈਸਟੋਰੈਂਟ ਵਿੱਚ ਗਏ ਅਨੂਪ ਜਲੋਟਾ ਤੇ ਸੰਗੀਤ ਖੇਤਰ ਦੀਆਂ ਗੱਲਾਂ ਹੋਈਆਂ। ਅਨੂਪ ਜਲੋਟਾ ਜੀ ਨੇ ਕਿਹਾ ਕਿ ਈਸ਼ਵਰ ਦੀ ਅਰਾਧਨਾ ਕਰਨ ਦਾ ਅਨੰਦ ਹੀ ਹੋਰ ਹੈ ਤੇ ਬੰਨੀ ਸ਼ਰਮਾ ਨੇ ਅਨੂਪ ਜਲੋਟਾ ਨਾਲ ਓਹਨਾਂ ਦੇ ਭਜਨਾਂ ਤੇ ਚਰਚਾ ਕੀਤੀ। ਬਹੁਤ ਹੀ ਭਾਵਪੂਰਤ ਤੇ ਸੰਗੀਤ ਮਾਹੌਲ ਰਿਹਾ। ਅਨੂਪ ਜਲੋਟਾ ਨੇ ਬੰਨੀ ਸ਼ਰਮਾ ਨੂੰ ਦੱਸ ਦਿੱਤਾ ਕਿ ਪੰਜਾਬ ਵਿੱਚ ਵੀ ਓਹਨਾਂ ਦੇ ਬਹੁਤ ਪ੍ਰਸੰਸਕ ਹਨ ਤੇ ਲੁਧਿਆਣੇ ਵਿਖੇ ਅਨੂਪ ਜਲੋਟਾ ਨਾਈਟ ਬਹੁਤ ਹੋਈਆਂ ਹਨ। ਬੰਨੀ ਸ਼ਰਮਾ ਨੇ ਕਿਹਾ ਕਿ ਓਹ ਆਪਣੇ ਆਪ ਨੂੰ ਵੱਡੇ ਕਰਮਾਂ ਵਾਲਾ ਸਮਝਦੇ ਨੇ ਕਿ ਭਜਨ ਕਿੰਗ ਅਨੂਪ ਜਲੋਟਾ ਓਹਨਾਂ ਦੇ ਨਾਲ ਓਹਨਾਂ ਦੇ ਰੈਸਟੋਰੈਂਟ ਡਿਨਰ ਤੇ ਹਨ।

## ਹਰਬੀਰ ਢੀਂਡਸਾ ਕਦੇ "ਅੜ੍ਹਬ ਜਵਾਈ"




## ਕਦੇ "ਅੜ੍ਹਬ ਸਹੁਰਾ" ਤੇ ਹੁਣ ਲਾਲਚੀ ਭਾਬੀ

ਨਾਭਾ ਦਾ ਹਰਬੀਰ ਸਿੰਘ ਢੀਂਡਸਾ ਪੰਜਾਬੀ ਸ਼ੋਰਟ ਫ਼ਿਲਮਾਂ ਦਾ ਕਿੰਗ ਬਣ ਰਿਹਾ ਹੈ ਤੇ ਇੱਕ ਤੋਂ ਬਾਅਦ ਇੱਕ ਓਹਨਾਂ ਦੀ ਫ਼ਿਲਮ ਲੱਖਾਂ ਲੋਕ ਦੇਖ ਮਿਊਜ਼ਿਕ ਹੱਟ ਟੀਵੀ ਚੈਨਲ ਨੂੰ ਲੋਕ ਪ੍ਰਿਅ ਕਰ ਰਹੇ ਹਨ। ਅੱਜ ਕਲ "ਪ੍ਰਦੇਸੀ ਨਾਲ ਧੋਖਾ" ਸ਼ੋਰਟ ਫ਼ਿਲਮ ਦੇ ਚਰਚੇ ਨੇ ਤੇ ਨਾਲ ਹੀ ਲੋਕ "ਲਾਲਚੀ ਭਾਬੀ" ਬਹੁਤ ਦੇਖ ਰਹੇ ਹਨ। ਨਿਰਮਾਤਾ ਬਣ ਓਹ ਕਿਸੇ ਦਾ ਹੱਕ ਨਹੀਂ ਰੱਖਦੇ ਤੇ ਮੇਕਿੰਗ ਵੀ ਸ਼ਾਨਦਾਰ ਕਰਦੇ ਹਨ ਕੁਲਦੀਪ ਦੋਸਾਂਝ ਓਹਨਾਂ ਦੇ ਵਰ ਹੈ ਤੇ ਇਹ ਦੋਸਾਂਝ ਨਾਰੀ ਹੈ ਵੀ ਕਮਾਲ ਦੀ ਐਕਟਿੰਗ ਕਰਦੀ ਹੈ। ਸ਼ੈਲਜਾ ਆਪਣੇ ਨਾਮ ਜਿਹੀ ਪਿਆਰੀ ਹੈ ਤੇ ਸ਼ੈਲਜਾ ਨੇ "ਲਾਲਚੀ ਭਾਬੀ" ਵਿੱਚ ਐਕਟਿੰਗ ਕਰ ਕਿ ਮਨ ਖ਼ੁਸ਼ ਕਰ ਦਿੱਤੇ ਹਨ। ਕਿੰਦੀ ਜਹਾਂਗੀਰ ਦਾ ਰੋਲ ਵੀ ਅੱਛਾ ਹੈ। ਸ਼ੈਲਜਾ ਨੂੰ ਜ਼ਬਰਦਸਤ ਐਕਟ੍ਰੈਸ ਬਣਾਉਣ ਵਿੱਚ ਹਰਬੀਰ ਸਿੰਘ ਢੀਂਡਸਾ ਦਾ ਅਹਿਮ ਯੋਗਦਾਨ ਕਿਹਾ ਜਾ ਸਕਦਾ ਹੈ ਤੇ "ਲਾਲਚੀ ਭਾਬੀ" ਵਿੱਚ ਜਚਦੀ ਫਿਰੇ ਨਾਲੇ ਹੱਸਦੀ ਫਿਰੇ ਨਾਲੇ ਨੱਚਦੀ ਫਿਰੇ ਵਾਲੀ ਗੱਲ ਹੈ। ਕੁਲ ਮਿਲਾ ਕਿ ਹਰਬੀਰ ਸਿੰਘ ਢੀਂਡਸਾ ਦੀ ਫ਼ਿਲਮ "ਲਾਲਚੀ ਭਾਬੀ" ਸਚਾਈ ਦੇ ਨਜ਼ਦੀਕ ਹੈ ਕਾਰਨ ਕਿ ਅੱਜ ਵੀ ਲਾਲਚੀ ਭਾਬੀ ਮਜੂਦ ਹੈ ਤੇ ਦਿਓਰ ਵਿਚਾਰੇ ਭਾਬੀ ਦੀਆਂ ਗੱਲਾਂ ਵਿੱਚ ਆ ਕਿ ਤਾ ਉਮਰ ਕੁਆਰੇ ਰਹਿ ਜਾਂਦੇ ਹਨ ਪਰ ਇਹ "ਲਾਲਚੀ ਭਾਬੀ" ਕਿਵੇਂ ਹੈ ਯੂਟਿਊਬ ਤੇ ਦੇਖਿਓ ਪਸੰਦ ਆਏਗੀ ਹਰਬੀਰ ਢੀਂਡਸਾ ਦੀ "ਲਾਲਚੀ ਭਾਬੀ"।

## ਦਰਜ਼ਨ ਤੋਂ ਵੱਧ ਫ਼ਿਲਮਾਂ ਕਰ ਚੁੱਕੀ ਦੇਸ਼ ਦੀ ਖਿਡਾਰਨ ਬੇਟੀ ਅਮਨਦੀਪ ਕੌਰ



ਗੋਰੇ ਗੋਰੇ ਮੁੱਖੜੇ ਤੇ ਕਾਲਾ ਕਾਲਾ ਚਸ਼ਮਾ ਤੇ ਜਚਦਾ ਹੈ ਅਮਨਦੀਪ ਕੌਰ ਨੂੰ ਜਦ ਓਹ ਹਰਬੀਰ ਸਿੰਘ ਢੀਂਡਸਾ ਦੀਆਂ ਫ਼ਿਲਮਾਂ ਦੇ ਸੈੱਟ ਤੇ ਹੁੰਦੀ ਹੈ। ਅਮਨਦੀਪ ਕੌਰ ਨੇ ਦਰਜ਼ਨ ਤੋਂ ਵੱਧ ਫ਼ਿਲਮਾਂ ਕਰ ਲਈਆਂ ਹਨ ਤੇ ਹਰ ਕਿਰਦਾਰ ਇਹ ਕੁੜੀ ਬਾਖੂਬ ਨਿਭਾ ਰਹੀ ਹੈ। ਪੁਲਿਸ ਦੇ ਕਿਰਦਾਰ ਵਿੱਚ ਓਹ ਜਾਂਵਦੀ ਪੂਰੀ ਜਚੀ ਹੈ। ਅਮਨਦੀਪ ਕੌਰ ਨੂੰ ਪੰਜਾਬ ਸਰਕਾਰ ਨੇ ਇਸ ਵੇਲੇ ਤੱਕ ਓਸ ਦਾ ਹੱਕ ਨਹੀਂ ਦਿੱਤਾ ਤੇ ਇਸ ਵਿੱਚ ਜਿਲ੍ਹਾ ਸਿੱਖਿਆ ਵਿਭਾਗ ਪਟਿਆਲਾ ਦਾ ਦੋਸ਼ ਹੈ। ਅਮਨਦੀਪ ਕੌਰ ਖੁਦ ਰਾਸ਼ਟਰੀ ਪੱਧਰ ਦੀ ਖਿਡਾਰਨ ਤੇ ਓਸ ਦੀ ਟ੍ਰੇਨਿੰਗ ਨਾਲ ਹਰਜਿੰਦਰ ਕੌਰ ਚਾਂਦੀ ਦੇ ਤਮਗੇ ਜਿੱਤੇ ਤਾਂ ਚਾਹੀਦਾ ਸੀ ਅਮਨਦੀਪ ਕੌਰ ਨੂੰ ਵੱਡੀ ਪੋਸਟ ਦਿੱਤੀ ਜਾਏ ਖ਼ੈਰ ਓਹ ਅਭਿਨੈ ਕਰ ਕਿ ਵੀ ਦੱਸ ਰਹੀ ਹੈ ਕਿ ਓਹ ਆਲ ਰਾਉਂਡਰ ਹੈ। ਅਮਨ ਜਿੱਥੇ ਫ਼ਿਲਮਾਂ ਦਾ ਮਾਣ ਬਣੀ ਹੋਈ ਹੈ ਇਥੇ ਓਹ ਦੇਸ਼ ਦਾ ਵੀ ਮਾਣ ਹੈ ਤੇ ਦੇਸ਼ ਦੀ ਇਹ ਬੇਟੀ ਜੇਕਰ ਪੰਜਾਬ ਸਰਕਾਰ ਖਾਸ ਕਰ ਹਰਜੋਤ ਸਿੰਘ ਬੈਂਸ ਜੀ ਆਪ ਧਿਆਨ ਦੇ ਕਿ ਓਸ ਨੂੰ ਸਨਮਾਨ ਦਿਵਾਉਣ ਤਾਂ ਦੇਸ਼ ਲਈ ਖੇਡਾਂ ਦੇ ਹੀਰੇ ਤਰਾਸ਼ਣ ਵਿੱਚ ਅਮਨ ਤੇ ਹੋਰ ਟ੍ਰੇਨਿੰਗ ਵਾਲੇ ਉਤਸ਼ਾਹਿਤ ਹੋਣਗੇ। ਫਿਲਹਾਲ ਯੂਟਿਊਬ ਦੀ ਮਲਿਕਾ ਬਣਨ ਵੱਲ ਹੈ ਅਮਨਦੀਪ ਕੌਰ।

## ਲਲਿਤ ਮਹਿਤਾ ਨਵੀਂ ਦਿੱਲੀ ਦਿਖਾਉਣ ਵਾਲੇ ਨੇ ਗੁਰਦਾਸ ਮਾਨ ਸ਼ੋ




ਲਲਿਤ ਮਹਿਤਾ ਨਾਲ ਇਹ ਗੱਲ ਢੁੱਕਵੀਂ ਹੋਊ ਕਿ ਮਿਹਨਤਾਂ ਫ਼ਰਸ਼ ਤੋਂ ਅਰਸ਼ ਦਿਖਾ ਦੇਣ ਤੇ ਓਡਿਅਨ ਗ੍ਰਾਫ਼ਿਕਸ ਨਾਲ ਕਲਾਕਾਰਾਂ ਦੇ ਟਰੈਕ ਪੋਸਟਰ ਤੇ ਫ਼ਿਰ ਆਰਵ ਪ੍ਰੋਡਕਸ਼ਨ ਨਾਲ ਸੰਗੀਤ ਪੇਸ਼ਕਾਰ ਤੇ ਹਾਈ ਪਿੱਚ ਸਟੂਡੀਓ ਨਾਲ ਫ਼ਿਲਮ ਨਿਰਮਾਤਾ ਬਣੇ ਲਲਿਤ ਮਹਿਤਾ। ਲਲਿਤ ਮਹਿਤਾ ਹੁਣ ਸ਼ੋ ਈਵੈਂਟ ਦੇ ਕਿੰਗ ਬਣ ਗਏ ਹਨ। ਆਸਟ੍ਰੇਲੀਆ ਵਿੱਚ ਲਗਾਤਾਰ ਸ਼ੋ ਕਰਵਾ ਕਿ ਚਰਚਿਤ ਹੋਏ ਲਲਿਤ ਮਹਿਤਾ ਦੀ ਮੁੰਬਈ ਸੁਦੇਸ਼ ਭੋਸਲੇ ਈਵੈਂਟ ਯਾਦਗਾਰ ਰਹੀ। ਹੁਣ ਇਸ ਮਾਹ ਦੇ ਆਖ਼ਿਰ ਵਿੱਚ ਓਹ ਨਵੀਂ ਦਿੱਲੀ ਪਹੁੰਚ ਰਹੇ ਨੇ ਤੇ ਗੁਰਦਾਸ ਮਾਨ ਦਾ ਸ਼ੋ ਦਿੱਲੀ ਵਾਲਿਆਂ ਨੂੰ ਦਿਖਾਉਣ ਜਾ ਰਹੇ ਹਨ। ਇਹਨਾਂ ਦੇ ਅੱਤੀ ਉੱਤਮ ਪ੍ਰਬੰਧ ਕਿ ਗੁਰਦਾਸ ਮਾਨ ਸ਼ੋ ਲਈ ਹਾਲ ਭਰ ਚੁੱਕਾ ਹੈ। ਲਲਿਤ ਮਹਿਤਾ ਨੇ ਬਹੁਤ ਦੂਰ ਪਹੁੰਚਣਾ ਹੈ, ਵੱਡੇ ਵੱਡੇ ਸ਼ੋ ਕਰਨ ਬਾਅਦ ਪਾਲੀਵੁੱਡ ਤੇ ਬਾਲੀਵੁੱਡ ਵਿੱਚ ਇੱਕ ਦਿਨ ਮੇਕਰ ਕਾਮਯਾਬ ਤੇ ਡਾਇਰੈਕਟਰ ਬਣ ਦਿਖਾ ਦੇਣਾ ਹੈ। ਲਲਿਤ ਮਹਿਤਾ ਨਾਲ ਵੀਡੀਓ ਡਾਇਰੈਕਟਰ ਅਮਰ ਨਿਮਾਣਾ ਟੀਮ ਦਾ ਹਿੱਸਾ ਆਖਦੇ ਨੇ ਕਿ ਲਲਿਤ ਮਹਿਤਾ ਲਈ ਹਰ ਕੰਮ ਜਨੂੰਨ ਹੈ ਤੇ ਗੁਰਦਾਸ ਮਾਨ ਲਈ ਲੋਕਾਂ ਵਿੱਚ ਅਥਾਹ ਪ੍ਰੇਮ ਹੈ ਤੇ ਨਵੀਂ ਦਿੱਲੀ ਦੇ ਇਸ ਸ਼ੋ ਨਾਲ ਲਲਿਤ ਮਹਿਤਾ ਦੀ ਗੱਲ ਦੇਸ਼ ਵਿਦੇਸ਼ ਹੋਏਗੀ ਆਮੀਨ !

## ਬਾਲਕ੍ਰਿਸ਼ਨ ਕੋਚਰ/ਹਰਮਿੰਦਰ ਬਿਲਖੂ ਜ਼ਿੰਦਾਬਾਦ ਗੌਹਰ ਖਾਨ/ਪਾਲੀ ਦਮਦਮੇ ਵਾਲੀਆ




ਰੀਸ ਨਹੀਂ ਯਾਰੀ ਦੀ ਰੀਸ ਨਹੀਂ ਟੈਲੇਂਟ ਦੀ ਦੋਵਾਂ ਦੀ ਤੇ ਇੱਕ ਬਾਲਕ੍ਰਿਸ਼ਨ ਕੋਚਰ ਜਿਸ ਨੇ ਗੌਹਰ ਖ਼ਾਨ ਨਾਲ ਸੀਰੀਜ਼ ਕੀਤੀ ਹੈ ਤੇ ਦੂਜਾ ਹਰਮਿੰਦਰ ਸਿੰਘ ਬਿਲਖੂ ਜਿਹਾ ਡਾਇਰੈਕਟਰ ਟੌਪ ਦੀ ਸ਼ੋਰਟ ਫ਼ਿਲਮ ਕਰਦਾ ਹੈ। ਪਾਲੀਵੁੱਡ ਵਿੱਚ ਦੋਵੇਂ ਚਰਚਿਤ ਹਨ। ਕੋਚਰ ਸਾਬ ਤੇ ਬਿਲਖੂ ਜੀ ਮਿੱਤਰ ਪਿਆਰੇ ਵੀ ਹਨ। ਬਾਲਕ੍ਰਿਸ਼ਨ ਕੋਚਰ ਬਹੁਤ ਵਧੀਆ ਐਕਟਰ ਹਨ ਤੇ ਬਿਲਖੂ ਐਕਟਰ ਵੀ ਨੇ ਮੇਕਰ ਵੀ ਹਨ। ਕੋਚਰ ਸਾਬ ਗੌਹਰ ਖ਼ਾਨ ਤੱਕ ਨਾਲ ਕੰਮ ਤੇ ਪਾਲੀ ਦਮਦਮੇ ਵਾਲੀਆ ਆਪਣੇ ਨਿਰਮਾਣ ਨਾਲ ਹਰਮਿੰਦਰ ਸਿੰਘ ਬਿਲਖੂ ਨੂੰ ਕਾਮਯਾਬ ਕਰਨ ਲਈ ਯਤਨਸ਼ੀਲ ਹਨ। ਬਾਲਕ੍ਰਿਸ਼ਨ ਕੋਚਰ ਆਖਦੇ ਨੇ ਹਰਮਿੰਦਰ ਬਿਲਖੂ ਬਹੁਤ ਪ੍ਰਤਿਭਾ ਵਾਨ ਹਨ ਤੇ ਬਿਲਖੂ ਦਾ ਵਿਚਾਰ ਏ ਕੋਚਰ ਸਾਬ ਦੀ ਪਹੁੰਚ ਗੌਹਰ ਖ਼ਾਨ ਤੱਕ ਗੱਲ ਸਿਰੇ ਦੀ ਹੈ ਜਦ ਕਿ ਪਾਲੀ ਦਮਦਮੇ ਵਾਲੀਆ ਬੋਲਦੇ ਨੇ ਦੇਖਦੇ ਜਾਓ ਤਿੰਨ ਚਾਰ ਇੱਕਠੇ ਹੋ ਕਿ ਵੱਡਾ ਪ੍ਰੋਜੈਕਟ ਨਵੇਂ ਸਾਲ ਕਰਾਂਗੇ।

-ਅੰਮ੍ਰਿਤ ਪਵਾਰ

# ਜਦੋਂ ਅਸੀਂ ਅਖਬਾਰ ਨੂੰ ਸਬਸਕਰਾਈਬ ਕਰਦੇ ਹਾਂ

ਪ੍ਰੋ. ਕੁਲਬੀਰ ਸਿੰਘ
9417153513



ਮੇਰੇ ਵਰਗੇ ਬੜੇ ਘੱਟ ਲੋਕ ਹੋਣਗੇ ਜਿਹੜੇ ਅਖਬਾਰ ਦੀ ਹਾਰਡ ਕਾਪੀ ਵੀ ਪੜ੍ਹਦੇ ਹਨ ਅਤੇ ਅਨਲਾਈਨ ਸਬਸਕਰਾਈਬ ਵੀ ਕਰਦੇ ਹਨ। ਇਸਦੇ ਬਹੁਤ ਸਾਰੇ ਫਾਇਦੇ ਹਨ। ਤੁਸੀਂ ਕਿਸੇ ਵੀ ਰਾਜ ਦਾ, ਯੂ.ਟੀ. ਦਾ, ਸ਼ਹਿਰ ਦਾ ਅਡੀਸ਼ਨ ਪੜ੍ਹ ਸਕਦੇ ਹੋ। ਇਕ ਕਲਿਕ ਨਾਲ ਕੋਈ ਵੀ ਪੁਰਾਣਾ ਅੰਕ ਸਕਿੰਟਾਂ ਵਿਚ ਤੁਹਾਡੇ ਸਾਹਮਣੇ ਖੁਲ੍ਹ ਜਾਏਗਾ। ਤੁਸੀਂ ਦੁਨੀਆਂ ਵਿਚ, ਧਰਤੀ ਦੇ ਕਿਸੇ ਵੀ ਕੋਨੇ ਵਿਚ ਬੈਠੇ ਅਖ਼ਬਾਰ ਪੜ੍ਹਨ ਦਾ ਆਨੰਦ ਲੈ ਸਕਦੇ ਹੋ। ਤੁਸੀਂ ਕਾਹਲੀ ਵਿਚ ਹੋ, ਪੜ੍ਹਨ ਦਾ ਸਮਾਂ ਨਹੀਂ ਹੈ, ਸਫ਼ਰ ਕਰ ਰਹੇ ਹੋ, ਸਫ਼ਰ ਕਰ ਰਹੇ ਹੋ, ਫਿਰ ਵੀ ਉੱਡਦੀ ਉੱਡਦੀ ਇਕ ਨਜ਼ਰ ਮਾਰ ਕੇ ਤਾਜ਼ਾ ਅਖ਼ਬਾਰ ਵੇਖ ਲੈਣ ਦਾ ਅਹਿਸਾਸ ਮਾਣ ਕਰਦੇ ਹੋ।

ਮੇਰਾ ਨਿੱਜੀ ਤਜ਼ਰਬਾ ਹੈ ਕਿ ਹੁਣ ਵੱਖ-ਵੱਖ ਸ਼ਹਿਰਾਂ, ਕਸਬਿਆਂ ਵਿਚੋਂ ਵੱਖ-ਵੱਖ ਥਾਵਾਂ ਤੋਂ ਅਖਬਾਰਾਂ ਨਹੀਂ ਮਿਲਦੀਆਂ। ਸਵੇਰ ਵੇਲੇ ਅਖ਼ਬਾਰਾਂ ਵੇਚਣ ਵਾਲੇ ਛੋਟੇ ਸਟਾਲ, ਛੋਟੀਆਂ-ਛੋਟੀਆਂ ਦੁਕਾਨਾਂ ਬੰਦ ਹੋ ਗਈਆਂ ਹਨ ਜਾਂ ਉਸੇ ਥਾਂ ’ਤੇ ਉਨ੍ਹਾਂ ਨੇ ਕੋਈ ਹੋਰ ਕੰਮ ਕਾਰ, ਕਾਰੋਬਾਰ ਆਰੰਭ ਕਰ ਲਿਆ ਹੈ। ਇਥੋਂ ਤੱਕ ਕਿ ਵੱਖ-ਵੱਖ ਸ਼ਹਿਰਾਂ ਕਸਬਿਆਂ ਦੇ ਬੱਸ ਅੱਡਿਆਂ ਤੋਂ ਵੀ ਹੁਣ ਅਖ਼ਬਾਰਾਂ, ਕਿਤਾਬਾਂ ਨਹੀਂ ਮਿਲਦੀਆਂ। ਕਿਉਂਕਿ ਕਾਰਪੋਰੇਸ਼ਨ ਜਾਂ ਸੰਬੰਧਤ ਮਾਲਕਾਂ, ਅਧਿਕਾਰੀਆਂ ਨੇ ਮਹੀਨਵਾਰ ਕਿਰਾਇਆ ਬਹੁਤ ਵਧਾ ਦਿੱਤਾ ਹੈ। ਜਿਹੜਾ ਅਖਬਾਰਾਂ, ਕਿਤਾਬਾਂ ਵੇਚਣ ਵਾਲਿਆਂ ਦੀ ਪਹੁੰਚ ਤੋਂ ਬਾਹਰ ਹੋ ਗਿਆ ਹੈ। ਜਲੰਧਰ ਬੱਸ ਸਟੈਂਡ ’ਤੇ ਅਖ਼ਬਾਰਾਂ, ਕਿਤਾਬਾਂ ਵੇਚਣ ਵਾਲੀਆਂ ਦੋ ਵੱਡੀਆਂ ਦੁਕਾਨਾਂ ਸਨ। ਉਪਰੋਕਤ ਕਾਰਨਾਂ ਕਰਕੇ ਦੋਵੇਂ ਬੰਦ ਹੋ ਗਈਆਂ ਹਨ। ਇਸ ਸਥਿਤੀ ਵਿਚ ਮਨਪਸਦ ਅਖ਼ਬਾਰ ਨੂੰ ਸਬਸਕਰਾਈਬ ਕਰਨਾ ਬਿਹਤਰ ਬਦਲ ਹੈ। ਕਦੇ ਵੀ ਕਿਸੇ ਵੀ ਸਮੇਂ ਆਪਣੇ ਮੋਬਾਇਲ ’ਤੇ, ਆਈਪੈਡ ’ਤੇ, ਲੈਪਟਾਪ ’ਤੇ ਖੋਲ੍ਹ ਕੇ ਪੜ੍ਹ ਸਕਦੇ ਹਾਂ। ਕੇ ਨਜ਼ਰ ਮਾਰ ਸਕਦੇ ਹਾਂ।

ਅਖਬਾਰਾਂ ਹੀ ਹਨ ਜਿੱਥੋਂ ਸਾਨੂੰ ਹਰੇਕ ਮੁੱਕੇ, ਮਸਲੇ ਅਤੇ ਖ਼ਬਰ ਬਾਰੇ ਵਿਸਥਾਰ ਵਿਚ ਸਹੀ ਜਾਣਕਾਰੀ, ਮਿਲਦੀ ਹੈ। ਗੁੰਝਲਦਾਰ ਵਿਸ਼ਿਆਂ ਬਾਰੇ ਮਾਹਿਰਾਂ ਦੀ ਰਾਏ ਵੀ ਅਖ਼ਬਾਰਾਂ ਹੀ ਮੁਹੱਈਆਂ ਕਰਦੀਆਂ ਹਨ। ਵੱਖ-ਵੱਖ ਵਿਸ਼ਿਆਂ ਬਾਰ ਜਿੰਨੀ ਸਮੱਗਰੀ ਅਖ਼ਬਾਰਾਂ ਦੇ ਸੰਪਾਦਕੀ ਪੰਨਿਆਂ ’ਤੇ ਮਿਲਦੀ ਹੈ ਹੋਰ ਕਿਧਰੋਂ ਨਹੀਂ ਮਿਲ ਸਕਦੀ।

ਤੁਸੀਂ ਜਿੰਨਾ ਮਰਜ਼ੀ ਸੋਸ਼ਲ ਮੀਡੀਆ ’ਤੇ ਘੁੰਮ ਲਓ, ਜੋ ਤਸੱਲੀ ਅਖ਼ਬਾਰ ਪੜ੍ਹ ਕੇ ਹੁੰਦੀ ਹੈ ਉਹ ਸੋਸ਼ਲ ਮੀਡੀਆ ਤੋਂ ਨਹੀਂ ਮਿਲ ਸਕਦੀ। ਸਥਾਪਿਤ ਅਖ਼ਬਾਰਾਂ ਦੀ ਇਕ ਭਰੋਸੇਯੋਗਤਾ ਹੁੰਦੀ। ਉਸੇ ਭਰੋਸੇਯੋਗਤਾ ਅਤੇ ਭਾਵਨਾਤਮਕ ਸਾਂਝ ਕਾਰਨ ਤੁਸੀਂ ਉਸ ਨਾਲ ਜੁੜਦੇ ਹੋ, ਉਸਨੂੰ ਪੜ੍ਹਦੇ ਹੋ।

ਬਹੁਤ ਸਾਰੇ ਪਾਠਕ ਹਨ ਜਿਨ੍ਹਾਂ ਨੇ ਇਕ ਤੋਂ ਵਧੇਰੇ ਅਖਬਾਰਾਂ ਦੀ, ਇਕ ਤੋਂ ਵਧੇਰੇ ਭਾਸ਼ਾਵਾਂ ਦੀਆਂ ਅਖ਼ਬਾਰਾਂ ਦੀ ਸਬਸਕ੍ਰਿਪਸ਼ਨ ਲਈ ਹੋਈ




ਹੈ। ਭਾਵੇਂ ਹਰ ਰੋਜ਼ ਹਰੇਕ ਖ਼ਬਰ, ਹਰੇਕ ਆਰਟੀਕਲ ਨਹੀਂ ਪੜ੍ਹਿਆ ਜਾਂਦਾ ਪਰ ਹਰੇਕ ਪੰਨੇ ਦੀ ਹਰੇਕ ਸੁਰਖੀ ’ਤੇ ਨਜ਼ਰ ਜ਼ਰੂਰ ਜਾਂਦੀ ਹੈ। ਇੰਝ ਕਰਨ ਨਾਲ ਤੁਹਾਨੂੰ ਹੀ ਅਖ਼ਬਾਰ ਪੜ੍ਹਨ ਦਾ ਮੌਕਾ ਨਹੀਂ ਮਿਲਦਾ ਬਲਕਿ ਤੁਸੀਂ ਆਪਣੇ ਇਲਾਕੇ, ਆਪਣੇ ਸੂਬੇ, ਆਪਣੀ ਭਾਸ਼ਾ ਦੀ ਅਖਬਾਰ ਦੀ, ਪੱਤਰਕਾਰੀ ਦੀ ਮਦਦ ਵੀ ਕਰ ਰਹੇ ਹੁੰਦੇ ਹੋ। ਜੇਕਰ ਕਿਸੇ ਕਾਰਨ ਇੰਟਰਨੈੱਟ ਸੇਵਾਵਾਂ ਵਿਚ ਰੁਕਾਵਟ ਪੈਦਾ ਹੋ ਜਾਵੇ ਫਿਰ ਵੀ ਜਿਹੜੀਆਂ ਅਖ਼ਬਾਰਾਂ ਨੂੰ ਤੁਸੀਂ ਸਬਸਕਰਾਈਬ ਕੀਤਾ ਹੁੰਦਾ ਹੈ ਉਹ ਉਪਲਬਧ ਰਹਿੰਦੀਆਂ ਹਨ। ਅੱਜ ਕਲ੍ਹ ਆਪਣੀ ਖਬਰ, ਆਪਣਾ ਆਰਟੀਕਲ ਅੱਗੇ ਸੋਸ਼ਲ ਮੀਡੀਆ ਅਤੇ ਵੱਟਸਐਪ ਗਰੁੱਪਾਂ ਵਿਚ ਭੇਜਣ ਦਾ ਰੁਝਾਨ ਹੈ। ਆਨਲਾਈਨ ਅਖ਼ਬਾਰ ਵਿਚੋਂ ਅਜਿਹਾ ਝੱਟਪਟ ਅਤੇ ਗੁਣਵਤਾ ਸਹਿਤ ਕੀਤਾ ਜਾ ਸਕਦਾ ਹੈ।

ਬੀਤੇ ਦਿਨੀਂ ਪੰਜਾਬ ਪੁਲੀਸ ਨੇ ਸਵੇਰੇ-ਸਵੇਰੇ ਅਖਬਾਰਾਂ ਦੀਆਂ ਗੱਡੀਆਂ ਨੂੰ ਰੋਕ ਲਿਆ। ਉਸ ਦਿਨ ਸੰਬੰਧਤ ਇਲਾਕਿਆਂ ਦੇ ਲੋਕਾਂ ਦੇ ਘਰਾਂ ਵਿਚ ਅਖ਼ਬਾਰਾਂ ਦੁਪਹਿਰ ਗਿਆਰਾਂ ਵਜੇ ਪੁੱਜੀਆਂ। ਜਿਹੜੇ ਪਾਠਕਾਂ ਨੇ ਆਪਣੀ-ਆਪਣੀ ਮਨਪਸੰਘ ਅਖਬਾਰ ਨੂੰ ਆਨਲਾਈਨ ਸਬਸਕਰਾਈਬ ਕੀਤਾ ਹੋਇਆ ਹੈ ਉਨ੍ਹਾਂ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਈ। ਉਨ੍ਹਾਂ ਲਈ ਤਾਂ ਅਖਬਾਰ ਤੜਕੇ ਚਾਰ ਵਜੇ ਹੀ ਉਪਲਬਧ ਹੁੰਦੀ ਹੈ। ਜਦ ਅਸੀਂ ਆਪਣੀ ਭਾਸ਼ਾ ਦੀਆਂ ਸੂਬਾਈ ਅਖ਼ਬਾਰਾਂ ਨੂੰ ਸਬਸਕਰਾਈਬ ਕਰਦੇ ਹਾਂ ਤਾਂ ਇਕ ਤਰ੍ਹਾਂ ਅਸੀਂ ਆਪਣੇ ਸ਼ਹਿਰ, ਆਪਣੇ ਰਾਜ, ਆਪਣੇ ਸ਼ਹਿਰ ਦੇ ਸਕੂਲਾਂ, ਅਦਾਲਤਾਂ, ਪੱਤਰਕਾਰੀ ਨੂੰ ਹੀ ਮਜ਼ਬੂਤ ਕਰ ਰਹੇ ਹੁੰਦੇ ਹਾਂ। ਇਸ਼ਤਿਹਾਰ ਕਾਰੋਬਾਰੀ ਲੋਕ ਅਤੇ ਸਰਕਾਰਾਂ ਦਿੰਦੀਆਂ ਹਨ। ਅਸੀਂ ਸਬਸਕ੍ਰਿਪਸ਼ਨ ਤਾਂ ਖਰੀਦ ਹੀ ਸਕਦੇ ਹਾਂ।

ਹਾਰਡ ਕਾਪੀ ਸਵੇਰ ਵੇਲੇ ਚਾਹ-ਕੌਫ਼ੀ ਦੇ ਕੱਪ ਦਾ ਆਨੰਦ ਵਧਾ ਦਿੰਦੀ ਹੈ। ਪਰ ਸਮਾਂ ਬੜੀ ਤੇਜ਼ ਰਫ਼ਤਾਰ ਨਾਲ ਬਦਲ ਰਿਹਾ ਹੈ। ਨਵੀਂ ਪੀੜ੍ਹੀ ਦੀ ਸਵੇਰ ਸਹਿਜ ਨਹੀਂ ਹੁੰਦੀ। ਸਮੇਂ ਦੀ ਘਾਟ ਹੈ। ਭੱਜ ਦੌੜ ਹੈ। ਅਕਸਰ ਉਨ੍ਹਾਂ ਦੀ 7-8 ਘੰਟੇ ਦੀ ਨੀਂਦ ਵੀ ਪੂਰੀ ਨਹੀਂ ਹੁੰਦੀ। ਡਿਜ਼ੀਟਲ ਅਡੀਸ਼ਨ ਵਿਚ ਪਾਠਕਾਂ ਨੂੰ ਵੀਡੀਓ, ਆਡੀਓ, ਲਾਈਵ ਡਾਟਾ ਵੀ ਉਪਲਬਧ ਹੁੰਦਾ ਹੈ। ਤੁਸੀਂ ਹਫ਼ਤਾਵਾਰ ਅਡੀਸ਼ਨ ਵੀ ਖਰੀਦ ਸਕਦੇ ਹੋ। ਅਖਬਾਰਾਂ ਨੇ ਮਹੀਨਾਵਾਰ, ਸਲਾਨਾ ਸਬਸਕ੍ਰਿਪਸ਼ਨ ਬੜੀ ਥੋੜ੍ਹੀ ਰੱਖੀ ਹੈ, 150-180 ਦਰਮਿਆਨ ਇਕ ਮਹੀਨੇ ਦੀ ਅਤੇ 1500-1800 ਤੱਕ ਇਕ ਸਾਲ ਦੀ। ਅੱਜ ਕਲ੍ਹ ਵੱਖ-ਵੱਖ ਬਰੈਂਡ ਦੀ ਕੌਫ਼ੀ ਦਾ ਮੱਘ 200-250 ਦਾ ਮਿਲਦਾ ਹੈ। ਆਪਾਂ ਬਜ਼ਾਰ ਜਾਂਦੇ ਹਾਂ ਤਾਂ ਖੜੇ ਖੜੇ 1500- 2000 ਰੁਪਏ ਦਾ ਫਾਸਟ ਫੂਡ ਖਾ ਸਕਦੇ ਹਾਂ। ਸਿਹਤ ਦਾ ਨੁਕਸਾਨ ਵੱਖਰਾ। ਆਓ ਅੱਜ ਹੀ ਆਪਣੀ ਮਨਪਸੰਦ ਅਖ਼ਬਾਰ ਨੂੰ ਸਬਸਕਰਾਈਬ ਕਰੀਏ।

## ਕੰਜੂਸ ਤੇ ਲਾਲਚੀ ਫੁੱਫੜ ਨੂੰ ਪਈਆਂ ਗਾਲ੍ਹਾਂ !

ਕਈ ਸਾਲ ਪਹਿਲਾਂ ਅਮਰੀਕਾ ਤੋਂ ਪਿੰਡ ਗਏ ਹੋਏ ਨੇ ਮੈਂ ਖਜੂਰ ਦੇ ਡੱਖੇ ਦਾ ਪੱਖਾ ਬਣਾ ਕੇ ਪੋਤਰੇ ਨੂਰ ਨੂੰ ਆਪਣਾ ‘ਹੁਨਰ’ ਦਿਖਾਇਆ ਸੀ ਕਿ ਬਚਪਨ ਵਿਚ ਕਿਵੇਂ ਅਸੀਂ ਬੇਟ ਵੱਲ੍ਹ ਪਸ਼ੂ ਚਰਾਉਣ ਗਏ ਹੋਏ ਅਜਿਹੇ ਪੱਖੇ ਬਣਾ ਲੈਂਦੇ ਹੁੰਦੇ ਸਾਂ। ਇਸੇ ਵਰ੍ਹੇ ਲੰਘੇ ਜੂਨ-ਜੁਲਾਈ ਵਿਚ ਮੈਂ ਪਿੰਡ ਗਿਆ ਹੋਇਆ ਸਾਂ। ਬਿਜਲੀ ਸਪਲਾਈ ਫੇਲ੍ਹ ਹੋਣ ਕਾਰਨ ਮੈਂ ਬਾਹਰ ਵਿਹੜੇ ਵਿਚ ਬੈਠਾ ਇਹ ਪੱਖਾ ਝੱਲ ਰਿਹਾ ਸਾਂ। ਆਪ ਬਣਾਏ ਹੋਏ ਇਸ ਪੱਖੇ ਬਾਰੇ ਮੈਨੂੰ ਇਕ ਦਿਲਚਸਪ ਵਾਕਿਆ ਚੇਤੇ ਆ ਗਿਆ-ਇਕ ਵਾਰ ਭਾਦੋਂ ਦੇ ਕਹਿਰਾਂ ਵਾਲ਼ੇ ਹੁੰਮਸ ਵਿਚ ਪੰਦਰਾਂ ਵੀਹ ਮੀਲ ਸਾਈਕਲ ਚਲਾਉਂਦੇ ਹੋਏ ਸਾਡੇ ਭਾਈਆ ਜੀ ਗਏ ਸਾਡੀ ਭੂਆ ਦੇ ਘਰ। ਉਦੋਂ ਪਿੰਡਾਂ ਵਿਚ ਹਾਲੇ ਬਿਜਲੀ ਨਹੀਂ ਸੀ ਆਈ। ਮੁੜ੍ਹਕੇ ਕਾਰਨ ਅੱਕਲ਼ਕਾਨ ਹੋਏ ਪਏਬਭਾਈਆ ਜੀ ਨੇ ਜਾਂਦਿਆਂ ਸਾਰ ਫੁੱਫੜ ਨੂੰ ਕਿਹਾ ਕਿ ਭਾਈਆ ਜਾਨ ਨਿਕਲ਼ਦੀ ਜਾਂਦੀ ਆ...ਪਹਿਲਾਂ ਪੱਖੀ ਜਾ ਪੱਖਾ ਫੜਾਈਂ ਜ਼ਰਾ ਮੈਨੂੰ !



ਮਹਾਂ ਕੰਜੂਸ ਫੁੱਫੜ ਨੇ ਅੰਦਰੋਂ ਪਿੱਤਲ਼ ਦੇ ਪਤੀਲੇ ਦਾ ਥਾਲ਼ ਜਿਹਾ ਢੱਕਣ ਭਾਈਆ ਜੀ ਨੂੰ ਲਿਆ ਫੜਾਇਆ ! ਚੜ੍ਹੀਆਂ ਹੋਈਆਂ ਚਰ੍ਹੀਆਂ ਮੱਕੀਆਂ ਵਿਚ ਕੱਚੇ ਰਾਹਾਂ ਉੱਤੇ ਸਾਈਕਲ ਚਲਾਉਂਦੇ, ਪਹਿਲੋਂ ਹੀ ਹਾਲੋਂ ਬੇਹਾਲ ਹੋਏ ਪਏ ਭਾਈਆ ਜੀ ਨੇ ਖਿਝ-ਭੁੱਜ ਕੇ ਫੁੱਫੜ ਨੂੰ ਬੁਰਾ ਭਲਾ ਕਹਿੰਦਿਆਂ ਚੰਗੀਆਂ ‘ਤੱਤੀਆਂ ਤੱਤੀਆਂ’ ਸੁਣਾਈਆਂ ! ਪਰ ‘ਢੀਠਾਂ ਦਾ ਸਰਦਾਰ’ ਫੁੱਫੜ ਅੱਗਿਉਂ ‘ਹੀਂ....ਹੀਂ....ਹੀਂ’ ਕਰੀ ਗਿਆ ! ਘਰੇ ਆ ਕੇ ਭਾਈਆ ਜੀ ਨੇ ਭੂਆ ਦੇ ਘਰ ਵਾਲ਼ੀ ਉਕਤ ਸਟੋਰੀ ਸੁਣਾ ਕੇ ਮੈਨੂੰ ਕਿਹਾ ਕਿ ਕਾਕਾ ਖਜੂਰ ਦੇ ਡੱਖੇ ਦੇ ਦੋ ਪੱਖੇ ਬਣਾ ਕੇ ਕੱਲ੍ਹ ਪਰਸੋਂ ਨੂੰ ਆਪਣੀ ਭੂਆ ਦੇ ਘਰੇ ਦੇ ਕੇ ਆ !

ਲਓ ਜੀ ਦੂਜੇ ਤੀਜੇ ਦਿਨ ਮੈਂ ਬੇਟ ਵੱਲ ਪਸ਼ੂ ਚਰਾਉਣ ਗਿਆ ਹੋਇਆ ਦੋ ਪੱਖੇ ਬਣਾ ਲਿਆਇਆ ਅਤੇ ਭੂਆ ਦੇ ਘਰ ਦੇਣ ਚਲਾ ਗਿਆ ! ਕਿਤੇ ‘ਦੋ ਘੁੱਟ’ ਪੀ ਕੇ ਜਾਂ ਵੈਸੇ ਈ ਖੁਸ਼ ਮੂਡ੍ਹ ਵਿਚ ਚਾਮ੍ਹਲ ਕੇ ਹਿੰਦੀ ਵਿਚ ‘ਹਮਕੋ-ਤੁਮਕੋ’ ਕਰਨ ਵਾਲ਼ਾ ਵਾਲ਼ਾ ਫੁੱਫੜ,ਮੈਥੋਂ ਦੋਏ ਪੱਖੇ ਫੜ ਕੇ ਬੋਲਿਆ-‘ਗਿਆਨੀ ਜੀ, ਇਸ ਕੇ ਜੈਸੇ ਦੋ ਪੱਖੇ ਹਮਕੋ ਔਰ ਬਨਾ ਕੇ ਭੇਜ ਦੇਣਾ !’ ਫੁੱਫੜ ਦੀ ਇਹ ਗੱਲ ਜਦ ਮੈਂ ਵਾਪਸ ਘਰੇ ਆ ਕੇ ਦੱਸੀ ਤਾਂ ਭਾਈਆ ਜੀ ਨੇ ਲਾਲਚੀ ਫੁੱਫੜ ਨੂੰ ਗਰਮਾਂ ਗਰਮ ਵੀਹ ਗਾਲ੍ਹਾਂ ਹੋਰ ਕੱਢ’ਤੀਆਂ ਸਨ !

-ਤਰਲੋਚਨ ਸਿੰਘ ਦੁਪਾਲ ਪੁਰ 001-408-915-1268 tsdupalpuri@yahoo.com

## ਕਵਿਤਾ

ਮਰੀਆਂ ਹੋਈਆਂ ਜ਼ਮੀਰਾਂ ਦੇ
ਕਦੇ ਸਿਰ ਨਹੀਂ ਲਹਿੰਦੀਆਂ,
ਸਦਾ ਪੱਗਾਂ ਹੀ ਲਹਿੰਦੀਆਂ।

ਅਣਖਾਂ ਵਾਲਿਆਂ ਦੇ ਸਦਾ ਸਿਰ ਲਹਿੰਦੇ,
ਕਦੇ ਦਸਤਾਰਾਂ ਨਹੀਂ ਲਹਿੰਦੀਆਂ ।

ਜਿਹੜੇ ਰੱਖੀ ਫਿਰਦੇ ਸੀਸ ਤਲੀਆਂ ਉੱਤੇ,
ਉਹ ਕੌਮਾਂ ਸਦਾ ਜੱਗ ’ਤੇ
ਜਿਉਂਦੀਆਂ ਰਹਿੰਦੀਆਂ।

ਮੰਜ਼ਲਾਂ ’ਤੇ ਪਹੁੰਚਣ ਦੀ
ਹੋਵੇ ਤਾਂਘ ਜਿਹਨਾਂ ਨੂੰ,
ਉਹ ਕੌਮਾਂ ਕਦੇ
ਟਿਕ ਕੇ ਨਹੀਂ ਬਹਿੰਦੀਆਂ।

ਜਿਊਣਾ ਅਣਖਾਂ ਨਾਲ
ਮਰਨਾਂ ਅਣਖਾਂ ਨਾਲ,
ਉਹ ਕੌਮਾਂ ਸਦਾ ਜਾਲਮ
ਨਾਲ ਟਾਕਰੇ ਲੈਂਦੀਆਂ।


ਜਦੋਂ ਭਰਾ ਮਾਰੂ ਜੰਗ ਰੋਜ਼ ਲੱਗੇ ,
ਉਹ ਕੌਮਾਂ ਸਦਾ ਦੁਖੜੇ ਸਹਿੰਦੀਆਂ।

ਗਧਿਆਂ ’ਤੇ ਚੜ੍ਹ ਕੇ
ਖੁਸਰੇ ਜਾਣ ਜਦੋਂ ਜੰਗ ਲੜਨ,
ਉਦੋਂ ਕੌਮਾਂ ਸਦਾ ਮੈਦਾਨਾਂ ਵਿੱਚ ਢਹਿੰਦੀਆਂ।

ਕੌਣ ਪੁੱਛਦਾ ਕਾਂਵਾਂ ’ਤੇ ਗਿੱਦੜਾਂ ਨੂੰ,
ਨਗ਼ਮੇ ਮਰਦਾਂ ਦੇ
ਸਦਾ ਬੁਲਬੁਲਾ ਕਹਿੰਦੀਆਂ।

“ਰਾਣਾ ਸਿਆਂ”
ਅੱਜ ਸਭ ਮਹਿੰਦੀ ਹੱਥੀਂ ਲਾਈ ਫਿਰਦੇ,


ਸਹੀਦੀ ਵਾਲੀਆਂ ਮਹਿੰਦੀਆਂ,
ਵਿਰਲੇ ਹੱਥੀਂ ਰਹਿੰਦੀਆਂ।



ਰਣਵੀਰ ਸਿੰਘ ਰਾਣਾ

# ਡਾਇਬਟੀਜ਼ ਦਾ ਵੱਧ ਰਿਹਾ ਅੰਕੜਾ ਵਿਸ਼ਵ ਲਈ ਬਣਿਆ ਖਤਰਾ


**ANIL DHEER**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)



ਵਿਸ਼ਵ ਡਾਇਬਟੀਜ਼ ਦਿਵਸ 14 ਨਵੰਬਰ, 2025 ਦਾ ਥੀਮ ਹੈ-"ਵਰਕਪਲੇਸ 'ਤੇ ਸ਼ੂਗਰ ਪ੍ਰਤੀ ਅਵੇਅਰਨੈਸ ਅਤੇ ਭਲਾਈ" ਜੋ ਕਿ ਵਰਕਪਲੇਸ 'ਤੇ ਸ਼ੂਗਰ ਰੋਗੀਆਂ ਲਈ ਜ਼ਿਆਦਾ ਸਮਰਥਨ, ਲਚਕੀਲਾਪਨ ਅਤੇ ਸਮਝਦਾਰੀ ਦੀ ਲੋੜ ਨੂੰ ਉਜਾਗਰ ਕਰਦਾ ਹੈ। ਅੱਜ ਹਰ ਪੱਧਰ 'ਤੇ ਲੋਕਾਂ ਨੂੰ ਅਵੇਅਰ ਕਰਨ ਦੀ ਲੋੜ ਹੈ-

ਹੈਲਥ ਮੀਡੀਆ ਕੈਨੇਡਾ : 14 ਨਵੰਬਰ 2025 ਵਾਲੇ ਦਿਨ ਵਿਸ਼ਵ ਭਰ ਵਿਚ ਡਾਇਬਟੀਜ਼ ਜਾਗਰੁੱਕਤਾ ਦਿਵਸ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਇਸ ਸਾਲ ਦਾ ਥੀਮ ਹੈ - "ਵਰਕਪਲੇਸ 'ਤੇ ਸ਼ੂਗਰ ਅਤੇ ਭਲਾਈ" ਜੋ ਕਿ ਵਰਕਪਲੇਸ 'ਤੇ ਸ਼ੂਗਰ ਰੋਗੀਆਂ ਲਈ ਜ਼ਿਆਦਾ ਸਮਰਥਨ, ਲਚਕੀਲਾਪਨ ਅਤੇ ਸਮਝਦਾਰੀ ਦੀ ਲੋੜ ਨੂੰ ਉਜਾਗਰ ਕਰਦਾ ਹੈ। ਹਰ ਉਮਰ ਦਾ ਵਿਅਕਤੀ ਇਸ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਰਿਹਾ ਹੈ। ਅੱਜ ਵਿਸ਼ਵ ਭਰ 'ਚ ਤਕਰੀਬਨ 590 ਮਿਲੀਅਨ ਲੋਕ ਇਸ ਦੇ ਘੇਰੇ 'ਚ ਹਨ ਅਤੇ ਬਹੁਤ ਸਾਰੇ ਪਛਾਣ ਤੋਂ ਬਾਹਰ ਹਨ।

ਇਹ ਗਲੋਬਲ ਮਨਾਏ ਜਾਣ ਵਾਲੇ ਦਿਵਸ ਨੂੰ 1991 ਵਿਚ ਇੰਟਰਨੈਸ਼ਨਲ ਡਾਇਬਟੀਜ਼ ਫੈਡਰੇਸ਼ਨ ਅਤੇ ਵਿਸ਼ਵ ਸਿਹਤ ਸੰਸਥਾ ਵੱਲੋਂ ਬਣਾਇਆ ਗਿਆ ਸੀ, ਅਤੇ 2006 ਵਿਚ ਇਸਨੂੰ ਇੱਕ ਅਧਿਕਾਰਿਕ ਸੰਯੁਕਤ ਰਾਜ ਦਿਵਸ ਵੱਜੋਂ ਘੋਸ਼ਿਤ ਕੀਤਾ ਗਿਆ। ਇਹ ਤਾਰੀਖ ਸਰ ਫਰੇਡਰਿਕ ਬੈਂਟਿੰਗ ਦੇ ਜਨਮਦਿਨ ਦੇ ਸਨਮਾਨ ਵੱਜੋਂ ਮਨਾਈ ਜਾਂਦੀ ਹੈ, ਜਿਨਾਂ ਨੇ 1921 ਵਿਚ ਇੰਸੂਲਿਨ ਦੀ ਸਹਿ ਖੋਜ ਕੀਤੀ ਸੀ।





ਵਿਸ਼ਵ ਸਿਹਤ ਸੰਸਥਾ 2030 ਤੱਕ ਮਹੱਤਵਪੂਰਨ ਗਲੋਬਲ ਤਰੱਕੀ ਹਾਸਲ ਕਰਨ ਦਾ ਟੀਚਾ ਰੱਖਦੀ ਹੈ। ਜਿਸ ਵਿਚ ਟਾਈਪ-1 ਡਾਇਬਟੀਜ਼ ਵਾਲੇ ਲੋਕਾਂ ਲਈ ਇਨਸੂਲਿਨ ਤੱਕ 100% ਪਹੁੰਚ ਸ਼ਾਮਲ ਹੈ। ਇਸ ਦਿਨ ਵਿਸ਼ਵ ਪੱਧਰ 'ਤੇ ਜਾਗਰੁੱਕ ਕਰਨ ਲਈ, ਤਰੱਕੀ ਦਾ ਮੁਲਾਂਕਨ ਕਰਨ ਅਤੇ ਡਾਇਬਟੀਜ਼ ਨਾਲ ਜੀਅ ਰਹੇ ਲੋਕਾਂ ਦੀ ਮਦਦ ਕਰਨ ਦੇ ਨਵੇਂ ਤਰੀਕਿਆਂ ਵੱਲ ਵੀ ਧਿਆਣ ਦਿੱਤਾ ਜਾਂਦਾ ਹੈ। ਅੱਜ ਵਿਸ਼ਵ ਡਾਇਬਟੀਜ਼ ਵਾਲਿ ਲੋਕਾਂ, ਹੈਲਥ ਪ੍ਰੋਫੈਸ਼ਨਲਾਂ, ਵਕੀਲਾਂ, ਨੀਤੀ ਨਿਰਮਾਤਿਆਂ, ਅਤੇ ਲੋਕਾਂ ਕਈ ਇਕੱਠੇ ਹੋ ਕੇ ਜਾਗਰੁੱਕਤਾ ਵਧਾਉਣ, ਕਾਰਵਾਈ ਕਰਨ ਅਤੇ ਸਮਾਜ ਨੂੰ ਮਦਦ ਦੇਣ ਦਾ ਇੱਕ ਗਲੋਬਲ ਮੌਕਾ ਹੈ।

ਆਮ ਲੱਛਣਾਂ ਵਿਚ ਮੂੰਹ ਦਾ ਸੁੱਕਨਾ, ਪਿਆਸ ਦਾ ਵੱਧ ਜਾਣਾ, ਪਿਸ਼ਾਬ ਦਾ ਬਾਰ-ਬਾਰ ਆਉਣਾ, ਹਮੇਸ਼ਾ ਥਕਾਨ ਮਹਿਸੂਸ ਕਰਨਾ, ਬਿਨਾ ਕਾਰਨ ਵਜ਼ਨ ਘੱਟ ਜਾਣਾ, ਹੱਥਾਂ-ਪੈਰਾਂ ਦਾ ਸੋ ਜਾਣਾ, ਚਮੜੀ 'ਤੇ ਜਖਮ-ਕੱਟ ਦਾ ਛੇਤੀ ਠੀਕ ਨਾ ਹੋਣਾ, ਧੁੰਦਲੀ ਨਜ਼ਰ ਅਤੇ ਔਰਤਾਂ ਦੀ ਯੋਨੀ ਅੰਦਰ ਈਸਟ ਇਨਫੈਕਸ਼ਨ ਦੇਖਣ ਨੂੰ ਮਿਲਦੀ ਹੈ।

ਡਾਇਬਟੀਜ਼ ਇੱਕ ਕੰਡੀਸ਼ਨ ਹੈ ਜੋ ਉਸ ਵੇਲੇ ਹੁੰਦੀ ਹੈ ਜਦੋਂ ਤੁਹਾਡੇ ਖ਼ੂਨ 'ਚ ਸ਼ੂਗਰ ਬਹੁਤ ਜਿਆਦਾ ਹੁੰਦੀ ਹੈ। ਇਹ ਉਸ ਵੇਲੇ ਵਿਕਸਿਤ ਹੁੰਦੀ ਹੈ ਜਦੋਂ ਤੁਹਾਡਾ ਪੈਂਕਰੀਆਸ ਕਾਫੀ ਇਨਸੂਲਿਨ ਨਹੀਂ ਬਣਾਉਂਦਾ ਜਾਂ ਬਿਲਕੁਲ ਨਹੀਂ ਬਣਾਉਂਦਾ, ਜਾਂ ਜਦੋਂ ਤੁਹਾਡੇ ਸਰੀਰ ਇਨਸੂਲਿਨ ਦੇ ਅਸਰ ਦਾ ਸਹੀ ਤਰੀਕੇ ਨਾਲ ਪ੍ਰਤੀਕਰਮ ਨਹੀਂ ਕਰਦਾ। ਬਿਮਾਰੀ ਜ਼ਿਆਦਾਤਰ ਹਾਲਤ ਲੰਬੇ ਸਮੇਂ ਤੱਕ ਚੱਲਣ ਵਾਲੀ ਹੁੰਦੀ ਹੈ। ਇਹ ਹਾਲਤ ਜੀਵਨ ਸ਼ੈਲੀ ਵਿਚ ਸੁਧਾਰ ਅਤੇ ਦਵਾਈਆਂ ਨਾਲ ਸੰਭਾਲੇ ਜਾ ਸਕਦੇ ਹਨ। ਗਲੂਕੋਜ਼ ਮੁੱਖ ਤੌਰ 'ਤੇ ਤੁਹਾਡੇ ਖਾਣ-ਪੀਣ 'ਚ ਕਾਰਬੋਹਾਈਡ੍ਰੇਟਸ ਤੋਂ ਆਉਂਦਾ ਹੈ। ਇਹ ਸਰੀਰ ਦੀ ਮੁੱਖ ਉਰਜਾ ਦਾ ਸਾਧਨ ਹੈ। ਤੁਹਾਡਾ ਖ਼ੂਨ ਗਲੂਕੋਜ਼ ਨੂੰ ਸਾਰੇ ਸਰੀਰ ਦੇ ਕੋਸ਼ਾਂ ਤੱਕ ਲਿਜਾਂਦਾ ਹੈ ਤਾਂ ਜੋ ਉਹ ਉਰਜਾ ਲਈ ਇਸਤੇਮਾਲ ਕੀਤੀ ਜਾ ਸਕੇ।

ਕਈ ਕਿਸਮ ਦੇ ਡਾਇਬਟੀਜ਼ ਜਿਵੇਂ ਕਿ ਟਾਈਪ-2 ਡਾਇਬਟੀਜ਼, ਪ੍ਰੀ ਡਾਇਬਟੀਜ਼, ਟਾਈਪ-1 ਡਾਇਬਟੀਜ਼, ਗੇਸਟੇਸ਼ਨਲ ਡਾਇਬਟੀਜ਼, ਟਾਈਪ-3 ਸੀ ਡਾਇਬਟੀਜ਼, ਲੇਟੇਨਟ ਅਉਟੋਇਮਿਊਨ ਡਾਇਬਟੀਜ਼ ਵਿਅਸਕਾਂ ਵਿਚ, ਨੌਜਵਾਨਾਂ ਵਿਚ ਆਨਸੇਟ ਡਾਇਬਟੀਜ਼ ਅਤੇ ਨਵਜਾਤ ਬੱਚੇ ਨੂੰ ਡਾਇਬਟੀਜ਼ ਦਾ ਅੰਕੜਾ ਤੇਜ਼ੀ ਨਾਲ ਵੱਧ ਰਿਹਾ ਹੈ। ਲੰਬੇ ਸਮੇਂ ਤੱਕ ਚਲਣ ਵਾਲੀ ਬਿਮਾਰੀ ਕਾਰਨ ਸਰੀਰ ਦੇ ਟਿਸ਼ੂ ਅਤੇ ਅੰਗਾਂ ਨੂੰ ਕਾਫੀ ਨੁਕਸਾਨ ਪਹੁੰਚਾ ਸਕਦੇ ਹਨ। ਜਿਸ ਨਾਲ ਦਿਲ ਨਾਲ ਜੁੜੀਆਂ ਸਮੱਸਿਆਂਵਾਂ ਕੋਰੋਨਰੀ ਧਮਨੀ ਰੋਗ, ਦਿਲ ਦਾ ਦੌਰਾ ਅਤੇ ਸਟਰੋਕ ਵਰਗੀ ਹਾਲਤ ਪੈਦਾ ਹੋ ਸਕਦੀ ਹੈ।

ਟਾਈਪ-1 ਡਾਇਬਟੀਜ਼ ਵਿਚ ਪੀੜਿਤ ਇਨਸੂਲਿਨ ਤੇ ਨਿਰਭਰ ਹੁੰਦਾ ਹੈ, ਜੋ ਇੱਕ ਲੰਬੇ ਸਮੇਂ ਦੀ ਹਾਲਤ ਵਿਚ ਪਾਚਕ ਘੱਟ ਜਾਂ ਕੋਈ ਨਿਸੂਲਿਨ ਪੈਦਾ ਕਰਦੇ ਹਨ। ਇਨਸੂਲਿਨ ਇੱਕ ਐਨਾਬੋਲਿਕ ਹਾਰਮੋਨਹੈ ਜੋ ਟਾਇਰੋਸਾਈਨਕਿਨੇਸ ਰੀਸੈਪਟਰਰਸਤੇ ਰਾਹੀਂ ਗਲੂਕੋਜ਼ ਦੀ ਮਾਤਰਾ, ਗਲਾਈਕੋਗੇਨੇਸਿਸ, ਲਿਪੋਜੀਨੇਸਿਸ ਅਤੇ ਪਿੰਜਰ ਮਾਸਪੇਸ਼ੀ ਤੇ ਚਰਬੀ ਦੇ ਟਿਸ਼ੂ ਦੇ ਪ੍ਰੋਟੀਨ ਸੰਸਲੇਸ਼ਣ ਨੂੰ ਉਤਸਾਹਿਤ ਕਰਦਾ ਹੈ।




## ਧਿਆਨ ਰੱਖਣ ਦੀ ਹੈ ਲੋੜ

ਅੱਜ ਇਲਾਜ਼ ਪੇਚੀਦਗੀਆਂ ਨੂੰ ਰੋਕਣ ਲਈ ਨਿਸੂਲਿਨ, ਖੁਰਾਕ ਅਤੇ ਲਾਈਫਸਟਾਈਲ ਦੇ ਨਾਲ ਬਲੱਡ ਸ਼ੂਗਰ ਦੇ ਲੈਵਲ ਨੂੰ ਮੈਨੇਜ ਕਰਨ ਤੇ ਧਿਆਣ ਦਿੱਤਾ ਜਾ ਰਿਹਾ ਹੈ।

ਡਾਇਬਟੀਜ਼-1 ਨੂੰ ਡਾਇਬਟੀਜ਼ ਕਲੀਨਿਕਾਂ, ਅਤੇ ਫੈਮਿਲੀ ਦੀ ਸਲਾਹ ਨਾਲ ਹੈਲਦੀ ਲਾਈਫ ਸਟਾਈਲ ਨਾਲ, ਕੰਪਲੀਟ ਬਲੱਡ-ਵਰਕ, ਹਰ 3 ਮਹੀਨੇ ਬਾਅਦ ਏ-1 ਸੀ ਸ਼ੂਗਰ ਲੈਵਲ, ਸ਼ੂਗਰ ਦੀ ਸਵੈ-ਪ੍ਰਬੰਧਨ ਐਜੂਕੇਸ਼ਨ, ਵਗੈਰਾ ਨਾਲ ਲੰਬੀ ਜ਼ਿੰਦਗੀ ਜੀਉਣ ਦਾ ਇੱਕ ਮੌਕਾ ਮਿਲ ਜਾਂਦਾ ਹੈ।

ਪ੍ਰੀ-ਡਾਇਬਟੀਜ਼ ਅਤੇ ਸ਼ੂਗਰ ਦੇ ਰੋਗੀਆਂ ਨੂੰ ਅੱਜ ਜੰਕ-ਫੂਡ ਛੱਡ ਕੇ ਪੌਸ਼ਟਿਕ ਖ਼ੁਰਾਕ ਹੀ ਲੈਣ ਦੀ ਲੋੜ ਹੈ। ਮਿਕਸ ਅਨਾਜ, ਤਾਜ਼ੇ ਫੱਲ ਸਬਜ਼ੀਆਂ, ਆਵੋਕੈਡੋ, ਪ੍ਰੋਟੀਨ, ਫਾਈਬਰ, ਘੱਟ-ਫੈਟ ਵਾਲੇ ਡੇਅਰੀ ਪ੍ਰੋਡਕਟ, ਰੂਟੀਨ 'ਚ ਸ਼ਾਮਲ ਕਰੋ।

ਕੈਨੇਡਾ ਦੇ ਓਨਟਾਰੀਓ ਵਿਚ ਜੇ'ਜ਼ ਕੰਜਉਮਰ ਪ੍ਰਾਡਕਟ ਵੱਲੋਂ ਡਾਇਬਟਿਕ-ਫ੍ਰੈਂਡਲੀ ਪ੍ਰੋਡਕਟ "ਜੇ'ਜ਼ ਸ਼ੂਗਰ-ਕੇਅਰ ਆਟਾ" ਚਰਚਾ ਵਿੱਚ ਆ ਚੁੱਕਾ ਹੈ। ਇਸਤੇਮਾਲ ਕਰਨ ਵਾਲਿਆਂ ਨੂੰ ਫਾਇਦਾ ਵੀ ਮਿਲ ਰਿਹਾ ਹੈ।

ਸਰੀਰ ਦਾ ਵਜ਼ਨ ਕੰਟ੍ਰੋਲ ਕਰਨ ਲਈ ਡੇਲੀ 1 ਘੰਟੇ ਦੀ ਸੈਰ, ਯੋਗਾ, ਮੇਡੀਟੇਸ਼ਨ, ਦੌੜ, ਸਟ੍ਰੈਚਿੰਗ ਲਗਾਤਾਰ ਕਰਨ ਨਾਲ ਮਾਸਪੇਸ਼ੀਆਂ ਨੂੰ ਖ਼ੂਨ ਅੰਦਰੋਂ ਸ਼ੱਕਰ ਚੱਕਣ ਵਿਚ ਹੈਲਪ ਨਾਲ ਬਲੱਡ-ਸ਼ੂਗਰ ਦਾ ਲੈਵਲ ਘੱਟ ਜਾਂਦਾ ਹੈ।

ਕੋਈ ਵੀ ਦਵਾਈ ਦੀ ਮਾਤਰਾ ਆਪਣੀ ਮਰਜੀ ਨਾਲ ਘੱਟ-ਵੱਧ ਨਾ ਕਰੋ ਅਤੇ ਸਾਵਧਾਨੀ ਵਰਤੋ। ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲੈਂਦੇ ਰਹੋ।

ਨੋਟ: ਫੈਮਿਲੀ ਵਿਚ ਕਿਸੇ ਨੂੰ ਡਾਬਿਟੀਜ਼ ਰੋਗ ਹੋਵੇ ਤਾਂ ਬਾਕੀ ਮੈਂਬਰਾਂ ਨੂੰ ਵੀ ਆਪਣੀ ਜੀਵਨ-ਸ਼ੈਲੀ ਵਿਚ ਬਦਲਾਅ ਕਰਨ ਅਤੇ ਸਾਵਧਾਨੀ ਦੀ ਲੋੜ ਹੈ।



# ਗੁਰਮਤਿ ਨੂੰ ਪ੍ਰਣਾਈ ਬਹਾਦਰੀ ਦੀ ਪ੍ਰਤੀਕ ਜਸਪਾਲ ਕੌਰ ਅਨੰਤ

## ਭੋਗ 'ਤੇ ਵਿਸ਼ੇਸ਼

ਉਜਾਗਰ ਸਿੰਘ



ਆਮ ਤੌਰ 'ਤੇ ਮੌਤ ਦੇ ਨਾਮ ਨਾਲ ਹੀ ਇਨਸਾਨ ਡਰ ਜਾਂਦਾ ਹੈ, ਪ੍ਰੰਤੂ ਜਦੋਂ ਮੌਤ ਸਾਹਮਣੇ ਖੜ੍ਹੀ ਲਲਕਾਰ ਰਹੀ ਹੋਵੇ, ਉਸ ਵਕਤ ਤਾਂ ਹਰ ਇਨਸਾਨ ਨੂੰ ਕਾਂਬਾ ਛਿੜ ਜਾਂਦਾ ਹੈ। ਕਈ ਲੋਕ ਤਾਂ ਮੌਤ ਦਾ ਨਾਮ ਸੁਣਕੇ ਹੀ ਸਵਰਗਵਾਸ ਹੋ ਜਾਂਦੇ ਹਨ, ਪ੍ਰੰਤੂ ਮੈਂ ਏਥੇ ਤੁਹਾਨੂੰ ਇੱਕ ਅਜਿਹੀ ਬਹਾਦਰ ਇਸਤਰੀ ਜਸਪਾਲ ਕੌਰ ਅਨੰਤ ਦੀ ਦਲੇਰੀ ਬਾਰੇ ਦੱਸਣਾ ਚਾਹੁੰਦਾ, ਜੋ ਮੌਤ ਤੋਂ ਡਰੇ ਨਹੀਂ। ਜਸਪਾਲ ਕੌਰ ਅਨੰਤ ਦੀ ਕੈਂਸਰ ਦੀ ਨਾਮੁਰਾਦ ਬਿਮਾਰੀ ਬਾਰੇ ਡਾਕਟਰਾਂ ਨੂੰ ਉਦੋਂ ਹੀ ਪਤਾ ਲੱਗਾ ਜਦੋਂ ਉਹ ਬਿਮਾਰੀ ਆਖ਼ਰੀ ਸਟੇਜ 'ਤੇ ਪਹੁੰਚ ਚੁੱਕੀ ਸੀ। ਕੈਨੇਡਾ ਦੇ ਸਰੀ ਹਸਪਤਾਲ ਦੇ ਡਾਕਟਰਾਂ ਦੀ ਟੀਮ ਨੇ ਹੱਥ ਖੜ੍ਹੇ ਕਰ ਦਿੱਤੇ ਕਿ ਹੁਣ ਇਸਦਾ ਕੋਈ ਇਲਾਜ਼ ਨਹੀਂ ਹੋ ਸਕਦਾ। ਇਸ ਬਿਮਾਰੀ ਦਾ ਦਰਦ ਸਹਿਣਯੋਗ ਨਹੀਂ ਹੁੰਦਾ। ਕੈਨੇਡਾ ਵਿੱਚ ਕਾਨੂੰਨ ਹੈ ਕਿ ਜਦੋਂ ਕਿਸੇ ਬਿਮਾਰੀ ਦਾ ਇਲਾਜ਼ ਨਾ ਹੋ ਸਕੇ ਤਾਂ ਮਰੀਜ਼ ਸਵੈ-ਮੌਤ ਦੀ ਡੈਕਲੇਰੇਸ਼ਨ ਭਰਕੇ ਮੌਤ ਲੈ ਸਕਦਾ ਹੈ। ਜਸਪਾਲ ਕੌਰ ਅਨੰਤ ਨੇ ਤੁਰੰਤ ਸਵੈ-ਮੌਤ ਲਈ ਡੈਕਲੇਰੇਸ਼ਨ ਭਰ ਦਿੱਤੀ।

ਡਾਕਟਰਾਂ ਨੇ ਉਸ ਨੂੰ ਫ਼ੈਸਲੇ ਤੇ ਦੁਬਾਰਾ ਵਿਚਾਰ ਕਰਨ ਲਈ ਇੱਕ ਹਫ਼ਤੇ ਦਾ ਸਮਾਂ ਦੇ ਦਿੱਤਾ। ਜਦੋਂ ਹਫ਼ਤਾ ਬਾਅਦ ਡਾਕਟਰਾਂ ਨੇ ਜਸਪਾਲ ਕੌਰ ਅਨੰਤ ਨੂੰ ਆਪਣਾ ਫ਼ੈਸਲਾ ਬਦਲਣ ਲਈ ਕਿਹਾ ਤਾਂ ਉਸਨੇ ਆਪਣਾ ਫ਼ੈਸਲਾ ਬਦਲਣ ਤੋਂ ਇਨਕਾਰ ਕਰ ਦਿੱਤਾ। ਉਹ ਦਲੇਰੀ ਵਾਲਾ ਫ਼ੈਸਲਾ ਇਸ ਕਰਕੇ ਕਰ ਸਕੀ ਕਿਉਂਕਿ ਜਸਪਾਲ ਕੌਰ ਅਨੰਤ ਗੁਰਮਤਿ ਨੂੰ ਪ੍ਰਣਾਈ ਹੋਈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ 'ਤੇ ਵਿਸ਼ਵਾਸ਼ ਕਰਦੀ ਸੀ। ਉਸਨੇ ਕਿਹਾ ਕਿ ਗੁਰਬਾਣੀ ਵਿੱਚ ਆਉਂਦਾ ਹੈ ਕਿ 'ਤੇਰਾ ਭਾਣਾ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕ ਮਾਂਗੇ।।' ਇਸ ਲਈ ਗੁਰੂ ਦਾ ਹੁਕਮ ਮੰਨਦੀ ਹੋਈ ਇਹ ਕਦਮ ਚੁੱਕ ਰਹੀ ਹਾਂ।

ਪਰਵਾਸ ਦੀ ਜ਼ਿੰਦਗੀ ਵਿੱਚ ਸਿੱਖ ਵਿਚਾਰਧਾਰਾ, ਪੰਜਾਬੀ ਸਭਿਆਚਾਰ, ਪਹਿਰਾਵਾ ਅਤੇ ਪਰੰਪਰਾਵਾਂ ਨਾਲ ਗੜੂੰਦ ਰਹਿਣ ਵਾਲੀ ਜਸਪਾਲ ਕੌਰ ਅਨੰਤ ਦਾ ਜੀਵਨ ਖਾਸ ਤੌਰ 'ਤੇ ਪਰਵਾਸ ਵਿੱਚ ਵਸਣ ਵਾਲੇ ਨੌਜਵਾਨ ਵਰਗ ਲਈ ਮਾਰਗ ਦਰਸ਼ਕ ਦਾ ਕੰਮ ਕਰੇਗਾ। ਜਸਪਾਲ ਕੌਰ ਅਨੰਤ ਇੱਕ ਪ੍ਰਤਿਭਾਵਾਨ, ਸੁਲਝੀ ਹੋਈ, ਸਿਆਣੀ ਗ੍ਰਹਿਣੀ ਅਤੇ ਧਾਰਮਿਕ ਤੇ ਸਮਾਜਿਕ ਕਦਰਾਂ ਕੀਮਤਾਂ 'ਤੇ ਪਹਿਰਾ ਦੇਣ ਵਾਲੀ ਵਿਲੱਖਣ ਕਿਸਮ ਦੀ ਇਸਤਰੀ ਸੀ। ਉਹ ਕਹਿਣੀ ਤੇ ਕਰਨੀ ਦੀ ਪੱਕੀ ਤੇ ਵਿਖਾਵੇ ਕੋਹਾਂ ਦੂਰ ਸੀ। ਭਾਵ ਪ੍ਰੈਕਟੀਕਲ ਤੌਰ 'ਤੇ ਵਿਚਰਦੀ ਸੀ। ਸੱਚੋ-ਸੱਚ ਮੂੰਹ 'ਤੇ ਕਹਿਣ ਦੀ ਜ਼ੁਅਰਤ ਰੱਖਦੀ ਸੀ। ਸਿੱਖ ਵਿਚਾਰਧਾਰਾ 'ਤੇ ਪਹਿਰਾ ਦਿੰਦੀ ਸੀ। ਸਬਰ ਸੰਤੋਖ ਉਸਦਾ ਗਹਿਣਾ ਸੀ। ਵਾਹਿਗੁਰੂ ਦੀ ਰਜਾ ਵਿੱਚ ਰਹਿੰਦੀ ਸੀ। ਲਾਲਚ ਤੋਂ ਕੋਹਾਂ ਦੂਰ ਸੀ। ਉਹ ਬਿਹਤਰੀਨ ਢੰਗ ਨਾਲ ਜ਼ਿੰਦਗੀ ਨੂੰ ਜਿਉਣ ਲਈ ਪ੍ਰਤੀਬੱਧਤਾ ਨਾਲ ਸਤਿਕਾਰ, ਸਲੀਕਾ, ਸਹਿਜਤਾ, ਸਮਰਪਣ ਅਤੇ ਆਪਸੀ ਸ਼ਹਿਣਸ਼ੀਲਤਾ ਵਰਗੇ ਗੁਣਾਂ ਦੀ ਧਾਰਨੀ ਸੀ। ਜਸਪਾਲ ਕੌਰ ਅਨੰਤ ਜ਼ਿੰਦਗੀ ਨੂੰ ਵਾਹਿਗੁਰੂ ਦਾ ਇੱਕ ਵਾਰ ਦਿੱਤਾ ਗਿਆ ਤੋਹਫ਼ਾ ਸਮਝਦੀ ਹੋਈ, ਇਸਨੂੰ ਜਿਓਣ ਲਈ ਇਨਸਾਨੀਅਤ ਦਾ ਪੱਲਾ ਫੜਕੇ ਬਤੀਤ ਕਰਨ ਵਿੱਚ ਵਿਸ਼ਵਾਸ਼ ਰੱਖਦੀ ਸੀ। 1997 ਵਿੱਚ ਉਹ ਕੈਨੇਡਾ ਆਏ ਸਨ। ਕੈਨੇਡਾ ਆਉਣ ਤੋਂ ਪਹਿਲਾਂ ਉਹ ਨੇਪਾਲ, ਥਾਈਲੈਂਡ, ਮਲੇਸ਼ੀਆ ਅਤੇ ਸਿੰਘਾਪੁਰ ਵੀ ਜਾ ਕੇ ਆਏ ਸਨ। ਕੈਨੇਡਾ ਆ ਕੇ ਉਨ੍ਹਾਂ ਨੂੰ ਵੀ ਸ਼ੁਰੂ ਵਿੱਚ ਜਦੋਜਹਿਦ ਕਰਨੀ ਪਈ, ਸਥਾਨਕ ਵਾਤਾਵਰਨ ਵਿੱਚ ਅਡਜਸਟ ਹੋਣ ਅਤੇ ਆਪਣੇ ਆਪ ਨੂੰ ਸਥਾਪਤ ਕਰਨ ਲਈ ਜਸਪਾਲ ਕੌਰ ਅਨੰਤ ਨੇ ਚਾਰ ਵੱਖ-ਵੱਖ ਖੇਤਰਾਂ ਵਿੱਚ ਪੜ੍ਹਾਈ ਕੀਤੀ। ਅੰਗਰੇਜ਼ੀ ਭਾਸ਼ਾ ਦੀ ਗਿਆਤਾ ਹੋਣ ਕਰਕੇ ਉਸਨੇ 2008 ਵਿੱਚ ਦੋਭਾਸ਼ੀਆ ਦੇ ਤੌਰ 'ਤੇ ਕੰਮ ਕਰਨਾ ਸ਼ੁਰੂ ਕੀਤਾ, ਜਿਸ ਵਿੱਚ ਉਸਨੇ ਸਫ਼ਲਤਾ ਪ੍ਰਾਪਤ ਕੀਤੀ। ਦੋਭਾਸ਼ੀਆ ਦੀ ਕਈ ਵਾਰ ਤੁਰਤ ਫੁਰਤ ਲੋੜ ਹੁੰਦੀ ਸੀ, ਉਹ ਫੁਰਤੀਲੀ ਵੀ ਬਹੁਤ ਸੀ ਤੁਰੰਤ ਮੌਕੇ 'ਤੇ ਪਹੁੰਚ ਜਾਂਦੀ ਸੀ। ਉਹ ਵਰਕ ਕਲਚਰ ਨੂੰ ਪ੍ਰਣਾਈ ਹੋਈ ਸੀ। ਉਹ 21 ਸਾਲ ਆਪਣੀ ਡਿਊਟੀ ਤਨਦੇਹੀ ਨਾਲ ਕਰਦੀ ਰਹੀ। ਉਸਦੀ ਕਮਾਲ ਸੀ ਕਿ ਉਹ ਨੌਕਰੀ ਦੌਰਾਨ ਆਪਣੇ ਪਰਿਵਾਰ ਦੀ ਵੇਖ-ਭਾਲ ਵੀ ਬਹੁਤ ਹੀ ਸੁਚੱਜੇ ਢੰਗ ਨਾਲ ਕਰਦੀ ਰਹੀ। ਆਮ ਤੌਰ 'ਤੇ ਪਰਵਾਸ ਵਿੱਚ ਜ਼ਿੰਦਗੀ ਜ਼ਿਆਦਾ ਰੁਝੇਵਿਆਂ ਵਿੱਚ ਰਹਿਣ ਕਰਕੇ ਲੋਕ ਬਾਹਰ ਦਾ ਖਾਣਾ ਖਾਣ ਨੂੰ ਤਰਜੀਹ ਦਿੰਦੇ ਹਨ, ਪ੍ਰੰਤੂ ਜਸਪਾਲ ਕੌਰ ਅਨੰਤ ਹਮੇਸ਼ਾ ਆਪਣੇ ਹੱਥੀਂ ਖਾਣਾ ਬਣਾਕੇ ਪਰਿਵਾਰ ਨੂੰ ਪੰਜਾਬੀ ਖਾਣਾ ਪ੍ਰੋਸਦੀ ਰਹੀ।

ਜਸਪਾਲ ਕੌਰ ਦਾ ਵਿਆਹ ਸਿੱਖ ਵਿਦਵਾਨ ਤੇ ਨਾਮਵਰ ਸ਼ਖ਼ਸੀਅਤ ਭਾਈ ਜੈਤੇਗ ਸਿੰਘ ਅਨੰਤ ਨਾਲ 15 ਅਕਤੂਬਰ 1972 ਨੂੰ ਹੋਇਆ ਸੀ। ਜੈਤੇਗ ਸਿੰਘ ਅਨੰਤ ਆਪਣੇ ਲਿਖਣ ਪੜ੍ਹਨ ਅਤੇ ਸਾਹਿਤਕ ਸਰਗਰਮੀਆਂ ਵਿੱਚ ਰੁੱਝੇ ਰਹਿੰਦੇ ਸਨ। ਪਰਿਵਾਰ ਦੀ ਹਰ ਲੋੜ ਦਾ ਧਿਆਨ ਜਸਪਾਲ ਕੌਰ ਅਨੰਤ ਹੀ ਰੱਖਦੇ ਸਨ। ਇੱਥੋਂ ਤੱਕ ਕਿ ਭਾਈ ਜੈਤੇਗ ਸਿੰਘ ਅਨੰਤ ਦੀ ਖਾਣ ਪੀਣ ਅਤੇ ਪਹਿਨਣ ਦਾ ਆਪ ਇੰਤਜ਼ਾਮ ਕਰਦੇ ਸਨ। ਪਕਵਾਨ ਵੀ ਪਰਿਵਾਰ ਦੀ ਮਰਜ਼ੀ ਅਨੁਸਾਰ ਬਣਾਉਦੇ ਸਨ। ਉਨ੍ਹਾਂ ਦੀ ਜ਼ਿੰਦਗੀ ਬਹੁਤ ਹੀ ਵਧੀਆ ਬਤੀਤ ਹੋ ਰਹੀ ਸੀ, ਅਚਾਨਕ ਤਿੰਨ ਮਹੀਨੇ ਪਹਿਲਾਂ ਉਸਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਨੇ ਘੇਰ ਲਿਆ। ਡਾਕਟਰਾਂ ਨੇ ਆਧੁਨਿਕ ਤਕਨੀਕ ਨਾਲ ਹਰ ਸੰਭਵ ਇਲਾਜ਼ ਕੀਤਾ, ਪ੍ਰੰਤੂ ਬਿਮਾਰੀ ਲਾਇਲਾਜ਼ ਹੋ ਗਈ ਸੀ। ਜਦੋਂ ਡਾਕਟਰਾਂ ਨੇ ਉਸਨੂੰ ਦੱਸਿਆ ਕਿ ਬਿਮਾਰੀ ਇਸ ਸਟੇਜ ਤੇ ਪਹੁੰਚ ਚੁੱਕੀ ਹੈ, ਜਿਸਦਾ ਇਲਾਜ਼ ਸੰਭਵ ਨਹੀਂ ਤਾਂ ਜਸਪਾਲ ਕੌਰ ਅਨੰਤ ਨੇ ਸਵੈ-ਮੌਤ ਲੈਣ ਦਾ ਫ਼ੈਸਲਾ ਕਰ ਲਿਆ। ਅਖ਼ੀਰ ਸਮੇਂ ਤੱਕ ਉਹ ਪੂਰੀ ਹੋਸ਼ ਹਵਾਸ ਵਿੱਚ ਸਨ, ਉਨ੍ਹਾਂ ਖੁਦ ਪਾਠ ਕੀਤਾ। ਡਾਕਟਰਾਂ ਨੇ ਮੌਕੇ ਜਸਪਾਲ ਕੌਰ



ਅਨੰਤ ਨੂੰ ਆਪਣੀ ਇੱਛਾ ਵਾਪਸ ਲੈਣ ਲਈ ਕਿਹਾ ਤਾਂ ਉਨ੍ਹਾਂ ਪੂਰੇ ਹੌਸਲੇ ਨਾਲ ਕਿਹਾ, ਨਹੀਂ ਉਸਨੇ ਸੋਚ ਸਮਝਕੇ ਫ਼ੈਸਲਾ ਕੀਤਾ ਹੈ। 2 ਨਵੰਬਰ 2025 ਨੂੰ ਉਨ੍ਹਾਂ ਆਖ਼ਰੀ ਸਵਾਸ ਲਏ। ਉਹ ਇੱਕ ਦਲੇਰ ਇਸਤਰੀ ਸੀ, ਜਿਨ੍ਹਾਂ ਬਿਮਾਰੀ ਦਾ ਵੀ ਬਹਾਦਰੀ ਨਾਲ ਮੁਕਾਬਲਾ ਕੀਤਾ।


ਜਸਪਾਲ ਕੌਰ ਦਾ ਜਨਮ 24 ਅਕਤੂਬਰ 1952 ਨੂੰ ਲੁਧਿਆਣਾ ਵਿਖੇ ਜਗਤ ਸਿੰਘ ਕੋਹਲੀ ਦੇ ਘਰ ਹੋਇਆ। ਉਸਨੇ ਮੁੱਢਲੀ ਪੜ੍ਹਾਈ ਲੁਧਿਆਣਾ ਵਿੱਚ ਹੀ ਕੀਤੀ। ਉਸਤੋਂ ਬਾਅਦ ਗੌਰਮਿੰਟ ਪਾਲੀਟਿਕਨਕਸ ਫਾਰ ਗਰਲਜ਼ ਚੰਡੀਗੜ੍ਹ ਤੋਂ 1971 ਵਿੱਚੋਂ ਡਿਪਲੋਮਾ ਇਨ ਕਮਰਸ਼ੀਅਲ ਪ੍ਰੈਕਟਿਸ ਵਿੱਚ ਕੀਤਾ। ਫਿਰ ਉਨ੍ਹਾਂ ਕਮਰਸ ਦੇ ਖੇਤਰ ਵਿੱਚ ਪੜ੍ਹਾਈ ਕਰਦਿਆਂ ਐਮ.ਕਾਮ ਦੀ ਪੋਸਟ ਗ੍ਰੈਜੂਏਸ਼ਨ ਪਾਸ ਕੀਤੀ। ਉਨ੍ਹਾਂ ਦੇ ਇੱਕ ਸਪੁੱਤਰੀ ਕੁਲਪ੍ਰੀਤ ਕੌਰ ਅਤੇ ਲੜਕਾ ਕੁਲਬੀਰ ਸਿੰਘ ਹਨ। ਜਸਪਾਲ ਕੌਰ ਅਨੰਤ ਨੇ ਆਪਣੇ ਬੱਚਿਆਂ ਨੂੰ ਬਿਹਤਰੀਨ ਪੜ੍ਹਾਈ ਕਰਵਾਈ। ਉਨ੍ਹਾਂ ਦੀ ਲੜਕੀ ਆਰਕੀਟੈਕਟ ਹੈ, ਜੋ ਆਪਣੇ ਆਰਕੀਟੈਕਟ ਪਤੀ ਰਾਜਿੰਦਰ ਸਿੰਘ ਵੜੈਚ ਨਾਲ ਕਾਰੋਬਾਰ ਕਰ ਰਹੇ ਹਨ। ਉਨ੍ਹਾਂ ਦਾ ਲੜਕਾ ਕੁਲਬੀਰ ਸਿੰਘ ਇੰਜਿਨੀਅਰ ਹੈ ਤੇ ਉਸਦੀ ਪਤਨੀ ਬੰਧਨਾ ਢੀਂਡਸਾ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਰੈਵਨਿਊ ਵਿਭਾਗ ਵਿੱਚ ਕੰਮ ਕਰਦੀ ਹੈ। ਪਰਿਵਾਰ ਦੀ ਸਫ਼ਲਤਾ ਵਿੱਚ ਜਸਪਾਲ ਕੌਰ ਅਨੰਤ ਦਾ ਯੋਗਦਾਨ ਹਮੇਸ਼ਾ ਯਾਦ ਕੀਤਾ ਜਾਵੇਗਾ।

ਜਸਪਾਲ ਕੌਰ ਅਨੰਤ ਦਾ ਸਸਕਾਰ 9 ਨਵੰਬਰ 2025 ਦਿਨ ਐਤਵਾਰ ਨੂੰ ਰਿਵਰਸਾਈਡ ਫ਼ਿਊਨਰਲ ਹੋਮ 7410 ਹੋਪਕੋਟ ਰੋਡ ਡੈਲਟਾ ਬੀ.ਸੀ. 12 .30 ਵਜੇ ਦੁਪਹਿਰ ਅਤੇ ਅੰਤਮ ਅਰਦਾਸ ਬਾਅਦ ਦੁਪਹਿਰ 2.30 ਵਜੇ ਗੁਰਦੁਆਰਾ ਸਾਹਿਬ ਬਰੁਕਸਾਈਡ ਸਰੀ ਵਿਖੇ ਹੋਵੇਗੀ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

ਕਵਿਤਾ

## ਕੁਝ ਕਹਿ ਕੇ ਹੀ ਜੇ ਕਿਹਾ....



ਕੁਝ ਕਹਿ ਕੇ ਹੀ ਜੇ ਕਿਹਾ
ਤਾਂ ਕੀ ਕਿਹਾ ?
ਕੁਝ ਸਹਿ ਕੇ ਵੀ ਜੇ ਕਿਹਾ
ਤਾਂ ਕੀ ਸਹਿਆ ?
ਗੱਲ ਤਾਂ ਸੀ ਕੁਝ ਦੱਸਣ ਦੀ,
ਪਰ ਸਾਥੋਂ ਦੱਸਿਆ ਹੀ ਨਾ ਗਿਆ
ਸਾਥੋਂ ਦੱਸਿਆ ਹੀ ਨਾ ਗਿਆ।
ਦੋ ਪਲ ਤੇਰੇ ਕੋਲ਼ ਬੈਠ ਕੇ
ਤੇਰੇ ਨਾਲ਼ ਸਾਥੋਂ ਹੱਸਿਆ ਵੀ ਨਾ ਗਿਆ।
ਰੋਂਦੇ ਰਹੇ ਕਦੇ ਕਿਸਮਤ ਨੂੰ
ਕਦੇ ਭਟਕਾਉਂਦੇ ਰਹੇ ਆਪਣੇ - ਆਪ ਨੂੰ
ਗਮ ਅਸਲੀ ਸੀ ਜੋ ਮਨ ਅੰਦਰ
ਗਮ ਅਸਲੀ ਸੀ ਜੋ ਮਨ ਅੰਦਰ,
ਸੱਜਣਾ ! ਉਹ ਗਮ ਕਦੇ ਤੈਨੂੰ
ਸਾਥੋਂ ਦੱਸਿਆ ਹੀ ਨਾ ਗਿਆ।
ਸੋਚਦੇ ਰਹੇ ਅਸੀਂ ਇਹੋ
ਕਿ ਕੁਝ ਕਹਿ ਕੇ ਹੀ ਜੇ ਕਿਹਾ
ਤਾਂ ਕੀ ਕਿਹਾ ?
ਗਮ ਮਨ ਵਿੱਚ ਹੀ ਰਿਹਾ
ਤੇ ਤੈਨੂੰ ਕਦੇ ਦੱਸਿਆ ਹੀ ਨਾ ਗਿਆ,
ਗਮ ਬੋਲ ਕੇ ਹੀ ਜੇ ਕਿਹਾ
ਤਾਂ ਸੱਜਣਾ ! ਕੀ ਕਿਹਾ ?
ਫਿਕਰਾਂ 'ਚ ਲੰਘ ਗਈ ਜਿੰਦਗੀ
ਪਰ ਤੈਥੋਂ ਸਾਡਾ ਫਿਕਰ
ਸਮਝਿਆ ਹੀ ਨਾ ਗਿਆ।
ਮਨ ਦਾ ਗਮ ਤੇਰੇ ਕੋਲ
ਬੈਠ ਕੇ ਹੀ ਜੇ ਕਿਹਾ
ਤਾਂ ਕੀ ਕਿਹਾ ?
ਕੁਝ ਕਹਿ ਕੇ ਹੀ ਜੇ ਕਿਹਾ
ਤਾਂ ਕੀ ਕਿਹਾ ?
ਕੁਝ ਕਹਿ ਕੇ ਹੀ ਜੇ ਕਿਹਾ
ਤਾਂ ਕੀ ਕਿਹਾ ?



ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
9478561356

## ਵਿਸ਼ਵ ਦੇ ਮਹਾਨ ਖਿਡਾਰੀ

# ਛੱਕੇ 'ਤੇ ਛੱਕੇ ਮਾਰਨ ਵਾਲਾ ਯੁਵਰਾਜ ਯੁਵੀ

ਪ੍ਰਿੰ. ਸਰਵਣ ਸਿੰਘ



ਯੁਵਰਾਜ ਸਿੰਘ ਨੂੰ ਲਾਡ ਨਾਲ 'ਯੁਵੀ ਵੀ ਕਿਹਾ ਜਾਂਦੈ। ਜਿਵੇਂ ਜੱਗੇ ਜੱਟ ਬਾਰੇ ਲੋਕ ਗੀਤ ਜੁੜੇ ਨੇ ਉਵੇਂ ਯੁਵਰਾਜ ਯੁਵੀ ਬਾਰੇ ਵੀ ਕਿਹਾ ਜਾ ਸਕਦੈ: ਯੁਵੀ ਜੱਟ ਨੀ ਕਿਸੇ ਨੇ ਬਣ ਜਾਣਾ ਘਰ ਘਰ ਪੁੱਤ ਜੰਮਦੇ। ਉਹ ਲੁਧਿਆਣੇ ਲਾਗੇ ਪਿੰਡ ਕਨੇਚ ਦੇ ਜੱਟਾਂ ਦਾ ਚੰਡੀਗੜ੍ਹੀਆ ਮੁੰਡਾ ਹੈ। ਯੁਵੀ ਕਮਾਲ ਦਾ ਬੱਲੇਬਾਜ਼ ਸੀ। ਉਸ ਨੇ ਇੰਗਲੈਂਡ ਦੇ ਗੇਂਦਬਾਜ਼ ਸਟੂਅਰਟ ਬਰੌਡ ਦੀਆਂ ਛੇ ਬਾਲਾਂ 'ਤੇ ਛੇ ਛੱਕੇ ਮਾਰ ਕੇ ਧੰਨ ਧੰਨ ਕਰਾ ਦਿੱਤੀ ਸੀ। ਉਦੋਂ ਜਦੋਂ ਮੈਚ ਹੰਨੇ ਜਾਂ ਬੰਨੇ ਹੋਣ ਵਾਲਾ ਸੀ। ਐਸਾ ਮਾਅਰਕਾ ਕ੍ਰਿਕਟ ਟਵੰਟੀ-20 ਵਿਸ਼ਵ ਕੱਪਾਂ ਦੇ ਇਤਿਹਾਸ ਵਿਚ ਪਹਿਲਾਂ ਕਿਸੇ ਹੋਰ ਨੇ ਨਹੀਂ ਸੀ ਮਾਰਿਆ। ਉਹਦੇ ਨਾਲ ਯੁਵੀ ਦੀ ਅੱਧ ਅਸਮਾਨੇ ਚੜ੍ਹੀ ਗੁੱਡੀ ਪੂਰੇ ਅਸਮਾਨ 'ਤੇ ਚੜ੍ਹ ਗਈ ਸੀ।

ਉਦੋਂ ਉਹ ਭਾਰਤੀ ਕ੍ਰਿਕਟ ਟੀਮ ਦਾ ਵਾਈਸ ਕੈਪਟਨ ਸੀ। 2007 ਦਾ ਵਰਲਡ ਟਵੰਟੀ-20 ਕੱਪ ਖੇਡਿਆ ਜਾ ਰਿਹਾ ਸੀ। ਯੁਵਰਾਜ ਉਦੋਂ ਭਰ ਜੁਆਨ ਸੀ। ਮੈਚ ਕਹਿੰਦੀ ਕਹਾਉਂਦੀ ਟੀਮ ਇੰਗਲੈਂਡ ਵਿਰੁੱਧ ਸੀ। ਉਸ ਟੀਮ ਵਿਰੁੱਧ ਜਿਨ੍ਹਾਂ ਦੀ ਕ੍ਰਿਕਟ ਜੱਦੀ-ਪੁਸ਼ਤੀ ਖੇਡ ਹੈ। ਗੁੱਲੀ-ਡੰਡਾ ਤੇ ਖਿੱਦੋ-ਖੂੰਡੀ ਖੇਡਣ ਵਾਲੇ ਪੰਜਾਬ ਦੇ 6 ਫੁੱਟ 2 ਇੰਚ ਉੱਚੇ ਦਰਸ਼ਨੀ ਖਿਡਾਰੀ ਯੁਵਰਾਜ ਸਿੰਘ ਨੇ ਕ੍ਰਿਕਟ 'ਚ ਐਸੀ ਕਲਾ ਵਰਤਾਈ ਕਿ ਦੁਨੀਆ ਦੰਗ ਕਰ ਦਿੱਤੀ!

ਬਤੌਰ ਬੱਲੇਬਾਜ਼, ਗੇਂਦਬਾਜ਼, ਫੀਲਡਰ, ਗੱਲ ਕੀ ਉਹਦੀ ਹਰ ਮੈਦਾਨ ਬੱਲੇ-ਬੱਲੇ ਹੁੰਦੀ ਰਹੀ। ਉਸ ਤੋਂ ਪਹਿਲਾਂ ਕੌਮਾਂਤਰੀ ਟੈੱਸਟ ਮੈਚਾਂ 'ਚ ਕੇਵਲ ਤਿੰਨ ਬੱਲੇਬਾਜ਼ਾਂ ਨੇ ਹੀ ਇਕ ਓਵਰ ਵਿਚ ਛੇ ਛੱਕੇ ਮਾਰੇ ਸਨ। ਪਰ ਵਰਲਡ ਟਵੰਟੀ-20 ਕੱਪ ਵਿਚ ਅਜਿਹਾ ਕ੍ਰਿਸ਼ਮਾ 'ਕ੍ਰਿਕਟ ਕਿੰਗ ਯੁਵਰਾਜ ਸਿੰਘ ਨੇ ਹੀ ਕੀਤਾ। ਇਹਦੇ ਨਾਲ ਉਸ ਨੇ ਉਸੇ ਮੈਚ 'ਚ ਕੇਵਲ 12 ਬਾਲਾਂ 'ਤੇ ਚੌਕੇ ਛੱਕੇ ਮਾਰ ਕੇ 50 ਦੌੜਾਂ ਦੀ ਰਿਕਾਡਤੋੜ ਅਰਧ ਸੈਂਚਰੀ ਵੀ ਬਣਾਈ। ਇਹ ਵੀ ਵਿਸ਼ਵ ਰਿਕਾਰਡ ਸੀ ਜੋ ਮਸੀਂ 15-16 ਸਾਲਾਂ ਬਾਅਦ ਟੁੱਟਿਆ। 2011 ਦੇ ਵਿਸ਼ਵ ਕੱਪ 'ਚ ਇਕ ਮੈਚ ਐਸਾ ਖੇਡਿਆ ਜੀਹਦੇ 'ਚ ਅਰਧ ਸੈਂਚਰੀ ਮਾਰੀ ਤੇ 5 ਵਿਕਟਾਂ ਵੀ ਝਾੜੀਆਂ। ਉਸ ਕੱਪ 'ਚ ਉਸ ਨੇ ਅੱਠ ਪਾਰੀਆਂ ਖੇਡੀਆਂ ਤੇ 362 ਦੌੜਾਂ ਬਣਾਈਆਂ। ਹੋਰ ਤਾਂ ਹੋਰ 5.02 ਦੇ ਸੰਜਮੀ ਰੇਟ ਨਾਲ 15 ਵਿਕਟਾਂ ਵੀ ਲਈਆਂ।

ਯੁਵਰਾਜ ਸਿੰਘ ਦਾ ਜਨਮ 12 ਦਸੰਬਰ 1981 ਨੂੰ ਚੰਡੀਗੜ੍ਹ ਵਿਖੇ ਹੋਇਆ। ਉਹ ਆਪਣੇ ਸਮੇਂ ਦਾ ਰੁਸਤਮੇ ਹਿੰਦ ਕ੍ਰਿਕਟਰ ਬਣਿਆ ਰਿਹਾ। ਉਹ ਫਿਲਮੀ ਐਕਟਰ ਯੋਗਰਾਜ ਸਿੰਘ ਦਾ ਮਾਣਮੱਤਾ ਪੁੱਤਰ ਹੈ ਤੇ ਮਾਤਾ ਸ਼ਬਨਮ ਕੌਰ ਦਾ ਲਾਡਲਾ ਲਾਲ। ਉਨ੍ਹਾਂ ਦਾ ਜੱਦੀ ਪਿੰਡ ਕਨੇਚ ਹੈ। ਉਸ ਦੇ ਪਿਤਾ ਨੇ ਘਰ 'ਚ ਹੀ ਪੱਕਾ ਪਿੱਚ ਬਣਾ ਕੇ ਯੁਵੀ ਨੂੰ ਕ੍ਰਿਕਟ ਖੇਡਣ ਲਾ ਲਿਆ ਸੀ। ਬਾਪ ਕਈ ਵਾਰ ਪੁੱਤਰ ਨੂੰ ਏਨੀ ਸਖ਼ਤ ਮਿਹਨਤ ਕਰਵਾਉਂਦਾ ਕਿ ਯੁਵੀ ਦੀ 'ਬੱਸ ਹੋ ਜਾਂਦੀ। ਆਖ਼ਰ ਉਹ ਸਖ਼ਤ ਮਿਹਨਤ ਹੀ ਰੰਗ ਲਿਆਈ ਜਿਸ ਨਾਲ ਯੁਵੀ ਦਾ ਵੀ ਜੱਸ ਹੋਇਆ ਤੇ ਉਹਦੇ ਬਾਪ ਯੋਗਰਾਜ ਸਿੰਘ ਨੂੰ ਮੁੱਢਲੇ ਕੋਚ ਵਜੋਂ ਮਾਨਤਾ ਮਿਲੀ। ਯੋਗਰਾਜ ਸਿੰਘ ਦੀਆਂ ਦੋ ਪਤਨੀਆਂ ਤੋਂ ਦੋ ਪੁੱਤਰ ਹਨ ਤੇ ਇਕ ਧੀ। ਯੁਵੀ ਦੀ ਐਕਟ੍ਰੈਸ ਪਤਨੀ ਹੇਜ਼ਲ ਕੀਚ ਦੀ ਕੁੱਖੋਂ ਇਕ ਧੀ ਤੇ ਇਕ ਪੁੱਤਰ ਹੈ।

ਯੁਵਰਾਜ ਨੇ ਮੁਢਲੀ ਕੋਚਿੰਗ ਆਪਣੇ ਬਾਪ ਤੋਂ ਲਈ ਸੀ। ਫਿਰ ਉਸ ਨੂੰ ਮੁੰਬਈ ਦਲੀਪ ਵੈਂਗਸਰਕਰ ਦੀ ਕ੍ਰਿਕਟ ਅਕੈਡਮੀ ਤੋਂ ਸਪੈਸ਼ਲ ਕੋਚਿੰਗ ਲੈਣ ਭੇਜ ਦਿੱਤਾ ਸੀ। ਉਹਦਾ ਸਿੱਟਾ ਨਿਕਲਿਆ ਕਿ ਉਹ ਰਾਂਜੀ ਟਰਾਫੀ ਲਈ ਛੋਟੀ ਉਮਰੇ ਹੀ ਪੰਜਾਬ ਦੀ ਟੀਮ 'ਚ ਚੁਣਿਆ ਗਿਆ। ਇਹ ਵੱਖਰੀ ਗੱਲ ਹੈ ਕਿ ਆਪਣੇ ਕ੍ਰਿਕਟ ਕੈਰੀਅਰ ਦੀ ਪਹਿਲੀ ਪਾਰੀ ਖੇਡਣ ਲੱਗਾ ਤਾਂ 'ਡੱਕ ਹੋ ਗਿਆ। ਯਾਨੀ ਬਿਨਾਂ ਕੋਈ ਰਨ ਬਣਾਏ ਆਊਟ। ਕ੍ਰਿਕਟ ਦੀ ਭਾਸ਼ਾ ਵਿਚ ਉਹ ਆਉਂਦਾ ਹੀ ਚਲਦਾ ਬਣਿਆ। ਪਰ ਜਦੋਂ ਚੱਜ ਨਾਲ ਚੱਲਣ ਲੱਗ ਪਿਆ ਤਾਂ 'ਨ੍ਹੇਰੀਆਂ ਲਿਆਈ ਗਿਆ।

ਉਸ ਦੀ ਪੁਸ਼ਾਕ ਦਾ ਨੰਬਰ ਹਰੇਕ ਮੈਚ ਵਿਚ 12 ਹੀ ਰਿਹਾ। ਯੁਵੀ ਦਾ 12 ਨੰਬਰ ਨਾਲ ਖ਼ਾਸ ਲਗਾਓ ਸੀ। ਉਹ 1981 'ਚ 12ਵੇਂ ਮਹੀਨੇ ਦੀ 12 ਤਾਰੀਕ ਨੂੰ ਸੈਕਟਰ 12 ਪੀਜੀਆਈ ਵਿਚ ਜੰਮਿਆ ਸੀ। ਉਸ ਨੇ ਆਪਣੇ ਖੇਡ ਕੈਰੀਅਰ ਵਿਚ 12 ਨੰਬਰ ਦੀ ਪੁਸ਼ਾਕ ਪਾ ਕੇ ਹੀ ਕ੍ਰਿਕਟ ਖੇਡੀ। ਕਮਾਲ ਦੀ ਗੱਲ ਇਹ ਹੋਈ ਕਿ ਟਵੰਟੀ-20 ਵਿਸ਼ਵ ਕੱਪ 'ਚ 12 ਗੇਂਦਾਂ ਉਪਰ ਹੀ ਅਰਧ ਸੈਂਚਰੀ ਮਾਰ ਕੇ ਵਿਸ਼ਵ ਰਿਕਾਰਡ ਬਣਾਇਆ। ਉਸ ਨੇ 2012 'ਚ ਕੈਂਸਰ ਦੇ ਇਲਾਜ ਤੋਂ ਬਾਅਦ ਮੈਦਾਨ 'ਚ ਵਾਪਸੀ ਕੀਤੀ।



ਯੁਵਰਾਜ ਦਾ ਖੇਡ ਕਰੀਅਰ ਉਸ ਦੇ ਪਿਤਾ ਯੋਗਰਾਜ ਸਿੰਘ ਦੀਆਂ ਆਸਾਂ, ਉਮੀਦਾਂ, ਦੁਆਵਾਂ ਤੇ ਤਪੱਸਿਆਵਾਂ ਦਾ ਫਲ ਹੈ। ਯੋਗਰਾਜ ਸਿੰਘ ਜਦੋਂ ਖੁਦ 1983 ਵਿਚ ਵਿਸ਼ਵ ਕੱਪ ਜਿੱਤਣ ਵਾਲੀ ਭਾਰਤੀ ਟੀਮ 'ਚ ਚੁਣਿਆ ਨਾ ਜਾ ਸਕਿਆ ਤਾਂ ਉਸ ਨੇ ਇੱਛਾ ਪ੍ਰਗਟਾਈ ਸੀ ਕਿ ਮੇਰਾ ਅਧੂਰਾ ਸੁਫਨਾ ਮੇਰਾ ਪੁੱਤਰ ਪੂਰਾ ਕਰੇਗਾ। ਆਖ਼ਰ ਯੁਵੀ ਨੇ 2011 ਵਿਚ ਆਪਣੇ ਪਿਤਾ ਦਾ ਵਿਸ਼ਵ ਕੱਪ ਜਿੱਤਣ ਦਾ ਸੁਫਨਾ ਸਾਕਾਰ ਕੀਤਾ।

ਯੁਵੀ ਖਬਚੂ ਬੱਲਬਾਜ਼ ਸੀ ਤੇ ਖਬਚੂ ਹੀ ਗੇਂਦਬਾਜ਼। ਉਹ ਨ ਰ ਬੱਲੇਬਾਜ਼ ਵਜੋਂ ਓਪਨਰ ਸੀ ਤੇ ਨਾਂ ਹੀ ਗੇਂਦਬਾਜ਼ ਵਜੋਂ ਓਪਨਰ। ਪਰ ਸੰਕਟ ਸਮੇਂ ਉਸ ਨੂੰ ਕਿਸੇ ਵੀ ਵਕਤ ਬਾਲ ਜਾਂ ਬੱਲਾ ਫੜਾ ਦਿੱਤੇ ਜਾਂਦੇ ਸਨ। ਜੁੱਸੇ ਦਾ ਤਕੜਾ ਸੀ ਤੇ ਲੰਮੀਆਂ ਪਾਰੀਆਂ ਖੇਡਣ ਦੀ ਜਿੰਦਜਾਨ ਵਾਲਾ ਸੀ। ਖੇਡਦਾ ਜੋਸ਼ ਨਾਲ ਸੀ ਪਰ ਗੱਲ ਸਹਿਜ ਨਾਲ ਕਰਦਾ ਸੀ। ਉਹ ਆਲਰਾਊਂਡਰ ਖਿਡਾਰੀ ਸੀ ਜਿਸ ਨੂੰ ਸੰਕਟ ਸਮੇਂ ਕਿਸੇ ਵੀ ਸਥਾਨ 'ਤੇ ਵਰਤ ਲਿਆ ਜਾਂਦਾ ਸੀ।

ਉਹ 1996-97 ਤੋਂ ਪੰਜਾਬ ਦੀ ਟੀਮ ਵੱਲੋਂ ਤੇ ਫਿਰ ਭਾਰਤ ਦੀ ਟੀਮ ਵੱਲੋਂ ਲਗਭਗ ਵੀਹ ਵਰ੍ਹੇ ਮੁਕਾਬਲੇ ਦੀ ਸਰਗਰਮ ਕ੍ਰਿਕਟ ਖੇਡਿਆ। ਪੰਜਾਬ ਵੱਲੋਂ ਉਸ ਨੇ ਰਾਂਜੀ ਟਰਾਫੀ ਦੇ ਮੈਚ 2018-19 ਤਕ ਖੇਡੇ। ਭਾਰਤ ਵੱਲੋਂ ਹਰ ਤਰ੍ਹਾਂ ਦੀ ਕ੍ਰਿਕਟ ਦੇ ਮੈਚ 2000 ਤੋਂ 2017 ਖੇਡਦਾ ਰਿਹਾ। ਯੁਵੀ ਨੇ ਪਹਿਲਾ ਇਕ ਰੋਜ਼ਾ ਮੈਚ 3 ਅਕਤੂਬਰ 2000 ਨੂੰ ਕੀਨੀਆ ਵਿਰੁੱਧ ਖੇਡਿਆ। ਉਦੋਂ ਉਹ ਕੇਵਲ 17 ਸਾਲਾਂ ਦਾ ਸੀ। ਉਸ ਨੇ ਪਹਿਲਾ ਅੰਤਰਰਾਸ਼ਟਰੀ ਟੈੱਸਟ ਮੈਚ ਨਿਊਜ਼ੀਲੈਂਡ ਵਿਰੁੱਧ 16 ਅਕਤੂਬਰ 2003 ਨੂੰ ਖੇਡਣਾ ਸ਼ੁਰੂ ਕੀਤਾ। 2012 ਵਿਚ ਇੰਗਲੈਂਡ ਦੀ ਟੀਮ ਵਿਰੁੱਧ ਉਹ ਆਪਣਾ ਆਖ਼ਰੀ ਟੈੱਸਟ ਮੈਚ ਖੇਡਿਆ। 2007 ਵਿਚ ਸਕਾਟਲੈਂਡ ਖ਼ਿਲਾਫ ਟੈੱਸਟ ਮੈਚ ਤੇ 2017 ਵਿਚ ਵੈੱਸਟ ਇੰਡੀਜ਼ ਵਿਰੁੱਧ ਮੈਚ ਖੇਡੇ।

2003 ਦੌਰਾਨ ਉਹ ਯੌਰਕਸ਼ਾਇਰ ਦੀ ਕਾਊਂਟੀ ਵੱਲੋਂ ਖੇਡਦਾ ਰਿਹਾ। 2008-10 ਤੇ 2018 ਵਿਚ ਪੰਜਾਬ ਕਿੰਗਜ਼ ਵੱਲੋਂ ਖੇਡਿਆ। 2014 ਵਿਚ ਰਾਇਲ ਚੈਲੰਜਰਜ਼ ਬੰਗਲੌਰ ਵੱਲੋਂ, 2015 ਵਿਚ ਦਿੱਲੀ ਡੇਅਰ ਡੇਵਿਲਜ਼ ਵੱਲੋਂ ਤੇ 2016-17 ਵਿਚ ਸਨਰਾਈਜ਼ਰਜ਼ ਹੈਦਰਾਬਾਦ ਵੱਲੋਂ ਖੇਡਿਆ। 2018 'ਚ ਮੁੜ ਪੰਜਾਬ ਕਿੰਗਜ਼ ਵੱਲ ਆ ਗਿਆ। 2019 ਵਿਚ ਮੁੰਬਈ ਇੰਡੀਅਨਜ਼, 2019 ਟੋਰਾਂਟੋ ਨੈਸ਼ਨਲਜ਼ ਤੇ 2019 ਵਿਚ ਮਰਾਠਾ ਅਰੈਬੀਅਨਜ਼ ਵੱਲੋਂ ਖੇਡਿਆ। ਜਿਥੇ ਵੀ ਖੇਡਿਆ ਹਰ ਥਾਂ ਉਹਦਾ ਸੁਕੇਡ ਨੰਬਰ 12 ਹੀ ਰਿਹਾ। ਉਸ ਨੇ ਇੰਟਨੈਸ਼ਨਲ ਪੱਧਰ 'ਤੇ 7 ਪਲੇਅਰਜ਼ ਆਫ਼ ਦਾ ਸੀਰੀਜ਼ ਅਵਾਰਡ ਜਿੱਤੇ ਜੋ ਉਸ ਤੋਂ ਪਹਿਲਾਂ ਭਾਰਤ ਦੇ ਕੇਵਲ ਸੌਰਵ ਗਾਂਗੁਲੀ ਨੇ ਜਿੱਤੇ ਸਨ।

2011 ਵਿਚ ਜਦੋਂ ਉਹਦੀ ਗੁੱਡੀ ਸਿਖਰ 'ਤੇ ਸੀ ਜਦੋਂ ਅਚਾਨਕ ਖੱਬੇ ਫੇਫੜੇ ਦੀ ਕੈਂਸਰ ਦੇ ਲਪੇਟੇ ਵਿਚ ਆ ਗਿਆ ਸੀ। ਪਰ ਅਸ਼ਕੇ ਉਹਦੇ ਕਿ ਲਹੂ ਦੀਆਂ ਉਲਟੀਆਂ ਦਾ ਵੀ ਕਿਸੇ ਨੂੰ ਪਤਾ ਨਹੀਂ ਲੱਗਣ ਦਿੱਤਾ ਤੇ ਮਿਥੇ ਮੈਚ ਪੂਰੇ ਖੇਡਦਾ ਰਿਹਾ। ਉਸ ਨੂੰ ਐਵੇਂ ਨਹੀਂ 'ਯੁਵੀ ਦੀ ਗ੍ਰੇਟ ਕਿਹਾ ਜਾਂਦਾ। ਫਿਰ ਘਰਦਿਆਂ ਦੇ ਜ਼ੋਰ ਦੇਣ ਉਤੇ ਉਹਦਾ ਕੈਂਸਰ ਦਾ ਇਲਾਜ ਬੋਸਟਨ ਤੇ ਇੰਡੀਅਨਐਪੋਲਿਸ ਦੇ ਹਸਪਤਾਲਾਂ ਵਿਚ ਚੱਲਿਆ। ਕੈਮੋਥਰਾਪੀ ਦਾ ਸਾਈਕਲ ਪੂਰਾ ਕਰ ਕੇ ਉਹ ਮੁੜ ਅਪ੍ਰੈਲ 2012 'ਚ ਭਾਰਤ ਦੇ ਕ੍ਰਿਕਟ ਮੈਦਾਨਾਂ ਵਿਚ ਵਿਚਰਨ ਲੱਗਾ। 2012 ਦੇ ਵਰਲਡ ਟਵੰਟੀ-20 ਮੈਚਾਂ ਤੋਂ ਪਹਿਲਾਂ ਉਹ ਨਿਊਜ਼ੀਲੈਂਡ ਵਿਰੁੱਧ ਖੇਡਿਆ। ਤਦ ਤਕ ਉਹ 30 ਸਾਲਾਂ ਤੋਂ ਟੱਪ ਚੁੱਕਾ ਸੀ ਪਰ ਉਹਦਾ ਹੌਸਲਾ 20-25 ਸਾਲਾਂ ਦੇ ਗਭਰੂਆਂ ਵਰਗਾ ਸੀ।

ਉਸ ਦੀਆਂ ਖੇਡ ਪ੍ਰਾਪਤੀਆਂ ਨੂੰ ਮੁੱਖ ਰੱਖਦਿਆਂ 2012 ਵਿਚ ਭਾਰਤ ਸਰਕਾਰ ਵੱਲੋਂ ਯੁਵਰਾਜ ਸਿੰਘ ਨੂੰ ਅਰਜਨ ਅਵਾਰਡ ਨਾਲ ਸਨਮਾਨਿਆ ਗਿਆ। 2014 ਵਿਚ ਉਸ ਨੂੰ ਪਦਮ ਸ਼੍ਰੀ ਦੀ ਉਪਾਧੀ ਦਿੱਤੀ ਗਈ। 2014 ਵਿਚ ਹੀ ਆਈਪੀਐੱਲ ਦੀ ਬੋਲੀ ਲੱਗੀ ਤਾਂ ਯੁਵਰਾਜ ਦੀ ਖਰੀਦ 14 ਕਰੋੜ ਰੁਪਈਆਂ ਤਕ ਚਲੀ ਗਈ ਜੋ ਰੌਇਲ ਚੈਲੈਂਜਰਜ਼ ਨੇ ਸਭ ਤੋਂ ਵੱਧ ਦਿੱਤੀ। 2015 ਵਿਚ ਉਸ ਨੂੰ ਦਿੱਲੀ ਕੈਪੀਟਲਜ਼ ਨੇ ਸਭ ਤੋਂ ਵੱਧ 16 ਕਰੋੜ ਦੇ ਕੇ ਆਪਣੀ ਟੀਮ ਵਿਚ ਪਾ ਲਿਆ। ਮਹਿੰਗਾ ਖਿਡਾਰੀ ਹੋਣ ਦਾ ਉਹਦਾ ਇਹ ਰਿਕਾਰਡ ਰਾਜਸਥਾਨ ਰਾਇਲਜ਼ ਨੇ ਫਰਵਰੀ 2021 ਵਿਚ ਕ੍ਰਿਸ ਮੋਰਿਸ ਨੂੰ ਸਵਾ 16 ਕਰੋੜ ਦੇ ਕੇ ਤੋੜਿਆ।

ਬਾਕੀ ਹਿਸਾ ਸਫਾ 58 ਤੇ ਪੜ੍ਹੋ

57 ਸਫ਼ੇ ਦੀ ਬਾਕੀ

ਫਰਵਰੀ 2014 ਵਿਚ ਯੁਵਰਾਜ ਨੂੰ 'ਫਿੱਕੀ ਵਾਲਿਆਂ ਨੇ 'ਮੋਸਟ ਇੰਸਪਾਇਰਿੰਗ ਸਪੋਰਟਸ ਪਰਸਨ ਆਫ਼ ਦਾ ਯੀਅਰ ਦੇ ਖ਼ਿਤਾਬ ਨਾਲ ਸਨਮਾਨਿਤ ਕੀਤਾ।

ਜੂਨ 2017 ਵਿਚ 36 ਸਾਲ ਦੀ ਉਮਰੇ ਉਸ ਨੇ ਭਾਰਤ ਵੱਲੋਂ ਵੈੱਸਟ ਇੰਡੀਜ਼ ਵਿਰੁੱਧ ਆਪਣਾ ਆਖ਼ਰੀ ਮੈਚ ਖੇਡਿਆ। ਗਲੋਬਲ ਟੀ-20 ਕੈਨੇਡਾ, ਕੈਨੇਡਾ 'ਚ ਖੇਡਣ ਕਰਕੇ ਤੇ ਆਬੂ ਢਾਬੀ ਟੀ-10 ਯੂਨਾਈਟਿਡ ਅਰਬ ਐਮੀਰੇਟਸ ਵਿਚ ਖੇਡਣ ਕਰਕੇ ਉਸ ਨੂੰ ਆਈਪੀ ਵਿਚ ਹੋਰ ਖੇਡਣ ਦੀ ਇਜਾਜ਼ਤ ਨਾ ਦਿੱਤੀ ਗਈ। ਆਖ਼ਰ ਉਹ ਭਰੇ ਮਨ ਨਾਲ 10 ਜੂਨ 2019 ਦੇ ਦਿਨ ਕ੍ਰਿਕਟ ਨੂੰ ਅਲਵਿਦਾ ਕਹਿ ਗਿਆ।

ਕਈ ਕ੍ਰਿਕਟ ਪ੍ਰੇਮੀ ਇਹ ਜਾਣ ਕੇ ਹੈਰਾਨ ਹੋਣਗੇ ਕਿ ਜਦੋਂ ਉਹ ਬੱਚਾ ਸੀ ਤਾਂ ਕ੍ਰਿਕਟ ਦੀ ਥਾਂ ਟੈਨਿਸ ਤੇ ਰੋਲਰ ਸਕੇਟਿੰਗ ਉਹਦੀਆਂ ਮਨਚਾਹੀਆਂ ਖੇਡਾਂ ਸਨ। ਅਸਲ ਵਿਚ ਕ੍ਰਿਕਟ ਉਹਦੀ ਨਹੀਂ, ਉਹਦੇ ਬਾਪ ਦੀ ਮਨਚਾਹੀ ਖੇਡ ਸੀ ਜੋ ਚਾਹੁੰਦਾ ਸੀ ਕਿ ਬਾਪ ਦੀਆਂ ਅਧੂਰੀਆਂ ਰੀਝਾਂ ਉਹਦਾ ਪੁੱਤਰ ਪੂਰੀਆਂ ਕਰੇ। ਉਸ ਨੇ ਯੁਵੀ ਦੇ ਅੰਡਰ-14 ਰੋਲਰ ਸਕੇਟਿੰਗ ਦੇ ਨੈਸ਼ਨਲ ਪੱਧਰ 'ਤੇ ਜਿੱਤੇ ਮੈਡਲ ਵਗਾਹ ਮਾਰੇ ਸਨ ਕਿ ਪੁੱਤਰਾ ਕੁਝ ਬਣਨਾ ਏ ਤਾਂ ਕ੍ਰਿਕਟ ਖੇਡ। ਤਦੇ ਪਿਉ ਆਪਣੇ ਪੁੱਤ ਦਾ ਮੱਲੋਜ਼ੋਰੀ ਦਾ ਪਹਿਲਾ ਕੋਚ ਬਣਿਆ ਸੀ। ਸ਼ਾਇਦ ਇਹੋ ਕਾਰਨ ਹੋਵੇ ਕਿ ਪਿਉ ਪੁੱਤਰ ਦੀ ਬੋਲਚਾਲ ਕਦੇ ਚੱਲ ਪੈਂਦੀ ਹੈ ਤੇ ਕਦੇ ਬੰਦ ਹੋ ਜਾਂਦੀ ਹੈ।

ਹੋ ਸਕਦੈ ਯੋਗਰਾਜ ਸਿੰਘ ਨੂੰ ਜਝੇ ਵਾਲਾ ਜੱਟ ਹੋਣ ਦਾ ਵੀ ਗੁਮਾਨ ਹੋਵੇ। ਉਸ ਨੇ ਪਲੇਠੀ ਦੇ ਪੁੱਤਰ ਨੂੰ ਪੜ੍ਹਾਉਣ ਲਿਖਾਉਣ ਤੇ ਖਿਡਾਉਣ ਵਿਚ ਕੋਈ ਕਸਰ ਨਹੀਂ ਸੀ ਛੱਡੀ। ਯੁਵਰਾਜ ਕੌਮਰਸ ਦਾ ਗ੍ਰੈਜੂਏਟ ਹੈ। ਉਸ ਨੂੰ ਡੀਏਵੀ ਪਬਲਿਕ ਸਕੂਲ ਤੇ ਡੀਏਵੀ ਕਾਲਜ ਚੰਡੀਗੜ੍ਹ 'ਚ ਪੜ੍ਹਾਇਆ ਗਿਆ ਤੇ ਚੰਡੀਗੜ੍ਹ ਦੇ ਕ੍ਰਿਕਟ ਸਟੇਡੀਅਮ ਵਿਚ ਖਿਡਾਇਆ ਗਿਆ ਜਿਥੇ ਵਿਸ਼ਵ ਕੱਪ ਜੇਤੂ ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਕਪਿਲ ਦੇਵ ਦੀਆਂ ਪੈੜਾਂ ਪਈਆਂ ਹੋਈਆਂ ਸਨ। 12 ਨਵੰਬਰ 2015 ਨੂੰ ਯੁਵਰਾਜ ਦੀ ਮੰਗਣੀ ਬ੍ਰਿਟਿਸ਼ ਐਕਟਰੈੱਸ ਹੇਜ਼ਲ ਕੀਚ ਨਾਲ ਹੋਈ ਅਤੇ 12 ਦਸੰਬਰ 2015 ਨੂੰ ਵਿਆਹ ਹੋਇਆ। 12 ਨੰਬਰ ਉਹਦਾ ਕਿਸਮਤੀ ਨੰਬਰ ਜੁ ਹੋਇਆ! ਯੁਵੀ ਜੋੜੇ ਦੇ ਘਰ ਪੁੱਤਰ ਓਰੀਅਨ ਦਾ ਜਨਮ 25 ਜਨਵਰੀ 2022 ਨੂੰ ਹੋਇਆ ਤੇ ਧੀ ਔਰਾ 25 ਅਗੱਸਤ 2023 ਨੂੰ ਜੰਮੀ।

ਯੁਵਰਾਜ ਸਿੰਘ ਦਾ ਕਿਸੇ ਟੈੱਸਟ ਮੈਚ ਵਿਚ ਵੱਧ ਤੋਂ ਵੱਧ ਸਕੋਰ 203 ਬਾਲਾਂ ਉਤੇ 169 ਦੌੜਾਂ ਦਾ ਹੈ। 2007-9 ਦੌਰਾਨ ਉਹ ਆਪਣੀ ਖੇਡ ਦੇ ਸਿਖਰ 'ਤੇ ਸੀ। ਉਦੋਂ ਉਸ ਨੂੰ ਵਿਸ਼ਵ ਦਾ ਅੱਵਲ ਨੰਬਰ ਖਿਡਾਰੀ ਮੰਨਿਆ ਜਾਂਦਾ ਸੀ। 2011 ਆਈਸੀਸੀ ਕ੍ਰਿਕਟ ਵਰਲਡ ਕੱਪ ਵਿਚ ਉਸ ਨੇ 362 ਦੌੜਾਂ ਬਣਾਈਆਂ ਜਿਨ੍ਹਾਂ ਵਿਚ ਇਕ ਸੈਂਚਰੀ ਤੇ ਅਰਧ ਸੈਂਚਰੀਆਂ ਵੀ ਸ਼ਾਮਲ ਸਨ। ਏਨੀਆਂ ਦੌੜਾਂ ਨਾਲ ਉਸ ਨੇ 15 ਵਿਕਟਾਂ ਵੀ ਲਈਆਂ। 10 ਜੂਨ 2019 ਨੂੰ ਕ੍ਰਿਕਟ ਤੋਂ ਰਿਟਾਇਰਮੈਂਟ ਲੈਂਦਿਆਂ ਉਸ ਨੇ ਕਿਹਾ ਸੀ, "ਮੈਂ ਸੋਚ ਵੀ ਨਹੀਂ ਸੀ ਸਕਦਾ ਕਿ ਮੈਨੂੰ ਭਾਰਤ ਵੱਲੋਂ 400 ਤੋਂ ਵੱਧ ਮੈਚ ਖੇਡਣ ਦਾ ਮੌਕਾ ਮਿਲੇਗਾ। ਮੈਨੂੰ 2004 ਵਿਚ ਲਾਹੌਰ 'ਚ ਖੇਡਿਆ ਪਹਿਲਾ ਟੈੱਸਟ ਮੈਚ ਵੀ ਕਦੇ ਨਹੀਂ ਭੁੱਲੇਗਾ ਜਿਥੇ ਮੈਂ ਪਹਿਲਾ ਸੈਂਕੜਾ ਮਾਰਿਆ ਸੀ। ਨਾ 2007 ਵਿਚ ਇੰਗਲੈਂਡ ਵਿਰੁੱਧ ਸਟੂਅਰਟ ਦੀਆਂ 6 ਬਾਲਾਂ 'ਤੇ ਮਾਰੇ 6 ਛੱਕੇ ਕਦੇ ਭੁੱਲਣਗੇ ਤੇ ਨਾ 2011 ਦਾ ਵਰਲਡ ਕੱਪ ਫਾਈਨਲ ਭੁੱਲੇਗਾ।

ਚੰਗੀ ਕਾਰਗੁਜ਼ਾਰੀ ਨਾਲ ਮੇਰੀ ਮਾੜੀ ਕਾਰਗੁਜ਼ਾਰੀ ਦੀ ਚੀਸ ਵੀ ਨਹੀਂ ਭੁੱਲੇਗੀ ਜੋ 2014 ਵਰਲਡ ਟੀ-20 ਦੇ ਲੰਕਾ ਵਿਰੁੱਧ ਫਾਈਨਲ ਮੈਚ ਵਿਚ ਪਈ ਸੀ। ਉਥੇ ਮੈਂ 21 ਬਾਲਾਂ 'ਤੇ ਕੇਵਲ 11 ਦੌੜਾਂ ਹੀ ਬਣਾ ਸਕਿਆ ਸਾਂ। ਮੈਂ ਫੈਸਲਾ ਕਰ ਲਿਆ ਸੀ ਕਿ ਹੁਣ ਮੈਂ ਕ੍ਰਿਕਟ ਨਹੀਂ, ਕੈਂਸਰ ਵਿਰੁਧ ਲੜਨ ਜੋਗਾ ਹੀ ਰਹਿ ਗਿਆ ਹਾਂ। ਇਹ ਵੱਖਰੀ ਗੱਲ ਹੈ ਕਿ 2024 ਵਿਚ ਪਹਿਲੀ ਵਰਲਡ ਚੈਂਪੀਅਨਸ਼ਿਪ ਆਫ਼ ਲੀਜੈਂਡਜ਼ ਵਿਚ ਉਸ ਨੇ ਭਾਰਤੀ ਚੈਂਪੀਅਨਜ਼ ਟੀਮ ਦੀ ਕਪਤਾਨੀ ਕਰ ਕੇ ਪਾਕਿਸਤਾਨ ਦੇ ਚੈਂਪੀਅਨਾਂ ਨੂੰ ਹਰਾ ਦਿੱਤਾ।

ਉਸ ਨੇ ਅੰਤਰਰਾਸ਼ਟਰੀ ਟੈੱਸਟ ਮੈਚਾਂ ਵਿਚ 33.92 ਦੀ ਔਸਤ ਨਾਲ 1900 ਦੌੜਾਂ ਬਣਾਈਆਂ ਜਿਨ੍ਹਾਂ 'ਚ 3 ਸੈਂਚਰੀਆਂ ਤੇ 9 ਵਿਕਟਾਂ ਸ਼ਾਮਲ ਸਨ। ਇਕ ਰੋਜ਼ਾ ਮੈਚਾਂ ਵਿਚ 36.55 ਦੀ ਔਸਤ ਨਾਲ 8701 ਦੌੜਾਂ ਬਣਾਈਆਂ ਜਿਨ੍ਹਾਂ 'ਚ 14 ਸੈਂਚਰੀਆਂ ਮਾਰੀਆਂ ਤੇ 111 ਵਿਕਟਾਂ ਲਈਆਂ। ਟੀ-20 ਮੈਚਾਂ ਵਿਚ 28.2 ਦੀ ਔਸਤ ਨਾਲ 1177 ਦੌੜਾਂ, 8 ਹਾਫ਼ ਸੈਂਚਰੀਆਂ ਤੇ 28 ਵਿਕਟਾਂ ਦਾ ਅੰਕੜਾ ਸੀ। ਚੌਕੇ ਛੱਕੇ ਮਾਰਨ ਵਾਲਾ ਯੁਵੀ 2011 ਦਾ ਵਰਲਡ ਕੱਪ ਕੈਂਸਰ ਕਾਰਨ ਖੰਘਦਾ ਹੋਇਆ ਹੀ ਖੇਡਿਆ ਸੀ।

ਯੁਵਰਾਜ ਸਿੰਘ ਨੇ ਭਾਰਤੀ ਟੀਮ ਦਾ ਅੰਗ ਬਣ ਕੇ ਭਾਰਤ ਨੂੰ ਤਿੰਨ ਵਿਸ਼ਵ ਕੱਪ ਜਿਤਵਾਏ। ਜਿਸ ਦੇ ਇਵਜ਼ 'ਚ ਉਸ ਨੂੰ 'ਮੈਨ ਆਫ਼ ਦਾ ਵਰਲਡ ਕੱਪ ਦੇ ਸਨਮਾਨ ਮਿਲੇ। ਉਹਦੇ ਕੋਲ ਆਈਸੀਸੀ ਦੀਆਂ ਸਭਨਾਂ ਤਰ੍ਹਾਂ ਦੀਆਂ ਟਰਾਫੀਆਂ ਹਨ। ਉਸ ਨੇ ਸਵੈਜੀਵਨੀ 'ਦਿ ਟੈੱਸਟ ਆਫ ਮਾਈ ਲਾਈਫ ਫਰੌਮ ਕ੍ਰਿਕਟ ਟੂ ਕੈਂਸਰ ਐਂਡ ਬੈਕ ਲਿਖੀ ਜੋ ਉਸ ਦੇ ਖੇਡ ਜੀਵਨ ਅਤੇ ਕੈਂਸਰ ਨਾਲ ਸੰਘਰਸ਼ ਦੀ ਦਾਸਤਾਨ ਹੈ। ਉਹ ਪੁੱਲ, ਫਲਿੱਕ ਕੇ ਕੱਟ ਸ਼ਾਟ ਮਾਰਨ ਦਾ ਮਾਹਰ ਸੀ ਤੇ ਕਿਸੇ ਵੀ ਗੇਂਦਬਾਜ਼ ਦੀ ਕਿਸੇ ਵੀ ਥਾਂ ਸੁੱਟੀ ਗੇਂਦ ਨੂੰ ਬਾਊਂਡਰੀ ਟਪਾਉਣ ਵਾਲਾ ਜੁਝਾਰੂ ਜੋਧਾ ਸੀ। ਯੁਵਰਾਜ ਨੇ ਆਪਣੇ ਖੇਡ ਕਰੀਅਰ ਦੌਰਾਨ ਘਰੇਲੂ ਤੇ ਕੌਮਾਂਤਰੀ ਮੈਚਾਂ ਨੂੰ ਮਿਲਾ ਕੇ ਕੁੱਲ 38,263 ਦੌੜਾਂ ਬਣਾਈਆਂ, ਜਿਨ੍ਹਾਂ ਵਿਚ 62 ਸੈਂਕੜੇ ਤੇ 212 ਅਰਧ ਸੈਂਕੜੇ ਹਨ। ਸਿਕਸਰ ਕਿੰਗ ਵਜੋਂ ਜਾਣੇ ਜਾਂਦੇ ਯੁਵਰਾਜ ਨੇ 512 ਛੱਕੇ ਤੇ 1631 ਚੌਕੇ ਜੜੇ। ਗੇਂਦਬਾਜ਼ੀ ਕਰਦਿਆਂ ਉਸ ਨੇ 435 ਵਿਕਟਾਂ ਲਈਆਂ ਤੇ ਫੀਲਡਿੰਗ ਕਰਦਿਆਂ 440 ਕੈਚ ਬੋਚੇ। ਅੰਡਰ-19 ਵਿਸ਼ਵ ਕੱਪ ਤੇ ਆਈਸੀਸੀ ਵਿਸ਼ਵ ਕੱਪ 'ਚ 'ਮੈਨ ਆਫ ਦਿ ਟੂਰਨਾਮੈਂਟ ਦੇ ਸਨਮਾਨ ਮਿਲੇ। ਐਵੇਂ ਨਹੀਂ ਕਹਿੰਦੇ: ਯੁਵੀ ਜੱਟ ਨੀ ਕਿਸੇ ਬਣ ਜਾਣਾ ਘਰ ਘਰ ਪੁੱਤ ਜੰਮਦੇ!

*principalsarwansingh@gmail.com*

# ★ ਮਿੰਨੀ ਕਹਾਣੀਆਂ ★

## ਨੁਕਸਾਨ ਤਾਂ ਹੋਈ ਜਾ ਰਿਹੈ...

ਮੇਰੇ ਗੁਆਂਢੀ ਕਰਿਆਨੇ ਦੇ ਦੁਕਾਨਦਾਰ ਦੌਲਤ ਰਾਮ ਦੇ ਚੋਰੀ ਹੋ ਗਈ। ਚੋਰ ਖੰਡ ਦੀ ਬੋਰੀ, ਘਿਓ ਦੇ ਪੀਪੇ ਤੇ ਡਰਾਈ ਫਰੂਟ ਚੋਰੀ ਕਰਕੇ ਲੈ ਗਏ। ਪੁਲਿਸ ਨੂੰ ਸੂਚਿਤ ਕੀਤਾ। ਸਵੇਰੇ ਪਤਾ ਲਗਦਿਆਂ ਹੀ ਲੋਕ ਹਮਦਰਦੀ ਵਜੋਂ ਆਉਣੇ ਸ਼ੁਰੂ ਹੋ ਗਏ। ਅਤਿ ਦੇ ਕੰਜੂਸ ਦੌਲਤ ਰਾਮ ਨੇ ਜਿਸ ਨੂੰ ਕਦੇ ਪਾਣੀ ਤੱਕ ਨਹੀਂ ਸੀ ਪਿਆਇਆ, ਪਤਾ ਲੈਣ ਆਉਣ ਵਾਲਿਆਂ ਨੂੰ ਚਾਹ ਪਿਆਉਣ ਲੱਗਾ। ਜਿਹੜਾ ਵੀ ਵਾਕਫ਼ਕਾਰ ਆਉਂਦਾ, ਉਹ ਢਿੱਲਾ ਜਿਹਾ ਮੂੰਹ ਬਣਾ ਕੇ ਪੁੱਛਦਾ, 'ਲਾਲਾ ਜੀ ਬੜੀ ਮਾੜੀ ਗੱਲ ਹੋਈ ਆ ਤੁਹਾਡੀ ਦੁਕਾਨ 'ਚ ਚੋਰੀ ਹੋ ਗਈ ਆ' ਤੇ ਇਹ ਕਹਿੰਦਿਆਂ ਬਿਨਾਂ ਲਾਲੇ ਨੂੰ ਪੁੱਛਿਆਂ ਹੀ ਨਾਲ ਪਈ ਮੂੰਗਫਲੀ ਦੀ ਬੋਰੀ 'ਚੋਂ ਮੁੱਠ ਭਰ ਲੈਂਦਾ ਤੇ ਖਾਣ ਲੱਗ ਪੈਂਦਾ। ਮੈਂ ਵੀ ਜਦ ਹਮਦਰਦੀ ਵਜੋਂ ਗਿਆ ਤਾਂ ਮੇਰੇ ਜਾਣ ਤੋਂ ਪਹਿਲਾਂ ਬੈਠੇ ਚਾਰ-ਪੰਜ ਜਣੇ ਮੂੰਗਫਲੀ ਖਾ ਰਹੇ ਸਨ ਤੇ ਕੁਝ ਚਾਹ ਪੀ ਰਹੇ ਸਨ। ਕੰਜੂਸ ਲਾਲੇ ਨੂੰ ਵੇਖ-ਵੇਖ ਕੇ ਗਸ਼ ਪੈ ਰਹੀ ਸੀ। ਮੈਂ ਹਮਦਰਦੀ ਵਜੋਂ ਪੁੱਛ ਬੈਠਾ, 'ਲਾਲਾ ਜੀ ਕਿੰਨਾ ਕੁ ਨੁਕਸਾਨ ਹੋ ਗਿਆ ਹੈ?' ਉਹ ਅੱਗੋਂ ਚਾਹ ਪੀਂਦੇ ਤੇ ਮੂੰਗਫਲੀ ਖਾਂਦੇ ਲੋਕ ਜਿਨ੍ਹਾਂ ਨੇ ਬੋਰੀ ਅੱਧੀ ਕਰ ਦਿੱਤੀ ਸੀ ਕਹਿਣ ਲੱਗਾ, 'ਕੀ ਦੱਸਾਂ ਪੱਤਰਕਾਰ ਸਾਹਿਬ ਅਜੇ ਤਾਂ ਨੁਕਸਾਨ ਹੋਈ ਈ ਜਾ ਰਿਹੈ... ਪੱਕਾ ਅਜੇ ਨਹੀਂ ਦੱਸ ਸਕਦਾ।' ਉਸ ਦੀ ਇਹ ਗੱਲ ਸੁਣ ਕੇ ਮੂੰਗਫਲੀ ਖਾਣ ਵਾਲਿਆਂ ਨੇ ਮੂੰਗਫਲੀ ਬੋਰੀ 'ਚ ਸੁੱਟ ਦਿੱਤੀ।

-ਅਤਰ ਸਿੰਘ ਤਰਸਿੱਕਾ

## ਬੇਫ਼ਿਕਰ ਬਚਪਨ

ਮਾਪੇ-ਅਧਿਆਪਕ ਮਿਲਣੀ ਕਰਕੇ ਸਕੂਲ ਤੋਂ ਵਾਪਸ ਆਉਣ ਤੋਂ ਬਾਅਦ ਰਾਜ ਕੁਝ ਚੁੱਪ ਜਿਹੀ ਰਹਿਣ ਲੱਗੀ ਸੀ, ਪਰ ਅੰਦਰੋਂ-ਅੰਦਰ ਉਸ ਨੂੰ ਬੱਚਿਆਂ ਦੀ ਪੜ੍ਹਾਈ ਦੀ ਚਿੰਤਾ ਵੱਢ-ਵੱਢ ਖਾ ਰਹੀ ਸੀ। ਮੂੰਹ ਵਿੱਚ ਹੀ ਬੁੜਬੁੜਾਉਂਦੀ ਉਹ ਕਦੇ ਕਰੋਨਾ ਨੂੰ ਦੋਸ਼ ਦਿੰਦੀ ਹੋਈ ਰੱਬ 'ਤੇ ਰੋਸੇ ਕਰਦੀ ਤੇ ਕਦੇ ਮੋਬਾਈਲ ਬਣਾਉਣ ਵਾਲੇ ਨੂੰ ਕੋਸਦੀ। ਉਹ ਹਮੇਸ਼ਾ ਆਪਣੇ ਦੋਵਾਂ ਪੁੱਤਰਾਂ ਨੂੰ ਪੜ੍ਹਨ ਲਈ ਆਖਦੀ, ਪਰ ਬੱਚੇ ਕੋਈ ਨਾ ਕੋਈ ਬਹਾਨਾ ਲਗਾ ਕੇ ਖੇਡਣ ਨਿਕਲ ਜਾਂਦੇ। ਅੱਜ ਵੀ ਕੁਝ ਅਜਿਹਾ ਹੀ ਹੋਇਆ। ਜਸ਼ਨ ਅਤੇ ਜਸਕਰਨ ਦੋਵੇਂ ਛੱਤ 'ਤੇ ਪਤੰਗ ਚੜ੍ਹਾਉਣ ਲਈ ਚੜ੍ਹੇ ਹੋਏ ਸੀ। ਦਿਨ ਢਲਣ 'ਤੇ ਆਇਆ ਸੀ, ਪਰ ਇਨ੍ਹਾਂ ਦੋਵਾਂ ਨੂੰ ਨਾ ਰੋਟੀ-ਪਾਣੀ ਦੀ ਭੁੱਖ ਸੀ ਤੇ ਨਾ ਇਮਤਿਹਾਨਾਂ ਦੀ ਚਿੰਤਾ ਸੀ। ਜਸ਼ਨ ਪੰਜਵੀਂ ਜਮਾਤ ਵਿੱਚ ਪੜ੍ਹਦਾ ਸੀ ਤੇ ਜਸਕਰਨ ਦੂਜੀ ਜਮਾਤ ਵਿੱਚ। ਅੱਜ ਵੀ ਰਾਜ ਹੇਠਾਂ ਤੋਂ ਆਵਾਜ਼ਾਂ ਮਾਰ ਰਹੀ ਸੀ, ਪਰ ਜਦ ਉਹ ਨਾ ਉਤਰੇ ਤਾਂ ਆਪ ਹੀ ਛੱਤ 'ਤੇ ਜਾ ਚੜ੍ਹੀ। ਉਸ ਨੇ ਦੇਖਿਆ ਕਿ ਜਸ਼ਨ ਅਤੇ ਜਸਕਰਨ ਦੋਵੇਂ ਗੁਆਂਢੀਆਂ ਦੀ ਛੱਤ 'ਤੇ ਪਤੰਗ ਉਡਾ ਰਹੇ ਹਨ। ਉਸ ਨੇ ਗੁੱਸੇ ਨਾਲ ਕੋਟੀ ਦੀ ਜੇਬ੍ਹ ਵਿੱਚੋਂ ਫੋਨ ਕੱਢ ਕੇ ਨੰਬਰ ਮਿਲਾਉਂਦਿਆਂ ਆਖਿਆ, "ਖੜ੍ਹ ਜਾਓ, ਅੱਜ ਤਾਂ ਮੈਂ ਤੁਹਾਡੀ ਅਮਨਵੀਰ ਤੋਂ ਕਲਾਸ ਲਗਵਾਉਂਦੀ ਹਾਂ। ਉਹਨੂੰ ਆਖਦੀ ਹਾਂ ਕਿ ਤੁਹਾਨੂੰ ਹੋਸਟਲ ਛੱਡ ਆਵੇ।"

ਜਸ਼ਨ ਅਤੇ ਜਸਕਰਨ ਦੋਵੇਂ ਇੱਕ ਦੂਜੇ ਦੇ ਮੂੰਹ ਵੱਲ ਦੇਖਦੇ ਕੁਝ ਸਹਿਮ ਗਏ। ਰਾਜ ਨੇ ਫੋਨ ਸਪੀਕਰ 'ਤੇ ਕਰਕੇ ਅਮਨ ਨੂੰ ਸਾਰੀ ਗੱਲ ਦੱਸੀ, ਪਰ ਅਮਨ ਨੇ ਗੱਲ ਚੰਗੀ ਤਰ੍ਹਾਂ ਨਾ ਸੁਣੀ ਤੇ ਕਹਿਣ ਲੱਗਾ, "ਅੱਛਾ ਚਾਚੀ ਜੀ, ਮੈਂ ਥੋੜ੍ਹੀ ਦੇਰ ਤੱਕ ਆਉਂਦਾ ਹਾਂ ਹਾਲੇ ਮੈਂ ਪਤੰਗ ਉਡਾ ਰਿਹਾਂ।"

ਇਹ ਸੁਣ ਜਸ਼ਨ ਅਤੇ ਜਸਕਰਨ ਖ਼ੁਸ਼ ਹੋ ਕੇ ਭੰਗੜਾ ਪਾਉਣ ਲੱਗੇ ਤੇ ਰਾਜ ਮੱਥੇ 'ਤੇ ਹੱਥ ਰੱਖ ਉੱਥੇ ਹੀ ਬੈਠ ਗਈ। ਬੱਚਿਆਂ ਦੇ ਚਿਹਰੇ 'ਤੇ ਖ਼ੁਸ਼ੀ ਅਤੇ ਮਾਂ ਦੇ ਚਿਹਰੇ 'ਤੇ ਚਿੰਤਾ ਸਾਫ਼ ਝਲਕ ਰਹੀ ਸੀ।

- ਪ੍ਰਿਆ ਸੁਮਨ

## ਗੁਲਾਬ ਜਾਮੁਨ

ਪਿਛਲੇ ਮਹੀਨੇ ਮੈਂ ਹਰਿਆਣਾ ਦੀ ਮਹਾਂਰਿਸ਼ੀ ਦਇਆ ਨੰਦ ਯੂਨੀਵਰਸਿਟੀ ਰਾਹੀਂ ਕਰਵਾਏ ਜਾ ਰਹੇ ਯੂਥ ਫੈਸਟੀਵਲ ਵਿਚ ਬਤੌਰ ਇਕ ਜੱਜ ਭਾਗ ਲੈ ਰਿਹਾ ਸੀ। ਪੰਡਾਲ ਦੇ ਨਜ਼ਦੀਕ ਹੀ ਇਕ ਹਾਲ ਵਿਚ ਦੁਪਹਿਰ ਦਾ ਖਾਣਾ ਖਾਂਦਿਆਂ ਹੋਇਆਂ ਮੈਂ ਦੇਖਿਆ ਕਿ ਇਕ ਸੱਤ-ਅੱਠ ਵਰ੍ਹਿਆਂ ਦਾ ਮਰੀਅਲ ਜਿਹਾ ਗਰੀਬ ਮੁੰਡਾ ਹਾਲ ਦੇ ਬੂਹੇ ਨਾਲ ਲੱਗਾ ਬੜੀਆਂ ਹੀ ਲਲਚਾਈਆਂ ਹੋਈਆਂ ਨਜ਼ਰਾਂ ਨਾਲ ਮੇਰੇ ਹੱਥ ਵਿਚ ਫੜੀ ਖਾਣੇ ਦੀ ਪਲੇਟ ਵੱਲ ਵੇਖ ਰਿਹਾ ਸੀ। ਮੈਂ ਸਮਝ ਗਿਆ ਕਿ ਉਸ ਨੂੰ ਭੁੱਖ ਲੱਗੀ ਹੈ। ਮੈਂ ਹੌਲੀ-ਹੌਲੀ ਟੁਰਦਾ ਹੋਇਆ ਉਸ ਦੇ ਕੋਲ ਪਹੁੰਚਿਆ ਤੇ ਪਿਆਰ ਨਾਲ ਪੁੱਛਿਆ, 'ਰੋਟੀ ਖਾਏਂਗਾ?'

ਉਸ ਨੇ ਬੜੀ ਮਾਸੂਮੀਅਤ ਨਾਲ ਆਪਣਾ ਸਿਰ ਖੁਰਕਦਿਆਂ ਹੋਇਆਂ ਕਿਹਾ, 'ਬਾਬੂ ਜੀ! ਰੋਟੀ ਤਾਂ ਮੇਰੀ ਮਾਂ ਲੋਕਾਂ ਦੇ ਘਰਾਂ ਵਿਚ ਮੰਗਣ ਗਈ ਏ। ਉਹ ਮੈਂ ਆਪਣੀ ਝੌਂਪੜੀ ਵਿਚ ਜਾ ਕੇ ਖਾ ਲਵਾਂਗਾ। ਤੁਸੀਂ ਮੈਨੂੰ ਆਪਣੀ ਪਲੇਟ ਵਿਚ ਪਿਆ ਇਕ ਗੁਲਾਬ ਜਾਮਨ ਦੇ ਦਿਓ।'

ਉਸ ਦੇ ਉਹ ਤਰਸੀਲੇ ਬੋਲ ਮੈਨੂੰ ਅੰਦਰ ਤੱਕ ਰੁਲਾ ਗਏ।

-ਸੁਖਚੈਨ ਸਿੰਘ ਭੰਡਾਰੀ

**ਜ਼ਰੂਰੀ ਸੂਚਨਾ**

ਅਦਾਰਾ ਪੰਜਾਬ ਟਾਈਮਜ਼ ਵੱਲੋਂ ਪਾਠਕਾਂ ਨੂੰ ਬੇਨਤੀ ਹੈ 1965 ਤੋਂ ਛਪ ਰਿਹਾ ਅਖ਼ਬਾਰ ਸਭ ਨਾਲੋਂ ਵੱਧ ਪੜ੍ਹਿਆ ਜਾਂਦਾ ਹੈ। ਪੂਰਾ ਅਖ਼ਬਾਰ ਆਪਣੇ ਨੇੜੇ ਦੀ ਦੁਕਾਨ ਤੋਂ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ 'ਤੇ ਸੰਪਰਕ ਕਰ ਸਕਦੇ ਹੋ।

ਫ਼ੋਨ ਨੰਬਰ: 01332 372851